**Start CDL TRAINING**

Become Professional Truck Driver

www.cdlstart.com

startcdl@gmail.com

(844) 227-2162

We speak Hindi and English

**Singh Auto Group**

3983 ST RD 38E

Lafayette, IN 47905

Ph: 765-607-1300

www.singhautosgroup.com



**University Motors**

3312 Klondike Rd, West Lafayette, IN 47906

Ph: 765-497-1100

ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:

Jaspal S. Ghotra: 765-337-5151

ੴ

Regal Jewels

2025 W. Devon Ave. Chicago

22kt Gold, & Diamonds

Best Jewelry Selection in the Midwest

SEE HOW YOU CAN SECURE YOUR FUTURE.

24KT GOLD

TALK TO OUR GOLD SPECIALIST

Rajveer Singh Gill

847-907-1525

www.RegalJewels.com



ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 49, December 3, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਕਾਂਗਰਸ ਹਾਈਕਮਾਨ ਨੂੰ ਪੰਜਾਬ ਦਾ ਮੁੜ ਚੇਤਾ ਆਇਆ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਪੰਜਾਬ ਵਿਚ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਲਈ ਹੰਭਲਾ ਮਾਰਨ ਦਾ ਮਨ ਬਣਾਇਆ ਹੈ। ਪਟਿਆਲਾ ਜੇਲ੍ਹ 'ਚ ਬੰਦ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਹਾਈਕਮਾਨ ਦਾ ਆਇਆ ਸੁਨੇਹਾ ਇਸ਼ਾਰਾ ਕਰਦਾ ਹੈ ਕਿ ਕਾਂਗਰਸ ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਸੌਂਪ ਕੇ ਅੱਗੇ ਲਾਉਣ ਦੀ ਵਿਉਂਤ ਬਣਾ ਰਹੀ ਹੈ। ਨਵਜੋਤ ਸਿੱਧੂ ਸੜਕੀ ਝਗੜੇ ਦੇ ਮਾਮਲੇ 'ਚ ਹੋਈ ਇਕ ਸਾਲ ਦੀ ਕੈਦ ਦੀ ਸਜ਼ਾ ਤਹਿਤ ਛੇ ਮਹੀਨਿਆਂ ਤੋਂ ਬੰਦ ਹਨ। ਦੱਸਿਆ ਜਾ ਰਿਹਾ ਹੈ ਕਿ ਸਿੱਧੂ ਦੀ ਰਿਹਾਈ ਤੈਅ ਸਜ਼ਾ ਤੋਂ ਪਹਿਲਾਂ ਹੋ ਸਕਦੀ ਹੈ। ਇਸ ਲਈ ਕਾਂਗਰਸ ਹਾਈਕਮਾਨ ਨੇ ਉਸ ਤੱਕ ਪਹੁੰਚ ਕੀਤੀ ਹੈ।



ਚੇਤੇ ਰਹੇ ਕਿ ਪਾਰਟੀ ਦੀ ਆਗੂ ਪ੍ਰਿਯੰਕਾ ਗਾਂਧੀ ਵੱਲੋਂ ਸਾਬਕਾ ਵਿਧਾਇਕ ਨਵਤੇਜ ਚੀਮਾ ਰਾਹੀਂ ਸੁਨੇਹਾ ਭੇਜਿਆ ਹੈ। ਚੀਮਾ ਕੁਝ ਦਿਨ ਪਹਿਲਾਂ ਹੀ ਸਿੱਧੂ ਨਾਲ ਮੁਲਾਕਾਤ ਕਰ ਕੇ ਗਏ ਹਨ ਅਤੇ ਚਰਚਾ ਹੈ ਕਿ ਇਸ ਦੌਰਾਨ ਹੀ ਉਨ੍ਹਾਂ ਨੇ ਪ੍ਰਿਯੰਕਾ ਵੱਲੋਂ ਭੇਜਿਆ ਪੱਤਰ ਵੀ ਸੌਂਪਿਆ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਲੀ ਹੋਰ ਤੋਂ ਬਾਅਦ ਸੂਬਾਈ ਲੀਡਰਸ਼ਿਪ ਖਿੰਡ-ਪੁੰਡ ਗਈ ਹੈ। ਚੋਣਾਂ ਵਿਚ ਹਾਰ ਤੋਂ ਬਾਅਦ ਪਾਰਟੀ ਦੇ ਮੁੱਖ ਮੰਤਰੀ ਉਮੀਦਵਾਰ ਰਹੇ ਚਰਨਜੀਤ ਸਿੰਘ ਚੰਨੀ ਦੀ ਕੋਈ ਉਘ-ਸੁਘ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਵਿਦੇਸ਼ ਵਿਚ ਡੇਰੇ ਲਾਈ ਬੈਠਾ ਹੈ। ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਚੋਣਾਂ ਤੋਂ ਬਾਅਦ ਵਿਦੇਸ਼ ਖਿਸਕ ਗਏ ਸਨ। ਪਿਛਲੀ ਸਰਕਾਰ ਵਿਚ ਮੰਤਰੀ ਰਹੇ ਤਕਰੀਬਨ ਅੱਧੀ ਦਰਜਨ ਤੋਂ ਵੱਧ ਕਾਂਗਰਸੀ ਆਗੂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿੱਢੀ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਦੇ ਲਪੇਟੇ ਵਿਚ ਆ ਗਏ ਹਨ। ਇਸ ਤੋਂ ਇਲਾਵਾ ਕੁਝ ਸਾਬਕਾ ਮੰਤਰੀਆਂ ਸਣੇ ਦਰਜਨ ਦੇ ਕਰੀਬ ਸੀਨੀਅਰ ਆਗੂ ਭਾਜਪਾ ਨਾਲ ਜਾ ਰਲੇ ਹਨ।

ਹਾਲਾਤ ਇਹ ਹਨ ਕਿ ਪਾਰਟੀ ਦੀ ਬਚੀ ਹੋਈ ਲੀਡਰਸ਼ਿੱਪ ਨੇ ਚੁੱਪ ਧਾਰੀ ਹੋਈ ਹੈ। ਹਾਈਕਮਾਨ ਨੇ ਨੌਜਵਾਨ ਆਗੂ ਵਜੋਂ ਰਾਜਾ ਵੜਿੰਗ ਨੂੰ ਸੂਬਾ ਪ੍ਰਧਾਨ ਬਣਾ ਕੇ ਪਾਰਟੀ ਲੀਡਰਸ਼ਿਪ ਨੂੰ ਇਕਜੁਟ ਕਰਨ ਦੀ ਰਣਨੀਤੀ ਬਣਾਈ ਸੀ ਪਰ ਇਹ ਅਜੇ ਤੱਕ ਕਿਤੇ ਨਜ਼ਰ ਹੀ ਨਹੀਂ ਆ ਰਹੀ ਹੈ। ਰਾਜਾ ਵੜਿੰਗ ਆਪਣੇ ਨੇੜਲਿਆਂ ਦਾ ਟੋਲਾ ਬਣਾ ਕੇ ਸਰਗਰਮੀਆਂ ਤਾਂ ਕਰ ਰਹੇ ਹਨ ਪਰ ਇਹ ਮੁਹਿੰਮ ਅਜੇ ਤੱਕ ਆਪਣਾ ਭੋਰਾ ਵੀ ਅਸਰ ਨਹੀਂ ਦਿਖਾ ਸਕੀ। ਅਜਿਹੇ ਵਿਚ ਹਾਈਕਮਾਨ ਨੇ ਸਿੱਧੂ ਨੂੰ ਮੁੜ ਸਰਗਰਮ ਕਰਨ ਦੀ ਰਣਨੀਤੀ ਬਣਾਈ ਹੈ। ਹਾਈਕਮਾਨ 'ਚ ਸਿੱਧੂ ਦੀ ਪ੍ਰਿਯੰਕਾ ਗਾਂਧੀ ਨਾਲ ਹੀ ਵੱਧ ਨੇੜਤਾ ਮੰਨੀ ਜਾਂਦੀ ਹੈ। ਇਹ ਵੀ ਚਰਚਾ ਹੈ ਕਿ ਸਿੱਧੂ ਨੂੰ 2024 'ਚ ਪਟਿਆਲਾ ਤੋਂ ਲੋਕ ਸਭਾ ਦੀ ਚੋਣ ਲੜਾਉਣ ਦੀ ਤਿਆਰੀ ਹੈ। ਪਹਿਲਾਂ ਉਹ ਤਿੰਨ ਵਾਰ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਰਹੇ ਹਨ ਪਰ ਰਿਹਾਇਸ਼ ਪਟਿਆਲਾ ਵਿਚ ਹੈ ਤੇ ਉਧਰੋਂ ਮੌਜੂਦਾ ਸੰਸਦ ਮੈਂਬਰ ਪ੍ਰਨੀਤ ਕੌਰ ਦਾ ਵੀ ਭਾਜਪਾ 'ਚ ਜਾਣਾ ਤੈਅ ਹੈ। ਦੱਸ ਦਈਏ ਕਿ ਆਪਸੀ ਕਲੇਸ਼ ਕਾਰਨ ਕਾਂਗਰਸ ਇਸ ਸਮੇਂ ਪੂਰੇ ਮੁਲਕ ਵਿਚ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਕਾਂਗਰਸ ਸ਼ਾਸਿਤ ਰਾਜਸਥਾਨ 'ਚ ਕੁਰਸੀ ਵਾਸਤੇ ਲੜਾਈ ਸਿਖਰ ਉਤੇ ਹੈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਤੇ ਸੀਨੀਅਰ ਆਗੂ ਸਚਿਨ ਪਾਇਲਟ ਇਸ ਸਮੇਂ ਆਹਮੋ-ਸਾਹਮਣੇ ਹਨ। 2018 'ਚ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪਾਇਲਟ ਪਾਰਟੀ ਪ੍ਰਧਾਨ ਸੀ ਤੇ ਉਦੋਂ ਕਾਂਗਰਸ ਨੇ ਭਾਜਪਾ ਕੋਲੋਂ ਸੱਤਾ ਖੋਹੀ ਸੀ। ਦੋਵਾਂ ਧੜਿਆਂ ਦਰਮਿਆਨ ਇਹ ਟਕਰਾਅ ਉਸ ਵੇਲੇ ਵਧਿਆ ਹੈ ਜਦੋਂ ਰਾਹੁਲ ਗਾਂਧੀ ਦੀ ਅਗਵਾਈ ਵਿਚ ਕੀਤੀ ਜਾ ਰਹੀ 'ਭਾਰਤ ਜੋੜੋ ਯਾਤਰਾ' ਆਉਂਦੇ ਦਿਨਾਂ ਵਿਚ ਰਾਜਸਥਾਨ 'ਚ ਦਾਖਲ ਹੋਣ ਵਾਲੀ ਹੈ।

ਰਾਜਸਥਾਨ ਵਿਚ ਚੱਲ ਰਹੀ ਇਹ ਖਿੱਚੋਤਾਣ ਗੁਜਰਾਤ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਵਰਕਰਾਂ ਦੇ ਹੌਸਲੇ ਨੂੰ ਢਾਹ ਲਾ ਸਕਦੀ ਹੈ; ਇਹ ਚੋਣਾਂ ਖੜਗੇ ਦੀ ਅਗਵਾਈ ਹੇਠ ਪਾਰਟੀ ਦੀ ਪਹਿਲੀ ਵੱਡੀ ਪਰਖ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਕਾਂਗਰਸ ਆਪਣੇ ਅੰਦਰੂਨੀ ਕਲੇਸ਼ ਤੇ


*(ਬਾਕੀ ਸਫਾ 6 'ਤੇ)*


## ਹਰਿਆਣਾ ਚੋਣਾਂ ਨੇ ਭਾਜਪਾ ਦੀ ਨੀਂਦ ਉਡਾਈ

**ਚੰਡੀਗੜ੍ਹ:** ਹਰਿਆਣਾ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਭਾਜਪਾ ਨੂੰ ਤਕੜਾ ਝਟਕਾ ਲੱਗਾ ਹੈ। ਪਾਰਟੀ ਨੇ 100 ਸੀਟਾਂ ਵਿਚੋਂ ਸਿਰਫ 23 ਸੀਟਾਂ ਉਤੇ ਹੀ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਆਮ ਆਦਮੀ ਪਾਰਟੀ ਨੇ 15 ਸੀਟਾਂ ਜਿੱਤਣ ਨਾਲ ਦੂਸਰਾ ਸਥਾਨ ਹਾਸਲ ਕੀਤਾ ਹੈ। ਦੋਵਾਂ ਹੀ ਪਾਰਟੀਆਂ ਨੇ ਇਹ ਚੋਣਾਂ ਆਪੋ-ਆਪਣੇ ਚੋਣ ਨਿਸ਼ਾਨ ਉਤੇ ਲੜੀਆਂ ਹਨ।



ਭਾਜਪਾ ਨੂੰ ਅੰਬਾਲਾ ਤੇ ਕੁਰੂਕਸ਼ੇਤਰ ਵਿਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਇਹ ਨਤੀਜੇ ਹਰਿਆਣਾ ਵਿਚ ਨਵੇਂ ਚੋਣ ਸਮੀਕਰਨ ਬਣਨ ਵੱਲ ਸੰਕੇਤ ਕਰਦੇ ਹਨ। ਜਿਥੇ 'ਆਪ' ਆਪਣੇ ਆਪ ਨੂੰ ਸੂਬੇ ਪੱਧਰ ਦੇ ਬਦਲ ਵਜੋਂ ਦਰਸਾ ਰਹੀ ਹੈ, ਉਥੇ ਇੰਡੀਅਨ ਨੈਸ਼ਨਲ ਲੋਕ ਦਲ ਨੂੰ ਮਿਲੀ ਸਫਲਤਾ ਜਾਟ ਵੋਟਾਂ ਵਿਚ ਹੋ ਰਹੀ ਹਲਚਲ ਦਾ ਸੰਕੇਤ ਦਿੰਦੀ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਜਾਟ ਵੋਟਰ ਭਾਜਪਾ ਅਤੇ ਦੁਸ਼ਿਅੰਤ ਚੌਟਾਲਾ ਦੀ ਅਗਵਾਈ ਵਾਲੀ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਗੱਠਜੋੜ ਤੋਂ ਖੁਸ਼ ਨਹੀਂ ਹਨ। ਸਿਆਸੀ ਮਾਹਿਰਾਂ ਅਨੁਸਾਰ ਸਥਾਨਕ ਚੋਣਾਂ ਦਾ ਨਤੀਜਾ ਸੱਤਾਧਾਰੀ ਭਾਜਪਾ ਲਈ 2024 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਖਤਰੇ ਦੀ ਘੰਟੀ ਹੈ। ਦੱਸ ਦਈਏ ਕਿ ਸਥਾਨਕ ਚੋਣਾਂ ਦੇ ਨਤੀਜੇ ਅਕਸਰ ਸੱਤਾਧਾਰੀ ਪਾਰਟੀ ਦੇ ਹੱਕ ਵਿਚ ਆਉਂਦੇ ਹਨ, ਪਰ ਹਰਿਆਣਾ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਹਾਲਾਤ ਇਸ ਦੇ ਉਲਟ ਜਾਪੇ।

ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਕੁੱਲ 411 ਸੀਟਾਂ ਹਨ। ਭਾਜਪਾ ਨੇ 102, ਆਮ ਆਦਮੀ ਪਾਰਟੀ ਨੇ 114, ਬਹੁਜਨ ਸਮਾਜ ਪਾਰਟੀ ਨੇ 71 ਅਤੇ ਇੰਡੀਅਨ ਨੈਸ਼ਨਲ ਲੋਕ ਦਲ ਨੇ 98 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਭਾਜਪਾ ਦੇ 23 ਉਮੀਦਵਾਰਾਂ ਨੂੰ ਸਫਲਤਾ ਮਿਲੀ ਜਦੋਂਕਿ ਆਮ ਆਦਮੀ ਪਾਰਟੀ ਦੇ 15, ਇੰਡੀਅਨ ਨੈਸ਼ਨਲ ਲੋਕ ਦਲ ਦੇ 14 ਅਤੇ ਬਹੁਜਨ ਸਮਾਜ ਪਾਰਟੀ ਦੇ 6 ਉਮੀਦਵਾਰ ਕਾਮਯਾਬ ਹੋਏ। ਆਜ਼ਾਦ ਉਮੀਦਵਾਰ ਵੱਡੀ ਗਿਣਤੀ ਵਿਚ ਜਿੱਤੇ। ਸਿਰਸਾ, ਅੰਬਾਲਾ ਤੇ ਜੀਂਦ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਕਾਂਗਰਸ ਨੇ ਇਹ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਨਹੀਂ ਲੜੀਆਂ। ਇਨ੍ਹਾਂ ਦੇ ਨਾਲ ਨਾਲ 6220 ਗ੍ਰਾਮ ਪੰਚਾਇਤਾਂ ਤੇ 143 ਪੰਚਾਇਤ (ਬਲਾਕ) ਸਮਿਤੀਆਂ ਲਈ ਵੀ ਚੋਣਾਂ ਹੋਈਆਂ।

'ਆਪ' ਅਤੇ ਅਭੈ ਚੌਟਾਲਾ ਦੀ ਅਗਵਾਈ ਵਾਲੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਦਾਅਵਾ ਕੀਤਾ ਹੈ ਕਿ ਲੋਕਾਂ ਨੇ ਉਨ੍ਹਾਂ ਦੀਆਂ ਪਾਰਟੀਆਂ ਵਿਚ ਵਿਸ਼ਵਾਸ ਜਤਾਇਆ ਹੈ। ਅਭੈ ਚੌਟਾਲਾ ਨੇ ਚੋਣ ਨਤੀਜਿਆਂ ਨੂੰ ਸੱਤਾਧਾਰੀ ਗੱਠਜੋੜ ਦੇ ਵਿਰੁੱਧ ਫਤਵਾ ਦੱਸਿਆ ਜਦੋਂਕਿ 'ਆਪ' ਦੇ ਆਗੂਆਂ ਅਨੁਸਾਰ ਪਾਰਟੀ ਸੂਬੇ ਵਿਚ ਵੱਡੇ ਬਦਲ ਵਜੋਂ ਉੱਭਰ ਰਹੀ ਹੈ।


*AD Space Available*



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।


ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਸ਼ਰਧਾਂਜਲੀ ਸਮਾਰੋਹ

ਗੁਰਸਿੱਖ ਵਿਦਵਾਨ, ਇੰਜੀਨੀਅਰ, ਖਗੋਲ ਵਿਗਿਆਨੀ, ਖਿਡਾਰੀ, ਬਹੁਭਾਸ਼ਾਈ ਵਿਗਿਆਨੀ, ਇਤਿਹਾਸਕਾਰ ਅਤੇ ਸਿੱਖ ਪੰਥ ਦੀ ਝੋਲੀ ਇਕ ਲਾਸਾਨੀ ਦਾਤ ਪਾਉਣ ਵਾਲੇ ਸ. ਪਾਲ ਸਿੰਘ ਪੁਰੇਵਾਲ ਨਮਿਤ ਸ਼ਰਧਾਂਜਲੀ ਸਮਾਗਮ 20 ਮੱਘਰ ਸੰਮਤ 554 ਨਾਨਕਸ਼ਾਹੀ (3 ਦਸੰਬਰ, 2022 ਈ.) ਦਿਨ ਸ਼ਨਿਚਰਵਾਰ ਨੂੰ ਦੁਪਹਿਰ 1:00 ਤੋਂ 4:00 ਵਜੇ ਦਰਮਿਆਨ ਗੁਰਦੁਆਰਾ ਗੁਰ ਨਾਨਕ ਦਰਬਾਰ ਇੰਡੀਅਨਐਪਲਿਸ (425 S High School Rd, Indianapolis, IN 46241) ਵਿਖੇ ਕਰਵਾਇਆ ਜਾ ਰਿਹਾ ਹੈ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਕੌਮ ਦੇ ਇਸ ਮਹਾਨ ਵਿਦਵਾਨ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਪੁੱਜਣ ਦੀ ਕ੍ਰਿਪਾਲਤਾ ਕਰਨਾ ਜੀ।



ਸਰਦਾਰ ਪਾਲ ਸਿੰਘ ਪੁਰੇਵਾਲ

## *Remembering S. Pal Singh Purewal*

**Gursikh Scholar, Engineer, Astronomer, Author, a Sportsman, Multi-Linguist, a Historian, and for his legendary Gift to Sikh Panth.**

All are requested to come and pay homage to S. Pal Singh Purewal ji, the great scholar of the nation, on 20 Maghar Samat 554 Nanakshahi (December 3, 2022 CE.)

## The program is as follow:

**Saturday December 3rd, 2022.**
**1:00 pm to 4:00 pm.**
**Gurdwara Gur Nanak Darbar**
**425 S High School Rd,**
**Indianapolis, IN 46241**

## Speakers:

**Sarbjit Singh Sacramento**
**Irwin Preet Singh**
**Bibi Jasbir Kaur**
**Varinder Singh Goldy**
**Kuldip Singh**

## For additional information please contact:

Avtar Singh Bassi (201) 913-3000, Hardeep Singh Virdi (310) 801-8801, Manjit Singh Purewal (317) 383-7862

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5' 11", residing in Chicago area. Please contact: manpreetrupal24@gmail.com

49-52

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ।

43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----


# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**



*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**


## ਡੈਪੂਟੇਸ਼ਨ 'ਤੇ ਬੈਠੇ ਅਧਿਆਪਕ ਸਕੂਲਾਂ ਵਿਚ ਪਰਤਣਗੇ

**ਚੰਡੀਗੜ੍ਹ:** ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਦੀ ਸਕੂਲ ਸਿੱਖਿਆ ਨੂੰ ਤਰਕਸੰਗਤ ਬਣਾਉਣ ਦੇ ਮੱਦੇਨਜ਼ਰ ਪਿਛਲੇ ਲੰਬੇ ਸਮੇਂ ਤੋਂ ਸਕੂਲਾਂ ਵਿਚ ਪੜ੍ਹਾਉਣ ਦੀ ਥਾਂ ਵੱਖ-ਵੱਖ ਦਫਤਰਾਂ ਵਿਚ ਡਿਊਟੀ ਜਾਂ ਡੈਪੂਟੇਸ਼ਨ 'ਤੇ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਵਾਪਸ ਸਕੂਲਾਂ ਵਿਚ ਲਿਆਉਣ ਵਾਸਤੇ ਯਤਨ ਅਰੰਭੇ ਹਨ। ਉਨ੍ਹਾਂ ਦੱਸਿਆ ਕਿ ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਬੈਂਸ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਸਿੱਖਿਆ ਦਫਤਰਾਂ ਤੋਂ ਮੁਕੰਮਲ ਡਾਟਾ ਮੰਗ ਲਿਆ ਗਿਆ ਹੈ। ਬੈਂਸ ਨੇ ਇਹ ਵੀ ਦੱਸਿਆ ਕਿ ਜੇਕਰ ਇਸ ਸਬੰਧੀ ਕਿਸੇ ਸਕੂਲ ਮੁਖੀ ਜਾਂ ਜ਼ਿਲ੍ਹਾ ਅਧਿਕਾਰੀ ਨੇ ਕਿਸੇ ਮੁਲਾਜ਼ਮ ਦਾ ਡਾਟਾ ਛੁਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵਿਰੁੱਧ ਵੀ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

## ਪਾਲ ਸਿੰਘ ਪੁਰੇਵਾਲ ਨਮਿਤ ਸ਼ਰਧਾਂਜਲੀ ਸਮਾਗਮ 3 ਨੂੰ

**ਸ਼ਿਕਾਗੋ:** ਨਾਨਕਸ਼ਾਹੀ ਕੈਲੰਡਰ ਦੇ ਰਚੇਤਾ, ਗੁਰਸਿੱਖ ਵਿਦਵਾਨ, ਇੰਜੀਨੀਅਰ, ਖਗੋਲ ਵਿਗਿਆਨੀ, ਖਿਡਾਰੀ, ਬਹੁਭਾਸ਼ਾਈ ਵਿਗਿਆਨੀ ਅਤੇ ਇਤਿਹਾਸਕਾਰ ਸ. ਪਾਲ ਸਿੰਘ ਪੁਰੇਵਾਲ ਨਮਿਤ ਸ਼ਰਧਾਂਜਲੀ ਸਮਾਗਮ 20 ਮੱਘਰ ਸੰਮਤ 554 ਨਾਨਕਸ਼ਾਹੀ (3 ਦਸੰਬਰ, 2022 ਈ.) ਦਿਨ ਸ਼ਨਿਚਰਵਾਰ ਨੂੰ ਦੁਪਹਿਰ 1: 00 ਤੋਂ 4: 00 ਵਜੇ ਦਰਮਿਆਨ ਗੁਰਦੁਆਰਾ ਗੁਰ ਨਾਨਕ ਦਰਬਾਰ ਇੰਡੀਅਨਐਪਲਿਸ ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਕੋਚ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਸਵੇਰੇ 7 ਵਜੇ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ 1280 Winetka St., Palatine IL ਤੋਂ ਚੱਲੇਗੀ। ਦੂਜਾ ਪਿੱਕਅੱਪ ਬੋਲਿੰਗਬਰੁਕ ਡੈਨੀਜ਼ ਤੋਂ ਸਵੇਰੇ 7:30 ਵਜੇ ਹੋਵੇਗਾ। ਸ਼ਾਮ ਨੂੰ ਵਾਪਸੀ 6:00 ਵਜੇ ਹੋਵੇਗੀ। ਸੀਟਾਂ ਲਿਮਟਿਡ ਹਨ।

ਸਮਾਗਮ ਵਿਚ ਜਾਣ ਦੇ ਚਾਹਵਾਨ ਵ੍ਹੀਟਨ ਗੁਰਦੁਆਰਾ ਜਾਂ ਪੈਲਾਟਾਈਨ ਗੁਰਦੁਆਰੇ ਵਿਚ ਜਾਂ ਅਮਰਦੇਵ ਸਿੰਘ (ਵ੍ਹੀਟਨ) ਨਾਲ 630-886-9191, ਅਮਰਦੇਵ ਸਿੰਘ ਨਾਲ 708-612-7963 ਜਾਂ ਸਰਵਨ ਸਿੰਘ ਨਾਲ 224-628-5522 'ਤੇ ਸੰਪਰਕ ਕਰ ਕੇ ਆਪਣਾ ਨਾਂ ਲਿਖਵਾ ਸਕਦੇ ਹਨ।

# ਪੰਜ ਸਿੰਘ ਸਹਿਬਾਨ ਵੱਲੋਂ ਲੰਗਾਹ ਤਨਖਾਹੀਆ ਕਰਾਰ

## ਅਮਰੀਕਾ ਵਾਸੀ ਥਮਿੰਦਰ ਸਿੰਘ ਅਨੰਦ ਨੂੰ ਪੰਥ ਵਿਚੋਂ ਛੇਕਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਉਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ 'ਪਰ ਇਸਤਰੀ ਗਮਨ ਦੀ ਬੱਜਰ ਕੁਰਹਿਤ' ਦੇ ਦੋਸ਼ ਹੇਠ ਤਨਖ਼ਾਹੀਆ ਕਰਾਰ ਦਿੰਦਿਆਂ 21 ਦਿਨ ਦੀ ਧਾਰਮਿਕ ਸਜਾ ਲਾਈ ਹੈ। ਇਸੇ ਤਰ੍ਹਾਂ ਬਿਨਾਂ ਪ੍ਰਵਾਨਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ ਅਤੇ ਸਰੂਪ ਵਿਚ ਲਗਾ-ਮਾਤਰਾਵਾਂ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਅਮਰੀਕਾ ਵਾਸੀ ਥਮਿੰਦਰ ਸਿੰਘ ਅਨੰਦ ਨੂੰ ਪੰਥ ਵਿਚੋਂ ਛੇਕਿਆ ਗਿਆ ਹੈ ਅਤੇ ਉਨ੍ਹਾਂ ਦੇ ਤਿੰਨ ਸਾਥੀ ਰਾਜਵੰਤ ਸਿੰਘ, ਭਜਨੀਤ ਸਿੰਘ ਅਤੇ ਗੁਰਦਰਸ਼ਨ ਸਿੰਘ ਨੂੰ ਕ੍ਰਮਵਾਰ 11 ਅਤੇ 7 ਦਿਨਾਂ ਦੀ ਧਾਰਮਿਕ ਤਨਖਾਹ ਲਾਈ ਗਈ ਹੈ।

ਵਰਣਨਯੋਗ ਹੈ ਕਿ ਜਦੋਂ ਥਮਿੰਦਰ ਸਿੰਘ ਵਲੋਂ ਪਾਵਣ ਗੁਰਬਾਣੀ ਦੀਆਂ ਲਗਾਂ ਮਾਤਰਾਂ ਵਿਚ ਤਬਦੀਲੀ ਕਰਨ ਦਾ ਮਾਮਲਾ ਸਿੱਖ ਸੰਗਤ ਸਾਹਮਣੇ ਆਇਆ ਸੀ ਤਾਂ ਦੇਸ਼ ਵਿਦੇਸ਼ ਦੀਆ ਸੰਗਤਾਂ ਵਲੋਂ ਇਸ ਦਾ ਤਿੱਖਾ ਵਿਰੋਧ ਹੋਇਆ ਸੀ। ਉਸ ਵੇਲੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਅਮਰੀਕੀ ਸੰਗਤਾਂ ਤੇ



ਗੁਰਦੁਆਰਾ ਸਾਹਿਬ ਤੋਂ ਸੁਝਾਅ ਮੰਗੇ ਸਨ ਤਾਂ ਗੁਰਦੁਆਰਾ ਪੈਲਾਟਾਈਨ ਸ਼ਿਕਾਗੋ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੂੰ ਚਿੱਠੀ ਭੇਜ ਕੇ ਥਮਿੰਦਰ ਸਿੰਘ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਪਹਿਲ ਕੀਤੀ ਸੀ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੁੱਚਾ ਸਿੰਘ ਲੰਗਾਹ ਨੂੰ 21 ਦਿਨ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਵਿਖੇ ਆ ਕੇ ਜਪੁਜੀ ਸਾਹਿਬ ਦਾ ਪਾਠ ਕਰਨ, ਇਕ ਘੰਟਾ ਕੀਰਤਨ ਸੁਣਨ ਅਤੇ ਇਕ ਘੰਟਾ ਰੋਜ਼ ਸੰਗਤ ਦੇ ਜੂਠੇ ਬਰਤਨ ਮਾਂਜਣ ਦੀ ਤਨਖਾਹ ਲਾਈ ਹੈ। ਇਸੇ ਦੌਰਾਨ ਇਕ ਦਿਨ ਅਕਾਲ ਤਖਤ ਸਾਹਿਬ ਦੇ ਸਾਹਮਣੇ ਵਾਰਾਂ ਦਾ ਗਾਇਨ ਕਰਨ ਵਾਲੇ ਸਮੂਹ ਢਾਡੀ ਜਥਿਆਂ ਨੂੰ ਪ੍ਰਤੀ ਜਥਾ 5100-5100 ਰੁਪਏ ਦੇਣ, ਘਰੋਂ ਤਿਆਰ ਕੀਤਾ ਲੰਗਰ ਛਕਾਉਣ ਅਤੇ ਉਨ੍ਹਾਂ ਦੇ ਜੂਠੇ ਬਰਤਨ ਮਾਂਜਣ ਦਾ ਫੈਸਲਾ ਵੀ ਸੁਣਾਇਆ ਹੈ।

ਇਨ੍ਹਾਂ ਦਿਨਾਂ ਦੌਰਾਨ ਉਹ ਕੋਈ ਦਿਖਾਵਾ ਨਹੀਂ ਕਰਨਗੇ ਅਤੇ ਮੀਡੀਆ ਕੋਲ ਵੀ ਪ੍ਰਚਾਰ ਲਈ ਨਹੀਂ ਜਾਣਗੇ। ਇੱਕੀ ਦਿਨਾਂ ਦੀ ਤਨਖਾਹ ਪੂਰੀ ਕਰਨ ਮਗਰੋਂ ਉਹ 5100 ਰੁਪਏ ਗੋਲਕ ਵਿਚ ਪਾਉਣਗੇ ਅਤੇ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾ ਸਕਣਗੇ। ਇਸ ਦੌਰਾਨ ਪੰਜ ਸਾਲ ਉਹ ਕਿਸੇ ਵੀ ਧਾਰਮਿਕ ਜਥੇਬੰਦੀ ਤੇ ਗੁਰਦੁਆਰਾ ਕਮੇਟੀ ਦਾ ਮੈਂਬਰ ਨਹੀਂ ਬਣ ਸਕੇਗਾ ਪਰ ਸਿਆਸੀ ਖੇਤਰ ਵਿਚ ਕੋਈ ਰੋਕ ਨਹੀਂ ਲਗਾਈ ਗਈ ਹੈ।

ਇਸ ਤੋਂ ਪਹਿਲਾਂ ਸੁੱਚਾ ਸਿੰਘ ਲੰਗਾਹ ਨੇ ਸੰਗਤ ਦੇ ਸਾਹਮਣੇ ਆਪਣੀ ਗਲਤੀ ਦੀ ਤਿੰਨ ਵਾਰ ਮੁਆਫੀ ਮੰਗੀ ਅਤੇ ਕਿਹਾ ਕਿ ਸ੍ਰੀ ਅਕਾਲ ਤਖਤ ਵੱਲੋਂ ਜੋ ਵੀ ਤਨਖਾਹ ਲਾਈ ਜਾਵੇਗੀ, ਉਹ ਉਸ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰੇਗਾ। ਇਸ ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਣੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ੍ਰੀ ਅਕਾਲ ਤਖਤ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਪੰਜ ਪਿਆਰਿਆਂ 'ਚੋਂ ਭਾਈ ਸੁਖਦੇਵ ਸਿੰਘ ਸ਼ਾਮਲ ਸਨ।

## ਫਿਲਮ 'ਦਾਸਤਾਨ-ਏ-ਸਰਹਿੰਦ' ਦਾ ਵਿਰੋਧ



**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਗਈ ਹੈ ਕਿ ਫਿਲਮ 'ਦਾਸਤਾਨ-ਏ-ਸਰਹਿੰਦ' ਨੂੰ ਰੱਦ ਕਰਦਿਆਂ ਇਸ ਨੂੰ ਰਿਲੀਜ਼ ਹੋਣ ਤੋਂ ਰੋਕਿਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਹੈ ਕਿ ਭਵਿੱਖ ਵਿੱਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਦਿਖਾਉਣ ਵਾਲੀ ਕੋਈ ਵੀ ਫਿਲਮ ਬਣਾਉਣ ਤੋਂ ਰੋਕਣ ਲਈ ਠੋਸ ਕਦਮ ਚੁੱਕੇ ਜਾਣ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ 2 ਦਸੰਬਰ ਨੂੰ ਰਿਲੀਜ਼ ਹੋਣ ਜਾ ਰਹੀ ਇਸ ਫਿਲਮ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਚੁੱਕੀ ਹੈ। ਸਿੱਖ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸਿੱਖੀ ਸਿਧਾਂਤਾਂ ਦੀ ਉਲੰਘਣਾ ਕਰ ਕੇ ਬਣੀ ਅਤੇ ਵਿਵਾਦਾਂ ਵਿਚ ਘਿਰੀ ਇਸ ਫਿਲਮ ਵਿਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਐਨੀਮੇਸ਼ਨ ਰਾਹੀਂ ਫਿਲਮਾਇਆ ਗਿਆ ਹੈ, ਜੋ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਹੈ। ਵਫਦ ਦੇ ਮੈਂਬਰ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਸਿੱਖ ਆਗੂਆਂ ਨੇ ਫਿਲਮ ਦੇ ਨਿਰਦੇਸ਼ਕ ਨਵੀਂ ਸਿੱਧੂ ਨਾਲ ਵੀ ਫੋਨ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਫਿਲਮ ਵਾਪਸ ਲੈਣ ਲਈ ਕਿਹਾ ਹੈ, ਜਿਸ ਬਾਰੇ ਨਿਰਦੇਸ਼ਕ ਨੇ ਇਕ-ਦੋ ਦਿਨਾਂ ਤੱਕ ਫੈਸਲਾ ਕਰਨ ਦੀ ਗੱਲ ਕਹੀ ਹੈ।

### ਸ਼੍ਰੋਮਣੀ ਕਮੇਟੀ ਨੇ ਫਿਲਮ ਨੂੰ ਨਹੀਂ ਦਿੱਤੀ ਪ੍ਰਵਾਨਗੀ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਵਾਦਾਂ ਵਿਚ ਘਿਰੀ ਫਿਲਮ 'ਦਾਸਤਾਨ-ਏ-ਸਰਹਿੰਦ' ਦੇ ਪ੍ਰਦਰਸ਼ਨ ਲਈ ਪ੍ਰਵਾਨਗੀ ਨਹੀਂ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਲੋਕ ਇਸ ਫਿਲਮ ਵਿਚ ਬਾਲ ਕਾਲਾਕਾਰਾਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਦਾ ਕਿਰਦਾਰ ਨਿਭਾਉਣ ਦਾ ਵਿਰੋਧ ਕਰ ਰਹੇ ਹਨ। ਇਸ ਦੀ ਪੁਸ਼ਟੀ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕੀਤੀ। ਜਾਣਕਾਰੀ ਅਨੁਸਾਰ ਪੰਜਾਬੀ 'ਵਰਸਿਟੀ ਦੀ ਗੋਸ਼ਿਟ ਸਭਾ ਵੱਲੋਂ ਇਥੇ ਸ੍ਰੀ ਪੰਜੋਲੀ ਨੂੰ ਵਿਵਾਦਤ ਫਿਲਮ 'ਦਾਸਤਾਨ-ਏ-ਸਰਹਿੰਦ' 'ਤੇ ਪਾਬੰਦੀ ਲਗਵਾਉਣ ਸਬੰਧੀ ਮੰਗ ਪੱਤਰ ਸੌਂਪਿਆ।

## ਸ਼੍ਰੋਮਣੀ ਕਮੇਟੀ ਵਿਚ ਨਿਯੁਕਤੀਆਂ 'ਤੇ ਵਿਰੋਧੀ ਧਿਰ ਨੂੰ ਇਤਰਾਜ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਿੱਖ ਸੰਸਥਾ ਦੇ ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਕੁਝ ਮੈਂਬਰਾਂ ਨੂੰ ਲਾਏ ਜਾਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ ਤੇ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੇ ਆਪਣੀਆਂ ਮੰਗਾਂ ਨੂੰ ਏਜੰਡੇ ਵਿਚ ਸ਼ਾਮਲ ਕਰਨ ਲਈ ਮੰਗ ਪੱਤਰ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ।

ਇਨ੍ਹਾਂ ਮੈਂਬਰਾਂ ਵਿਚ ਗੁਰਪ੍ਰੀਤ ਸਿੰਘ ਰੰਧਾਵਾ, ਮਲਕੀਤ ਸਿੰਘ ਚੰਗਾਲ, ਭੁਪਿੰਦਰ ਸਿੰਘ ਅਸੰਧ ਸ਼ਾਮਲ ਸਨ। ਵਿਰੋਧੀ ਧਿਰ ਦੇ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਲਾਉਣ ਦਾ ਫੈਸਲਾ ਸਿੱਖ ਗੁਰਦੁਆਰਾ ਐਕਟ ਦੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਲਿਆ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ ਫੈਸਲੇ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਹ ਗ਼ੈਰਕਨੂੰਨੀ ਫੈਸਲਾ ਹੈ, ਇਸ ਲਈ ਕਿਸੇ ਵੀ ਮੈਂਬਰ ਇੰਚਾਰਜ ਨੂੰ



ਵਾਹਨ ਦੀ ਸਹੂਲਤ ਤੇ ਗੁਰੂ-ਘਰ ਦੇ ਸਰਮਾਏ ਨੂੰ ਵਰਤਣ ਦੀ ਸਹੂਲਤ ਨਾ ਦਿੱਤੀ ਜਾਵੇ।

ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਨਿੱਜੀ ਚੈਨਲ ਸ਼ੁਰੂ ਨਾ ਕੀਤੇ ਜਾਣ 'ਤੇ ਇਤਰਾਜ਼ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ-ਘਰ ਵਿਚ ਲੰਗਰ ਤਾਂ ਮੁਫਤ ਹਨ ਪਰ ਗੁਰਬਾਣੀ ਦੇ ਪ੍ਰਸਾਰਨ ਦਾ ਮੁੱਲ ਵੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਨਿੱਜੀ ਚੈਨਲ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ ਸੀ ਪਰ ਸਿੱਖ ਸੰਸਥਾ ਜਥੇਦਾਰ ਦਾ ਆਦੇਸ਼ ਮੰਨਣ ਤੋਂ ਇਨਕਾਰੀ ਹੈ।

## ਦਰਬਾਰ ਸਾਹਿਬ ਨੇੜੇ ਈਸਾਈ ਧਰਮ ਦੇ ਪ੍ਰਚਾਰ ਦਾ ਵਿਰੋਧ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਦਰਵਾਜੇ ਨੇੜੇ ਇਕ ਵਿਦੇਸ਼ੀ ਔਰਤ ਵੱਲੋਂ ਹੱਥ ਵਿਚ ਤਖਤੀ ਫੜ ਕੇ ਈਸਾਈ ਧਰਮ ਦਾ ਪ੍ਰਚਾਰ ਕਰਨ 'ਤੇ ਸਖਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਅਜਿਹਾ ਕਰ ਕੇ ਸਿੱਧੇ ਤੌਰ 'ਤੇ ਸਿੱਖ ਕੌਮ ਨੂੰ ਵੰਗਾਰਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਆਪਣੇ ਘਰ ਵਿਚ ਹੀ ਸੁੱਤੀ ਪਈ ਹੈ ਅਤੇ ਉਸ ਨੂੰ ਅਜਿਹੀਆਂ ਪੰਥ ਵਿਰੋਧੀ ਸਰਗਰਮੀਆਂ ਆਪਣੀ ਅੱਖ ਦੇ ਥੱਲੇ ਵੀ ਨਜ਼ਰ ਨਹੀਂ ਆ ਰਹੀਆਂ। ਸਿੱਖ ਆਗੂ ਨੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਵਿਦੇਸ਼ੀ ਔਰਤ ਨੂੰ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਕੀਤੀ ਜਾਵੇ ਤਾਂ ਜੋ ਅਸਲੀਅਤ ਦਾ ਪਤਾ ਲੱਗ ਸਕੇ।

ਉਨ੍ਹਾਂ ਨੇ ਖਦਸ਼ਾ ਪ੍ਰਗਟਾਇਆ ਕਿ ਸੱਚਖੰਡ ਹਰਿਮੰਦਰ ਸਾਹਿਬ ਨੇੜੇ ਅਜਿਹਾ ਪ੍ਰਚਾਰ ਕਰਨਾ ਕੋਈ ਸਾਜ਼ਿਸ਼ ਹੋ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਇਸਾਈ ਭਾਈਚਾਰੇ ਨਾਲ ਧਰਮ ਪਰਿਵਰਤਨ ਦੇ ਗੰਭੀਰ ਮਸਲੇ 'ਤੇ ਤਿੱਖੇ ਮਤਭੇਦ ਚੱਲ ਰਹੇ ਹਨ, ਇਸ ਕਰਕੇ ਪ੍ਰਸ਼ਾਸਨ ਦਾ ਫਰਜ਼ ਬਣਦਾ ਹੈ ਕਿ ਉਹ ਮਾਮਲੇ ਦੀ ਜਾਂਚ ਕਰੇ ਅਤੇ ਇਹ ਪਤਾ ਲਾਇਆ ਜਾਵੇ ਕਿ ਇਸ ਪਿੱਛੇ ਕੌਣ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਪਿਛਲੇ ਲੰਬੇ ਸਮੇਂ ਤੋਂ ਉਸ ਨੇ ਗੰਭੀਰ ਪੰਥਕ ਮਸਲੇ ਅਣਗੌਲੇ ਕੀਤੇ ਹਨ, ਜਿਸ ਦੇ ਸਿੱਟੇ ਵਜੋਂ ਸਿੱਖ ਵਿਰੋਧੀ ਤਾਕਤਾਂ ਸਿਰ ਚੁੱਕ ਰਹੀਆਂ ਹਨ।

## ਹਰਿਆਣਾ ਨੂੰ ਚੰਡੀਗੜ੍ਹ 'ਚ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੇਣ ਖਿਲਾਫ ਡਟਿਆ ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮਿਲ ਕੇ ਇਕ ਮੰਗ ਪੱਤਰ ਸੌਂਪਿਆ, ਜਿਸ ਵਿਚ ਹਰਿਆਣਾ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਵਿਧਾਨ ਸਭਾ ਦੀ ਨਵੀਂ ਇਮਾਰਤ ਬਣਾਉਣ ਲਈ ਜਮੀਨ ਬਦਲੇ ਜ਼ਮੀਨ ਦੇਣ ਦੀ ਪੇਸ਼ਕਸ਼ ਨੂੰ ਸੰਵਿਧਾਨ ਦੀ ਉਲੰਘਣਾ ਦੱਸਦਿਆਂ ਇਸ ਪੇਸ਼ਕਸ਼ ਨੂੰ ਤੁਰਤ ਰੱਦ ਕਰਨ ਦੀ ਮੰਗ ਕੀਤੀ ਹੈ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਵਫਦ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਸਿਰਫ ਸੰਸਦ ਕੋਲ ਹੀ ਮੌਜੂਦਾ ਰਾਜਾਂ ਤੇ ਉਨ੍ਹਾਂ ਦੀਆਂ ਸਰਹੱਦਾਂ ਵਿਚ ਤਬਦੀਲੀ ਕਰਨ ਦਾ ਕਾਨੂੰਨ ਬਣਾਉਣ ਦੀ ਸ਼ਕਤੀ ਹੈ। ਵਫਦ ਵਿਚ ਸ਼ਾਮਲ ਪਾਰਟੀ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਤੇ ਡਾ. ਦਲਜੀਤ ਸਿੰਘ ਚੀਮਾ ਨੇ ਰਾਜਪਾਲ ਨੂੰ ਆਖਿਆ ਕਿ ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਅੰਗ ਹੈ ਤੇ ਇਸ 'ਤੇ ਪੰਜਾਬ ਦਾ ਪੂਰਾ ਅਧਿਕਾਰ ਵੀ ਹੈ, ਜਿਸ ਦੀ



ਪੁਸ਼ਟੀ ਸੰਸਦ ਨੇ ਰਾਜੀਵ-ਲੌਂਗੋਵਾਲ ਸਮਝੌਤੇ ਰਾਹੀਂ ਕੀਤੀ ਹੈ।

ਅਕਾਲੀ ਆਗੂਆਂ ਨੇ ਕਿਹਾ ਕਿ ਹਰਿਆਣਾ ਵੱਲੋਂ ਚੰਡੀਗੜ੍ਹ ਵਿੱਚ 10 ਏਕੜ ਜਮੀਨ ਲੈਣ ਲਈ ਆਪਣੀ ਜਮੀਨ ਦੇਣ ਦੀ ਪੇਸ਼ਕਸ਼ ਨਾਲ ਚੰਡੀਗੜ੍ਹ 'ਤੇ ਪੰਜਾਬ ਦਾ ਅਧਿਕਾਰ ਕਮਜ਼ੋਰ ਹੁੰਦਾ ਹੈ। ਵਫ਼ਦ ਨੇ ਕਿਹਾ ਕਿ ਪੰਜਾਬੀ ਚੰਡੀਗੜ੍ਹ ਨਾਲ ਭਾਵੁਕ ਤੌਰ 'ਤੇ ਜੁੜੇ ਹਨ ਤੇ ਉਹ ਚੰਡੀਗੜ੍ਹ ਵਿਚ ਹਰਿਆਣਾ ਨੂੰ ਕਿਸੇ ਵੀ ਜਮੀਨ ਦੀ ਅਲਾਟਮੈਂਟ ਨਹੀਂ ਹੋਣ ਦੇਣਗੇ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਵੱਲੋਂ ਹਰਿਆਣਾ ਦੀ ਜਮੀਨ ਬਦਲੇ ਜਮੀਨ ਦੇ ਕੇ ਸੌਦੇਬਾਜ਼ੀ ਕਰਨ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ।

ਇਸ ਮੌਕੇ ਸੂਬੇ ਵਿਚ ਕਾਨੂੰਨ ਵਿਵਸਥਾ ਵਿਗੜਨ ਸਬੰਧੀ ਗੱਲਬਾਤ ਕਰਦਿਆਂ ਵਫਦ ਵੱਲੋਂ ਰਾਜਪਾਲ ਨੂੰ ਅਪੀਲ ਕੀਤੀ ਗਈ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਤੁਰਤ ਬਰਖ਼ਾਸਤ ਕੀਤਾ ਜਾਵੇ। ਅਕਾਲੀ ਦਲ ਆਗੂਆਂ ਨੇ ਰਾਜਪਾਲ ਨੂੰ ਇਹ ਵੀ ਦੱਸਿਆ ਕਿ 'ਆਪ' ਸਰਕਾਰ ਵੱਲੋਂ ਜੁਮਲਾ ਮੁਸਤਰਕਾ ਮਾਲਕਾਨਾਂ ਜ਼ਮੀਨਾਂ ਧੱਕੇ ਨਾਲ ਮਾਲਕਾਂ ਤੋਂ ਖੋਹ ਕੇ ਪੰਚਾਇਤਾਂ ਦੇ ਨਾਂ ਕਰਵਾਈਆਂ ਜਾ ਰਹੀਆਂ ਹਨ। ਇਸ ਕਾਰਨ ਕਿਸਾਨਾਂ ਵਿੱਚ ਬੇਚੈਨੀ ਵੱਧ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ 'ਆਪ' ਸਰਕਾਰ ਨੂੰ ਇਹ ਫੈਸਲਾ ਤੁਰਤ ਵਾਪਸ ਲੈਣ ਦੀ ਹਦਾਇਤ ਕੀਤੀ ਜਾਵੇ।

### ਪੰਜਾਬ ਆਪਣਾ ਕੰਮ ਕਰੇ, ਹਰਿਆਣਾ ਆਪਣਾ: ਖੱਟਰ

**ਨਵੀਂ ਦਿੱਲੀ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਹਰਿਆਣਾ ਵੱਲੋਂ ਚੰਡੀਗੜ੍ਹ 'ਚ ਆਪਣੀ ਵੱਖਰੀ ਵਿਧਾਨ ਸਭਾ ਦੀ ਇਮਾਰਤ ਬਣਾਏ ਜਾਣ 'ਤੇ ਆਮ ਆਦਮੀ ਪਾਰਟੀ ਨੂੰ ਇਤਰਾਜ਼ ਕਿਉਂ ਹੈ। ਉਨ੍ਹਾਂ ਕਿਹਾ ਕਿ ਵੱਖਰੀ ਇਮਾਰਤ ਵਿਚ ਹਰਿਆਣਾ ਆਪਣਾ ਕੰਮ ਕਰੇਗਾ ਤੇ ਪੰਜਾਬ ਸਰਕਾਰ ਆਪਣਾ ਕੰਮ ਕਰਦੀ ਰਹੇ। ਸ੍ਰੀ ਖੱਟਰ ਨੇ ਕਿਹਾ, 'ਅਸੀਂ ਚੰਡੀਗੜ੍ਹ ਵਿਚ ਜ਼ਮੀਨ ਮੁਫ਼ਤ ਵਿਚ ਨਹੀਂ ਲੈ ਰਹੇ, ਜੇਕਰ ਅਸੀਂ ਵਿਧਾਨ ਸਭਾ ਭਵਨ ਦੀ ਉਸਾਰੀ ਲਈ 10 ਏਕੜ ਜ਼ਮੀਨ ਲੈ ਰਹੇ ਹਾਂ ਤਾਂ ਚੰਡੀਗੜ੍ਹ ਦੇ ਨਾਲ ਲੱਗਦੀ ਜ਼ਮੀਨ ਦੇ ਵੀ ਰਹੇ ਹਾਂ।'

# ਪੰਜਾਬ ਨੇ ਕੇਂਦਰ ਤੋਂ ਵਿਸ਼ੇਸ਼ ਸਨਅਤੀ ਪੈਕੇਜ ਮੰਗਿਆ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਕੇਂਦਰੀ ਬਜਟ 2023-24 ਦੀ ਤਿਆਰੀ ਲਈ ਸੱਦੀ ਗਈ ਮੀਟਿੰਗ ਵਿਚ ਪੰਜਾਬ ਸਰਕਾਰ ਨੇ ਸੂਬੇ ਲਈ ਵਿਸ਼ੇਸ਼ ਸਨਅਤੀ ਪੈਕੇਜ ਮੰਗਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਰਹੱਦੀ ਖਿੱਤੇ ਲਈ ਵਿਸ਼ੇਸ਼ ਪ੍ਰੋਜੈਕਟ ਅਤੇ ਫੰਡ ਦਿੱਤੇ ਜਾਣ ਦੀ ਮੰਗ ਵੀ ਰੱਖੀ ਹੈ। ਚੀਮਾ ਨੇ ਕੇਂਦਰੀ ਮੰਤਰੀ ਨੂੰ ਸੁਝਾਵਾਂ ਤੇ ਤਜਵੀਜ਼ਾਂ ਵਾਲਾ ਵਿਸਥਾਰਤ ਮੰਗ ਪੱਤਰ ਵੀ ਸੌਂਪਿਆ ਹੈ।

ਉਨ੍ਹਾਂ ਕੇਂਦਰ ਵੱਲੋਂ ਪੰਜਾਬ ਦੇ ਰੋਕੇ ਗਏ ਫੰਡਾਂ ਨੂੰ ਫੌਰੀ ਰਿਲੀਜ ਕਰਨ ਤੇ ਸਰਹੱਦੀ ਜ਼ਿਲ੍ਹਿਆਂ ਲਈ ਵਿਸ਼ੇਸ਼ ਸਨਅਤੀ ਪੈਕੇਜ ਦਿੱਤੇ ਜਾਣ ਦੀ ਮੰਗ ਰੱਖੀ ਤਾਂ ਜੋ ਸਰਹੱਦੀ ਖੇਤਰ ਦਾ ਵਿਕਾਸ ਰਫਤਾਰ ਫੜ ਸਕੇ। ਮੀਟਿੰਗ ਦੌਰਾਨ ਸੂਬਿਆਂ ਦੇ ਵਿੱਤ ਮੰਤਰੀਆਂ ਨੇ ਨਵੇਂ ਬਜਟ ਨੂੰ ਲੈ ਕੇ ਆਪੋ-ਆਪਣੇ ਸੁਝਾਓ ਵੀ ਰੱਖੇ। ਚੀਮਾ ਨੇ ਸਰਹੱਦੀ ਜ਼ਿਲ੍ਹਿਆਂ ਵਿਚ ਪੁਲਿਸ ਬਲ ਦੇ ਆਧੁਨਿਕੀਕਰਨ ਤੇ ਪੁਲਿਸ ਢਾਂਚੇ ਲਈ ਇਕ ਹਜ਼ਾਰ ਕਰੋੜ ਦੀ ਵਿਸ਼ੇਸ਼ ਸਹਾਇਤਾ ਵੀ ਮੰਗੀ ਕਿਉਂਕਿ ਸੂਬੇ ਨੂੰ ਆਧੁਨਿਕ ਸਾਜੋ-ਸਾਮਾਨ ਦੀ ਲੋੜ ਹੈ। ਸਰਹੱਦੀ ਖੇਤਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ, ਪੁਲਿਸ ਇਮਾਰਤਾਂ ਨੂੰ



ਅਪਗਰੇਡ ਕਰਨ, ਨਵੇਂ ਪੁਲਿਸ ਥਾਣਿਆਂ ਦੇ ਨਿਰਮਾਣ ਅਤੇ ਪੁਲਿਸ ਬਲਾਂ ਨੂੰ ਬੁਨਿਆਦੀ ਢਾਂਚਾਗਤ ਸਹੂਲਤਾਂ ਦੇਣ ਦਾ ਤਰਕ ਵੀ ਦਿੱਤਾ ਗਿਆ। ਉਨ੍ਹਾਂ ਸਰਹੱਦੀ ਜ਼ਿਲ੍ਹਿਆਂ ਲਈ ਦੋ ਬਟਾਲੀਅਨਾਂ ਦੀ ਪੱਕੇ ਤੌਰ 'ਤੇ ਤਾਇਨਾਤੀ ਲਈ 160 ਕਰੋੜ ਰੁਪਏ ਦੀ ਸਹਾਇਤਾ ਵੀ ਮੰਗੀ। ਵਿੱਤ ਮੰਤਰੀ ਚੀਮਾ ਨੇ ਕੌਮਾਂਤਰੀ ਸਰਹੱਦ 'ਤੇ ਨਾਰਕੋ ਅਤਿਵਾਦ ਤੋਂ ਪੈਦਾ ਹੋਣ ਵਾਲੇ ਖਤਰਿਆਂ ਦੇ ਹਵਾਲੇ ਨਾਲ ਨਵੇਂ ਫੰਡਾਂ ਦੀ ਮੰਗ ਉਠਾਈ। ਇਸੇ ਤਰ੍ਹਾਂ ਪਰਾਲੀ ਨੂੰ ਸਾੜਨ ਤੋਂ ਰੋਕਣ ਵਾਸਤੇ ਕਿਸਾਨਾਂ ਦੀ ਮਦਦ ਲਈ 1125 ਕਰੋੜ ਰੁਪਏ ਦੇ ਫੰਡਾਂ ਦੀ ਨਵੇਂ ਕੇਂਦਰੀ ਫੰਡ ਵਿਚ ਵਿਵਸਥਾ ਕੀਤੇ ਜਾਣ ਦੀ ਮੰਗ ਰੱਖੀ।

ਉਨ੍ਹਾਂ ਕਿਹਾ ਕਿ 15ਵੇਂ ਵਿੱਤ ਕਮਿਸ਼ਨ ਵੱਲੋਂ ਡਾ. ਰਮੇਸ਼ ਚੰਦ ਦੀ ਪ੍ਰਧਾਨਗੀ ਹੇਠ ਬਣਾਈ ਸਬ-ਕਮੇਟੀ ਨੇ ਆਪਣੀ ਰਿਪੋਰਟ ਵਿਚ ਪੰਜਾਬ ਸਰਕਾਰ ਨੂੰ 6155 ਕਰੋੜ ਰੁਪਏ ਦੀ ਰਾਹਤ ਦੇਣ ਦੀ ਸਿਫਾਰਸ਼ ਕੀਤੀ ਸੀ, ਜਿਸ ਨੂੰ ਅਜੇ ਤੱਕ ਅਮਲ ਵਿਚ ਨਹੀਂ ਲਿਆਂਦਾ ਗਿਆ ਹੈ। ਉਨ੍ਹਾਂ ਮੀਟਿੰਗ ਵਿਚ ਜਲ ਜੀਵਨ ਮਿਸ਼ਨ ਤਹਿਤ ਪੰਜਾਬ ਨੂੰ ਛੇ ਹਜ਼ਾਰ ਕਰੋੜ ਦੀ ਰਾਸ਼ੀ ਦੀ ਦੇਣ ਅਤੇ ਦਿੱਲੀ ਤੋਂ ਅੰਮ੍ਰਿਤਸਰ ਅਤੇ ਦਿੱਲੀ ਤੋਂ ਬਠਿੰਡਾ ਦੋ ਵੰਦੇ ਭਾਰਤ ਰੇਲ ਗੱਡੀਆਂ ਚਲਾਏ ਜਾਣ ਦੀ ਮੰਗ ਤੋਂ ਇਲਾਵਾ ਰਾਜਪੁਰਾ ਤੇ ਚੰਡੀਗੜ੍ਹ ਦਰਮਿਆਨ ਰੇਲਵੇ ਟਰੈਕ ਵਿਛਾਉਣ ਲਈ ਭਾਰਤੀ ਰੇਲਵੇ ਨੂੰ ਸੂਬਾ ਸਰਕਾਰ ਤਰਫੋਂ ਲੋੜੀਂਦੀ ਜ਼ਮੀਨ ਮੁਹੱਈਆ ਕਰਾਏ ਜਾਣ ਦਾ ਤਰਕ ਦਿੱਤਾ। ਪੰਜਾਬ ਨੇ ਪ੍ਰੀ-ਬਜਟ ਮੀਟਿੰਗ ਵਿਚ ਸੂਬੇ ਦੀ ਮਾਲੀ ਸਥਿਤੀ ਦੇ ਹਵਾਲੇ ਨਾਲ ਅਗਲੇ ਕੇਂਦਰੀ ਬਜਟ ਵਿਚ ਵਿੱਤੀ ਮਦਦ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਬਾਕੀ ਸੂਬਿਆਂ ਵੱਲੋਂ ਵੀ ਆਪੋ-ਆਪਣੀਆਂ ਤਜਵੀਜ਼ਾਂ ਰੱਖੀਆਂ ਗਈਆਂ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਪਹਿਲੀ ਫਰਵਰੀ ਨੂੰ ਕੇਂਦਰੀ ਬਜਟ ਪੇਸ਼ ਕਰਨਗੇ।

## ਪੰਜਾਬ ਸਰਕਾਰ ਵੱਲੋਂ ਅਫਸਰਾਂ ਦੇ ਤਬਾਦਲਿਆਂ ਦਾ ਸਿਲਸਲਾ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵੱਡਾ ਪ੍ਰਸ਼ਾਸਨਿਕ ਫੇਰਬਦਲ ਕਰਦਿਆਂ 22 ਆਈ.ਏ.ਐਸ. ਤੇ 10 ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਵਿਚ 1988 ਬੈਚ ਦੀ ਰਵਨੀਤ ਕੌਰ ਨੂੰ ਵਿਸ਼ੇਸ਼ ਮੁੱਖ ਸਕੱਤਰ, ਫੂਡ ਪ੍ਰੋਸੈਸਿੰਗ ਵਜੋਂ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਨੂੰ ਜੇਲ੍ਹ ਵਿਭਾਗ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਆਈ.ਏ.ਐਸ. ਅਧਿਕਾਰੀ ਅਨੁਰਾਗ ਅਗਰਵਾਲ ਨੂੰ ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ ਤੇ ਨਿਗਮ ਦਾ ਚਾਰਜ ਦਿੱਤਾ ਗਿਆ ਹੈ। ਆਈ.ਏ.ਐਸ. ਅਧਿਕਾਰੀ ਮਾਲਵਿੰਦਰ ਸਿੰਘ ਜੱਗੀ, ਵਿਪੁਲ ਉੱਜਵਲ, ਹਰੀਸ ਨਾਇਰ, ਵੀਕੇ ਸੇਤੀਆ, ਸੰਦੀਪ ਹੰਸ, ਕੁਮਾਰ ਸੌਰਭ ਰਾਜ, ਮੁਹੰਮਦ ਇਸ਼ਫਾਕ, ਪੂਨਮਦੀਪ ਕੌਰ, ਹਿਮਾਂਸ਼ੂ ਅਗਰਵਾਲ, ਰਿਸ਼ੀਪਾਲ ਸਿੰਘ, ਮਨੀਸ਼ ਕੁਮਾਰ, ਪੱਲਵੀ, ਉਮਾਸ਼ੰਕਰ ਗੁਪਤਾ ਅਤੇ ਸੰਦੀਪ ਰਿਸ਼ੀ ਦਾ ਵੀ ਤਬਾਦਲਾ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਪੰਜਾਬ ਸਿਵਲ ਸੇਵਾਵਾਂ ਦੇ 10 ਅਧਿਕਾਰੀਆਂ ਦੇ ਵੀ ਤਬਾਦਲੇ ਕੀਤੇ ਗਏ ਹਨ।

## ਹੈਕਰਾਂ ਨੇ 84 ਦੇਸ਼ਾਂ ਦੇ 50 ਕਰੋੜ ਦੇ ਕਰੀਬ ਵਟਸਐੱਪ ਫੋਨ ਨੰਬਰ ਚੋਰੀ ਕੀਤੇ

**ਸਾਂ ਫਰਾਂਸਿਸਕੋ:** 48.70 ਕਰੋੜ ਯੂਜਰਜ ਦੇ ਵਟਸਐਪ ਫੋਨ ਨੰਬਰ ਚੋਰੀ ਕਰ ਲਏ ਗਏ ਹਨ ਅਤੇ ਮਸ਼ਹੂਰ ਹੈਕਿੰਗ ਕਮਿਊਨਿਟੀ ਫੋਰਮ ਉਤੇ ਵਿਕਰੀ ਲਈ ਰੱਖੇ ਗਏ ਹਨ। ਸਾਈਬਰਨਿਊਜ ਅਨੁਸਾਰ ਡਾਟਾਸੈੱਟ ਵਿਚ ਕਥਿਤ ਤੌਰ ਉਤੇ 84 ਦੇਸ਼ਾਂ ਦੇ ਵੱਟਸਐਪ ਯੂਜਰਜ ਡਾਟਾ ਤੇ ਅਮਰੀਕਾ ਦੇ 3.2 ਕਰੋੜ ਤੋਂ ਵੱਧ ਯੂਜਰਜ ਦੇ ਫੋਨ ਨੰਬਰ, ਬਰਤਾਨੀਆ ਦੇ 1.1 ਕਰੋੜ ਅਤੇ ਰੂਸ ਦੇ 1 ਕਰੋੜ ਫੋਨ ਨੰਬਰ ਸ਼ਾਮਲ ਹਨ। ਹੈਕਰ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਮਿਸਰ (4.5 ਕਰੋੜ), ਇਟਲੀ (3.5 ਕਰੋੜ), ਸਾਊਦੀ ਅਰਬ (2.9 ਕਰੋੜ), ਫਰਾਂਸ (2 ਕਰੋੜ) ਤੇ ਤੁਰਕੀ (2 ਕਰੋੜ) ਦੇ ਨਾਗਰਿਕਾਂ ਨਾਲ ਸਬੰਧਤ ਬਹੁਤ ਸਾਰੇ ਫੋਨ ਨੰਬਰ ਹਨ।

# ਪੰਜਾਬ ਵਿਚ ਗੰਨ ਕਲਚਰ ਖਿਲਾਫ ਮੁਹਿੰਮ ਹੋਰ ਤਿੱਖੀ ਕੀਤੀ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਵਿਚ ਗੰਨ ਕਲਚਰ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਲੋਕਾਂ ਨੂੰ 72 ਘੰਟਿਆਂ ਦੇ ਅੰਦਰ ਖੁਦ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹਥਿਆਰਾਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਆਪੋ-ਆਪਣੀਆਂ ਪੋਸਟਾਂ ਹਟਾਉਣ ਲਈ ਕਿਹਾ ਹੈ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਟਵੀਟ ਕਰ ਕੇ ਕਿਹਾ ਕਿ 72 ਘੰਟੇ (ਤਿੰਨ ਦਿਨ) ਤੱਕ ਸੋਸ਼ਲ ਮੀਡੀਆ 'ਤੇ ਹਥਿਆਰਾਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਪੋਸਟਾਂ ਸਬੰਧੀ ਕੋਈ ਕੇਸ ਦਰਜ ਨਹੀਂ ਕੀਤਾ ਜਾਵੇਗਾ, ਜਦੋਂ ਕਿ ਤਿੰਨ ਦਿਨਾਂ ਬਾਅਦ ਅਜਿਹੀਆਂ ਪੋਸਟਾਂ ਨਾ ਹਟਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣਗੇ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਵਿਚ ਅਗਲੇ ਤਿੰਨ ਦਿਨਾਂ ਤੱਕ ਹਥਿਆਰਾਂ



ਨੂੰ ਹੱਲਾਸ਼ੇਰੀ ਦੇਣ ਵਾਲਿਆਂ ਖ਼ਿਲਾਫ਼ ਕੋਈ ਕੇਸ ਦਰਜ ਨਾ ਕੀਤਾ ਜਾਵੇ, ਬਲਕਿ ਪੰਜਾਬ ਦੇ ਲੋਕਾਂ ਨੂੰ ਖੁਦ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਅਜਿਹੀਆਂ ਪੋਸਟਾਂ ਹਟਾਉਣ ਦੀ ਅਪੀਲ ਕੀਤੀ ਜਾਵੇ। ਪੰਜਾਬ ਪੁਲਿਸ ਨੇ ਮੁੱਖ ਮੰਤਰੀ ਦੇ ਆਦੇਸ਼ਾਂ ਸਦਕਾ ਸੂਬੇ ਦੇ ਲੋਕਾਂ ਨੂੰ 72 ਘੰਟਿਆਂ ਦਾ ਸਮਾਂ ਦਿੱਤਾ ਹੈ, ਜਿਸ ਮਗਰੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਗੰਨ ਕਲਚਰ ਨੂੰ ਨੱਥ ਪਾਉਣ ਲਈ 13 ਨਵੰਬਰ ਨੂੰ ਜਨਤਕ ਤੌਰ 'ਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਅਤੇ ਸੋਸ਼ਲ ਮੀਡੀਆ 'ਤੇ ਹਥਿਆਰਾਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਪੋਸਟਾਂ ਪਾਉਣ ਅਤੇ ਗੀਤਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਨਾਲ ਹੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

## 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫਾਰਸ਼

**ਮੋਗਾ:** ਮੋਗਾ ਪੁਲਿਸ ਵੱਲੋਂ ਜ਼ਿਲ੍ਹਾ ਮੈਜਿਸਟਰੇਟ ਨੂੰ ਲਗਭਗ 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਤਕਰੀਬਨ 24 ਹਜ਼ਾਰ ਤੋਂ ਵੱਧ ਅਸਲਾਧਾਰਕਾਂ ਦੀ ਪੜਤਾਲ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਜਿਸ ਤਹਿਤ ਮੁਢਲੀ ਪੜਤਾਲ ਵਿਚ 700 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 321 ਅਸਲਾ ਲਾਇਸੈਂਸਧਾਰਕਾਂ ਖਿਲਾਫ਼ ਅਸਲੇ ਦੀ ਦੁਰਵਰਤੋਂ ਕਰਨ ਸਬੰਧੀ ਕੇਸ ਦਰਜ ਸਨ ਤੇ 360 ਦਾ ਅਸਲਾ ਮੱਦੇ ਅਮਾਨਤ ਵੱਖ-ਵੱਖ ਥਾਣਿਆਂ ਵਿਚ ਜਮ੍ਹਾਂ ਹੈ।

# ਵਿਜੀਲੈਂਸ ਨੇ ਹੁਣ ਕਰੋੜਾਂ ਦੇ 'ਕਰੇਟ ਘਪਲੇ' ਦੀ ਪੜਤਾਲ ਸ਼ੁਰੂ ਕੀਤੀ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਵਿਜੀਲੈਂਸ ਬਿਊਰੋ ਨੇ 'ਕਰੇਟ ਸਕੈਂਡਲ' ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਬੀਤੇ ਤਿੰਨ ਵਰ੍ਹਿਆਂ ਦੌਰਾਨ ਲੱਕੜ ਦੇ ਕਰੇਟ ਖਰੀਦੇ ਗਏ ਸਨ ਜਿਨ੍ਹਾਂ ਦੀ ਗੁਣਵੱਤਾ ਤੇ ਖਰੀਦ 'ਚ ਘਪਲੇ ਨੂੰ ਲੈ ਕੇ ਸ਼ਿਕਾਇਤ ਮਿਲੀ ਸੀ। ਤਤਕਾਲੀ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਪਹਿਲਾਂ ਹੀ ਜੇਲ੍ਹ ਵਿਚ ਹਨ ਅਤੇ ਹੁਣ ਨਵੀਂ ਪੜਤਾਲ ਨੇ ਮਹਿਕਮੇ ਦੇ ਅਫਸਰਾਂ ਦੀ ਨੀਂਦ ਉਡਾ ਦਿੱਤੀ ਹੈ। ਵੇਰਵਿਆਂ ਅਨੁਸਾਰ ਵਿਜੀਲੈਂਸ ਬਿਊਰੋ ਦੇ ਮੁੱਖ ਦਫਤਰ ਨੇ ਆਪਣੇ ਸਾਰੇ ਅਫਸਰਾਂ ਨੂੰ ਲੱਕੜ ਦੇ ਕਰੇਟਾਂ ਦੀਆਂ ਸਪੈਸੀਫਿਕੇਸ਼ਨਾਂ ਦੀ ਕਾਪੀਆਂ ਭੇਜ ਕੇ ਗੁਦਾਮਾਂ 'ਚ ਪਏ ਕਰੇਟਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਦੀ ਹਦਾਇਤ ਕੀਤੀ ਸੀ।

ਸੂਬੇ 'ਚ ਪੂਰਾ ਦਿਨ ਵਿਜੀਲੈਂਸ ਅਫਸਰਾਂ ਨੇ ਖ਼ੁਰਾਕ ਅਤੇ ਸਪਲਾਈ ਮਹਿਕਮੇ ਦੇ ਅਫ਼ਸਰਾਂ ਦੀ ਮੌਜੂਦਗੀ ਵਿਚ ਲੱਕੜ ਦੇ ਕਰੇਟਾਂ ਦੀ ਜਾਂਚ ਕੀਤੀ। ਵਿਜੀਲੈਂਸ ਨੇ ਖ਼ੁਰਾਕ ਅਤੇ ਸਪਲਾਈ ਵਿਭਾਗ ਤੋਂ 2018 ਤੋਂ 2021 ਦੌਰਾਨ ਖ਼ਰੀਦੇ ਗਏ ਲੱਕੜ ਦੇ ਕਰੇਟਾਂ ਦਾ ਰਿਕਾਰਡ ਤਲਬ ਕਰ ਲਿਆ ਹੈ। ਮਹਿਕਮੇ ਤੋਂ ਕਰੇਟਾਂ ਦੀ ਪੂਰੀ ਖ਼ਰੀਦ ਪ੍ਰਕਿਰਿਆ ਦੇ ਵੇਰਵੇ ਵੀ ਮੰਗੇ ਗਏ ਹਨ। ਟੈਂਡਰ ਪਾਉਣ ਵਾਲੀਆਂ ਕੰਪਨੀਆਂ, ਟੈਂਡਰ ਹਾਸਲ ਕਰਨ ਵਾਲੀ ਕੰਪਨੀ ਅਤੇ ਰੱਦ ਕੀਤੇ ਗਏ ਟੈਂਡਰਾਂ ਦੇ ਵੇਰਵੇ ਵੀ ਮੰਗੇ ਗਏ ਹਨ।

ਕਰੇਟਾਂ ਦੀ ਖਰੀਦ ਤਾਂ ਮਹਿਕਮੇ ਵੱਲੋਂ ਸੂਬਾ ਪੱਧਰੀ ਕਮੇਟੀ ਬਣਾ ਕੇ ਕੀਤੀ ਜਾਂਦੀ ਰਹੀ ਹੈ ਪਰ ਇਨ੍ਹਾਂ ਕਰੇਟਾਂ ਨੂੰ ਮਹਿਕਮੇ ਦੇ ਫੀਲਡ ਅਫਸਰਾਂ ਨੇ ਰਿਸੀਵ ਕੀਤਾ ਹੈ। ਦਿਲਚਸਪ ਤੱਥ ਹਨ ਕਿ ਕਈ ਫੂਡ ਇੰਸਪੈਕਟਰਾਂ ਨੇ ਕਰੇਟ ਹਾਸਲ ਕਰਨ ਮੌਕੇ ਵਿਰੋਧ ਵੀ ਦਰਜ ਕਰਾਇਆ ਸੀ ਕਿ ਇਹ ਸਪੈਸੀਫਿਕੇਸ਼ਨਾਂ ਮੁਤਾਬਕ ਨਹੀਂ ਹਨ। ਕਰੇਟਾਂ ਦੀ ਲੰਬਾਈ, ਚੌੜਾਈ ਅਤੇ ਮੋਟਾਈ ਵੀ ਸਪੈਸੀਫਿਕੇਸ਼ਨਾਂ




ਨਾਲ ਮੇਲ ਨਹੀਂ ਖਾ ਰਹੀ ਹੈ। ਕਣਕ ਦੀ ਸਾਂਭ-ਸੰਭਾਲ ਲਈ ਖੁੱਲ੍ਹੇ ਗੁਦਾਮਾਂ ਵਿਚ ਲੱਕੜ ਦੇ ਕਰੇਟਾਂ 'ਤੇ ਅਨਾਜ ਦੀਆਂ ਬੋਰੀਆਂ ਰੱਖੀਆਂ ਜਾਂਦੀਆਂ ਹਨ।

ਸੂਤਰਾਂ ਅਨੁਸਾਰ ਜਦੋਂ ਵਿਜੀਲੈਂਸ ਅਫਸਰਾਂ ਨੇ ਗੁਦਾਮਾਂ ਵਿਚ ਕਰੇਟਾਂ ਦਾ ਵਜ਼ਨ ਕੀਤਾ ਤਾਂ ਇਹ ਕਰੇਟ ਨਿਰਧਾਰਿਤ 40 ਕਿਲੋ ਵਜ਼ਨ ਦੇ ਮੁਕਾਬਲੇ 18 ਤੋਂ 20 ਕਿਲੋਗਰਾਮ ਦੇ ਹੀ ਨਿਕਲੇ। ਵਿਜੀਲੈਂਸ ਨੇ ਇਨ੍ਹਾਂ ਕਰੇਟਾਂ ਦੇ ਨਮੂਨੇ ਵੀ ਲਏ ਹਨ। ਵਿਜੀਲੈਂਸ ਜਾਂਚ ਨੇ ਖਰੀਦ ਏਜੰਸੀਆਂ ਨੂੰ ਧੁੜਕੂ ਲਗਾ ਦਿੱਤਾ ਹੈ। ਕਰੇਟਾਂ ਦੀ ਸਪਲਾਈ ਦੇਣ ਵਾਲੀਆਂ ਫਰਮਾਂ ਵੀ ਜਾਂਚ ਦੇ ਘੇਰੇ 'ਚ ਆ ਗਈਆਂ ਹਨ। ਪਤਾ ਲੱਗਾ ਹੈ ਕਿ ਪ੍ਰਤੀ ਕਰੇਟ ਕੀਮਤ 500 ਤੋਂ 700 ਰੁਪਏ ਪਾਈ ਗਈ ਹੈ। ਸੂਬੇ ਵਿਚ ਲੰਘੇ ਤਿੰਨ ਸਾਲਾਂ ਦੌਰਾਨ ਕਰੀਬ 50 ਲੱਖ ਤੋਂ ਜ਼ਿਆਦਾ ਲੱਕੜ ਦੇ ਕਰੇਟ ਖ਼ਰੀਦੇ ਗਏ ਹਨ। ਇਸ ਲਿਹਾਜ਼ ਨਾਲ ਇਹ ਘਪਲਾ 100 ਕਰੋੜ ਰੁਪਏ ਨੂੰ ਵੀ ਛੂਹ ਸਕਦਾ ਹੈ ਪਰ ਇਸ ਦੀ ਕਿਸੇ ਵੱਲੋਂ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

## ਪਨਸਪ ਦੇ ਜਨਰਲ ਮੈਨੇਜਰ ਖਿਲਾਫ ਕੇਸ ਦਰਜ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਆਟਾ-ਦਾਲ ਸਕੀਮ ਵਿਚ ਘੁਟਾਲੇ ਦੇ ਦੋਸ਼ ਹੇਠ ਪਨਸਪ ਦੇ ਜਨਰਲ ਮੈਨੇਜਰ ਨਵੀਨ ਕੁਮਾਰ ਗਰਗ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਘੁਟਾਲੇ ਦੀ ਜਾਂਚ ਦੌਰਾਨ ਪਤਾ ਚੱਲਿਆ ਕਿ ਸਾਲ 2015-16 ਵਿਚ ਆਟਾ-ਦਾਲ ਸਕੀਮ ਤਹਿਤ ਆਟੇ ਤੇ ਦਾਲ ਦੀ ਵੰਡ ਦੌਰਾਨ ਨਵੀਨ ਕੁਮਾਰ ਨੇ ਸਰਕਾਰੀ ਖਜਾਨੇ ਨੂੰ ਸਿੱਧੇ ਤੌਰ 'ਤੇ 2.20 ਕਰੋੜ ਰੁਪਏ ਦਾ ਖੋਰਾ ਲਾਇਆ ਹੈ। ਇਸੇ ਤਰ੍ਹਾਂ ਉਸ 'ਤੇ ਪਨਸਪ ਦੇ ਹੋਰ ਮੁਲਾਜ਼ਮਾਂ ਨਾਲ ਗੰਢ-ਤੁਪ ਕਰ ਕੇ 5.36 ਕਰੋੜ ਰੁਪਏ ਦਾ ਕਥਿਤ ਗਬਨ ਕਰਨ ਦਾ ਵੀ ਦੋਸ਼ ਹੈ। ਵਿਜੀਲੈਂਸ ਬਿਊਰੋ ਨੇ ਨਵੀਨ ਕੁਮਾਰ ਗਰਗ ਖਿਲਾਫ ਆਈ.ਪੀ.ਸੀ. ਦੀਆਂ ਧਾਰਾਵਾਂ 409, 420, 465, 468, 471 ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) (ਏ) ਅਤੇ 13(2) ਤਹਿਤ ਕੇਸ ਦਰਜ ਕੀਤਾ ਹੈ।

# ਸਨਅਤੀ ਪਲਾਟ ਅਲਾਟਮੈਂਟ ਘੁਟਾਲੇ ਦੀ ਜਾਂਚ ਵਾਲੀ ਫਾਈਲ ਗੁਆਚੀ

**ਚੰਡੀਗੜ੍ਹ:** ਬਹੁ-ਕਰੋੜੀ ਸਨਅਤੀ ਪਲਾਟਾਂ ਦੀ ਅਲਾਟਮੈਂਟ ਨਾਲ ਜੁੜੇ ਘੁਟਾਲੇ ਵਿਚ ਪੰਜਾਬ ਸਮਾਲ ਇੰਡਸਟਰੀਜ ਤੇ ਐਕਸਪੋਰਟਸ ਕਾਰਪੋਰੇਸ਼ਨ (ਪੀ.ਐਸ.ਆਈ.ਈ.ਸੀ.) ਦੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਦੀ ਜਾਂਚ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਈ.ਏ.ਐਸ. ਅਫਸਰਾਂ ਦੀ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੇ ਜਾਣ ਨਾਲ ਸਬੰਧਤ ਸਰਕਾਰੀ ਦਸਤਾਵੇਜ਼ਾਂ ਵਾਲੀ ਫਾਈਲ ਗੁੰਮ ਹੋ ਗਈ ਹੈ।

ਚਾਰ ਸਾਲ ਪੁਰਾਣੀ ਇਸ ਫਾਈਲ ਵਿਚ ਸਾਬਕਾ ਮੁੱਖ ਮੰਤਰੀ ਵੱਲੋਂ ਪੰਜਾਬ ਵਿਜੀਲੈਂਸ ਬਿਊਰੋ ਦੀਆਂ ਲਭਤਾਂ ਦੀ ਘੋਖ ਲਈ ਕਮੇਟੀ ਗਠਿਤ ਕੀਤੇ ਜਾਣ ਬਾਰੇ ਨੋਟਿੰਗ ਦਰਜ ਹੈ। ਫਾਈਲ ਵਿਚ ਮੌਜੂਦ ਦਸਤਾਵੇਜ਼ਾਂ ਵਿੱਚ ਪੀ.ਐਸ.ਆਈ.ਈ.ਸੀ. ਦੇ ਐਮ.ਡੀ. ਤੋਂ ਛੇ ਨਿਗਮ ਅਧਿਕਾਰੀਆਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਲੱਗੇ ਦੋਸ਼ਾਂ ਲਈ ਕੇਸ ਦਰਜ ਕੀਤੇ ਜਾਣ ਦੀ ਪ੍ਰਵਾਨਗੀ ਮੰਗੀ ਗਈ ਹੈ।

ਇਨ੍ਹਾਂ ਅਧਿਕਾਰੀਆਂ 'ਤੇ ਵੱਖ-ਵੱਖ ਸਨਅਤੀ ਅਸਟੇਟਾਂ ਵਿਚ ਗਲਤ ਢੰਗ ਨਾਲ ਆਪਣੇ ਨੇੜਲਿਆਂ ਨੂੰ ਪਲਾਟਾਂ ਦੀ ਅਲਾਟਮੈਂਟ ਕਰਕੇ ਸਰਕਾਰੀ ਖਜਾਨੇ ਨੂੰ ਚੂਨਾ ਲਾਉਣ ਦਾ ਦੋਸ਼ ਲੱਗਾ ਸੀ। ਪੰਜਾਬ ਵਿਚ ਸੱਤਾ ਤਬਦੀਲੀ ਮਗਰੋਂ ਲਾਪਤਾ ਫਾਈਲ ਦਾ ਮਾਮਲਾ ਮੁੜ ਸੁਰਖੀਆਂ ਵਿਚ ਆ ਗਿਆ ਹੈ। ਵਿਜੀਲੈਂਸ ਨੇ ਕਥਿਤ ਘੁਟਾਲੇ ਦੀ ਜਾਂਚ ਮੁੜ ਵਿੱਢਦਿਆਂ ਸਬੰਧਤ ਰਿਕਾਰਡ ਤੇ ਦਸਤਾਵੇਜ਼ ਮੰਗੇ ਹਨ। ਆਈ.ਏ.ਐਸ. ਕਮੇਟੀ, ਜਿਸ ਵਿਚ ਪੀ.ਐਸ.ਆਈ.ਈ.ਸੀ. ਦੇ ਐਮ.ਡੀ, ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ ਦੇ ਸੀਈਓ ਤੇ ਪੀ.ਐਸ.ਆਈ.ਡੀ.ਸੀ. ਦੇ ਐਮ.ਡੀ. ਸ਼ਾਮਲ ਸਨ, ਨੇ ਅਪਰੈਲ 2019 ਦੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਅਧਿਕਾਰੀਆਂ ਖਿਲਾਫ ਲੱਗੇ ਦੋਸ਼ ਬੇਬੁਨਿਆਦ ਹਨ ਤੇ ਕਾਨੂੰਨ ਦੀ ਨਜ਼ਰ 'ਚ ਕਿਤੇ ਨਹੀਂ ਖੜ੍ਹਦੇ। ਪੀ.ਐਸ.ਆਈ.ਈ.ਸੀ. ਦੇ ਸੀਨੀਅਰ ਅਧਿਕਾਰੀ ਨੇ ਪਿਛਲੇ ਸਾਲ ਅਕਤੂਬਰ ਵਿਚ ਵਿਜੀਲੈਂਸ ਬਿਊਰੋ ਨੂੰ ਭੇਜੇ ਪੱਤਰ ਵਿਚ ਦੋਸ਼ਾਂ ਦੀ ਜਾਂਚ ਲਈ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਅਧਿਕਾਰੀ ਨੇ ਕਿਹਾ ਕਿ ਹੁਣ ਤੱਕ ਸਰਕਾਰ ਤੇ ਪੀ.ਐਸ.ਆਈ.ਈ.ਸੀ. ਵੱਲੋਂ ਆਪਣੇ ਪੱਧਰ 'ਤੇ ਵੱਖੋ ਵੱਖਰੀ ਜਾਂਚ ਕੀਤੀ ਗਈ ਹੈ, ਪਰ ਅਧਿਕਾਰੀਆਂ 'ਤੇ ਲਾਏ ਦੋਸ਼ ਸਾਬਤ ਨਹੀਂ ਹੋਏ।

## ਭ੍ਰਿਸ਼ਟ ਆਗੂ ਨੂੰ ਬਖਸ਼ਿਆ ਨਹੀਂ ਜਾਵੇਗਾ: ਭਗਵੰਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਸੂਬੇ ਵਿਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਖਿਲਾਫ ਕਾਨੂੰਨ ਮੁਤਾਬਕ ਸਖਤ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਸਾਬਕਾ ਮੰਤਰੀ ਵੀ ਆਪਣੇ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਭ੍ਰਿਸ਼ਟਾਚਾਰ ਕਰਨ ਵਾਲਾ ਭਾਵੇਂ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਅੱਠ ਮਹੀਨਿਆਂ ਵਿਚ ਹੁਣ ਤੱਕ 21 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਵੇਲੇ ਕਈ ਵਿਭਾਗਾਂ ਵਿਚ ਭਰਤੀ ਚੱਲ ਰਹੀ ਹੈ, ਜਿਸ ਨਾਲ ਹੋਰ ਨੌਜਵਾਨ ਨੌਕਰੀ ਹਾਸਲ ਕਰਨ ਦੇ ਯੋਗ ਹੋਣਗੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੰਡੀਗੜ੍ਹ ਤੇ ਨਵੀਂ ਦਿੱਲੀ 'ਚ ਵੀਜ਼ਾ ਜਾਰੀ ਕਰਨ ਦੀ ਸਮਰੱਥਾ ਵਧਾਏਗਾ ਕੈਨੇਡਾ

**ਨਵੀਂ ਦਿੱਲੀ:** ਕੈਨੇਡਾ ਨੇ ਆਪਣੀ ਨਵੀਂ ਹਿੰਦ-ਪ੍ਰਸ਼ਾਂਤ ਰਣਨੀਤੀ ਵਿਚ ਭਾਰਤ ਨੂੰ ਮਹੱਤਵਪੂਰਨ ਭਾਈਵਾਲ ਕਰਾਰ ਦਿੱਤਾ ਹੈ। ਇਸ 'ਚ ਜ਼ਿਆਦਾਤਰ ਧਿਆਨ ਵਪਾਰ ਤੇ ਆਵਾਸ 'ਤੇ ਕੇਂਦਰਿਤ ਕੀਤਾ ਗਿਆ ਹੈ। ਰਣਨੀਤੀ ਤਹਿਤ ਮੁਢਲੇ ਪੱਧਰ 'ਤੇ ਵਪਾਰ ਸਮਝੌਤੇ ਦਾ ਸੱਦਾ ਦਿੱਤਾ ਗਿਆ ਹੈ ਜੋ ਕਿ ਅਗਾਂਹ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਵਿਚ ਬਦਲ ਸਕਦਾ ਹੈ। ਕੈਨੇਡਾ ਲੋਕਾਂ 'ਤੇ ਕੇਂਦਰਤ ਗਤੀਵਿਧੀਆਂ ਵਿਚ ਜ਼ਿਆਦਾ ਨਿਵੇਸ਼ ਕਰੇਗਾ।



ਨਵੀਂ ਦਿੱਲੀ, ਚੰਡੀਗੜ੍ਹ, ਇਸਲਾਮਾਬਾਦ ਤੇ ਮਨੀਲਾ ਵਿਚ ਵੀਜ਼ਾ ਜਾਰੀ ਕਰਨ ਦੀ ਸਮਰੱਥਾ ਵਧਾਉਣ ਲਈ ਸੱਤ ਕਰੋੜ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਜਾਵੇਗਾ। ਕੈਨੇਡਾ ਨੇ ਕਿਹਾ ਹੈ ਕਿ, 'ਇਸ ਖੇਤਰ ਵਿਚ ਲਏ ਜਾਣ ਵਾਲੇ ਫੈਸਲੇ ਪੀੜ੍ਹੀਆਂ ਤੱਕ ਕੈਨੇਡੀਅਨ ਨਾਗਰਿਕਾਂ ਨੂੰ ਪ੍ਰਭਾਵਿਤ ਕਰਨਗੇ, ਤੇ ਇਹ ਜਰੂਰੀ ਹੈ ਕਿ ਕੈਨੇਡਾ ਦੀ ਸ਼ਮੂਲੀਅਤ ਵੀ ਫੈਸਲਿਆਂ 'ਚ ਹੋਵੇ।' ਇਸ ਰਣਨੀਤੀ ਵਿਚ ਹਾਲਾਂਕਿ ਰੱਖਿਆ ਤੇ ਸੁਰੱਖਿਆ ਭਾਈਵਾਲੀ ਦਾ ਕੋਈ ਜ਼ਿਕਰ ਨਹੀਂ ਹੈ। ਰਣਨੀਤੀ ਤਹਿਤ ਕੈਨੇਡਾ ਅਗਲੇ ਪੰਜ ਸਾਲਾਂ ਵਿਚ ਹਿੰਦ-ਪ੍ਰਸ਼ਾਂਤ ਖੇਤਰ 'ਚ ਦੋ ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕਰੇਗਾ। ਕੈਨੇਡਾ ਵੱਲੋਂ ਹਿੰਦ-ਪ੍ਰਸ਼ਾਂਤ ਖੇਤਰ ਵਿਚ ਤਾਇਨਾਤ ਸਮੁੰਦਰੀ ਬੇੜਿਆਂ ਦੀ ਗਿਣਤੀ ਵਧਾਈ ਜਾਵੇਗੀ, ਫੌਜੀ ਪੱਧਰ ਉਤੇ ਰਾਬਤਾ ਮਜ਼ਬੂਤ ਕੀਤਾ ਜਾਵੇਗਾ ਤੇ ਇੰਟੈਲੀਜੈਂਸ ਸਮਰੱਥਾ ਨੂੰ ਵੀ ਵਧਾਇਆ ਜਾਵੇਗਾ। ਓਟਵਾ ਸਰਹੱਦੀ ਤੇ ਸਾਈਬਰ ਸੁਰੱਖਿਆ ਵਿਚ ਹੋਰ ਨਿਵੇਸ਼ ਕਰੇਗਾ। ਇਸ ਤੋਂ ਇਲਾਵਾ ਕੈਨੇਡਾ ਵੱਲੋਂ ਆਸਟਰੇਲੀਆ, ਅਮਰੀਕਾ, ਯੂਕੇ ਤੇ ਨਿਊਜ਼ੀਲੈਂਡ ਨਾਲ ਮਿਲ ਕੇ ਨਿਗਰਾਨੀ ਪ੍ਰੋਗਰਾਮ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ।

## ਅਮਰੀਕਾ ਵਿਚ ਝੀਲ 'ਚ ਭਾਰਤੀ ਵਿਦਿਆਰਥੀ ਡੁੱਬੇ

**ਹਿਊਸਟਨ:** ਅਮਰੀਕਾ ਦੇ ਮਿਸੂਰੀ ਸੂਬੇ ਵਿਚ ਓਜ਼ਾਰਕਸ ਝੀਲ ਵਿਚ ਤਿਲੰਗਾਨਾ ਨਾਲ ਸਬੰਧਤ ਦੋ ਭਾਰਤੀ ਵਿਦਿਆਰਥੀ ਡੁੱਬ ਗਏ। ਪੁਲਿਸ ਮੁਤਾਬਕ ਪੀੜਤਾਂ ਦੀ ਪਛਾਣ 24 ਸਾਲਾ ਉਤੇਜ ਕੁੰਟਾ ਤੇ 25 ਸਾਲਾ ਸ਼ਿਵਾ ਕੈਲੀਗਰੀ ਵਜੋਂ ਹੋਈ ਹੈ। ਪੀੜਤ ਵਿਦਿਆਰਥੀਆਂ ਦੇ ਨਾਂ ਤੋਂ ਛੁੱਟ ਉਨ੍ਹਾਂ ਬਾਰੇ ਅਜੇ ਬਹੁਤੀ ਤਫਸੀਲ ਨਹੀਂ ਮਿਲੀ। ਤਿਲੰਗਾਨਾ ਦੇ ਮੰਤਰੀ ਕੇ.ਟੀ.ਰਾਮਾ ਰਾਓ ਨੇ ਇਕ ਟਵੀਟ ਵਿਚ ਕਿਹਾ ਕਿ ਵਿਦਿਆਰਥੀਆਂ ਦੀਆਂ ਮ੍ਰਿਤਕ ਦੇਹਾਂ ਵਾਪਸ ਭਾਰਤ ਲਿਆਉਣ ਲਈ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਲਈ ਲੋੜੀਂਦੀਆਂ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ। ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਵਿਦਿਆਰਥੀ ਉਤੇਜ ਕੁੰਟਾ ਤੈਰਨ ਲਈ ਝੀਲ ਵਿਚ ਉਤਰਿਆ ਸੀ। ਇਸ ਦੌਰਾਨ ਜਦੋਂ ਉਸ ਦੇ ਪੈਰ ਨਾ ਲੱਗੇ ਤਾਂ ਉਹਦੇ ਦੋਸਤ ਕੈਲੀਗਰੀ ਨੇ ਉਸ ਨੂੰ ਬਚਾਉਣ ਲਈ ਝੀਲ ਵਿਚ ਛਾਲ ਮਾਰ ਦਿੱਤੀ, ਪਰ ਦੋਵੇਂ ਝੀਲ ਵਿਚ ਡੁੱਬ ਗਏ।

## ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਦੇਸ਼ ਵਿਆਪੀ ਮੁਹਿੰਮ ਵਿੱਢੀ

**ਅੰਮ੍ਰਿਤਸਰ:** ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਨੇ ਦੇਸ ਵਿਆਪੀ ਮੁਹਿੰਮ ਵਿੱਢ ਦਿੱਤੀ ਹੈ। ਇਸ ਮੁਹਿੰਮ ਵਿਚ ਲੋਕਾਂ ਨੂੰ ਸਿੱਖ ਕੈਦੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤੇ ਉਨ੍ਹਾਂ ਦੀ ਰਿਹਾਈ ਸਬੰਧੀ ਅਪੀਲ ਵਾਲੇ ਫਾਰਮ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਰਿਹਾਈ ਲਈ 21 ਬੰਦੀ ਸਿੱਖਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਜਿਨ੍ਹਾਂ ਵਿਚੋਂ 9 ਬੰਦੀ ਸਿੰਘਾਂ ਦੇ ਨਾਵਾਂ ਦੀ ਸੂਚੀ ਪਹਿਲਾਂ ਹੀ ਪ੍ਰਧਾਨ ਮੰਤਰੀ ਦਫਤਰ ਨੂੰ ਭੇਜੀ ਜਾ ਚੁੱਕੀ ਹੈ ਪਰ ਪ੍ਰਧਾਨ ਮੰਤਰੀ ਦਫਤਰ ਨੇ ਇਸ ਬਾਰੇ ਹੁਣ ਤੱਕ ਕੋਈ ਹੁੰਗਾਰਾ ਨਹੀਂ ਦਿੱਤਾ।

ਸ਼੍ਰੋਮਣੀ ਕਮੇਟੀ ਵੱਲੋਂ ਜਿਨ੍ਹਾਂ 9 ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸੂਚੀ ਭੇਜੀ ਹੈ, ਉਨ੍ਹਾਂ ਵਿਚ ਗੁਰਦੀਪ ਸਿੰਘ ਖੈੜਾ 32 ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਇਸੇ ਤਰ੍ਹਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ 27 ਸਾਲ, ਬਲਵੰਤ ਸਿੰਘ ਰਾਜੋਆਣਾ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਸਾਰੇ 27 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਇਸੇ ਤਰ੍ਹਾਂ ਜਗਤਾਰ ਸਿੰਘ ਹਵਾਰਾ 26 ਸਾਲਾਂ ਤੋਂ, ਪਰਮਜੀਤ ਸਿੰਘ ਭਿਓਰਾ 25 ਸਾਲਾਂ ਤੋਂ ਅਤੇ ਜਗਤਾਰ ਸਿੰਘ ਤਾਰਾ 17 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ। ਇਸ ਤੋਂ ਪਹਿਲਾਂ ਵੀ ਇਕ ਕਮੇਟੀ ਬਣਾਈ ਗਈ ਸੀ ਜੋ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਫਲ ਨਹੀਂ ਹੋ ਸਕੀ।

## ਪੰਜਾਬ ਵਿਚ ਸਿੱਖਾਂ ਦੀ ਆਬਾਦੀ ਘਟਣ ਉਤੇ ਫਿਕਰਮੰਦੀ

**ਜਲੰਧਰ:** ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਡਾ. ਇਕਬਾਲ ਸਿੰਘ ਲਾਲਪੁਰਾ ਨੇ ਪੰਜਾਬ ਵਿਚ ਸਿੱਖਾਂ ਦੀ ਘਟ ਰਹੀ ਗਿਣਤੀ ਉਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਲ 2011 ਦੇ ਜਨਗਣਨਾ ਅੰਕੜਿਆਂ ਅਨੁਸਾਰ ਸਿੱਖਾਂ ਦੀ ਗਿਣਤੀ 63 ਫੀਸਦੀ ਤੋਂ ਘੱਟ ਕੇ 57 ਫੀਸਦੀ ਰਹਿ ਗਈ ਹੈ ਤੇ ਆਉਣ ਵਾਲੇ ਅੰਕੜੇ ਹੋਰ ਵੀ ਚਿੰਤਾਜਨਕ ਹੋ ਸਕਦੇ ਹਨ। ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਵਿਚ ਸਿੱਖ ਭਾਈਚਾਰਾ ਤੀਸਰੇ ਸਥਾਨ ਉਤੇ ਚਲਾ ਗਿਆ ਹੈ, ਜਦਕਿ ਇਸ ਤੋਂ ਪਹਿਲਾਂ ਮੁਸਲਿਮ ਭਾਈਚਾਰੇ ਤੋਂ ਬਾਅਦ ਸਿੱਖਾਂ ਦੀ ਗਿਣਤੀ ਹੋਇਆ ਕਰਦੀ ਸੀ ਪਰ ਹੁਣ ਦੂਸਰਾ ਸਥਾਨ ਇਸਾਈ ਭਾਈਚਾਰੇ ਲੈ ਲਿਆ ਹੈ। ਇਸੇ ਤਰ੍ਹਾਂ ਸਿੱਖਾਂ ਤੋਂ ਬਾਅਦ ਜੈਨ, ਬੁੱਧ ਅਤੇ ਪਾਰਸੀ ਧਰਮ ਆਉਂਦਾ ਹੈ ਤੇ ਪਾਰਸੀਆਂ ਦੀ ਗਿਣਤੀ ਤਾਂ ਪੂਰੇ ਦੇਸ ਵਿਚ 57 ਹਜ਼ਾਰ ਦੇ ਕਰੀਬ ਰਹਿ ਗਈ ਹੈ। ਸਿੱਖਾਂ ਦੀ ਆਬਾਦੀ ਘਟਣ ਪਿੱਛੇ ਕਾਰਨਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਸਿੱਖ ਧਾਰਮਿਕ ਆਗੂਆਂ ਨੂੰ ਇਸ ਮਸਲੇ ਉਤੇ ਆਪਣੀ ਜ਼ਿੰਮੇਵਾਰੀ ਸਮਝਣ ਤੇ ਨਿਭਾਉਣ ਦੀ ਵੱਡੀ ਲੋੜ ਹੈ।

## ਐਨ.ਆਈ.ਏ. ਵੱਲੋਂ ਗੈਂਗਸਟਰ-ਅਤਿਵਾਦੀ ਗੱਠਜੋੜ ਖਿਲਾਫ ਛਾਪੇ

**ਨਵੀਂ ਦਿੱਲੀ:** ਅਤਿਵਾਦੀਆਂ ਤੇ ਗੈਂਗਸਟਰਾਂ ਵਿਚਾਲੇ ਗਠਜੋੜ ਖਿਲਾਫ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ ਅਤੇ ਹਰਿਆਣਾ ਵਿਚ ਕਈ ਥਾਵਾਂ 'ਤੇ ਛਾਪੇ ਮਾਰੇ। ਇਨ੍ਹਾਂ ਚਾਰ ਰਾਜਾਂ ਅਤੇ ਦਿੱਲੀ ਦੇ ਛੇ ਤੋਂ ਵੱਧ ਜ਼ਿਲ੍ਹਿਆਂ ਵਿਚ ਗੈਂਗਸਟਰਾਂ ਨਾਲ ਜੁੜੇ ਰਿਹਾਇਸ਼ੀ ਅਤੇ ਹੋਰ ਟਿਕਾਣਿਆਂ ਉਤੇ ਛਾਪੇ ਮਾਰੇ ਜਾ ਰਹੇ ਹਨ, ਜਿਸ ਦਾ ਉਦੇਸ਼ ਭਾਰਤ ਅਤੇ ਵਿਦੇਸ਼ਾਂ ਵਿਚ ਸਥਿਤ ਅਤਿਵਾਦੀਆਂ, ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਖਤਮ ਕਰਨਾ ਹੈ। ਛਾਪੇ ਲਾਰੈਂਸ ਬਿਸ਼ਨੋਈ, ਨੀਰਜ ਬਵਾਨਾ, ਟਿੱਲੂ ਤਾਜਪੁਰੀਆ ਅਤੇ ਗੋਲਡੀ ਬਰਾੜ ਨਾਲ ਜੁੜੇ ਗਰੋਹ ਦੇ ਗਠਜੋੜ ਉਤੇ ਕੇਂਦ੍ਰਿਤ ਹਨ, ਜੋ ਪਹਿਲਾਂ ਹੀ ਅਤਿਵਾਦ ਵਿਰੋਧੀ ਏਜੰਸੀ ਦੀ ਨਜ਼ਰ ਵਿਚ ਹਨ।

## ਕਾਂਗਰਸ ਹਾਈਕਮਾਨ ਨੂੰ ਪੰਜਾਬ ਦਾ ਮੁੜ ਚੇਤਾ ਆਇਆ

*(ਪਹਿਲੇ ਸਫੇ ਦੀ ਬਾਕੀ)*

ਖਿੱਚੋਤਾਣ ਕਾਰਨ ਪੰਜਾਬ ਵਿਚ ਸੱਤਾ ਗੁਆ ਬੈਠੀ। ਹਾਈਕਮਾਨ ਨੂੰ ਸੂਬੇ ਦੇ ਅੰਦਰੂਨੀ ਸਿਆਸੀ ਮਾਹੌਲ ਬਾਰੇ ਬਾਹਲੀ ਸਮਝ ਨਹੀਂ ਹੈ ਤੇ ਕੁਝ ਨੇੜਲਿਆਂ ਦੇ ਆਖੇ ਲੱਗ ਕੇ ਚੋਣਾਂ ਬਾਰੇ ਰਣਨੀਤੀ ਬਣਾਈ ਗਈ ਸੀ। ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਬਣਾਉਣਾ, ਦੋ ਸੀਟਾਂ ਤੋਂ ਚੋਣ ਲੜਾ ਕੇ ਦਲਿੱਤ ਪੱਤਾ ਖੇਡਣਾ ਕਾਂਗਰਸ ਨੂੰ ਪੁੱਠਾ ਪੈ ਗਿਆ। ਇਸ ਸਮੇਂ ਹਾਲਾਤ ਇਹ ਹੈ ਕਿ ਪੰਜਾਬ ਵਿਚ ਕਾਂਗਰਸ ਦੀਆਂ ਸਰਗਰਮੀਆਂ ਬਿਲਕੁਲ ਠੰਢੀਆਂ ਪੈ ਚੁੱਕੀਆਂ ਹਨ। ਜ਼ਿਆਦਾਤਰ ਸੀਨੀਅਰ ਲੀਡਰਸ਼ਿਪ ਜਾਂ ਤਾਂ ਭ੍ਰਿਸ਼ਟਾਚਾਰ ਮੁਹਿੰਮ ਦੇ ਲਪੇਟੇ ਵਿਚ ਆ ਗਈ ਤੇ ਜਾਂ ਫਿਰ ਹੋਰਾਂ ਪਾਰਟੀਆਂ ਦਾ ਰੁਖ ਕਰ ਲਿਆ ਹੈ। ਪਾਰਟੀ ਵਿਚ ਬਚੇ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਸੀਨੀਅਰ ਆਗੂ ਪੂਰੀ ਤਰ੍ਹਾਂ ਚੁੱਪ ਧਾਰੀ ਬੈਠੇ ਹਨ। ਵਿਰੋਧੀ ਧਿਰ ਦੇ ਆਗੂ ਬਣੇ ਪ੍ਰਤਾਪ ਸਿੰਘ ਬਾਜਵਾ ਤੋਂ ਇਲਾਵਾ ਕੋਈ ਅਜਿਹਾ ਆਗੂ ਨਹੀਂ ਜੋ ਸਿਆਸੀ ਸਰਗਰਮੀਆਂ ਵਿਚ ਪਾਰਟੀ ਦੀ ਹਾਜ਼ਰੀ ਲਵਾ ਰਿਹਾ ਹੈ।

ਇਹੀ ਕਾਰਨ ਹੈ ਕਿ ਕਾਂਗਰਸ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਰਾਣੇ ਆਗੂਆਂ ਨਾਲ ਰਾਬਤਾ ਬਣਾ ਰਹੀ ਹੈ। ਨੌਜਵਾਨਾਂ ਦੀ ਸਿੱਧੂ ਪ੍ਰਤੀ ਖਿੱਚ ਨੂੰ ਹਾਈਕਮਾਨ ਆਸ ਦੀ ਕਿਰਨ ਵਾਂਗ ਵੇਖਣ ਲੱਗੀ ਹੈ। ਇਸ ਲਈ ਤੈਅ ਹੈ ਕਿ ਜੇਲ੍ਹ ਤੋਂ ਬਾਹਰ ਆਉਂਦੇ ਹੀ ਸਿੱਧੂ ਨੂੰ ਕੋਈ ਵੱਡਾ ਅਹੁਦਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ 2024 ਵਿਚ ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਗੜ੍ਹ ਪਟਿਆਲਾ ਤੋਂ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ।

## ਦੋਸਤ ਹੀ ਨਿਕਲਿਆ ਅਕਾਲੀ ਨੇਤਾ ਦਾ ਕਾਤਲ

**ਬਟਾਲਾ:** ਰਾਸ਼ਟਰੀ ਹਾਈਵੇਅ ਉਤੇ ਪਿੰਡ ਘਸੀਟਪੁਰ ਨੇੜੇ ਅਕਾਲੀ ਆਗੂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਸ਼ਨਾਖਤ ਅਜੀਤਪਾਲ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਸ਼ੇਖੂਪੁਰ ਵਜੋਂ ਹੋਈ ਹੈ। ਘਟਨਾ ਮੌਕੇ ਮ੍ਰਿਤਕ ਦਾ ਦੋਸਤ ਅੰਮ੍ਰਿਤਪਾਲ ਸਿੰਘ ਮੌਜੂਦ ਸੀ, ਜਿਸ ਦੇ ਬਿਆਨਾਂ ਦੇ ਆਧਾਰ ਉਤੇ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਸੀ ਪਰ ਸਾਰੇ ਮਾਮਲੇ ਵਿਚ ਉਸ ਸਮੇਂ ਹੈਰਾਨੀਜਨਕ ਮੋੜ ਆਇਆ, ਜਦੋਂ ਤਫਤੀਸ਼ ਦੌਰਾਨ ਅੰਮ੍ਰਿਤਪਾਲ ਸਿੰਘ ਹੀ ਕਥਿਤ ਕਾਤਲ ਨਿਕਲਿਆ। ਉਸ ਦੇ ਇਕ ਹੋਰ ਸਾਥੀ ਨੇ ਹੱਤਿਆ ਵਿਚ ਮਦਦ ਕੀਤੀ। ਐਸ.ਐਸ.ਪੀ. ਬਟਾਲਾ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਜਦੋਂ ਘਟਨਾ ਸਬੰਧੀ ਸੂਚਨਾ ਮਿਲੀ ਤਾਂ ਪੁਲਿਸ ਨੇ ਮ੍ਰਿਤਕ ਦੇ ਦੋਸਤ ਅੰਮ੍ਰਿਤਪਾਲ ਸਿੰਘ ਦੇ ਬਿਆਨਾਂ ਦੇ ਆਧਾਰ ਉਤੇ ਕਤਲ ਦਾ ਮੁਕੱਦਮਾ ਦਰਜ ਕਰਕੇ ਗੰਭੀਰਤਾ ਨਾਲ ਇਸ ਦੀ ਜਾਂਚ ਸ਼ੁਰੂ ਕੀਤੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅਜੀਤਪਾਲ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਦੋਵੇਂ ਚੰਗੇ ਦੋਸਤ ਸਨ ਪਰ ਅੰਮ੍ਰਿਤਪਾਲ ਸਿੰਘ ਨੂੰ ਅਜੀਤਪਾਲ ਸਿੰਘ ਉਤੇ ਉਸ ਦੇ ਸ਼ਰੀਕੇ ਵਾਲਿਆਂ ਨਾਲ ਸਬੰਧ ਰੱਖਣ ਉਤੇ ਇਤਰਾਜ਼ ਸੀ। ਇਸੇ ਬਾਰੇ ਜਦੋਂ ਉਹ ਹੋਟਲ ਵਿਚ ਬੈਠੇ ਹੋਏ ਸਨ ਦੋਵਾਂ ਦੀ ਬਹਿਸ ਹੋ ਗਈ ਅਤੇ ਅੰਮ੍ਰਿਤਪਾਲ ਸਿੰਘ ਨੇ ਅਜੀਤਪਾਲ ਸਿੰਘ ਉਤੇ ਗੋਲੀ ਚਲਾ ਦਿੱਤੀ ਅਤੇ ਬਾਅਦ ਵਿਚ ਕਹਾਣੀ ਘੜ ਕੇ ਲਾਸ਼ ਨੂੰ ਗੱਡੀ ਵਿਚ ਰੱਖ ਕੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਲੈ ਗਏ।

## ਸਾਬਕਾ ਮੰਤਰੀ ਆਸ਼ੂ ਖਿਲਾਫ਼ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਤੇ ਕਾਂਗਰਸ ਆਗੂ ਭਾਰਤ ਭੂਸ਼ਨ ਆਸ਼ੂ ਖਿਲਾਫ਼ ਮੁਕੱਦਮਾ ਚਲਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਵਿਜੀਲੈਂਸ ਬਿਊਰੋ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 19 ਤਹਿਤ ਇਹ ਪ੍ਰਵਾਨਗੀ ਜ਼ਰੂਰੀ ਮੰਨੀ ਜਾਂਦੀ ਹੈ। ਹਾਲਾਂਕਿ ਵਿਜੀਲੈਂਸ ਵੱਲੋਂ ਆਸ਼ੂ ਖਿਲਾਫ਼ ਲੁਧਿਆਣਾ 'ਚ ਦਰਜ ਮਾਮਲੇ ਵਿਚ ਦੋਸ਼ ਪੱਤਰ (ਚਲਾਨ) ਪਹਿਲਾਂ ਹੀ ਅਦਾਲਤ ਵਿਚ ਦਾਇਰ ਕੀਤਾ ਜਾ ਚੁੱਕਾ ਹੈ। ਅਧਿਕਾਰੀਆਂ ਮੁਤਾਬਕ ਸਾਬਕਾ ਮੰਤਰੀ ਖਿਲਾਫ਼ ਸਰਕਾਰੀ ਪ੍ਰਵਾਨਗੀ ਤੋਂ ਬਿਨਾਂ ਅਦਾਲਤ ਕਾਰਵਾਈ ਕਰਨ ਤੋਂ ਅਸਮਰੱਥ ਹੁੰਦੀ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਸਰਕਾਰ ਸਮੇਂ ਹੋਏ ਕਥਿਤ ਖੁਰਾਕ ਘੁਟਾਲੇ ਦੇ ਮਾਮਲੇ ਵਿਚ ਵੱਖ-ਵੱਖ ਥਾਈਂ ਚਾਰ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਬਿਊਰੋ ਵੱਲੋਂ ਖੁਰਾਕ ਘੁਟਾਲੇ ਅਤੇ ਟੈਂਡਰਾਂ ਦੀ ਅਲਾਟਮੈਂਟ ਦੇ ਮਾਮਲੇ ਦੀ 10 ਦੇ ਕਰੀਬ ਹੋਰ ਥਾਵਾਂ 'ਤੇ ਵੀ ਪੜਤਾਲ ਚੱਲ ਰਹੀ ਹੈ। ਆਸ਼ੂ ਨੂੰ ਹੁਣ ਤੱਕ ਦੋ ਮਾਮਲਿਆਂ ਵਿਚ ਨਾਮਜ਼ਦ ਕੀਤਾ ਜਾ ਚੁੱਕਾ ਹੈ। ਖੁਰਾਕ ਘੁਟਾਲੇ ਵਿਚ 4 ਮਾਮਲੇ ਦਰਜ ਹੋਣ ਅਤੇ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਨਾਲ ਸਾਬਕਾ ਮੰਤਰੀ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਵਿਜੀਲੈਂਸ ਸੂਤਰਾਂ ਮੁਤਾਬਕ ਇਸ ਮਾਮਲੇ ਵਿਚ ਇਕ ਦਰਜਨ ਦੇ ਕਰੀਬ ਮਾਮਲੇ ਦਰਜ ਹੋਣ ਦੀ ਸੰਭਾਵਨਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਵਾਅਦਿਆਂ ਤੋਂ ਮੁੱਕਰੀ ਕੇਂਦਰ ਸਰਕਾਰ ਖਿਲਾਫ ਕਿਸਾਨਾਂ ਦਾ ਰੋਹ ਭਖਿਆ

## ਅੰਦੋਲਨ ਦੀ ਪਹਿਲੀ ਵਰ੍ਹੇਗੰਢ ਮੌਕੇ ਰਾਸ਼ਟਰਪਤੀ ਦੇ ਨਾਂ ਭੇਜੇ ਮੰਗ ਪੱਤਰ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨ ਅੰਦੋਲਨ ਦੀ ਪਹਿਲੀ ਵਰ੍ਹੇਗੰਢ ਮੌਕੇ ਦੇਸ਼ ਭਰ ਵਿਚ ਰਾਜਪਾਲਾਂ ਰਾਹੀਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਨਾਂ ਮੰਗ ਪੱਤਰ ਭੇਜ ਕੇ ਕੇਂਦਰ ਸਰਕਾਰ ਦੀ ਧਿਆਨ ਕਿਸਾਨਾਂ ਨਾਲ ਕੀਤੀ ਗਈ ਵਾਅਦਾਖ਼ਿਲਾਫ਼ੀ ਵੱਲ ਦਿਵਾਇਆ। ਮੋਰਚੇ ਦੇ ਸੱਦੇ ‘ਤੇ ਕਿਸਾਨ ਜਥੇਬੰਦੀਆਂ ਨੇ ਵੱਖ-ਵੱਖ ਰਾਜਾਂ ਦੇ ਰਾਜ ਭਵਨਾਂ ਬਾਹਰ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਕੇ ਕਿਸਾਨੀ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ। ਦੇਸ਼ ਦੇ ਕਰੀਬ 25 ਰਾਜਾਂ ਵਿਚ ਕਿਸਾਨਾਂ ਨੇ ਆਪਣੀਆਂ ਅੰਦੋਲਨ ਦੀਆਂ ਰਹਿੰਦੀਆਂ ਤੇ ਹੋਰ ਮੰਗਾਂ ਲਈ ਆਵਾਜ਼ ਉਠਾਈ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ‘ਤੇ ਪੰਜਾਬ ਦੀਆਂ 33 ਕਿਸਾਨ ਜਥੇਬੰਦੀਆਂ ਨੇ ਕਿਸਾਨ ਅੰਦੋਲਨ ਦੀ ਦੂਜੀ ਵਰ੍ਹੇਗੰਢ ‘ਤੇ ਕੇਂਦਰ ਸਰਕਾਰ ਵਿਰੁੱਧ ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਵੱਲ ਰੋਸ ਮਾਰਚ ਕੀਤਾ। ਇਸ ਤੋਂ ਪਹਿਲਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਮੁਹਾਲੀ ਵਿਚ ਇਕੱਠੇ ਹੋ ਕੇ ਰੋਸ ਰੈਲੀ ਕੀਤੀ।



ਕਿਸਾਨ ਆਗੂਆਂ ਨੇ ਰਾਜਪਾਲ ਨੂੰ ਦਿੱਤੇ ਮੰਗ ਪੱਤਰ ਵਿਚ ਐਮ.ਐਸ.ਪੀ. ਉਤੇ ਕਾਨੂੰਨੀ ਗਾਰੰਟੀ ਦਾ ਕਾਨੂੰਨ ਬਣਾਉਣ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨ, ਬਿਜਲੀ ਸੋਧ ਬਿੱਲ 2022 ਨੂੰ ਵਾਪਸ ਲੈਣ, ਲਖੀਮਪੁਰ ਖੀਰੀ ਕਾਂਡ ਸਬੰਧੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ ‘ਚੋਂ ਬਰਖ਼ਾਸਤ ਕਰਕੇ ਗ੍ਰਿਫਤਾਰ ਕਰਨ ਅਤੇ ਝੂਠਾ ਕੇਸ ਦਰਜ ਕਰਕੇ ਗ੍ਰਿਫਤਾਰ ਕੀਤੇ ਚਾਰ ਕਿਸਾਨ ਨੌਜਵਾਨਾਂ ਨੂੰ ਤੁਰਤ ਰਿਹਾਅ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਅੰਦੋਲਨ ਦੌਰਾਨ ਸ਼ਹੀਦ ਅਤੇ ਜ਼ਖ਼ਮੀ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੇ ਨਾਲ-ਨਾਲ ਸਾਰੀਆਂ ਫਸਲਾਂ ਲਈ ਵਿਆਪਕ ਅਤੇ ਪ੍ਰਭਾਵੀ ਫਸਲੀ ਬੀਮਾ ਯੋਜਨਾ, ਕਿਸਾਨ ਅਤੇ ਖੇਤ-ਮਜ਼ਦੂਰਾਂ ਲਈ ਮਹੀਨਾਵਾਰ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਕਿਸਾਨ ਅੰਦੋਲਨ ਦੌਰਾਨ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਦਰਜ ਹੋਏ ਪੁਲਿਸ ਕੇਸ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਸਾਨ ਆਗੂਆਂ ਨੂੰ ਉਨ੍ਹਾਂ ਦੀਆਂ ਮੰਗਾਂ ਕੇਂਦਰ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ। ਇਸ ਤੋਂ ਪਹਿਲਾਂ ਸਵੇਰੇ 11 ਵਜੇ ਹੀ ਪੰਜਾਬ ਭਰ ‘ਚੋਂ ਕਿਸਾਨ ਤੇ ਕਿਸਾਨ ਬੀਬੀਆਂ ਵੱਡੇ ਕਾਫ਼ਲਿਆਂ ਵਿਚ ਪੁੱਡਾ ਗਰਾਊਂਡ ਮੁਹਾਲੀ ਪਹੁੰਚਣੇ ਸ਼ੁਰੂ ਹੋ ਗਏ ਸੀ ਅਤੇ ਦੁਪਹਿਰ ਸਾਢੇ 12 ਵਜੇ ਤੱਕ ਕਿਸਾਨਾਂ ਦਾ ਵੱਡਾ ਇਕੱਠ ਹੋ ਗਿਆ।

ਇਥੇ ਵੱਡੀ ਰੈਲੀ ਕਰਕੇ ਕਿਸਾਨਾਂ ਦੀਆਂ ਮੰਗਾਂ ‘ਤੇ ਚਰਚਾ ਕਰਦਿਆਂ ਬੁਲਾਰਿਆਂ ਨੇ ਪ੍ਰਧਾਨ ਮੰਤਰੀ ‘ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਇਆ। ਕਿਸਾਨ ਆਗੂਆਂ ਨੇ ਕਿਹਾ ਕਿ 8 ਦਸੰਬਰ ਨੂੰ ਦਿੱਲੀ ਵਿੱਚ ਹੋਣ ਵਾਲੀ ਮੀਟਿੰਗ ਵਿਚ ਅਗਲੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ। ਯੂਟੀ ਪੁਲਿਸ ਨੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ‘ਤੇ ਕਿਸਾਨਾਂ ਦਾ ਰਾਹ ਡੱਕਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਨਾਅਰੇ ਲਗਾਉਂਦੇ ਹੋਏ ਅੱਗੇ ਵਧ ਗਏ।

## ਕਿਸਾਨਾਂ ਮਸਲਿਆਂ ’ਤੇ ਭਾਜਪਾ ਤੇ ‘ਆਪ’ ਫੇਲ੍ਹ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ‘ਆਪ‘ ਦੀ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਵਾਅਦਾ ਕੀਤਾ ਗਿਆ ਸੀ ਪਰ ਇਕ ਸਾਲ ਦਾ ਸਮਾਂ ਗੁਜਰਨ ਮਗਰੋਂ ਵੀ ਹਲੇ ਤੱਕ ਕਿਸੇ ਵੀ ਵਾਅਦੇ ਨੂੰ ਕਾਨੂੰਨੀ ਰੂਪ ਵਿਚ ਲਾਗੂ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ‘ਆਪ‘ ਵੀ ਆਪਣੇ ਵਾਅਦਿਆਂ ‘ਤੇ ਖਰਾ ਨਹੀਂ ਉਤਰੀ।

## ਡਾ. ਸੁਰਜੀਤ ਸਿੰਘ ਢਿਲੋਂ ਸੁਰਗਵਾਸ

**ਕਲੀਵਲੈਂਡ (ਬਿਊਰੋ):** ਇੱਥੇ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸਖ਼ਸ਼ੀਅਤ ਅਤੇ ਇਸ ਏਰੀਏ ਦੇ ਪਹਿਲੇ ਪੰਜਾਬੀ ਵੈਟਰਨਰੀ ਡਾਕਟਰ ਸੁਰਜੀਤ ਸਿੰਘ ਢਿਲੋਂ ਪਿਛਲੇ ਦਿਨੀਂ ਗੁਰ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਮ ਅਰਦਾਸ 3 ਦਸੰਬਰ ਨੂੰ ਗੁਰਦੁਆਰਾ ਰਿੱਚਫੀਲਡ ਕਲੀਵਲੈਂਡ ਵਿਖੇ ਕੀਤੀ ਜਾਵੇਗੀ।

ਗੰਗਾਨਗਰ ਨਾਲ ਸੰਬੰਧਤ, ਡਾ. ਸੁਰਜੀਤ ਸਿੰਘ ਢਿਲੋਂ ਨੇ ਹਿਸਾਰ ਤੋਂ ਵੈਟਰਨਰੀ ਦੀ ਡਿਗਰੀ ਕਰਨ ਤੋਂ ਬਾਅਦ ਅਮਰੀਕਾ ਤੋਂ ਪੀ.ਐਚਡੀ. ਕੀਤੀ ਸੀ। ਬਾਅਦ ਵਿਚ ਉਨ੍ਹਾਂ ਨੇ ਪੰਜਾਬ ਐਗਰੀਕਲਚਰ ਯੂਨਿਵਰਸਿਟੀ ਲੁਧਿਆਣਾ ਦੇ ਵੈਟਰਨਰੀ ਵਿਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਵਜੋਂ ਕੰਮ ਵੀ ਕੀਤਾ। ਫਿਰ ਉਹ ਅਮਰੀਕਾ ਆ ਗਏ ਅਤੇ ਕਲੀਵਲੈਂਡ ਨੂੰ ਆਪਣਾ ਘਰ ਬਣਾਇਆ। ਉਨ੍ਹਾਂ ਨੇ ਮੁੜ ਵੈਟਰਨਰੀ ਦੀ ਡਿਗਰੀ ਪ੍ਰਾਪਤ ਕਰ ਕੇ ਕਲੀਵਲੈਂਡ ਖੇਤਰ ਵਿਚ ਪਹਿਲੇ ਪੰਜਾਬੀ ਵੈਟਰਨਰੀ ਡਾਕਟਰ ਬਣਨ ਦਾ ਮਾਣ ਪ੍ਰਾਪਤ ਕੀਤਾ। ਉਹ ਸਿਰਫ਼ ਆਪ ਹੀ ਵੈਟਰਨਰੀ ਡਾਕਟਰ ਨਹੀਂ ਬਣੇ ਸਗੋਂ ਉਨ੍ਹਾਂ ਨੇ ਆਪਣੇ ਸਾਥੀਆਂ ਅਤੇ ਵਿਦਿਰਥੀਆਂ ਨੂੰ ਪ੍ਰੇਰਤ ਕਰ ਕੇ ਵੈਟਰਨਰੀ ਕਿੱਤੇ ਵਿਚ ਲਿਆਂਦਾ। ਉਹ ਸਮਾਜਿਕ, ਧਾਰਮਿਕ ਅਤੇ ਭਾਈਚਾਰਕ ਗਤੀਵਿਧੀਆਂ ਵਿਚ ਸਭ ਤੋਂ ਮੋਹਰੀ ਹੁੰਦੇ ਸਨ। ਉਹ ਕਲੀਵਲੈਂਡ ਵਿਚ ਵੱਸਣ ਵਾਲੇ ਮੋਢੀਆਂ ਵਿਚੋਂ ਇੱਕ ਸਨ ਅਤੇ ਆਪਣੀ ਮਿਹਨਤ ਅਤੇ ਯੋਗਤਾ ਨਾਲ ਬਹੁਤ ਵੱਡਾ ਨਾਮਣਾ ਖੱਟਿਆ ਸੀ। ਉਹ ਬਹੁਤ ਹੀ ਚਿੰਤਨਸ਼ੀਲ ਅਤੇ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਫਿਕਰਮੰਦ ਹੁੰਦੇ ਸਨ। ਗੁਰਬਾਣੀ ਦੇ ਗਿਆਤਾ ਅਤੇ ਪੰਜਾਬੀ ਅਦਬ ਨਾਲ ਪਿਆਰ ਕਰਨ ਵਾਲੀ ਅਜ਼ੀਮ ਸਖ਼ਸ਼ੀਅਤ ਦਾ ਤੁਰ ਜਾਣਾ, ਪਰਿਵਾਰ ਅਤੇ ਪੰਜਾਬੀ ਭਾਈਚਾਰੇ ਲਈ ਨਾ-ਪੂਰਿਆ ਜਾਣ ਵਾਲਾ ਘਾਟਾ ਹੈ।

ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਰਿੱਚਫੀਲਡ ਵਿਖੇ 3 ਦਸੰਬਰ ਨੂੰ ਇਕ ਵਜੇ ਤੋਂ 2 ਵਜੇ ਤੱਕ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਵੈਰਾਗਮਈ ਕੀਰਤਨ ਹੋਵੇਗਾ ਅਤੇ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਢਿਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਪ੍ਰੋ. ਹਰਜੀਤ ਸਿੰਘ ਢਿਲੋਂ ਨੂੰ 216-406-6324 ਜਾਂ ਡਾ. ਮਨਬੀਰ ਕੌਰ ਪੰਨੂ ਨੂੰ 216-469-6295 ‘ਤੇ ਫੋਨ ਕੀਤਾ ਜਾ ਸਕਦਾ ਹੈ।



## ਜ਼ਮੀਨੀ ਰਿਕਾਰਡ ’ਚ ਲਾਲ ਲਕੀਰ ਮਾਰਨ ਦੇ ਮਾਮਲੇ ਵਿਚ ‘ਆਪ’ ਸਰਕਾਰ ਦਾ ਯੂ-ਟਰਨ

**ਚੰਡੀਗੜ੍ਹ:** ਪੰਜਾਬ ‘ਚ ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ‘ਆਪ‘ ਸਰਕਾਰ ਵੱਲੋਂ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਦਰਜ ਕੀਤੇ ਗਏ ਲਾਲ ਇੰਦਰਾਜ ਖਤਮ ਕਰਨ ਲਈ ਹੁਕਮ ਜਾਰੀ ਕੀਤੇ ਗਏ ਹਨ।

ਰਾਜ ਸਰਕਾਰ ਦੇ ਮਾਲ ਤੇ ਪੁਨਰਵਾਸ ਵਿਭਾਗ (ਭੌਂ ਮਾਲੀਆ ਸ਼ਾਖਾ-1) ਵੱਲੋਂ 23 ਨਵੰਬਰ ਨੂੰ ਸੂਬੇ ਭਰ ਦੇ ਮੰਡਲ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਗਿਆ। ਪੱਤਰ ਵਿਚ ਕਿਹਾ ਗਿਆ ਹੈ ਕਿ ਕਿਸਾਨਾਂ ਵੱਲੋਂ ਖੇਤਾਂ ਵਿਚ ਰਹਿੰਦ-ਖੂੰਹਦ ਸਾੜਨ ਉਪਰੰਤ ਹੋਣ ਵਾਲੇ ਨੁਕਸਾਨ ਰੋਕਣ ਲਈ ਸਰਕਾਰ ਵੱਲੋਂ 4 ਅਕਤੂਬਰ ਨੂੰ ਮਾਲ ਰਿਕਾਰਡ ਵਿਚ ਪਰਾਲੀ ਸਾੜਨ ਵਾਲੇ ਖਸਰਾ ਨੰਬਰ ਵਿਰੁੱਧ ਲਾਲ ਸਿਆਹੀ ਨਾਲ ਇੰਦਰਾਜ ਕਰਨ ਦੇ ਹੁਕਮ ਦਿੱਤੇ ਗਏ ਸਨ, ਪਰ ਹੁਣ ਇਨ੍ਹਾਂ ਹੁਕਮਾਂ ਨੂੰ ਵਾਪਸ ਲਿਆ ਜਾਂਦਾ ਹੈ।



ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਅਤੇ ਸੂਬਾਈ ਆਗੂ ਗੁਲਜ਼ਾਰ ਸਿੰਘ ਘੱਲ ਕਲਾਂ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਇਸ ਕਰ ਕੇ ਹੋਣਾ ਪਿਆ ਕਿਉਂਕਿ ਮੁੱਖ ਮੰਤਰੀ ਉਨ੍ਹਾਂ ਨੂੰ ਪਰਾਲੀ ਦੀ ਸੰਭਾਲ ਲਈ 2500 ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਦੇ ਐਲਾਨ ਨੂੰ ਪੂਰਾ ਕਰਨ ਵਿਚ ਫੇਲ੍ਹ ਹੋ ਗਏ।

ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਇਕ ਧੇਲਾ ਵੀ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਕੇਂਦਰ ਸਰਕਾਰ ਵਾਂਗ ਕਾਲੀ ਸੂਚੀ ਬਣਾਈ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਮਜਬੂਰੀ ਕਾਰਨ ਲਾਉਂਦਾ ਹੈ। ਇਸ ਸਭ ਲਈ ਸਰਕਾਰ ਹੀ ਜ਼ਿੰਮੇਵਾਰ ਹੈ, ਜਿਸ ਨੇ ਉਨ੍ਹਾਂ ਦੀ ਪਰਾਲੀ ਨੂੰ ਸਾਂਭਣ ਵਾਲੀਆਂ ਮਸ਼ੀਨਾਂ ਜਾਂ ਪਰਾਲੀ ਨੂੰ ਖੇਤਾਂ ਵਿਚ ਹੀ ਜਜ਼ਬ ਕਰਨ ਲਈ ਮਸ਼ੀਨਾਂ ਉਪਲਬਧ ਨਹੀਂ ਕਰਵਾਈਆਂ।

## ਕਿਸਾਨਾਂ ਵੱਲੋਂ ਜੇਤੂ ਰੈਲੀਆਂ ਨਾਲ ਧਰਨਿਆਂ ਦੀ ਸਮਾਪਤੀ

**ਮਾਨਸਾ:** ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਵੱਲੋਂ ਬੀਤੀ 16 ਨਵੰਬਰ ਤੋਂ ਸੂਬੇ ਵਿੱਚ ਛੇ ਥਾਵਾਂ ‘ਤੇ ਲਾਏ ਹੋਏ ਮੋਰਚੇ ਸਮਾਪਤ ਕਰ ਦਿੱਤੇ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਪ੍ਰਤੀ ਮਾੜੀ ਸ਼ਬਦਾਵਲੀ ਵਰਤਣ ਦੇ ਰੋਸ ਵਜੋਂ ਮਰਨ ਵਰਤ ‘ਤੇ ਬੈਠੇ ਕਿਸਾਨ ਆਗੂ ਡੱਲੇਵਾਲ ਦਾ ਧਰਨਾ ਖਤਮ ਕਰਵਾਉਣ ਲਈ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕਿਸਾਨਾਂ ਨਾਲ ਮੀਟਿੰਗ ਕੀਤੀ ਗਈ ਸੀ।



ਇਸ ਮੀਟਿੰਗ ਮਗਰੋਂ ਰਾਤ ਨੂੰ ਸ੍ਰੀ ਧਾਲੀਵਾਲ ਨੇ ਜੂਸ ਦਾ ਗਲਾਸ ਪਿਲਾ ਕੇ ਡੱਲੇਵਾਲ ਦਾ ਮਰਨ ਵਰਤ ਵੀ ਤੁੜਵਾ ਦਿੱਤਾ ਸੀ, ਜਿਸ ਮਗਰੋਂ ਪੰਜਾਬ ਭਰ ਵਿਚ ਲੱਗੇ ਹੋਏ ਧਰਨੇ ਜੇਤੂ ਰੈਲੀਆਂ ਕੱਢਦੇ ਹੋਏ ਸਮਾਪਤ ਕਰ ਦਿੱਤੇ ਗਏ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਅਨੁਸਾਰ ਕੈਬਨਿਟ ਮੰਤਰੀ ਧਾਲੀਵਾਲ ਨੇ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਰਤੀ ਗਈ ਮਾੜੀ ਸ਼ਬਦਾਵਲੀ ਲਈ ਮੁਆਫ਼ੀ ਮੰਗ ਲਈ ਹੈ ਤੇ ਇਸ ਦੇ ਨਾਲ ਹੀ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ 31 ਮਾਰਚ 2023 ਤੱਕ ਪੂਰੀਆਂ ਕਰਨ ਦਾ ਭਰੋਸਾ ਵੀ ਦਿੱਤਾ ਹੈ, ਜਿਸ ਮਗਰੋਂ ਜਥੇਬੰਦੀਆਂ ਵੱਲੋਂ ਇਹ ਧਰਨਾ ਸਮਾਪਤ ਕਰਨ ਦਾ ਫੈਸਲਾ ਲਿਆ ਗਿਆ।

ਉੱਧਰ ਮਾਨਸਾ ਦੇ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਨੇੜੇ ਪਿਛਲੇ ਨੌਂ ਦਿਨਾਂ ਤੋਂ ਲੱਗਿਆ ਹੋਇਆ ਪੱਕਾ ਮੋਰਚਾ ਵੀ ਜੇਤੂ ਨਾਅਰਿਆਂ ਨਾਲ ਚੁੱਕ ਲਿਆ ਗਿਆ ਹੈ। ਇਸ ਮੌਕੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀਬਾਘਾ ਨੇ ਕਿਹਾ ਕਿ ਹਰ ਕਿਸਾਨ ਨੂੰ ਆਪਣੇ ਹੱਕਾਂ ਦੀ ਲੜਾਈ ਲੜਨ ਦੀ ਲੋੜ ਹੈ ਕਿਉਂਕਿ ਅੱਜ ਹਰ ਥਾਂ ਕਿਰਤੀਆਂ ਦੀ ਲੁੱਟ ਕੀਤੀ ਜਾ ਰਹੀ ਹੈ।

ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ ਕਿ ਮਾਲਵਾ ਖਿੱਤੇ ਦੇ ਨਰਮਾ ਕਾਸ਼ਤਕਾਰਾਂ ਨੂੰ ਨਰਮੇ ਤੇ ਝੋਨੇ ਦਾ ਮੁਆਵਜ਼ਾ ਅਤੇ ਲੰਪੀ ਸਕਿਨ ਨਾਲ ਹੋਏ ਪਸ਼ੂਆਂ ਦੇ ਨੁਕਸਾਨ ਦਾ ਮੁਆਵਜ਼ਾ ਮਿਲਣ ਨਾਲ ਫੌਰੀ ਤੌਰ ‘ਤੇ ਕੁਝ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਫੌਰੀ ਤੌਰ ‘ਤੇ ਜੁਮਲਾ ਮੁਸ਼ਤਰਕਾ ਮਾਲਕਾਨਾ ਜ਼ਮੀਨਾਂ ਦਾ ਕਾਸ਼ਤਕਾਰਾਂ ਨੂੰ ਮਾਲਕੀ ਹੱਕ, ਪਰਾਲੀ ਦੇ ਕੇਸਾਂ ਨੂੰ ਰੱਦ ਕਰਨ ਅਤੇ ਗੰਨਾਂ ਮਿੱਲਾਂ ਨੂੰ ਤੁਰੰਤ ਚਾਲੂ ਕਰਨ ਦੀ ਗੱਲ ਕਬੂਲੀ ਹੈ ਤੇ ਵੈਟਰਨਰੀ ਫਾਰਮਾਸਿਸਟ ਡਾਕਟਰਾਂ ਦੀ ਤਨਖਾਹ ਵਿਚ 31 ਮਾਰਚ 2023 ਤੱਕ ਵਾਧਾ ਕਰਨ ਅਤੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਜਾਅਲੀ ਡਿਗਰੀਆਂ ਦੇ ਘਪਲੇ ਵਿਚ ਦੋਸ਼ੀਆਂ ਨੂੰ ਸਜ਼ਾ ਦੇਣ ਤੇ ਬੱਚਿਆਂ ਦੀਆਂ ਡਿਗਰੀਆਂ ਨੂੰ ਮਾਨਤਾ ਦੇਣ ਦੀ ਸਰਕਾਰ ਨਾਲ ਸਹਿਮਤੀ ਹੋਈ ਹੈ।

## ਕਬੱਡੀ ਦੀ ਕੌਮੀ ਖਿਡਾਰਨ ਵੱਲੋਂ ਖੁਦਕੁਸ਼ੀ



**ਤਰਨ ਤਾਰਨ:** ਪਿੰਡ ਜੌੜਾ ਦੀ ਵਸਨੀਕ ਤੇ ਕੌਮੀ ਪੱਧਰ ਦੀ ਕਬੱਡੀ ਖਿਡਾਰਨ ਵੀਰਪਾਲ ਕੌਰ (25) ਨੇ ਜ਼ਹਿਰੀਲੀ ਦਵਾਈ ਪੀ ਕੇ ਆਤਮਹੱਤਿਆ ਕਰ ਲਈ ਹੈ। ਮ੍ਰਿਤਕਾ ਦੀ ਵਿਧਵਾ ਮਾਂ ਸੁਖਵਿੰਦਰ ਕੌਰ ਨੇ ਦੱਸਿਆ ਕਿ ਵੀਰਪਾਲ ਦੀ ਮਾਸੀ ਮਨਜਿੰਦਰ ਕੌਰ, ਉਸ ਦੀ ਲੜਕੀ ਗਗਨਦੀਪ ਕੌਰ ਤੇ ਲੜਕਾ ਗੁਰਲਾਲ ਸਿੰਘ ਸਾਰੇ ਵਸਨੀਕ ਪਿੰਡ ਮੁੰਡਾ ਵਾਰ ਵਾਰ ਵੀਰਪਾਲ ਦੇ ਚਰਿੱਤਰ ‘ਤੇ ਸਵਾਲ ਚੁੱਕਦੇ ਹੋਏ ਉਸ ‘ਤੇ ਇਖਲਾਕਹੀਣ ਹੋਣ ਦਾ ਦੋਸ਼ ਲਾਉਂਦੇ ਸਨ, ਜਿਸ ਕਾਰਨ ਵੀਰਪਾਲ ਪਿਛਲੇ ਸਮੇਂ ਤੋਂ ਕਾਫੀ ਪਰੇਸ਼ਾਨ ਸੀ ਤੇ ਕੀੜੇਮਾਰ ਦਵਾਈ ਨਿਗਲ ਲਈ ਸੀ।

ਇਸ ਗੱਲ ਦਾ ਪਤਾ ਲੱਗਣ ‘ਤੇ ਉਸ ਦੀ ਗੰਭੀਰ ਹਾਲਤ ਵਿਚ ਰਸੂਲਪੁਰ ਦੇ ਇਕ ਪ੍ਰਾਈਵੇਟ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਕੁਝ ਦਿਨ ਇਲਾਜ ਹੋਣ ਮਗਰੋਂ ਉਸ ਨੂੰ ਅੰਮ੍ਰਿਤਸਰ ਦੇ ਇਕ ਪ੍ਰਾਈਵੇਟ ਹਸਪਤਾਲ ਭੇਜ ਦਿੱਤਾ ਗਿਆ। ਅੰਮ੍ਰਿਤਸਰ ਵਿਚ ਜੇਰੇ ਇਲਾਜ ਵੀਰਪਾਲ ਕੌਰ ਦਾ ਦੇਹਾਂਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਵੀਰਪਾਲ ਕੌਰ ਦੇ ਪਿਤਾ ਹਰਜਿੰਦਰ ਸਿੰਘ ਦੀ 14 ਸਾਲ ਪਹਿਲਾਂ ਮੌਤ ਹੋ ਗਈ ਸੀ। ਕੌਮੀ ਪੱਧਰ ਦੀ ਖਿਡਾਰਨ ਹੋਣ ਕਰਕੇ ਉਸ ਨੇ ਹਾਲ ਹੀ ਵਿਚ ਪੰਜਾਬ ਪੁਲਿਸ ਵਿਚ ਸਬ-ਇੰਸਪੈਕਟਰ ਦੀ ਭਰਤੀ ਸਬੰਧੀ ਸਾਰੀਆਂ ਮੁਢਲੀਆਂ ਕਾਰਵਾਈਆਂ ਮੁਕੰਮਲ ਕੀਤੀਆਂ ਸਨ।

## ਹਾੜ੍ਹੀ ਦੀਆਂ ਫਸਲਾਂ ਹੇਠਲਾ ਰਕਬਾ ਪਹਿਲਾਂ ਨਾਲੋਂ ਵਧਿਆ

**ਨਵੀਂ ਦਿੱਲੀ:** ਇਸ ਸਾਲ ਹਾੜ੍ਹੀ ਦੀਆਂ ਫਸਲਾਂ ਹੇਠਲਾ ਰਕਬਾ ਪਿਛਲੇ ਸਾਲ ਨਾਲੋਂ 24.13 ਲੱਖ ਹੈਕਟੇਅਰ ਵਧਿਆ ਹੈ। ਬੀਤੀ 25 ਨਵੰਬਰ ਤੱਕ 358.59 ਲੱਖ ਹੈਕਟੇਅਰ ਰਕਬੇ ਵਿਚ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਕੀਤੀ ਗਈ ਹੈ, ਜਦੋਂਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਬਿਜਾਈ ਹੇਠਲਾ ਰਕਬਾ 334.46 ਲੱਖ ਹੈਕਟੇਅਰ ਸੀ। ਇਸ ਤਰ੍ਹਾਂ ਪਿਛਲੇ ਸਾਲ ਨਾਲੋਂ ਇਸ ਸਾਲ ਹਾੜ੍ਹੀ ਦੀਆਂ ਫਸਲਾਂ ਹੇਠ ਰਕਬਾ 24.13 ਲੱਖ ਹੈਕਟੇਅਰ ਵਧਿਆ ਹੈ। ਕੇਂਦਰੀ ਖੇਤੀਬਾੜੀ ਨਰਿੰਦਰ ਸਿੰਘ ਤੋਮਰ ਨੇ ਸੀਨੀਅਰ ਅਧਿਕਾਰੀਆਂ ਨਾਲ ਹਾੜ੍ਹੀ ਦੀਆਂ ਫਸਲਾਂ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਇਸ ਵਾਧੇ ‘ਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਹੁਣ ਤੱਕ 152.88 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਹੋਈ, ਜਦੋਂਕਿ ਪਿਛਲੇ ਸਾਲ ਇਸ ਸਮੇਂ ਦੌਰਾਨ ਇਹ ਰਕਬਾ 138.35 ਲੱਖ ਹੈਕਟੇਅਰ ਸੀ। ਇਹ ਵਾਧਾ ਮੁੱਖ ਕਣਕ ਉਤਪਾਦਕ ਸੂਬਿਆਂ ਵਿਚ ਬਿਜਾਈ ਹੇਠਲਾ ਰਕਬਾ ਵਧਣ ਕਾਰਨ ਦਰਜ ਕੀਤਾ ਗਿਆ ਹੈ। ਪਿਛਲੇ ਸਾਲੋਂ ਨਾਲ ਕਣਕ ਹੇਠ 14.53 ਲੱਖ ਹੈਕਟੇਅਰ ਵੱਧ ਬਿਜਾਈ ਹੋਈ ਹੈ। ਇਹ ਪਿਛਲੇ ਚਾਰ ਸਾਲਾਂ ਨਾਲੋਂ ਸਭ ਤੋਂ ਵੱਧ ਹੈ।

# ਪੰਜਾਬ ਦੀਆਂ ਸੈਂਕੜੇ ਮੀਲ ਸੜਕਾਂ ਹੀ 'ਲਾਪਤਾ'

**ਚੰਡੀਗੜ੍ਹ:** ਪੰਜਾਬ ਲਈ ਇਹ ਤੱਥ ਹੈਰਾਨੀ ਭਰੇ ਹਨ ਕਿ ਸੂਬੇ ਵਿਚੋਂ ਕਰੀਬ 538 ਕਿਲੋਮੀਟਰ ਲਿੰਕ ਸੜਕਾਂ 'ਲਾਪਤਾ' ਹਨ। ਇਨ੍ਹਾਂ 'ਲਾਪਤਾ' ਲਿੰਕ ਸੜਕਾਂ ਦੇ ਟੈਂਡਰ ਵੀ ਹੁੰਦੇ ਹਨ ਅਤੇ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਵੀ ਕਾਗ਼ਜ਼ਾਂ 'ਚ ਹੋ ਰਹੀ ਹੈ। ਸਰਕਾਰੀ ਖ਼ਜ਼ਾਨੇ 'ਚੋਂ ਇਨ੍ਹਾਂ 'ਲਾਪਤਾ' ਸੜਕਾਂ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਰਹੇ ਹਨ।

ਹੁਣ ਜਦੋਂ ਪੰਜਾਬ ਭਰ ਦੀਆਂ ਲਿੰਕ ਸੜਕਾਂ ਦੀ ਮੈਪਿੰਗ ਨਵੀਂ ਟੈਕਨਾਲੋਜੀ ਜੀ.ਆਈ.ਐਸ. (ਜਿਓਗਰਾਫਿਕ ਇਨਫਰਮੇਸ਼ਨ ਸਿਸਟਮ) ਜ਼ਰੀਏ ਕੀਤੀ ਗਈ ਤਾਂ ਇਹ ਖੁਲਾਸਾ ਹੋਇਆ ਕਿ ਸੂਬੇ 'ਚ ਸੜਕਾਂ ਦੀ ਲੰਬਾਈ 538 ਕਿਲੋਮੀਟਰ ਘੱਟ ਹੈ। ਪੰਜਾਬ 'ਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ 1970 ਤੋਂ ਚੱਲ ਰਿਹਾ ਹੈ। ਪਹਿਲਾਂ ਸੰਪਰਕ ਸੜਕਾਂ ਨੂੰ ਮਾਪਣ ਦਾ ਕੰਮ ਮੈਨੂਅਲੀ ਹੁੰਦਾ ਸੀ ਜਦਕਿ ਹੁਣ ਜੀ.ਆਈ.ਐਸ. ਰਾਹੀਂ ਇਨ੍ਹਾਂ ਸੜਕਾਂ ਨੂੰ ਮਾਪਿਆ ਜਾਣ ਲੱਗਾ ਹੈ।




ਪੰਜਾਬ ਵਿਚ ਲਿੰਕ ਸੜਕਾਂ ਦੀ ਕੁੱਲ ਲੰਬਾਈ 64,878 ਕਿਲੋਮੀਟਰ ਹੈ ਅਤੇ ਪਿੰਡਾਂ ਲਈ ਲਿੰਕ ਸੜਕਾਂ ਦਾ ਨੈੱਟਵਰਕ ਦਾ ਪਸਾਰ ਕਾਫੀ ਵੱਡਾ ਹੈ ਪਰ ਜੀ.ਆਈ.ਐਸ. ਮੁਤਾਬਕ ਲਿੰਕ ਸੜਕਾਂ ਦੀ ਅਸਲ ਲੰਬਾਈ 64,340 ਕਿਲੋਮੀਟਰ ਸਾਹਮਣੇ ਆਈ ਹੈ। ਇਹ ਡਾਟਾ ਜੀ.ਆਈ.ਐਸ. ਪੋਰਟਲ 'ਤੇ ਵੀ ਅੱਪਲੋਡ ਕੀਤਾ ਜਾ ਰਿਹਾ ਹੈ। ਲਿੰਕ ਸੜਕਾਂ ਦੀ ਸਾਂਭ ਸੰਭਾਲ ਲਈ ਨੋਡਲ ਏਜੰਸੀ ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਹੈ। ਇਨ੍ਹਾਂ ਸੰਪਰਕ ਸੜਕਾਂ ਦੀ ਮੁਰੰਮਤ ਦਾ ਸਰਕਲ ਛੇ ਵਰ੍ਹਿਆਂ ਦਾ ਹੈ। ਮੋਟੇ ਹਿਸਾਬ ਨਾਲ ਦੇਖੀਏ ਤਾਂ ਹਰ ਵਰ੍ਹੇ ਔਸਤਨ 90 ਕਿਲੋਮੀਟਰ ਲਿੰਕ ਸੜਕਾਂ ਦੀ ਅਸਲ 'ਚ ਮੁਰੰਮਤ ਘੱਟ ਹੁੰਦੀ ਰਹੀ ਹੈ। ਸਰਕਾਰੀ ਦਸਤਾਵੇਜ਼ਾਂ ਅਨੁਸਾਰ ਲਿੰਕ ਸੜਕ ਦੀ ਮੁਰੰਮਤ 'ਤੇ ਕਰੀਬ 15 ਲੱਖ ਰੁਪਏ ਪ੍ਰਤੀ ਕਿਲੋਮੀਟਰ ਦਾ ਖਰਚਾ ਆਉਂਦਾ ਹੈ।

ਸਰਕਾਰੀ ਰਿਕਾਰਡ ਅਨੁਸਾਰ ਹਰ ਵਰ੍ਹੇ ਕਰੀਬ 13.50 ਕਰੋੜ ਦਾ ਖਰਚਾ ਇਨ੍ਹਾਂ 'ਲਾਪਤਾ' ਸੜਕਾਂ 'ਤੇ ਕੀਤਾ ਜਾ ਰਿਹਾ ਹੈ। 'ਆਪ' ਸਰਕਾਰ ਨੇ ਮਾਮਲਾ ਸਾਹਮਣੇ ਆਉਣ ਮਗਰੋਂ ਇਹ ਅੰਦਾਜ਼ਾ ਲਾਇਆ ਹੈ ਕਿ ਸਰਕਾਰ ਹੁਣ ਇਕੱਲੀਆਂ ਸੰਪਰਕ ਸੜਕਾਂ ਦੀ ਮੁਰੰਮਤ 'ਚੋਂ ਹੀ ਇਨ੍ਹਾਂ 'ਲਾਪਤਾ' ਸੜਕਾਂ ਨੂੰ ਬਾਹਰ ਕਰਕੇ ਕਰੋੜਾਂ ਰੁਪਏ ਦੀ ਬੱਚਤ ਕਰੇਗੀ। ਇਸੇ ਤਰ੍ਹਾਂ ਲਿੰਕ ਸੜਕਾਂ ਤੋਂ ਇਲਾਵਾ ਦੂਸਰੀਆਂ ਸੜਕਾਂ ਦੀ ਵੀ ਜੀ.ਆਈ.ਐਸ. ਦੇ ਜ਼ਰੀਏ ਮੈਪਿੰਗ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਸੜਕਾਂ ਦੀ ਅਸਲ ਲੰਬਾਈ ਦਾ ਪਤਾ ਲੱਗ ਸਕੇ।

## ਪਾਸਪੋਰਟ 'ਚ ਇਕ ਨਾਮ ਵਾਲੇ ਯੂ.ਏ.ਈ. 'ਚ ਨਹੀਂ ਹੋ ਸਕਣਗੇ ਦਾਖਲ

**ਨਵੀਂ ਦਿੱਲੀ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਤਹਿਤ ਹੁਣ ਪਾਸਪੋਰਟ ਉਤੇ ਸਿਰਫ ਇਕ ਨਾਮ ਵਾਲਿਆਂ ਨੂੰ ਦੇਸ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਏਅਰ ਇੰਡੀਆ ਐਕਸਪ੍ਰੈੱਸ ਅਤੇ ਏਅਰ ਇੰਡੀਆ ਵੱਲੋਂ ਜਾਰੀ ਕੀਤੇ ਸਰਕੂਲਰ ਨੇ ਯੂ.ਏ.ਈ. ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ, 'ਕੋਈ ਵੀ ਪਾਸਪੋਰਟਧਾਰਕ ਜਿਸ ਦਾ ਸਿਰਫ ਇਕ ਸ਼ਬਦ ਨਾਮ ਜਾਂ ਉਪਨਾਮ ਹੈ, ਨੂੰ ਯੂ.ਏ.ਈ. ਵਿਚ ਦਾਖਲ ਹੋਣ ਦੀ ਆਗਿਆ ਨਹੀਂ ਹੋਵੇਗੀ ਅਤੇ ਯਾਤਰੀ ਨੂੰ ਇਕ ਅਪ੍ਰਵਾਨਯੋਗ ਯਾਤਰੀ ਮੰਨਿਆਂ ਜਾਵੇਗਾ। 21 ਨਵੰਬਰ ਦੇ ਸਰਕੂਲਰ ਅਨੁਸਾਰ ਅਜਿਹੇ ਯਾਤਰੀਆਂ (ਇਕ ਸ਼ਬਦ ਦੇ ਨਾਮ ਵਾਲੇ) ਨੂੰ ਵੀਜ਼ਾ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵੀਜ਼ਾ ਪਹਿਲਾਂ ਜਾਰੀ ਕੀਤਾ ਗਿਆ ਹੈ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਉਸ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ। ਦਿਸ਼ਾ-ਨਿਰਦੇਸ਼ ਲਾਗੂ ਹੋ ਗਏ ਹਨ। ਯੂ.ਏ.ਈ. ਦੁਬਈ ਸਮੇਤ ਸੱਤ ਅਮੀਰਾਤ ਦਾ ਸੰਵਿਧਾਨਕ ਸੰਘ ਹੈ। ਅਬੂ ਧਾਬੀ ਸ਼ਹਿਰ ਸੰਯੁਕਤ ਅਰਬ ਅਮੀਰਾਤ ਦੀ ਰਾਜਧਾਨੀ ਹੈ।

## ਬਰਤਾਨੀਆ: ਚੀਨੀਆਂ ਨਾਲੋਂ ਭਾਰਤੀ ਅੱਗੇ

**ਲੰਡਨ:** ਬਰਤਾਨੀਆ ਵਿਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੇ ਸਭ ਤੋਂ ਵੱਡੇ ਸਮੂਹ ਦੇ ਰੂਪ ਵਿਚ ਭਾਰਤੀ ਵਿਦਿਆਰਥੀਆਂ ਨੇ ਪਹਿਲੀ ਵਾਰ ਚੀਨੀ ਵਿਦਿਆਰਥੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਜਾਰੀ ਕੀਤੇ ਗਏ ਬਰਤਾਨੀਆ ਦੇ ਅਧਿਕਾਰਤ ਇਮੀਗ੍ਰੇਸ਼ਨ ਅੰਕੜਿਆਂ ਵਿਚ ਇਹ ਗੱਲ ਸਾਹਮਣੇ ਆਈ ਹੈ। ਅੰਕੜਿਆਂ ਮੁਤਾਬਕ ਲੰਘੇ ਕੁਝ ਸਾਲਾਂ ਵਿਚ ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਵੀਜ਼ਿਆਂ ਦੀ ਗਿਣਤੀ 273 ਫੀਸਦ ਦੇ ਵਾਧੇ ਨਾਲ ਇਹ ਸੰਭਵ ਹੋ ਸਕਿਆ ਹੈ।

ਆਫਿਸ ਆਫ ਨੈਸ਼ਨਲ ਸਟੈਟਿਸਟਿਕਸ (ਓ.ਐਨ.ਐਸ.) ਵੱਲੋਂ ਇਕੱਤਰ ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹੁਨਰਮੰਦ ਕਾਮਿਆਂ ਦੀ ਸ਼੍ਰੇਣੀ ਵਿਚ ਵੀਜ਼ਾ ਹਾਸਲ ਕਰਨ ਵਾਲਿਆਂ ਦੀ ਸੂਚੀ ਵਿਚ ਭਾਰਤੀ ਸਿਖਰ 'ਤੇ ਹਨ। ਇਸ ਅਨੁਸਾਰ, ਪਿਛਲੇ ਸਾਲ 56,042 ਭਾਰਤੀਆਂ ਨੂੰ ਇਸ ਸ਼੍ਰੇਣੀ ਵਿਚ ਵੀਜ਼ੇ ਪ੍ਰਦਾਨ ਕੀਤੇ ਗਏ ਸਨ।

## ਭਾਜਪਾ ਵੱਲੋਂ ਗੁਜਰਾਤ ਚੋਣਾਂ ਵਿਚ ਵਾਅਦਿਆਂ ਦੀ ਝੜੀ

**ਗਾਂਧੀਨਗਰ:** ਗੁਜਰਾਤ ਵਿਧਾਨ ਸਭਾ ਚੋਣਾਂ ਲਈ ਸੂਬੇ ਦੀ ਸੱਤਾਧਾਰੀ ਭਾਜਪਾ ਨੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਵਾਅਦਿਆਂ ਦੀ ਝੜੀ ਲਾਈ ਹੈ। ਭਾਜਪਾ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕਰਨ ਤੇ ਸੰਭਾਵੀ ਖਤਰਿਆਂ ਅਤੇ ਭਾਰਤ ਵਿਰੋਧੀ ਤਾਕਤਾਂ ਤੇ ਅਤਿਵਾਦੀ ਸੰਗਠਨਾਂ ਦੇ 'ਸਲੀਪਰ ਸੈੱਲਾਂ' ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ 'ਐਂਟੀ ਰੈਡੀਕਲਾਈਜੇਸ਼ਨ ਸੈੱਲ' (ਕੱਟੜਤਾ ਵਿਰੋਧੀ ਸੈੱਲ) ਬਣਾਉਣ ਦਾ ਵਾਅਦਾ ਕੀਤਾ ਹੈ।

ਭਾਜਪਾ ਨੇ ਮਦਰੱਸਿਆਂ ਦਾ ਸਰਵੇਖਣ ਕਰਨ ਅਤੇ ਵਕਫ ਬੋਰਡ ਦੀਆਂ ਜਾਇਦਾਦਾਂ ਦੀ ਪੜਤਾਲ ਕਰਨ ਦਾ ਵੀ ਵਾਅਦਾ ਕੀਤਾ ਹੈ। ਭਾਜਪਾ ਨੇ ਮੁੜ ਸੱਤਾ ਵਿਚ ਆਉਣ 'ਤੇ ਸੂਬੇ ਵਿਚ 100 'ਅੰਨਪੂਰਣਾ ਕੰਟੀਨ' ਸਥਾਪਤ ਕਰਨ ਦਾ ਵੀ ਭਰੋਸਾ ਦਿੱਤਾ ਹੈ, ਜਿਸ ਤਹਿਤ ਪੰਜ ਰੁਪਏ ਵਿਚ ਦਿਨ ਵਿਚ ਤਿੰਨ ਵਾਰ ਭੋਜਨ ਦਿੱਤਾ ਜਾਵੇਗਾ। ਮੈਨੀਫੈਸਟੋ ਵਿਚ 'ਮੁੱਖ ਮੰਤਰੀ ਸ਼ਰਨਾਰਥੀ ਯੋਜਨਾ' ਦੀ ਸ਼ੁਰੂਆਤ ਕਰਨ ਦਾ ਵੀ ਵਾਅਦਾ ਕੀਤਾ ਗਿਆ ਹੈ। ਭਾਜਪਾ ਦੇ ਹੋਰ ਵਾਅਦਿਆਂ ਵਿਚ 20 ਲੱਖ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਅਗਲੇ ਪੰਜ ਸਾਲਾਂ ਵਿਚ ਸੂਬੇ ਦੀ ਅਰਥਵਿਵਸਥਾ ਨੂੰ ਇਕ ਹਜ਼ਾਰ ਅਰਬ (ਟ੍ਰਿਲੀਅਨ) ਅਮਰੀਕੀ ਡਾਲਰ ਤੱਕ ਲੈ ਕੇ ਜਾਣਾ ਸ਼ਾਮਲ ਹੈ। ਭਾਜਪਾ ਪ੍ਰਧਾਨ ਜੇ.ਪੀ ਨੱਢਾ ਨੇ ਗੁਜਰਾਤ ਦੇ ਮੁੱਖ ਮੰਤਰੀ ਭੁਪਿੰਦਰ ਪਟੇਲ ਅਤੇ ਭਾਜਪਾ ਦੀ ਸੂਬਾ ਇਕਾਈ ਦੇ ਮੁਖੀ ਸੀ.ਆਰ ਪਾਟਿਲ ਦੀ ਮੌਜੂਦਗੀ ਵਿਚ ਪਾਰਟੀ ਦੇ ਸੂਬਾਈ ਮੁੱਖ ਦਫਤਰ ਵਿੱਚ ਮੈਨੀਫੈਸਟੋ ਜਾਰੀ ਕੀਤਾ ਹੈ। ਚੋਣ ਮਨੋਰਥ ਪੱਤਰ ਵਿਚ ਭਾਜਪਾ ਨੇ ਕੁੜੀਆਂ ਲਈ 'ਕੇਜੀ ਤੋਂ ਪੀਜੀ' (ਕਿੰਡਰਗਾਰਡਟਨ ਤੋਂ ਪੋਸਟ ਗ੍ਰੈਜੂਏਸ਼ਨ) ਤੱਕ ਮੁਫਤ ਸਿੱਖਿਆ ਦਾ ਵੀ ਵਾਅਦਾ ਕੀਤਾ ਹੈ। ਪਾਰਟੀ ਨੇ ਇਹ ਵੀ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (ਆਯੂਸ਼ਮਾਨ ਭਾਰਤ) ਤਹਿਤ ਸਿਹਤ ਬੀਮਾ ਕਵਰ ਦੀ ਰਾਸ਼ੀ ਨੂੰ ਪ੍ਰਤੀ ਪਰਿਵਾਰ ਪੰਜ ਲੱਖ ਰੁਪਏ ਤੋਂ ਵਧਾ ਕੇ ਦਸ ਲੱਖ ਰੁਪਏ ਕੀਤਾ ਜਾਵੇਗਾ।

## ਕੈਨੇਡਾ ਵਿਚ ਛੁਰਾ ਮਾਰ ਕੇ ਪੰਜਾਬੀ ਮੁੰਡੇ ਦੀ ਹੱਤਿਆ

**ਵੈਨਕੂਵਰ:** ਸਰੀ ਦੇ 66 ਐਵੇਨਿਊ 126 ਸਟਰੀਟ ਸਥਿਤ ਟਮਾਨਾਵਿਸ ਸੈਕੰਡਰੀ ਸਕੂਲ ਵਿਚ ਪੜ੍ਹਦੇ ਛੋਟੇ ਭਰਾ ਨੂੰ ਲੈਣ ਗਏ ਮਹਿਕਪ੍ਰੀਤ ਸਿੰਘ ਸੇਠੀ (18) ਦੀ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਨੇ ਕਾਤਲ ਦੀ ਪਛਾਣ ਕਰਕੇ 17 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਹੈ, ਪਰ ਉਸ ਦੀ ਪਛਾਣ ਨਸ਼ਰ ਨਹੀਂ ਕੀਤੀ ਗਈ।

ਪੁਲਿਸ ਸਾਰਜੈਂਟ ਟਿਮੋਥੀ ਪੀਅਰੋਟੀ ਅਨੁਸਾਰ ਦੋਵੇਂ ਇਕ-ਦੂਜੇ ਨੂੰ ਜਾਣਦੇ ਸਨ। ਪੁਲਿਸ ਘਟਨਾ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਘਟਨਾ ਮੌਕੇ ਸਕੂਲ ਲੱਗਾ ਹੋਇਆ ਸੀ ਤੇ ਛੁੱਟੀ ਹੋਣ ਵਿਚ ਥੋੜ੍ਹਾ ਸਮਾਂ ਰਹਿ ਗਿਆ ਸੀ। ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਿਸ ਤੇ ਐਂਬੂਲੈਂਸ ਟੀਮ ਨੇ ਵੇਖਿਆ ਕਿ ਨੌਜਵਾਨ ਬੁਰੀ ਤਰ੍ਹਾਂ ਜਖਮੀ ਹਾਲਤ ਵਿਚ ਤੜਪ ਰਿਹਾ ਸੀ। ਉਸ ਨੂੰ ਤੁਰਤ ਹਸਪਤਾਲ ਪਹੁੰਚਾਇਆ



ਗਿਆ, ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਦਮ ਤੋੜ ਗਿਆ।

ਜਾਂਚ ਟੀਮ ਨੂੰ ਲੋਕਾਂ ਤੋਂ ਮਿਲੇ ਸਹਿਯੋਗ ਕਾਰਨ ਮੁਲਜ਼ਮ ਨੂੰ ਘਟਨਾ ਸਥਾਨ ਦੇ ਨੇੜਿਓਂ ਹੀ ਗ੍ਰਿਫਤਾਰ ਕਰ ਲਿਆ ਗਿਆ ਜੋ ਅਜੇ ਨਾਬਾਲਗ ਹੈ। ਪੁਲਿਸ ਬੁਲਾਰੇ ਅਨੁਸਾਰ ਮਾਮਲੇ ਦਾ ਗੈਂਗਵਾਰ ਨਾਲ ਕੋਈ ਸਬੰਧ ਨਹੀਂ ਅਤੇ ਮੁਢਲੀ ਜਾਣਕਾਰੀ ਅਨੁਸਾਰ ਇਹ ਘਟਨਾ ਕਿਸੇ ਭੜਕਾਹਟ ਕਾਰਨ ਵਾਪਰੀ ਲੱਗਦੀ ਹੈ।

## ਚੀਨ ਵਿਚ ਕਰੋਨਾ ਲੌਕਡਾਊਨ ਖਿਲਾਫ ਰੋਹ ਹੋਰ ਭਖਿਆ

**ਤਾਇਪੇ:** ਚੀਨ ਅੰਦਰ ਸਖਤ ਕੋਵਿਡ ਲੌਕਡਾਊਨ ਦਾ ਵਿਰੋਧ ਕਰਨ ਵਾਲੇ ਜਨਤਕ ਪ੍ਰਦਰਸ਼ਨ ਤੇਜ ਹੋ ਗਏ ਹਨ। ਚੀਨੀ ਸੋਸ਼ਲ ਮੀਡੀਆ ਤੇ ਟਵਿੱਟਰ 'ਤੇ ਇਨ੍ਹਾਂ ਰੋਸ ਮੁਜ਼ਾਹਰਿਆਂ ਦੀਆਂ ਕਈ ਵੀਡੀਓਜ ਸਾਹਮਣੇ ਆਈਆਂ ਹਨ ਜਿਨ੍ਹਾਂ 'ਚ ਇਕ ਸ਼ੰਘਾਈ ਦਾ ਰੋਸ ਮੁਜ਼ਾਹਰਾ ਵੀ ਸ਼ਾਮਲ ਹੈ ਜਿਥੇ ਗੁੱਸੇ 'ਚ ਆਏ ਲੋਕ ਸੱਤਾ 'ਤੇ ਕਾਬਜ਼ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀ.ਪੀ.ਸੀ.) ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਖਿਲਾਫ ਨਾਅਰੇਬਾਜ਼ੀ ਕਰ ਰਹੇ ਹਨ।



ਪੁਲਿਸ ਨੇ ਕਈ ਮੁਜਾਹਰਾਕਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ। ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੀਆਂ ਵੀਡੀਓਜ ਵੀ ਸਾਹਮਣੇ ਆਈਆਂ ਹਨ ਜਿੱਥੇ ਵਿਦਿਆਰਥੀ ਲੌਕਡਾਊਨ ਦਾ ਵਿਰੋਧ ਕਰਦੇ ਨਜ਼ਰ ਆ ਰਹੇ ਹਨ। ਬੀਤੇ ਦਿਨੀਂ ਸਰਕਾਰ ਸ਼ਿਨਜਿਆਂਗ ਦੀ ਸੂਬਾਈ ਰਾਜਧਾਨੀ ਉਰੂਮਕੀ 'ਚ ਲੌਕਡਾਊਨ ਲਾਗੂ ਕਰਨ ਤੋਂ ਪਿੱਛੇ ਹਟ ਗਈ ਸੀ ਜਿਥੇ ਲੰਘੇ ਵੀਰਵਾਰ ਇਕ ਅਪਾਰਟਮੈਂਟ ਬਲਾਕ 'ਚ ਅੱਗ ਲੱਗਣ ਕਾਰਨ 10 ਜਣਿਆਂ ਦੀ ਮੌਤ ਹੋ ਗਈ ਸੀ ਤੇ ਨੌਂ ਜਖਮੀ ਹੋਏ ਸਨ। ਇਹ ਅਪਾਰਟਮੈਂਟ ਕੋਵਿਡ ਲੌਕਡਾਊਨ ਅਧੀਨ ਸੀ। ਲੰਘੇ ਹਫਤੇ ਉਰੂਮਕੀ 'ਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਸਨ ਜਿੱਥੇ ਉਈਗਰ ਮੁਸਲਮਾਨਾਂ ਦੇ ਨਾਲ ਵੱਡੀ ਗਿਣਤੀ 'ਚ ਚੀਨੀ ਨਾਗਰਿਕਾਂ ਨੇ ਵੀ ਹਿੱਸਾ ਲਿਆ।

ਹਾਂਗਕਾਂਗ ਸਥਿਤ ਸਾਊਥ ਚਾਈਨਾ ਮੌਰਨਿੰਗ ਪੋਸਟ ਨੇ ਦੱਸਿਆ ਕਿ ਉਰੂਮਕੀ ਦੇ ਅਧਿਕਾਰੀਆਂ ਨੇ ਕਿਹਾ ਕਿ ਤਿੰਨ ਮਹੀਨੇ ਦੇ ਲੌਕਡਾਊਨ ਖਿਲਾਫ ਰੋਸ ਮੁਜ਼ਾਹਰਿਆਂ ਨੂੰ ਦੇਖਦਿਆਂ ਗੇੜਾਂ ਦੇ ਵਿਚ ਕਰੋਨਾ ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ।

## ਵਿਧਾਇਕਾਂ ਨੂੰ ਸਤਿਕਾਰ ਨਾ ਦੇਣ ਵਾਲੇ ਡਿਪਟੀ ਕਮਿਸ਼ਨਰਾਂ ਨੇ ਮੁਆਫੀ ਮੰਗੀ

**ਚੰਡੀਗੜ੍ਹ:** ਤਿੰਨ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਵਿਧਾਇਕਾਂ ਨੂੰ ਬਣਦਾ ਮਾਣ ਸਤਿਕਾਰ ਨਾ ਦਿੱਤੇ ਜਾਣ ਦੇ ਮਾਮਲੇ 'ਚ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਕੋਲੋਂ ਮੁਆਫੀ ਮੰਗ ਲਈ ਹੈ। ਇਨ੍ਹਾਂ ਡਿਪਟੀ ਕਮਿਸ਼ਨਰਾਂ ਨੇ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਪੇਸ਼ ਹੋ ਕੇ ਆਪਣੀ ਗਲਤੀ ਸਵੀਕਾਰ ਕੀਤੀ ਅਤੇ ਭਵਿੱਖ 'ਚ ਅਜਿਹਾ ਦੁਬਾਰਾ ਨਾਲ ਹੋਣ ਦੇਣ ਦੀ ਗੱਲ ਵੀ ਆਖੀ।

ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੰਜ ਜ਼ਿਲ੍ਹਿਆਂ ਬਠਿੰਡਾ, ਤਰਨ ਤਾਰਨ, ਸੰਗਰੂਰ, ਮੁਹਾਲੀ ਅਤੇ ਨਵਾਂ ਸ਼ਹਿਰ ਦੇ ਡਿਪਟੀ ਕਮਿਸ਼ਨਰਾਂ ਨੂੰ ਤਲਬ ਕੀਤਾ ਸੀ। ਵਿਸ਼ੇਸ਼ ਅਧਿਕਾਰ ਕਮੇਟੀ ਦੀ ਮੀਟਿੰਗ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਤਰਨ ਤਾਰਨ, ਨਵਾਂ ਸ਼ਹਿਰ ਅਤੇ ਸੰਗਰੂਰ ਦੇ ਡਿਪਟੀ ਕਮਿਸ਼ਨਰਾਂ ਨੇ ਆਪਣੀ ਗਲਤੀ ਮੰਨੀ। ਜ਼ਿਕਰਯੋਗ ਹੈ ਕਿ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਵਿਚ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਸੀ ਅਤੇ ਇਨ੍ਹਾਂ ਜ਼ਿਲ੍ਹਿਆਂ ਦੇ ਵਿਧਾਇਕਾਂ ਨੂੰ ਸਮਾਰੋਹਾਂ ਵਿਚ ਢੁਕਵੀਂ ਥਾਂ ਨਹੀਂ ਦਿੱਤੀ ਗਈ ਸੀ।

ਪ੍ਰੋਟੋਕੋਲ ਦੇ ਲਿਹਾਜ਼ ਅਨੁਸਾਰ ਇਨ੍ਹਾਂ ਸਮਾਰੋਹਾਂ ਦੇ ਮੁੱਖ ਮਹਿਮਾਨ ਦੀ ਕੁਰਸੀ ਦੇ ਨਾਲ ਵਿਧਾਇਕ ਦੀ ਸੀਟ ਲੱਗਦੀ ਹੈ ਪਰ ਉਕਤ ਜ਼ਿਲ੍ਹਿਆਂ ਵਿਚ ਇਸ ਮਾਮਲੇ ਵਿਚ ਕੁਤਾਹੀ ਹੋਈ ਸੀ।

## ਪਟਿਆਲਾ ਦੀ ਮੰਨਤ ਭਾਰਤੀ ਮਹਿਲਾ ਕ੍ਰਿਕਟ ਟੀਮ ਲਈ ਚੁਣੀ

**ਪਟਿਆਲਾ:** ਪਟਿਆਲਾ ਦੀ ਖਿਡਾਰਨ ਮੰਨਤ ਕਸ਼ਅਪ ਦੀ ਚੋਣ ਕ੍ਰਿਕਟ ਵਿਸ਼ਵ ਕੱਪ ਅੰਡਰ-19 ਲਈ ਭਾਰਤੀ ਟੀਮ ਵਿਚ ਹੋਈ ਹੈ। ਪਟਿਆਲਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਮੰਨਤ ਦੇ ਘਰ ਜਾ ਕੇ ਉਸ ਨੂੰ ਵਧਾਈ ਦਿੱਤੀ।

ਜਾਣਕਾਰੀ ਅਨੁਸਾਰ ਮੰਨਤ ਪਹਿਲਾਂ ਨਿਊਜ਼ੀਲੈਂਡ ਨਾਲ ਹੋਣ ਵਾਲੀ ਘਰੇਲੂ ਲੜੀ ਤੇ ਮਗਰੋਂ ਅਗਲੇ ਸਾਲ ਜਨਵਰੀ ਮਹੀਨੇ ਸ਼ੁਰੂ ਹੋਣ ਵਾਲੇ ਅੰਡਰ-19 ਵਿਸ਼ਵ ਕੱਪ ਦਾ ਹਿੱਸਾ ਹੋਵੇਗੀ। ਸਾਕਸ਼ੀ ਸਿਨਹਾ ਨੇ ਕਿਹਾ ਕਿ ਉਹ ਪਟਿਆਲਾ ਜ਼ਿਲ੍ਹੇ ਲਈ 'ਬੇਟੀ ਬਚਾਓ ਅਤੇ ਬੇਟੀ ਪੜ੍ਹਾਓ' ਮੁਹਿੰਮ ਦੀ ਰੋਲ ਮਾਡਲ ਵੀ ਬਣ ਗਈ ਹੈ।



ਇਸ ਮੌਕੇ ਮੰਨਤ ਨੇ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਮਾਨ, ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਡੀਸੀ ਸਾਕਸ਼ੀ ਸਾਹਨੀ ਵੱਲੋਂ ਦਿੱਤੀਆਂ ਸ਼ੁੱਭਕਾਮਨਾਵਾਂ ਲਈ ਧੰਨਵਾਦ ਕੀਤਾ। ਆਫ-ਸਪਿਨਰ ਮੰਨਤ ਕਸ਼ਅਪ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਕ੍ਰਿਕਟ ਦੀ ਸਿਖਲਾਈ ਲੈ ਰਹੀ ਹੈ। ਨੌਂ ਸਾਲਾਂ ਦੀ ਉਮਰ ਵਿਚ ਉਸ ਦੇ ਪਿਤਾ ਨੇ ਉਸ ਨੂੰ ਕ੍ਰਿਕਟ ਖੇਡਣ ਲਾਇਆ ਸੀ, ਪਰ ਕੁੜੀਆਂ ਨੂੰ ਕ੍ਰਿਕਟ ਦੀ ਸਿਖਲਾਈ ਦੇਣ ਵਾਲਾ ਕੋਈ ਨਾ ਮਿਲਣ ਕਾਰਨ ਉਸ ਨੇ ਬਹੁਤਾ ਸਮਾਂ ਲੜਕਿਆਂ ਨਾਲ ਖੇਡ ਕੇ ਹੀ ਕ੍ਰਿਕਟ ਦੀ ਸਿਖਲਾਈ ਲਈ ਹੈ।

## ਸਤੇਂਦਰ ਜੈਨ ਦਾ ਜੇਲ੍ਹ ਤੋਂ ਇਕ ਹੋਰ ਵੀਡੀਓ ਵਾਇਰਲ

**ਨਵੀਂ ਦਿੱਲੀ:** ਜੇਲ੍ਹ ਵਿਚ ਬੰਦ ਦਿੱਲੀ ਦੇ ਮੰਤਰੀ ਅਤੇ 'ਆਪ' ਨੇਤਾ ਸਤੇਂਦਰ ਜੈਨ ਦਾ ਇਕ ਹੋਰ ਵੀਡੀਓ ਸਾਹਮਣੇ ਆਇਆ ਹੈ। ਭਾਜਪਾ ਨੇਤਾ ਹਰੀਸ਼ ਖੁਰਾਣਾ ਨੇ ਟਵਿੱਟਰ 'ਤੇ ਇਹ ਵੀਡੀਓ ਸਾਂਝਾ ਕੀਤਾ ਹੈ। ਇਸ 8ਵੇਂ ਵੀਡੀਓ ਵਿਚ ਜੈਨ ਦੀ ਬੈਰਕ ਦੀ ਸਫਾਈ ਹੋ ਰਹੀ ਹੈ ਤੇ ਬਿਸਤਰੇ ਦੀ ਚਾਦਰ ਬਦਲੀ ਜਾ ਰਹੀ ਹੈ। ਭਾਜਪਾ ਆਗੂ ਨੇ ਲਿਖਿਆ ਹੈ: 'ਕੇਜਰੀਵਾਲ ਕੇ ਲਾਟ ਸਾਹਿਬ ਦੇ ਠਾਠ'। ਭਾਜਪਾ ਦੇ ਬੁਲਾਰੇ ਸ਼ਾਹਜ਼ਾਦ ਪੂਨਾਵਾਲਾ ਨੇ ਵੀ ਜੇਲ੍ਹ ਵਿਚ ਜੈਨ ਨੂੰ ਮਿਲ ਰਹੀਆਂ ਸਹੂਲਤਾਂ 'ਤੇ ਤਨਜ਼ ਕਰਦਿਆਂ ਕਿਹਾ ਕਿ ਕੇਜਰੀਵਾਲ ਨੇ ਜੇਲ੍ਹ ਵਿਚ ਰੂਮ ਸਰਵਿਸ ਅਤੇ 5 ਸਟਾਰ ਸਹੂਲਤਾਂ ਦਿੱਤੀਆਂ ਹਨ; ਤਿਹਾੜ ਅੰਦਰ ਜੈਨ ਦਾ ਦਰਬਾਰ ਹੈ। ਟੀ.ਵੀ. ਦੇਖਣ ਤੋਂ ਲੈ ਕੇ ਮਿਨਰਲ ਵਾਟਰ ਤੱਕ ਸਭ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

# ਪੰਜਾਬ ਸਰਕਾਰ ਵੱਲੋਂ ਫਗਵਾੜਾ ਖੰਡ ਮਿੱਲ ਚਲਾਉਣ ਲਈ ਹਰੀ ਝੰਡੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੋਲਡਨ ਸੰਧਰ ਮਿਲਜ਼, ਫਗਵਾੜਾ ਨੂੰ 20 ਫਰਵਰੀ 2023 ਤੱਕ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਵੱਲੋਂ ਹਰੀ ਝੰਡੀ ਮਿਲਣ ਮਗਰੋਂ ਇਸ ਮਿੱਲ ਨੂੰ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੇ ਇਸ ਖੰਡ ਮਿੱਲ ਨੂੰ ਚਲਾਉਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਸਟੇਟ ਆਫ ਇੰਡੀਆ ਵੱਲੋਂ ਹੋਲਡ ਆਨ ਅਪਰੇਸ਼ਨ ਦੌਰਾਨ ਇਹ ਮਿੱਲ ਨਿਰਧਾਰਤ ਸ਼ਰਤਾਂ 'ਤੇ ਚਲਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਮਿੱਲ ਨਾਲ ਸਬੰਧਤ ਕਿਸਾਨਾਂ ਦੀ ਅਦਾਇਗੀ ਯਕੀਨੀ ਬਣਾਉਣ ਲਈ ਇਕ ਅੰਤਰ ਵਿਭਾਗੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ, ਜਿਸ ਵਿਚ ਐਸ.ਡੀ.ਐਮ. ਫਗਵਾੜਾ, ਪ੍ਰੋਜੈਕਟ ਅਫਸਰ ਜਲੰਧਰ, ਸਹਾਇਕ ਕਮਿਸ਼ਨਰ ਆਬਕਾਰੀ ਕਪੂਰਥਲਾ ਰੇਂਜ, ਡੀ.ਸੀ.ਐਫ.ਏ. ਕਪੂਰਥਲਾ, ਸਹਾਇਕ ਗੰਨਾ ਵਿਕਾਸ ਅਫਸਰ ਸ਼ਹੀਦ ਭਗਤ ਸਿੰਘ ਨਗਰ, ਭਾਰਤੀ ਕਿਸਾਨ ਯੂਨੀਅਨ ਦੋਆਬਾ ਤੋਂ ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਤੋਂ ਕਿਰਪਾਲ ਸਿੰਘ ਮੂਸਾਪੁਰ ਸ਼ਾਮਲ ਹੋਣਗੇ।

ਉਨ੍ਹਾਂ ਦੱਸਿਆ ਕਿ ਇਹ ਕਮੇਟੀ ਗੰਨਾ ਮਿੱਲ ਵਿਚ ਆਉਣ ਵਾਲੇ ਗੰਨੇ, ਸ਼ੂਗਰ ਰਿਕਵਰੀ ਤੇ ਉਤਪਾਦਾਂ ਦੀ ਵਿਕਰੀ 'ਤੇ ਨਿਗਰਾਨੀ ਰੱਖੇਗੀ ਤੇ ਕਿਸਾਨਾਂ ਨੂੰ ਗੰਨੇ ਦੀ ਅਦਾਇਗੀ ਸਬੰਧੀ 15 ਦਿਨਾਂ ਦੀ ਰਿਪੋਰਟ ਕੇਨ ਕਮਿਸ਼ਨਰ ਨੂੰ ਸੌਂਪੇਗੀ। ਕੇਨ ਕਮਿਸ਼ਨਰ ਇਸ ਸਬੰਧੀ ਸੂਬਾ ਸਰਕਾਰ ਨੂੰ ਰਿਪੋਰਟ ਕਰਨਗੇ ਤੇ ਜੇਕਰ ਮਿੱਲ ਸਮੇਂ ਸਿਰ ਅਦਾਇਗੀ ਨਹੀਂ ਕਰਦੀ ਤਾਂ ਲਾਇਸੈਂਸ ਰੱਦ ਕਰ ਕੇ ਗੰਨਾ ਹੋਰਨਾਂ ਮਿੱਲਾਂ ਨੂੰ ਅਲਾਟ ਕਰ ਦਿੱਤਾ ਜਾਵੇਗਾ।

# ਪੰਜਾਬ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਲਈ ਸੌ ਸਕੂਲਾਂ ਦੀ ਸੂਚੀ ਤਿਆਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 'ਸਕੂਲ ਆਫ ਐਮੀਨੈਂਸ' ਬਣਾਏ ਜਾਣ ਦੀ ਪਾਲਸੀ ਨੂੰ ਹਰੀ ਝੰਡੀ ਦੇ ਦਿੱਤੀ ਹੈ ਅਤੇ ਪਹਿਲੇ ਪੜਾਅ 'ਚ 100 ਸਕੂਲ ਆਫ ਐਮੀਨੈਂਸ ਬਣਾਉਣ ਲਈ ਨੀਤੀ ਦਾ ਖਰੜਾ ਤਿਆਰ ਹੋਣ ਲੱਗਾ ਹੈ। ਗੁਜਰਾਤ ਚੋਣਾਂ ਖ਼ਤਮ ਹੋਣ ਮਗਰੋਂ ਦਸੰਬਰ ਦੇ ਦੂਸਰੇ ਹਫਤੇ ਵਿਚ 'ਸਕੂਲ ਆਫ ਐਮੀਨੈਂਸ' ਦਾ ਉਦਘਾਟਨ ਮੁੱਖ ਮੰਤਰੀ ਭਗਵੰਤ ਮਾਨ ਕਰਨਗੇ। ਪਤਾ ਲੱਗਾ ਹੈ ਕਿ ਪੰਜਾਬ ਭਰ ਵਿਚੋਂ 100 ਸਰਕਾਰੀ ਸਕੂਲਾਂ ਦੀ ਸੂਚੀ ਤਿਆਰ ਕਰ ਲਈ ਗਈ ਹੈ, ਜਿਨ੍ਹਾਂ ਨੂੰ 'ਸਕੂਲ ਆਫ ਐਮੀਨੈਂਸ' ਦਾ ਦਰਜਾ ਦਿੱਤਾ ਜਾਣਾ ਹੈ।

ਸਿੱਖਿਆ ਵਿਭਾਗ ਅਗਲੇ ਵਿੱਦਿਅਕ ਵਰ੍ਹੇ ਤੋਂ 'ਸਕੂਲ ਆਫ ਐਮੀਨੈਂਸ' ਸ਼ੁਰੂ ਕਰਨ ਲਈ ਤਿਆਰੀ ਕਰ ਰਿਹਾ ਹੈ। ਵੇਰਵਿਆਂ ਅਨੁਸਾਰ 'ਸਕੂਲ ਆਫ ਐਮੀਨੈਂਸ' ਦੀ ਸੂਚੀ ਵਿਚ ਜ਼ਿਆਦਾ ਗਿਣਤੀ ਸਮਾਰਟ ਸਕੂਲਾਂ ਦੀ ਹੈ, ਜਿਥੇ ਪਹਿਲਾਂ ਹੀ ਬੁਨਿਆਦੀ ਢਾਂਚਾ ਕਾਇਮ ਹੈ। ਸਰਕਾਰ ਨੇ ਹਰ 'ਸਕੂਲ ਆਫ ਐਮੀਨੈਂਸ' ਲਈ ਦੋ ਕਰੋੜ ਦਾ ਬਜਟ ਰੱਖਿਆ ਹੈ। ਇਨ੍ਹਾਂ ਸਕੂਲਾਂ ਵਿਚ ਨੌਵੀਂ ਤੋਂ ਬਾਰ੍ਹਵੀਂ ਕਲਾਸ ਤੱਕ ਦੀ ਪੜ੍ਹਾਈ ਹੋਣੀ ਹੈ।

ਇਨ੍ਹਾਂ ਸਕੂਲਾਂ ਵਿਚ ਹਰ ਤਰ੍ਹਾਂ ਦੀ ਆਧੁਨਿਕ ਬੁਨਿਆਦੀ ਸਹੂਲਤ ਮਿਲੇਗੀ। 'ਸਕੂਲ ਆਫ ਐਮੀਨੈਂਸ' 'ਚ ਇਕ ਨਵਾਂ ਪੇਚ ਵੀ ਫਸ ਸਕਦਾ



ਹੈ ਕਿਉਂਕਿ ਇਨ੍ਹਾਂ ਸਕੂਲਾਂ ਵਿਚ ਛੇਵੀਂ ਤੋਂ ਅੱਠਵੀਂ ਤੱਕ ਦੀਆਂ ਕਲਾਸਾਂ ਨੂੰ ਖ਼ਤਮ ਕੀਤੇ ਜਾਣ ਦੀ ਯੋਜਨਾ ਹੈ। ਜੇ ਇਹ ਅਮਲ ਵਿਚ ਆਉਂਦਾ ਹੈ ਤਾਂ ਪਿੰਡਾਂ ਵਿਚ ਸਰਕਾਰ ਦਾ ਤਿੰਨ ਕਲਾਸਾਂ ਖ਼ਤਮ ਕੀਤੇ ਜਾਣ ਦਾ ਫੈਸਲਾ ਨਵਾਂ ਸਿਆਸੀ ਵਿਵਾਦ ਖੜ੍ਹਾ ਕਰ ਸਕਦਾ ਹੈ ਪਰ ਹਾਲੇ 'ਸਕੂਲ ਆਫ ਐਮੀਨੈਂਸ' ਦੀ ਪਾਲਿਸੀ ਜਨਤਕ ਨਹੀਂ ਹੋਈ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 'ਸਕੂਲ ਆਫ ਐਮੀਨੈਂਸ' ਦੀ ਤਿਆਰੀ ਲਈ ਪੰਜਾਬ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਜਲਦ 'ਸਕੂਲ ਆਫ ਐਮੀਨੈਂਸ' ਸ਼ੁਰੂ ਕਰਨ ਜਾ ਰਹੀ ਹੈ ਤੇ ਦੋ ਹਫਤਿਆਂ ਦੌਰਾਨ ਮੁੱਖ ਮੰਤਰੀ ਇਨ੍ਹਾਂ ਸਕੂਲਾਂ ਦਾ ਨੀਂਹ ਪੱਥਰ ਰੱਖਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਦਾ ਮਿਆਰ ਕੌਮਾਂਤਰੀ ਪੱਧਰ ਦਾ ਹੋਵੇਗਾ ਤੇ ਉਹ ਇਸ ਸਬੰਧੀ ਅਧਿਕਾਰੀਆਂ ਤੇ ਆਰਕੀਟੈਕਟਾਂ ਨਾਲ ਮੀਟਿੰਗਾਂ ਕਰ ਰਹੇ ਹਨ।

# ਰੇਲਗੱਡੀ ਨਾਲ ਟਕਰਾਉਣ ਕਾਰਨ ਤਿੰਨ ਬੱਚਿਆਂ ਦੀ ਮੌਤ

**ਸ੍ਰੀ ਕੀਰਤਪੁਰ ਸਾਹਿਬ:** ਨਜ਼ਦੀਕ ਪੈਂਦੇ ਲੋਹੰਡ ਰੇਲਵੇ ਪੁਲ 'ਤੇ ਸਹਾਰਨਪੁਰ ਤੋਂ ਊਨਾ ਜਾ ਰਹੀ ਰੇਲਗੱਡੀ ਦੀ ਲਪੇਟ ਵਿਚ ਆਉਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ। ਚੌਥੇ ਬੱਚੇ ਨੇ ਪੁਲ ਦੀ ਸਾਈਡ 'ਤੇ ਲਮਕ ਕੇ ਜਾਨ ਬਚਾਈ।

ਜਾਣਕਾਰੀ ਅਨੁਸਾਰ ਮਹਿੰਦਰ (7) ਪੁੱਤਰ ਸਵਰਗਵਾਸੀ ਰਾਮ ਦੁਲਾਰ, ਰੋਹਿਤ (11) ਪੁੱਤਰ ਅਰਜਨ ਮਹਾਤੋ, ਵਿਕੀ (8) ਪੁੱਤਰ ਅਰਜੁਨ ਅਤੇ ਪਵਨ (10) ਪੁੱਤਰ ਬਹਾਰਨ ਰੇਲਵੇ ਲਾਈਨ ਤੋਂ ਪਾਰ ਪਿੰਡ ਕਲਿਆਣਪੁਰ ਵਿਚ ਬੇਰ ਤੋੜ ਕੇ ਖਾਣ ਲਈ ਗਏ ਸਨ। ਜਦੋਂ ਉਹ ਸਵੇਰੇ 11.20 ਵਜੇ ਬੇਰ ਤੋੜ ਕੇ ਲੋਹੰਡ ਰੇਲਵੇ ਪੁਲ ਨਾਲ ਰੇਲਵੇ ਲਾਈਨ ਪਾਰ ਕਰਨ ਲੱਗੇ ਤਾਂ ਭਰਤਗੜ੍ਹ ਵਾਲੇ ਪਾਸੇ ਤੋਂ ਸ੍ਰੀ ਕੀਰਤਪੁਰ ਸਾਹਿਬ ਰੇਲਵੇ ਸਟੇਸ਼ਨ ਵੱਲ ਆ ਰਹੀ ਰੇਲਗੱਡੀ ਨੰਬਰ 04501 ਦੀ



ਲਪੇਟ ਵਿਚ ਆ ਗਏ। ਦੋ ਬੱਚਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਵਿਕੀ ਨੂੰ ਰੇਲਗੱਡੀ ਦਾ ਗਾਰਡ ਅਤੇ ਡਰਾਈਵਰ ਰੇਲਗੱਡੀ ਵਿਚ ਪਾ ਕੇ ਰੇਲਵੇ ਸਟੇਸ਼ਨ ਸ੍ਰੀ ਕੀਰਤਪੁਰ ਸਾਹਿਬ ਲੈ ਗਏ ਜਿੱਥੇ ਉਸ ਨੂੰ 108 ਨੰਬਰ ਐਂਬੂਲੈਂਸ ਰਾਹੀਂ ਇਲਾਜ ਲਈ ਸਿਵਲ ਹਸਪਤਾਲ ਸ੍ਰੀ ਆਨੰਦਪੁਰ ਸਾਹਿਬ ਭੇਜਿਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਨ੍ਹਾਂ ਦਾ ਸਾਥੀ ਪਵਨ ਰੇਲਵੇ ਪੁਲ ਦੀ ਸਾਈਡ ਨੂੰ ਲਮਕ ਗਿਆ ਸੀ ਅਤੇ ਉਸ ਦਾ ਬਚਾਅ ਹੋ ਗਿਆ। ਉਸ ਨੇ ਘਰ ਜਾ ਕੇ ਹਾਦਸੇ ਬਾਰੇ ਜਾਣਕਾਰੀ ਦਿੱਤੀ।

ਪਵਨ ਦੀ ਮਾਤਾ ਸੁਮਨ ਨੇ ਦੱਸਿਆ ਕਿ ਉਹ ਸਾਥੀਆਂ ਨਾਲ ਬੇਰ ਖਾਣ ਲਈ ਸਵੇਰੇ ਘਰੋਂ ਗਿਆ ਸੀ। ਉਸ ਨੇ ਰੇਲਗੱਡੀ ਆਉਂਦੀ ਦੇਖ ਕੇ ਸਾਈਡ 'ਤੇ ਛਾਲ ਮਾਰ ਦਿੱਤੀ ਅਤੇ ਰੇਲਵੇ ਪੁਲ ਦੀ ਸਾਈਡ 'ਤੇ ਲਮਕ ਗਿਆ ਜਿਸ ਕਾਰਨ ਉਸ ਦਾ ਬਚਾਅ ਹੋ ਗਿਆ।


# ਪੰਜਾਬ ਵਿਚ ਛੇ ਮਹੀਨਿਆਂ ਦੌਰਾਨ ਨਸ਼ੇ ਕਾਰਨ 168 ਮੌਤਾਂ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਕਾਰਨ ਰੋਜ਼ਾਨਾ ਮੌਤਾਂ ਹੋ ਰਹੀਆਂ ਹਨ। ਸੂਤਰਾਂ ਅਨੁਸਾਰ ਪੰਜਾਬ ਵਿਚ ਪਿਛਲੇ ਛੇ ਮਹੀਨਿਆਂ ਦੌਰਾਨ 168 ਵਿਅਕਤੀ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਭਾਜਪਾ ਆਗੂ ਤਰੁਣ ਚੁੱਘ ਅਨੁਸਾਰ ਇਹ ਗਿਣਤੀ 150 ਹੈ ਜਦਕਿ ਮਨਜਿੰਦਰ ਸਿੰਘ ਸਿਰਸਾ ਮੁਤਾਬਕ 5 ਮਹੀਨਿਆਂ 'ਚ ਪੰਜਾਬ ਵਿਚ 172 ਮੌਤਾਂ ਹੋਣ ਦਾ ਦਾਅਵਾ ਕੀਤਾ ਗਿਆ ਹੈ। ਨਸ਼ੇ ਤੇ ਹਥਿਆਰ ਮੌਜੂਦਾ ਸਮੇਂ ਵਿਚ ਪੰਜਾਬ ਸਰਕਾਰ ਲਈ ਵੱਡੀ ਚੁਣੌਤੀ ਹਨ। ਹਾਲਾਂਕਿ ਮੌਜੂਦਾ ਸਰਕਾਰ ਨੇ ਨਸ਼ਿਆਂ ਨੂੰ ਠੱਲ੍ਹਣ ਲਈ ਕਈ ਫੈਸਲੇ ਲਏ ਹਨ, ਪਰ ਹਾਲੇ ਵੀ ਪੰਜਾਬ ਇਸ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

# ਰਾਮਦੇਵ ਦੀ ਮਹਿਲਾਵਾਂ ਬਾਰੇ ਟਿੱਪਣੀ ਦਾ ਮਾਮਲਾ ਭਖਿਆ

**ਠਾਣੇ:** ਯੋਗ ਗੁਰੂ ਰਾਮਦੇਵ ਨੇ ਮਹਿਲਾਵਾਂ ਦੇ ਪਹਿਰਾਵੇ ਨੂੰ ਲੈ ਕੇ ਇਤਰਾਜ਼ਯੋਗ ਟਿੱਪਣੀ ਕੀਤੀ ਜਿਸ ਨਾਲ ਸਿਆਸੀ ਤੇ ਸਮਾਜਿਕ ਹਲਕਿਆਂ 'ਚ ਨਾਰਾਜ਼ਗੀ ਪਾਈ ਜਾ ਰਹੀ ਹੈ। ਪਤੰਜਲੀ ਯੋਗ ਪੀਠ ਤੇ ਮੁੰਬਈ ਮਹਿਲਾ ਪਤੰਜਲੀ ਯੋਗ ਸਮਿਤੀ ਵੱਲੋਂ ਕਰਵਾਏ ਗਏ ਯੋਗ ਸਿਖਲਾਈ ਪ੍ਰੋਗਰਾਮ ਦੌਰਾਨ ਰਾਮਦੇਵ (56) ਨੇ ਕਿਹਾ, 'ਔਰਤਾਂ ਸਾੜੀ 'ਚ ਚੰਗੀਆਂ ਲੱਗਦੀਆਂ ਹਨ। ਉਹ ਸੂਟ-ਸਲਵਾਰ 'ਚ ਵੀ ਚੰਗੀਆਂ ਲਗਦੀਆਂ ਹਨ ਅਤੇ ਮੇਰੀ ਨਜ਼ਰ 'ਚ ਉਹ ਉਦੋਂ ਵੀ ਚੰਗੀਆਂ ਲਗਦੀਆਂ ਹਨ ਜੇਕਰ ਉਨ੍ਹਾਂ ਕੁਝ ਵੀ ਨਾ ਪਹਿਨਿਆ ਹੋਵੇ।'

ਰਾਮਦੇਵ ਨੇ ਇਹ ਟਿੱਪਣੀ ਉਸ ਸਮੇਂ ਕੀਤੀ ਜਦੋਂ ਇਕ ਮਹਿਲਾ ਨੇ ਯੋਗ ਤੋਂ ਪਹਿਲਾਂ ਕੱਪੜੇ ਬਦਲਣ ਦਾ ਸਮਾਂ ਨਾ ਮਿਲਣ ਦੀ ਸਮੱਸਿਆ



ਬਾਰੇ ਸਵਾਲ ਕੀਤਾ। ਇਸ ਮੌਕੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਪੁੱਤਰ ਤੇ ਠਾਣੇ ਤੋਂ ਬਾਲਾਸਾਹਿਬਆਂਚੀ ਸ਼ਿਵ ਸੈਨਾ ਦੇ ਸੰਸਦ ਮੈਂਬਰ ਸ੍ਰੀਕਾਂਤ ਸ਼ਿੰਦੇ, ਉਪ ਮੁੱਖ ਮੰਤਰੀ ਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਦੀ ਪਤਨੀ ਤੇ ਗਾਇਕਾ ਅੰਮ੍ਰਿਤਾ ਫੜਨਵੀਸ ਤੇ ਹੋਰ ਅਹਿਮ ਹਸਤੀਆਂ ਹਾਜ਼ਰ ਸਨ।

ਰਾਮਦੇਵ ਨੇ ਉਨ੍ਹਾਂ ਮਹਿਲਾਵਾਂ ਨਾਲ ਗੱਲਬਾਤ ਕੀਤੀ ਜੋ ਆਪਣੇ ਯੋਗ ਦੇ ਕੱਪੜੇ ਤੇ ਸਾੜੀਆਂ ਲੈ ਕੇ ਆਈਆਂ ਸਨ ਤੇ ਸਿਖਲਾਈ ਕੈਂਪ 'ਚ ਸ਼ਾਮਲ ਹੋਈਆਂ ਸਨ। ਕਿਉਂਕਿ ਮੀਟਿੰਗ ਸਿਖਲਾਈ ਕੈਂਪ ਤੋਂ ਤੁਰਤ ਬਾਅਦ ਸ਼ੁਰੂ ਹੋਈ ਇਸ ਲਈ ਕਈ ਮਹਿਲਾਵਾਂ ਨੂੰ ਕੱਪੜੇ ਬਦਲਣ ਦਾ ਸਮਾਂ ਨਹੀਂ ਮਿਲਿਆ ਅਤੇ ਉਨ੍ਹਾਂ ਇਸ ਵਿਚ ਆਪਣੇ ਯੋਗ ਵਾਲੇ ਕੱਪੜੇ ਪਹਿਨ ਕੇ ਹੀ ਹਿੱਸਾ ਲਿਆ। ਇਸ 'ਤੇ ਰਾਮਦੇਵ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਸਾੜੀ ਪਹਿਨਣ ਦਾ ਸਮਾਂ ਨਹੀਂ ਮਿਲਿਆ ਤਾਂ ਕੋਈ ਗੱਲ ਨਹੀਂ। ਉਹ ਘਰ ਜਾ ਜੇ ਸਾੜੀ ਪਹਿਨ ਸਕਦੀਆਂ ਹਨ। ਇਸ ਮਗਰੋਂ ਰਾਮਦੇਵ ਨੇ ਮਹਿਲਾਵਾਂ ਦੇ ਪਹਿਰਾਵੇ ਨੂੰ ਲੈ ਕੇ 'ਭੱਦੀ' ਟਿੱਪਣੀ ਕੀਤੀ।

# ਹਰੀਕੇ ਜਲਗਾਹ 'ਤੇ ਪਰਵਾਸੀ ਪੰਛੀਆਂ ਨੇ ਲਾਈਆਂ ਰੌਣਕਾਂ

**ਹਰੀਕੇ:** ਪੰਜਾਬ ਦੇ ਹਰੀਕੇ ਜਲਗਾਹ ਵਿਚ ਵੱਖ-ਵੱਖ ਦੇਸ਼ਾਂ ਤੋਂ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਗਈ ਹੈ। ਹੁਣ ਤੱਕ 40,000 ਦੇ ਕਰੀਬ ਪਰਵਾਸੀ ਪੰਛੀ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਜਲਗਾਹ ਵਿਚ ਪਹੁੰਚ ਚੁੱਕੇ ਹਨ। ਸਾਇਬੇਰੀਆ, ਮੰਗੋਲੀਆ, ਕਜ਼ਾਕਿਸਤਾਨ, ਉਜ਼ਬੇਕਿਸਤਾਨ, ਰੂਸ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਸਮੇਤ ਵੱਖ-ਵੱਖ ਦੇਸ਼ਾਂ ਤੋਂ 90 ਤੋਂ ਵੱਧ ਪ੍ਰਜਾਤੀਆਂ ਦੇ 90,000 ਤੋਂ ਵੱਧ ਪਰਵਾਸੀ ਪੰਛੀ ਹਰ ਸਾਲ ਸਰਦੀਆਂ ਵਿਚ ਆਪਣੇ ਜੱਦੀ ਸਥਾਨਾਂ ਵਿਚ ਪਾਣੀ ਦੇ ਭੰਡਾਰ ਜੰਮ ਜਾਣ ਤੋਂ ਬਾਅਦ ਹਰੀਕੇ ਪਹੁੰਚਦੇ ਹਨ।

ਤਰਨਤਾਰਨ, ਫਿਰੋਜ਼ਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ 86 ਵਰਗ ਕਿਲੋਮੀਟਰ ਵਿਚ ਫੈਲਿਆ ਹਰੀਕੇ ਜਲਗਾਹ ਸਰਦੀਆਂ ਦੇ ਮੌਸਮ ਵਿਚ ਪਰਵਾਸੀ ਜਲ ਪੰਛੀਆਂ ਦੀਆਂ ਦੁਰਲਭ



ਕਿਸਮਾਂ ਦਾ ਘਰ ਬਣ ਜਾਂਦਾ ਹੈ। ਇਹ ਜਲਗਾਹ ਸਤਲੁਜ ਤੇ ਬਿਆਸ ਦਰਿਆਵਾਂ ਦੇ ਸੰਗਮ ਉਤੇ ਸਥਿਤ ਹੈ। ਪੰਜਾਬ ਦੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀ ਅਨੁਸਾਰ ਹਰੀਕੇ ਵੈਟਲੈਂਡ ਉਤੇ ਹੁਣ ਤੱਕ 40,000 ਦੇ ਕਰੀਬ ਪਰਵਾਸੀ ਪੰਛੀ ਆ ਚੁੱਕੇ ਹਨ। ਅਧਿਕਾਰੀ ਨੇ ਕਿਹਾ ਕਿ ਆਉਣ ਵਾਲੇ ਹਫਤਿਆਂ ਵਿਚ ਪਰਵਾਸੀ ਪੰਛੀਆਂ ਦੀ ਗਿਣਤੀ ਵਧਣ ਦੀ ਉਮੀਦ ਹੈ।

# ਰਾਜਾ ਵੜਿੰਗ ਨੂੰ ਧਮਕੀ ਦੇਣ ਵਾਲੇ ਅੰਮ੍ਰਿਤਪਾਲ ਸਿੰਘ ਮਹਿਰੋਂ ਖਿਲਾਫ ਕੇਸ ਦਰਜ

**ਲੁਧਿਆਣਾ:** ਲੁਧਿਆਣਾ ਪੁਲਿਸ ਨੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਧਮਕੀਆਂ ਦੇਣ ਵਾਲੇ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਨੇੜਲੇ ਸਾਥੀ ਅੰਮ੍ਰਿਤਪਾਲ ਸਿੰਘ ਮਹਿਰੋਂ ਖਿਲਾਫ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਸਮੇਤ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਕਮਿਸ਼ਨਰੇਟ ਪੁਲਿਸ ਨੇ ਏ.ਸੀ.ਪੀ. (ਕ੍ਰਾਈਮ) ਸੁਮਿਤ ਸੂਦ ਦੀ ਸ਼ਿਕਾਇਤ 'ਤੇ ਇਹ ਕੇਸ ਦਰਜ ਕੀਤਾ ਹੈ। ਪੁਲਿਸ ਵੱਲੋਂ ਦਰਜ ਕੀਤੀ ਗਈ ਸ਼ਿਕਾਇਤ ਮੁਤਾਬਕ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾਈ ਸੀ, ਜਿਸ ਵਿਚ ਉਹ 21 ਨਵੰਬਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਇੱਕ ਟਵੀਟ ਦੇ ਵਿਰੋਧ 'ਚ ਆਖ ਰਿਹਾ ਹੈ ਕਿ ਇਹ ਲੋਕ 32 ਬੋਰ, 12 ਬੋਰ ਦੇਖ ਕੇ ਹੀ ਚੀਕਾਂ ਮਾਰਨ ਲੱਗ ਜਾਂਦੇ ਹਨ, ਜੋ ਹਥਿਆਰ ਹਾਲੇ ਸ਼ੋਅ ਹੀ ਨਹੀਂ ਕੀਤੇ ਉਨ੍ਹਾਂ ਨੂੰ ਦੇਖ ਕੇ ਤਾਂ ਇਹ ਲੋਕ ਜ਼ਹਿਰ ਖਾ ਲੈਣਗੇ।

# ਹੁਣ ਮਿਆਦ ਪੁੱਗੇ ਸਾਰੇ ਸਰਕਾਰੀ ਵਾਹਨ ਕਬਾੜ 'ਚ ਜਾਣਗੇ

**ਨਾਗਪੁਰ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਹੈ ਕਿ 15 ਸਾਲ ਦੀ ਮਿਆਦ ਪੂਰੀ ਕਰ ਚੁੱਕੇ ਸਾਰੇ ਸਰਕਾਰੀ ਵਾਹਨਾਂ ਨੂੰ ਕਬਾੜ ਵਿਚ ਭੇਜਿਆ ਜਾਵੇਗਾ। ਇਸ ਸਬੰਧੀ ਨੀਤੀ ਸੂਬਿਆਂ ਨੂੰ ਭੇਜ ਦਿੱਤੀ ਗਈ ਹੈ। ਕੇਂਦਰੀ ਮੰਤਰੀ ਗਡਕਰੀ ਇਥੇ ਸਾਲਾਨਾ 'ਐਗਰੋ-ਵਿਜ਼ਨ' ਖੇਤੀਬਾੜੀ ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ, "ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਵਿਚ ਇਕ ਫਾਈਲ 'ਤੇ ਦਸਤਖ਼ਤ ਕੀਤੇ ਹਨ ਕਿ 15 ਸਾਲ ਦੀ ਮਿਆਦ



ਪੂਰੇ ਕਰ ਚੁੱਕੇ ਸਾਰੇ ਸਰਕਾਰੀ ਵਾਹਨ ਕਬਾੜ ਵਿੱਚ ਭੇਜੇ ਜਾਣਗੇ। ਮੈਂ ਕੇਂਦਰ ਸਰਕਾਰ ਦੀ ਇਹ ਨੀਤੀ ਸਾਰੇ ਸੂਬਿਆਂ ਨੂੰ ਭੇਜ ਦਿੱਤੀ ਹੈ। ਉਨ੍ਹਾਂ ਨੂੰ ਸੂਬਾਈ ਪੱਧਰ 'ਤੇ ਇਹ ਨੀਤੀ ਲਾਗੂ ਕਰਨੀ ਚਾਹੀਦੀ ਹੈ।"

ਗਡਕਰੀ ਨੇ ਕਿਹਾ ਕਿ ਪਾਣੀਪਤ ਵਿਚ ਇੰਡੀਅਨ ਆਇਲ ਦੇ ਦੋ ਪਲਾਂਟ ਲਗਭਗ ਸ਼ੁਰੂ ਹੋ ਗਏ ਹਨ। ਇਨ੍ਹਾਂ ਵਿਚੋਂ ਪਹਿਲਾ ਪਲਾਂਟ ਇਕ ਲੱਖ ਲਿਟਰ ਇਥਾਨੋਲ ਪ੍ਰਤੀ ਦਿਨ ਪੈਦਾ ਕਰੇਗਾ, ਜਦੋਂਕਿ ਦੂਜੇ ਵਿਚ ਪਰਾਲੀ ਦੀ ਵਰਤੋਂ ਕਰ ਕੇ 150 ਟਨ ਲੁੱਕ (ਬਾਇਓ-ਬਿਟੂਮਨ) ਪ੍ਰਤੀ ਦਿਨ ਤਿਆਰ ਕੀਤੀ ਜਾਵੇਗੀ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦੇਸ਼ ਦੇ ਚੌਲ ਉਤਪਾਦਕ ਹਿੱਸਿਆਂ ਵਿਚ ਇਹ ਇਕ ਵੱਡਾ ਬਦਲਾਅ ਹੈ ਕਿਉਂਕਿ ਇੱਥੇ ਪਰਾਲੀ ਸਾੜੀ ਜਾਂਦੀ ਹੈ, ਜਿਸ ਕਾਰਨ ਪ੍ਰਦੂਸ਼ਣ ਪੈਦਾ ਹੁੰਦਾ ਹੈ।

# ਸ਼ਿਕਾਗੋ ਦੇ ਸਿੱਖ ਭਾਈਚਾਰੇ ਨੇ ਥੈਂਕਸਗਿਵਿੰਗ ਮੌਕੇ ਲੋੜਵੰਦਾਂ ਨੂੰ ਭੋਜਨ ਛਕਾਇਆ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਮੈਂਬਰਾਂ ਨੇ ਥੈਂਕਸਗਿਵਿੰਗ ਵਾਲੇ ਦਿਨ ਸਾਲਵੇਸ਼ਨ ਆਰਮੀ (825 ਕ੍ਰਿਸਚੀਆਨਾ ਐਵਨਿਊ, ਸ਼ਿਕਾਗੋ) ਵਿਖੇ ਲੋੜਵੰਦਾਂ ਨੂੰ ਥੈਂਕਸਗਿਵਿੰਗ ਭੋਜਨ ਛਕਾਉਣ ਦੀ ਸੇਵਾ ਨਿਭਾਈ। ਸਾਲਵੇਸ਼ਨ ਆਰਮੀ ਵਿਖੇ ਆਪਣੇ ਪਰਿਵਾਰਾਂ ਲਈ ਭੋਜਨ ਲੈਣ ਵਾਸਤੇ ਪੁੱਜੇ ਲੋਕਾਂ ਲਈ ਭੋਜਨ ਪੈਕ ਕੀਤਾ ਗਿਆ ਅਤੇ ਪਰਿਵਾਰਾਂ ਨੂੰ ਸੌਂਪਿਆ ਗਿਆ। ਸਿੱਖ ਰਿਲੀਜੀਅਸ ਸੋਸਾਇਟੀ ਦੇ ਸਥਾਨਕ ਮੈਂਬਰ ਅਤੇ ਸ਼ਿਕਾਗੋਲੈਂਡ ਦੇ ਸਿੱਖ 1992 ਤੋਂ ਇਹ ਸੇਵਾ ਕਰ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਸਾਲਵੇਸ਼ਨ ਆਰਮੀ ਨੇ ਕੋਵਿਡ 19 ਮਹਾਂਮਾਰੀ ਤੋਂ ਬਾਅਦ ਬੈਠ ਕੇ ਖਾਣ ਦਾ ਪ੍ਰਬੰਧ ਕੀਤਾ ਸੀ। ਸਾਰੇ ਧਰਮਾਂ ਦੇ ਲੋਕ ਥੈਂਕਸਗਿਵਿੰਗ ਲਈ ਰਵਾਇਤੀ ਭੋਜਨ ਪਰੋਸਣ ਲਈ ਪੈਸੇ ਅਤੇ ਵਾਲੰਟੀਅਰਾਂ ਦਾ ਯੋਗਦਾਨ ਪਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਸਿੱਖਿਆ ਅਨੁਸਾਰ ਇਹ ਇੱਕ ਸਨਮਾਨ ਭਰਪੂਰ ਕਾਰਜ ਹੈ ਅਤੇ ਲੋੜਵੰਦਾਂ ਨੂੰ ਭੋਜਨ ਦੀ ਸੇਵਾ ਕਰਨਾ ਨਿੱਜੀ ਸੰਤੁਸ਼ਟੀ ਦਿੰਦਾ ਹੈ

ਸਾਲਵੇਸ਼ਨ ਆਰਮੀ ਵਲੋਂ ਲੋੜਵੰਦਾਂ ਲਈ ਟਰਕੀ, ਮੈਸ਼ ਪੋਟੈਟੋ, ਬੀਨਜ਼, ਸਵੀਟ ਪੋਟੈਟੋਜ਼, ਬਰੈੱਡ ਰੋਲ ਅਤੇ ਪੰਪਕਿਨ ਪਾਈ ਆਦਿ ਦਾ ਪ੍ਰਬੰਧ ਕੀਤਾ ਗਿਆ ਸੀ। ਸਿੱਖ ਭਾਈਚਾਰੇ ਦੇ ਮੈਂਬਰਾਂ ਅਤੇ ਪਰਿਵਾਰਕ ਦੋਸਤਾਂ ਵੱਲੋਂ ਸਾਲਵੇਸ਼ਨ ਆਰਮੀ ਨੂੰ ਡੱਬਾਬੰਦ ਭੋਜਨ ਨਾਲ ਭਰੀ ਇੱਕ ਕਾਰਗੋ ਵੈਨ ਦਾਨ ਕੀਤੀ ਗਈ। ਸਿੱਖ ਭਾਈਚਾਰੇ ਦੇ ਮੈਂਬਰਾਂ ਨੇ 1400.00 ਡਾਲਰ ਇਕੱਠੇ ਕੀਤੇ ਅਤੇ ਇਸ ਨੂੰ ਸਾਲਵੇਸ਼ਨ ਆਰਮੀ ਦੇ ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਨੂੰ ਸੌਂਪ ਦਿੱਤਾ।



*ਸਾਲਵੇਸ਼ਨ ਆਰਮੀ ਦੇ ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਨੂੰ ਇਕੱਤਰ ਕੀਤੀ ਰਾਸ਼ੀ ਦਾ ਚੈੱਕ ਸੌਂਪਦੇ ਹੋਏ ਸਿੱਖ ਭਾਈਚਾਰੇ ਦੇ ਮੈਂਬਰ।*


*ਸਾਲਵੇਸ਼ਨ ਆਰਮੀ ਫਰੀਡਮ ਸੈਂਟਰ ਹਮਬੋਲਡਟ ਪਾਰਕ ਵਿਖੇ ਵਾਲੰਟੀਅਰ ਸਰਨ ਸਿੰਘ (16) ਤੇ ਹੋਰ ਥੈਂਕਸਗਿਵਿੰਗ ਲੰਚ ਲਈ ਪਲੇਟਾਂ ਤਿਆਰ ਕਰਦੇ ਹੋਏ।*

ਸਾਲਵੇਸ਼ਨ ਆਰਮੀ ਨੇ ਭੋਜਨ ਅਤੇ ਨਕਦ ਯੋਗਦਾਨ ਲਈ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

ਸਰਵਣ ਸਿੰਘ ਬੋਲੀਨਾ ਨੇ ਕਿਹਾ, 'ਸਿੱਖ ਭਾਈਚਾਰੇ ਦੇ ਮੈਂਬਰ ਹੋਣ ਦੇ ਨਾਤੇ, ਸਾਨੂੰ ਸ. ਏ.ਡੀ. ਸਿੰਘ ਚਾਵਲਾ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ 'ਤੇ ਸਿੱਖ ਭਾਈਚਾਰੇ ਦੀ ਤਰਫੋਂ ਥੈਂਕਸਗਿਵਿੰਗ ਅਤੇ ਕ੍ਰਿਸਮਸ ਦੇ ਮੌਕੇ ਭੋਜਨ ਅਤੇ ਹੋਰ ਵਸਤੂਆਂ ਦਾਨ ਕਰਨ ਦੀ ਉਦਾਰਤਾ ਲਈ ਬਹੁਤ ਮਾਣ ਹੈ। ਵਾਹਿਗੁਰੂ ਇਨ੍ਹਾਂ ਸਾਰਿਆਂ ਨੂੰ ਆਪਣੀ ਮਿਹਨਤ ਦੀ ਕਮਾਈ ਅਤੇ ਸਾਲਵੇਸ਼ਨ ਆਰਮੀ ਲਈ ਸੇਵਾ ਸਮਾਂ ਦਾਨ ਕਰਨ ਲਈ ਅਸੀਸ ਦੇਵੇ। ਸਿੱਖ ਰਿਲੀਜੀਅਸ ਸੋਸਾਇਟੀ ਦੀ ਤਰਫੋਂ ਅਸੀਂ ਸਿੱਖਾਂ ਦੇ ਹਰੇਕ ਮੈਂਬਰ ਅਤੇ ਹੋਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨੇਕ ਕੰਮ ਲਈ ਆਪਣਾ ਸਮਾਂ ਅਤੇ ਮਿਹਨਤ ਦੀ ਕਮਾਈ ਦਾ ਯੋਗਦਾਨ ਪਾਇਆ। ਮੈਨੂੰ ਉਮੀਦ ਹੈ ਕਿ ਇਹ ਮੈਂਬਰ ਆਉਣ ਵਾਲੇ ਸਾਲਾਂ ਵਿਚ ਵੀ ਆਪਣੀ ਸੇਵਾ ਜਾਰੀ ਰੱਖਣਗੇ।'

# ਪੀ.ਸੀ.ਐਸ. ਨੇ 88 ਵੀਂ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਵਿਚ ਹਿੱਸਾ ਲਿਆ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਨੇ ਲੰਘੀ 24 ਨਵੰਬਰ ਨੂੰ ਇੱਥੇ ਡਾਊਨਟਾਊਨ ਵਿਚਲੀ ਮਹਾਨ ਸਟੇਟ ਸਟਰੀਟ 'ਤੇ ਹੋਈ 88 ਵੀਂ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਵਿਚ ਹਿੱਸਾ ਲਿਆ।

ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਨੂੰ ਦੇਸ਼ ਦੀ ਦੂਜੀ ਸਭ ਤੋਂ ਵਧੀਆ ਪਰੇਡ ਅਤੇ ਸ਼ਹਿਰ ਦਾ ਪ੍ਰਮੁੱਖ ਛੁੱਟੀਆਂ ਵਾਲਾ ਸਮਾਗਮ ਮੰਨਿਆ ਜਾਂਦਾ ਹੈ। ਕਈ ਹਜ਼ਾਰ ਦਰਸ਼ਕਾਂ ਨੇ ਵਿਅਕਤੀਗਤ ਤੌਰ 'ਤੇ ਪਰੇਡ ਨੂੰ ਦੇਖਿਆ ਅਤੇ ਲੱਖਾਂ ਹੋਰਾਂ ਨੇ ਇਸ ਨੂੰ ਟੀਵੀ 'ਤੇ ਦੇਖਿਆ। ਬਹੁਤ ਹੀ ਸੋਹਣੇ ਢੰਗ ਨਾਲ ਸਜਾਏ ਗਏ ਪੀਸੀਐਸ ਫਲੋਟ ਨੂੰ ਦੁਨੀਆ ਭਰ ਦੇ ਕਿਸਾਨਾਂ ਦਾ ਧੰਨਵਾਦ ਕਰਨ ਲਈ ਸਮਰਪਿਤ ਕੀਤਾ ਗਿਆ ਸੀ। ਫਲੋਟ ਨੂੰ ਇੱਕ ਟਰੈਕਟਰ ਸਮੇਤ ਖੇਤੀਬਾੜੀ ਫਾਰਮ ਦੇ ਇੱਕ ਪੈਚ ਅਤੇ ਖੇਤੀ ਸੰਦਾਂ ਦੇ ਨਾਲ-ਨਾਲ ਖੇਤੀ ਕਾਨੂੰਨ ਦੇ ਰੂਪ ਵਿਚ ਸਜਾਇਆ ਗਿਆ ਸੀ।

ਪੰਜਾਬੀਆਂ ਦੇ ਭੰਗੜੇ ਤੇ ਸੰਗੀਤ ਨੇ ਸ਼ਹਿਰ ਦੇ ਬਲਾਕ ਨੂੰ ਭਰ ਦਿੱਤਾ, ਅਤੇ ਲਾਈਵ ਪੰਜਾਬੀ ਢੋਲ ਬੀਟ ਸੰਗੀਤ ਨੇ ਵਾਕਿੰਗ ਯੂਨਿਟ ਦੀ ਅਗਵਾਈ ਕਰਦਿਆਂ ਸਟੇਟ ਸਟ੍ਰੀਟ 'ਤੇ ਫ੍ਰੀ-ਸਟਾਇਲ ਸਟ੍ਰੀਟ ਭੰਗੜਾ ਡਾਂਸ ਕੀਤਾ, ਦਰਸ਼ਕਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦਾ ਮਨੋਰੰਜਨ ਕੀਤਾ। ਦਰਸ਼ਕਾਂ ਨੇ ਤਾੜੀਆਂ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਇਸ ਸਾਲ, ਲਗਭਗ 100 ਪਰੇਡ ਯੂਨਿਟਾਂ ਨੇ ਪਰੇਡ ਵਿਚ ਭਾਗ ਲਿਆ, ਜਿਸ ਵਿਚ 16 ਹਾਈ ਸਕੂਲਾਂ ਅਤੇ ਯੂਨੀਵਰਸਿਟੀਆਂ ਦੇ ਚੋਟੀ ਦੇ ਮਾਰਚਿੰਗ ਬੈਂਡ, 29 ਬਹੁ-ਸੱਭਿਆਚਾਰਕ ਸਮੂਹ ਸ਼ਾਮਲ ਸਨ, ਜਿਸ ਵਿਚ ਪੰਜਾਬੀ ਕਲਚਰਲ ਸੋਸਾਇਟੀ ਸ਼ਿਕਾਗੋ ਵੀ ਸ਼ਾਮਲ ਸੀ। ਮੌਸਮ ਵਧੀਆ ਹੋਣ ਕਾਰਨ ਕੋਵਿਡ-19 ਤੋਂ ਬਾਅਦ ਵੱਡੀ ਭੀੜ ਇਸ ਪਰੇਡ ਵਿਚ ਸ਼ਾਮਲ ਹੋਈ ਅਤੇ ਸਾਰੇ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਅਭਿਨੇਤਾ ਜੇਨ ਲਿਲੀ ਅਤੇ ਜੇਸੀ ਹਚ ਨੇ ਪਰੇਡ ਦੀ ਸਹਿ-ਮੇਜ਼ਬਾਨੀ ਕੀਤੀ। ਪਰੇਡ ਨੇ ਸ਼ਿਕਾਗੋ ਦੀ ਸਟੇਟ ਸਟ੍ਰੀਟ ਤੋਂ ਰੈਂਡੋਲਫ ਸਟਰੀਟ ਤੱਕ ਦੀ ਯਾਤਰਾ ਕੀਤੀ, ਜਿਸ ਵਿਚ ਤਿਉਹਾਰਾਂ ਦੇ ਫਲੋਟਸ, ਅੱਖਾਂ ਨੂੰ ਖਿੱਚਣ ਵਾਲੇ ਮੰਚ ਪ੍ਰਦਰਸ਼ਨ, ਸੱਭਿਆਚਾਰਕ ਪ੍ਰਦਰਸ਼ਨ, ਡਾਂਸ ਆਦਿ ਸ਼ਾਮਲ ਸਨ।

ਪੀ.ਸੀ.ਐਸ. ਸਲਾਹਕਾਰ ਬੋਰਡ ਦੇ ਬਲਵਿੰਦਰ ਸਿੰਘ ਗਿਰਨ ਨੇ ਦੱਸਿਆ ਕਿ ਪੀ.ਸੀ.ਐਸ. 2005 ਤੋਂ ਇਸ ਪਰੇਡ ਵਿਚ ਹਿੱਸਾ ਲੈ ਰਿਹਾ ਹੈ। ਇਹ ਸਾਡੇ ਭਾਈਚਾਰੇ ਬਾਰੇ ਹੋਰਨਾਂ ਭਈਚਾਰਿਆਂ ਦੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦਾ ਹੈ, ਅਤੇ ਇਹ ਅਮਰੀਕੀ ਲੋਕਾਂ ਨਾਲ ਇੱਕਮੁੱਠਤਾ ਵਿੱਚ ਅਮਰੀਕੀ ਤਿਉਹਾਰ ਮਨਾਉਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪਰੇਡ ਵਿਚ ਪੀ.ਸੀ.ਐਸ ਦੇ ਰਜਿੰਦਰ ਮਾਗੋ, ਜਿਗਰਦੀਪ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸਿੱਧੂ, ਬਿਕਰਮ ਸਿੰਘ ਸੋਹੀ, ਗੁਰਲਾਲ ਸਿੰਘ ਭੱਠਲ, ਵਿੱਕ ਸਿੰਘ, ਅਤੇ ਕਈ ਵਲੰਟੀਅਰਾਂ ਸ਼ਾਮਲ ਹੋਏ।














# ਪੰਜਾਬ ਦੇ ਵਜ਼ੀਰ ਵੀ 'ਕਿਫਾਇਤੀ ਮੁਹਿੰਮ' ਦੇ ਲਪੇਟੇ ਵਿਚ ਆਏ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਵਜ਼ੀਰਾਂ ਨੂੰ ਹੁਕਮ ਦਿੱਤਾ ਹੈ ਕਿ ਜਦੋਂ ਵੀ ਫੀਲਡ ਵਿਚ ਜਾਣ ਤਾਂ ਉਹ ਸਰਕਟ ਹਾਊਸਾਂ ਜਾਂ ਸਰਕਾਰੀ ਗੈਸਟ ਹਾਊਸਾਂ 'ਚ ਠਹਿਰਨ। ਕੈਬਨਿਟ ਵਜ਼ੀਰਾਂ ਨੂੰ ਪੰਜ ਤਾਰਾ ਹੋਟਲਾਂ 'ਚ ਠਹਿਰਨ ਤੋਂ ਗੁਰੇਜ਼ ਕਰਨ ਵਾਸਤੇ ਆਖਿਆ ਹੈ।

ਆਉਂਦੇ ਦਿਨਾਂ ਵਿਚ ਮੁੱਖ ਮੰਤਰੀ ਦਫਤਰ ਵੱਲੋਂ ਲਿਖਤੀ ਹੁਕਮ ਵੀ ਜਾਰੀ ਕੀਤੇ ਜਾਣੇ ਹਨ। ਮੁੱਖ ਮੰਤਰੀ ਦਫਤਰ ਨੇ ਸਾਰੇ ਸਰਕਟ ਹਾਊਸਾਂ ਤੇ ਸਰਕਾਰੀ ਗੈਸਟ ਹਾਊਸਾਂ ਨੂੰ ਸੁਰਜੀਤ ਕਰਨ ਦੀ ਵਿਉਂਤਬੰਦੀ ਕੀਤੀ ਹੈ। ਸਾਰੇ ਵਿਭਾਗਾਂ ਤੋਂ ਰੈਸਟ ਹਾਊਸਾਂ ਦੇ ਵੇਰਵੇ ਹਾਸਲ ਕੀਤੇ ਗਏ ਹਨ। ਖੰਡਰ ਬਣ ਰਹੇ ਰੈਸਟ ਹਾਊਸਾਂ ਦੀ ਮੁਰੰਮਤ ਕੀਤੀ ਜਾਣੀ ਹੈ। ਕੈਬਨਿਟ ਵਜ਼ੀਰਾਂ ਅਤੇ ਵਿਧਾਇਕਾਂ ਨੂੰ ਸਰਕਾਰੀ ਕੰਮਕਾਰ ਸਰਕਟ ਹਾਊਸਾਂ 'ਚੋਂ ਕਰਨ ਵਾਸਤੇ ਕਿਹਾ ਗਿਆ ਹੈ।

ਨਵੀਂ ਯੋਜਨਾਬੰਦੀ ਵਿਚ ਰੈਸਟ ਹਾਊਸਾਂ ਨੂੰ ਆਮ ਲੋਕਾਂ ਲਈ ਵੀ ਖੋਲ੍ਹਿਆ ਜਾਣਾ ਹੈ ਤਾਂ ਜੋ ਉਹ ਵੀ ਬੁਕਿੰਗ ਕਰਾ ਸਕਣ। ਸੂਤਰਾਂ ਅਨੁਸਾਰ ਕੈਬਨਿਟ ਮੰਤਰੀਆਂ ਨੂੰ ਸਰਕਟ ਹਾਊਸਾਂ ਦਾ ਗੇੜਾ ਰੱਖਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਵੀ 20 ਅਕਤੂਬਰ ਨੂੰ ਪਟਿਆਲਾ ਦੇ ਸਰਕਟ ਹਾਊਸ ਦਾ ਦੌਰਾ ਕੀਤਾ ਸੀ। ਪੰਜਾਬ ਵਿਚ ਸੱਤ ਸਰਕਟ ਹਾਊਸ ਹਨ ਜਦਕਿ ਰੈਸਟ ਹਾਊਸਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਨਹਿਰ ਮਹਿਕਮੇ ਵੱਲੋਂ ਇਕੱਠੇ ਕੀਤੇ ਵੇਰਵਿਆਂ ਅਨੁਸਾਰ ਪੰਜਾਬ ਵਿਚ 227 ਰੈਸਟ ਹਾਊਸ ਹਨ ਜੋ ਵਰ੍ਹਿਆਂ ਪੁਰਾਣੇ ਬਣੇ ਹੋਏ ਹਨ।



ਇਨ੍ਹਾਂ 'ਚੋਂ 24 ਰੈਸਟ ਹਾਊਸ ਤਾਂ ਕੌਮੀ ਸੜਕ ਮਾਰਗਾਂ ਜਾਂ ਸਟੇਟ ਹਾਈਵੇਅ 'ਤੇ ਬਣੇ ਹੋਏ ਹਨ। 1997-98 ਵਿਚ ਤਤਕਾਲੀ ਸਰਕਾਰ ਨੇ ਕਰੀਬ 14 ਨਹਿਰੀ ਆਰਾਮ ਘਰ ਨਿਲਾਮ ਵੀ ਕਰ ਦਿੱਤੇ ਸਨ। ਬਹੁਤੇ ਨਹਿਰੀ ਆਰਾਮ ਘਰ ਖੰਡਰ ਹੋ ਚੁੱਕੇ ਹਨ। ਸੂਤਰ ਦੱਸਦੇ ਹਨ ਕਿ ਸਰਕਾਰ ਇਨ੍ਹਾਂ ਆਰਾਮ ਘਰਾਂ ਦੀ ਮੁਰੰਮਤ ਕਰਾਉਣ ਦੀ ਯੋਜਨਾ ਬਣਾ ਰਹੀ ਹੈ। ਜੰਗਲਾਤ ਵਿਭਾਗ ਦੇ ਕਾਫੀ ਰੈਸਟ ਹਾਊਸ ਚਾਲੂ ਹਾਲਤ 'ਚ ਹਨ। ਲੋਕ ਨਿਰਮਾਣ ਵਿਭਾਗ ਦੇ 25 ਸਰਕਟ ਹਾਊਸ/ਗੈੱਸਟ ਹਾਊਸ ਮੌਜੂਦ ਹਨ ਜਿਨ੍ਹਾਂ 'ਚੋਂ ਕੁਝ ਕੁ ਪੁਲਿਸ ਦੇ ਕਬਜ਼ੇ ਹੇਠ ਹਨ। ਬਠਿੰਡਾ ਵਿਚਲੇ ਗੈਸਟ ਹਾਊਸ ਪੁਲਿਸ ਅਫਸਰਾਂ ਦੇ ਕਬਜ਼ੇ ਹੇਠ ਹਨ। ਪੰਜਾਬ ਮੰਡੀ ਬੋਰਡ ਦੇ ਪੁਰਾਣੇ ਕਿਸਾਨ ਆਰਾਮ ਘਰ ਬਣੇ ਹੋਏ ਹਨ ਜਿਨ੍ਹਾਂ ਵਿਚ ਹੁਣ ਪੁਲਿਸ ਅਫਸਰਾਂ ਦੇ ਦਫਤਰ ਵੀ ਚੱਲ ਰਹੇ ਹਨ। ਇਸੇ ਤਰ੍ਹਾਂ ਪਾਵਰਕੌਮ ਦੇ ਕਈ ਰੈਸਟ ਹਾਊਸ ਸਿਆਸੀ ਆਧਾਰ 'ਤੇ ਬਣੇ ਹੋਣ ਕਰਕੇ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਆ ਰਹੇ। ਪਿੰਡ ਬਾਦਲ ਵਿਚ 1997-98 ਵਿਚ ਪਾਵਰਕੌਮ ਦਾ ਬਹੁ-ਮੰਜ਼ਿਲਾ ਰੈਸਟ ਹਾਊਸ ਬਣਿਆ ਸੀ ਜਿਸ ਦੇ ਨਿਰਮਾਣ 'ਤੇ ਹੁਣ ਤੱਕ ਕਰੀਬ ਦੋ ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਇਸ ਰੈਸਟ ਹਾਊਸ ਵਿਚ ਠਹਿਰਨ ਵਾਲੇ ਮਹਿਮਾਨਾਂ ਦੀ ਗਿਣਤੀ ਸਿਫਰ ਵਰਗੀ ਹੈ। ਬਠਿੰਡਾ ਵਿਚ ਪਾਵਰਕੌਮ ਦੇ ਪਹਿਲਾਂ ਹੀ ਗੈੱਸਟ ਹਾਊਸ ਮੌਜੂਦ ਸੀ ਜਿਸ ਦੇ ਨੇੜੇ ਹੀ ਝੀਲਾਂ 'ਤੇ 7 ਕਰੋੜ ਰੁਪਏ ਰੈਨੋਵੇਸ਼ਨ 'ਤੇ ਖਰਚ ਕਰਕੇ ਲੇਕਵਿਊ ਗੈਸਟ ਹਾਊਸ ਬਣਾਇਆ ਗਿਆ ਹੈ। ਲਹਿਰਾ ਮੁਹੱਬਤ ਤਾਪ ਬਿਜਲੀ ਘਰ 'ਚ ਗੈਸਟ ਹਾਊਸ ਸੀ ਅਤੇ ਇਸ ਦੇ ਨੇੜੇ ਭਗਤਾ ਭਾਈਕਾ 'ਚ ਪਾਵਰਕੌਮ ਨੇ ਗੈੱਸਟ ਹਾਊਸ ਦਿੱਤਾ।

## ਲਾਰੈਂਸ ਬਿਸ਼ਨੋਈ ਗਰੋਹ ਦੇ ਚਾਰ ਮੈਂਬਰ ਗ੍ਰਿਫਤਾਰ



**ਰੂਪਨਗਰ:** ਪੁਲਿਸ ਨੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਚਾਰ ਗੈਂਗਸਟਰਾਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਦੋਂ ਕਿ ਇਨ੍ਹਾਂ ਦਾ ਇਕ ਸਾਥੀ ਫਰਾਰ ਹੋਣ ਵਿਚ ਸਫਲ ਹੋ ਗਿਆ।

ਐਸ.ਐਸ.ਪੀ. ਰੂਪਨਗਰ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ 26 ਨਵੰਬਰ ਨੂੰ ਐਸ.ਪੀ. (ਡਿਟੈਕਟਿਵ) ਮਨਿੰਦਰਵੀਰ ਸਿੰਘ ਅਤੇ ਡੀ.ਐਸ.ਪੀ. (ਡਿਟੈਕਟਿਵ) ਰੂਪਨਗਰ ਤਲਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਸੀ.ਆਈ.ਏ. ਰੂਪਨਗਰ ਦੇ ਇੰਚਾਰਜ ਇੰਸਪੈਕਟਰ ਸਤਨਾਮ ਸਿੰਘ ਦੀ ਟੀਮ ਵੱਲੋਂ ਕੁਲਦੀਪ ਸਿੰਘ ਕੈਰੀ, ਕੁਲਵਿੰਦਰ ਸਿੰਘ ਟਿੰਕਾ, ਸਤਵੀਰ ਸਿੰਘ ਉਰਫ ਸੰਮੀ ਅਤੇ ਬੇਅੰਤ ਸਿੰਘ ਨੂੰ ਤਿੰਨ ਪਿਸਤੌਲਾਂ, 22 ਕਾਰਤੂਸ, ਇਕ ਕਿਰਪਾਨ ਅਤੇ 12 ਲੋਹੇ ਦੀਆਂ ਰਾਡਾਂ ਸਮੇਤ ਕਾਬੂ ਕੀਤਾ ਗਿਆ ਹੈ।

ਮੁਲਜ਼ਮ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ 'ਚ ਸਨ। ਕੁਲਦੀਪ ਸਿੰਘ ਕੈਰੀ, ਕੁਲਵਿੰਦਰ ਸਿੰਘ ਟਿੰਕਾ ਅਤੇ ਸਤਵੀਰ ਸਿੰਘ ਉਰਫ ਸੰਮੀ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ। ਮੁਲਜ਼ਮ ਇਕ ਵਿਅਕਤੀ ਦੇ ਪੱਟ ਵਿਚ ਗੋਲੀ ਮਾਰ ਕੇ ਫਰਾਰ ਹੋਏ ਸਨ।

## ਹਰਿਆਣਾ ਕਮੇਟੀ ਬਾਰੇ ਸਿੱਖ ਆਗੂਆਂ ਦੀ ਗੁਪਤ ਮੀਟਿੰਗ

**ਪਟਿਆਲਾ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਦੇ ਸਿੱਖ ਆਗੂਆਂ ਦੀ ਪਟਿਆਲਾ 'ਚ ਇਕ ਗੁਪਤ ਮੀਟਿੰਗ ਹੋਈ ਹੈ, ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦਾ ਦਖਲ ਯਕੀਨੀ ਬਣਾਉਣ ਲਈ ਲੋੜੀਂਦੀ ਚਾਰਾਜੋਈ ਕਰਨ 'ਤੇ ਜੋਰ ਦਿੱਤਾ ਗਿਆ।

ਅਕਾਲੀ ਆਗੂ ਪ੍ਰੋਮ ਸਿੰਘ ਚੰਦੂਮਾਜਰਾ ਦੀ ਇਥੇ ਸਥਿਤ ਰਿਹਾਇਸ਼ 'ਤੇ ਹੋਈ ਇਸ ਮੀਟਿੰਗ ਵਿਚ ਪ੍ਰੋ. ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਬਲਵਿੰਦਰ ਸਿੰਘ ਭੂੰਦੜ ਸਮੇਤ ਹਰਿਆਣਾ ਦੇ ਸਿੱਖ ਆਗੂ ਦੀਦਾਰ ਸਿੰਘ ਨਲਵੀ ਤੇ ਜਗਦੀਸ਼ ਸਿੰਘ ਝੀਂਡਾ ਆਦਿ ਨੇ ਹਿੱਸਾ ਲਿਆ। ਦੋਵਾਂ ਪਾਸਿਆਂ ਦੇ ਸਿੱਖ ਆਗੂਆਂ ਵੱਲੋਂ ਇਸ ਕਮੇਟੀ ਦੀ ਸਥਾਪਨਾ ਸ੍ਰੀ ਅਕਾਲ ਤਖਤ ਸਾਹਿਬ ਦੇ ਦਖਲ ਨਾਲ ਹੀ ਕਰਵਾਏ ਜਾਣ 'ਤੇ ਜੋਰ ਦਿੱਤਾ ਗਿਆ।

ਹੁਣ ਹਰਿਆਣਾ ਸਰਕਾਰ ਬਲਜੀਤ ਸਿੰਘ ਦਾਦੂਵਾਲ ਨੂੰ ਕਮੇਟੀ ਦਾ ਪ੍ਰਧਾਨ ਬਣਾਉਣ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕਮੇਟੀ ਦਾ ਸਰਪ੍ਰਸਤ ਬਣਾਉਣਾ ਚਾਹੁੰਦੇ ਹਨ ਪਰ ਸਿੱਖ ਸਫ਼ਾਂ ਵਿਚ ਅਜਿਹੀ ਕਾਰਵਾਈ ਨੂੰ ਹਰਿਆਣਾ ਹਕੂਮਤ, ਖਾਸ ਕਰ ਕੇ ਭਾਜਪਾ ਦੀ ਸਿੱਖ ਮਾਮਲਿਆਂ ਵਿਚ



ਦਖਲਅੰਦਾਜੀ ਮੰਨਿਆ ਜਾ ਰਿਹਾ ਹੈ। ਉਧਰ, ਪਿਛਲੇ ਸਾਲ ਤੋਂ ਨਾਤਾ ਟੁੱਟਿਆ ਹੋਣ ਕਾਰਨ ਹੁਣ ਅਕਾਲੀ ਦਲ ਦਾ ਵੀ ਭਾਜਪਾ 'ਤੇ ਜੋਰ ਨਹੀਂ ਚੱਲ ਰਿਹਾ ਪਰ ਪਟਿਆਲਾ ਵਿਚਲੀ ਮੀਟਿੰਗ 'ਚ ਅਜਿਹੀ ਕਾਰਵਾਈ ਨੂੰ ਰੋਕਣਾ ਲਾਜ਼ਮੀ ਕਰਾਰ ਦਿੱਤਾ ਗਿਆ। ਮੀਟਿੰਗ 'ਚ ਸ਼ਾਮਲ ਰਹੇ ਇਕ ਸਿੱਖ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਇਸ ਮੀਟਿੰਗ ਦੀ ਪੁਸ਼ਟੀ ਕੀਤੀ ਹੈ।

ਉਧਰ, ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਇਕ ਝੰਡੇ ਹੇਠਾਂ ਇਕੱਠਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਹਰਿਆਣਾ ਦੀ ਸੰਗਤ ਬਾਦਲ ਪਰਿਵਾਰ ਤੋਂ ਵੱਖ ਹੋ ਕੇ ਸੂਬੇ ਦੇ ਗੁਰਦੁਆਰਿਆਂ ਦੇ ਪ੍ਰਬੰਧ ਸੁਚੱਜੇ ਵੇਖਣਾ ਚਾਹੁੰਦੀ ਹੈ ਅਤੇ ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਵੱਲੋਂ ਰਾਜ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਕੰਮ ਸ਼ੁਰੂ ਕੀਤੇ ਜਾ ਰਹੇ ਹਨ।

## ਫਰੀਦਕੋਟ ਰਿਆਸਤ ਦੀ ਜਾਇਦਾਦ ਸਰਕਾਰੀ ਕਬਜ਼ੇ 'ਚ ਲੈਣ ਦੀ ਤਿਆਰੀ

**ਫਰੀਦਕੋਟ:** ਫਰੀਦਕੋਟ ਰਿਆਸਤ ਦੀ ਹਜ਼ਾਰਾਂ ਏਕੜ ਵਾਹੀਯੋਗ ਜ਼ਮੀਨ ਪੰਜਾਬ ਸਰਕਾਰ ਆਪਣੇ ਅਧਿਕਾਰ ਖੇਤਰ ਵਿਚ ਲੈ ਸਕਦੀ ਹੈ। ਰਿਆਸਤ ਦੀ ਕਰੀਬ 20 ਹਜ਼ਾਰ ਏਕੜ ਜਮੀਨ ਨੂੰ 'ਸਰਪਲੱਸ' (ਅਧਿਕਾਰ ਹੇਠ ਲੈਣ) ਕਰਨ ਲਈ ਡਿਪਟੀ ਕਮਿਸ਼ਨਰ ਦਫਤਰ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰਿਆਸਤ ਦੀ ਇਹ ਜ਼ਮੀਨ ਹੁਣ ਤੱਕ ਮਹਾਰਾਵਲ ਖੇਵਾ ਜੀ ਟਰੱਸਟ ਦੇ ਅਧਿਕਾਰ ਖੇਤਰ ਵਿਚ ਸੀ ਪਰ ਦੋ ਮਹੀਨੇ ਪਹਿਲਾਂ ਸੁਪਰੀਮ ਕੋਰਟ ਨੇ ਫਰੀਦਕੋਟ ਦੇ ਆਖਰੀ ਰਾਜਾ ਇੰਦਰ ਸਿੰਘ ਦੀ ਵਸੀਅਤ ਨੂੰ ਰੱਦ ਕਰ ਦਿੱਤਾ ਹੈ। ਹੁਣ ਸ਼ਾਹੀ ਖਾਨਦਾਨ ਦੇ ਵਾਰਸਾਂ ਵਿਚ ਜਮੀਨ ਦੀ ਤਕਸੀਮ ਸਬੰਧੀ ਕਾਨੂੰਨੀ ਕਾਰਵਾਈ ਸ਼ੁਰੂ ਹੋ ਗਈ ਹੈ ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਵੀ ਇਸ ਜਮੀਨ ਨੂੰ ਆਪਣੇ ਅਧਿਕਾਰ ਖੇਤਰ ਲੈਣ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਇਸ ਵੇਲੇ ਫਰੀਦਕੋਟ ਰਿਆਸਤ ਦੀ ਪਿੰਡ



ਘੁਗਿਆਣਾ ਵਿਚ 7000 ਏਕੜ ਜ਼ਮੀਨ, ਚਹਿਲ ਪਿੰਡ ਵਿਚ 4000 ਏਕੜ, ਫਰੀਦਕੋਟ ਸ਼ਹਿਰ ਵਿਚ ਕ੍ਰਿਸ਼ਨਾ ਬਾਗ ਤੋਂ ਇਲਾਵਾ ਫਰੀਦਕੋਟ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿਚ 800 ਕਿੱਲੇ ਦੇ ਕਰੀਬ ਬੇਸ਼ੁਮਾਰ ਕੀਮਤੀ ਜ਼ਮੀਨ ਹੈ। ਜੇਕਰ ਇਹ ਜ਼ਮੀਨ ਸਰਕਾਰ ਦੀ ਮਾਲਕੀ ਐਲਾਨੀ ਜਾਂਦੀ ਹੈ ਤਾਂ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਦੀ ਜਾਇਦਾਦ ਮਿਲ ਜਾਵੇਗੀ।

ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਫਰੀਦਕੋਟ ਰਿਆਸਤ ਦੀ ਜ਼ਮੀਨ ਪੰਜਾਬ ਸਰਕਾਰ ਨੂੰ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਜ਼ਾਰਾਂ ਕਰੋੜ ਦੀ ਇਸ ਜਾਇਦਾਦ ਉਪਰ ਭੂ-ਮਾਫੀਆ ਦੀ ਨਜ਼ਰ ਹੈ। ਉਨ੍ਹਾਂ ਕਿਹਾ ਕਿ ਰਾਜਾ ਹਰਿੰਦਰ ਸਿੰਘ ਨੇ ਆਪਣੇ ਜੀਵਨ ਕਾਲ ਵਿਚ 1200 ਏਕੜ ਜ਼ਮੀਨ ਨਵੇਂ ਬੀਜਾਂ ਦੀ ਖੋਜ ਲਈ ਖੇਤੀਬਾੜੀ ਯੂਨੀਵਰਸਿਟੀ ਨੂੰ ਦਿੱਤੀ ਸੀ, ਜਿਸ ਦਾ ਪੰਜਾਬ ਦੀ ਕਿਸਾਨੀ ਨੂੰ ਵੱਡਾ ਲਾਭ ਹੋਇਆ ਹੈ। ਉਨ੍ਹਾਂ ਕਿਹਾ ਕਿ ਰਿਆਸਤ ਦੀ ਜ਼ਮੀਨ ਬਾਰੇ ਉਹ ਪੰਜਾਬ ਸਰਕਾਰ ਨੂੰ ਪਹਿਲਾਂ ਹੀ ਸੂਚਿਤ ਕਰ ਚੁੱਕੇ ਹਨ। ਵਿਧਾਇਕ ਨੇ ਕਿਹਾ ਕਿ ਰਿਆਸਤ ਦੀ ਜ਼ਮੀਨ ਉੱਪਰ ਹਜ਼ਾਰਾਂ ਰੁੱਖ ਹਨ ਅਤੇ ਰੁੱਖਾਂ ਤੇ ਬਾਗਾਂ ਨੂੰ ਕਿਸੇ ਵੀ ਕੀਮਤ 'ਤੇ ਭੂ-ਮਾਫੀਆ ਦੇ ਹੱਥ ਨਹੀਂ ਲੱਗਣ ਦਿੱਤਾ ਜਾਵੇਗਾ।

## ਸਕੂਲਾਂ 'ਚ ਮੁਫਤ ਸੈਨੇਟਰੀ ਪੈਡ ਬਾਰੇ ਅਰਜ਼ੀ 'ਤੇ ਨੋਟਿਸ ਜਾਰੀ ਕੀਤਾ

**ਨਵੀਂ ਦਿੱਲੀ:** ਦੇਸ਼ ਭਰ ਦੇ ਸਰਕਾਰੀ ਸਕੂਲਾਂ 'ਚ 6ਵੀਂ ਤੋਂ 12ਵੀਂ ਕਲਾਸਾਂ 'ਚ ਪੜ੍ਹਦੀਆਂ ਲੜਕੀਆਂ ਲਈ ਮੁਫਤ ਸੈਨੇਟਰੀ ਪੈਡ ਪ੍ਰਦਾਨ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਵਾਲੀ ਜਨਹਿੱਤ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ, ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀ) ਤੋਂ ਜਵਾਬ ਮੰਗੇ ਹਨ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਪੀ.ਐੱਸ ਨਰਸਿਮਹਾ 'ਤੇ ਆਧਾਰਿਤ ਬੈਂਚ ਨੇ ਸਮਾਜਿਕ ਕਾਰਕੁਨ ਜਯਾ ਠਾਕੁਰ (ਮੱਧ ਪ੍ਰਦੇਸ਼ ਆਧਾਰਿਤ ਡਾਕਟਰ) ਦੀ ਅਰਜ਼ੀ ਦਾ ਨੋਟਿਸ ਲੈਂਦਿਆਂ ਇਹ ਨੋਟਿਸ ਜਾਰੀ ਕੀਤੇ ਹਨ। ਬੈਂਚ ਨੇ ਇਸ ਮਾਮਲੇ 'ਚ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦਾ ਸਹਿਯੋਗ ਮੰਗਦਿਆਂ ਕਿਹਾ ਕਿ ਪਟੀਸ਼ਨਰ ਨੇ ਸਰਕਾਰੀ ਅਤੇ ਸਰਕਾਰੀ ਏਡਿਡ ਸਕੂਲਾਂ ਦੀਆਂ ਵਿਦਿਆਰਥਣਾਂ ਦੀ ਸਾਫ-ਸਫਾਈ ਦਾ ਅਹਿਮ ਮੁੱਦਾ ਉਠਾਇਆ ਹੈ।

## ਵਿਦਿਆਰਥੀ ਨੂੰ ਅਤਿਵਾਦੀ ਕਹਿ ਕੇ ਬੁਲਾਉਣ ਵਾਲਾ ਪ੍ਰੋਫੈਸਰ ਮੁਅੱਤਲ

**ਮੰਗਲੂਰੂ (ਕਰਨਾਟਕ):** ਉਡੂਪੀ ਜ਼ਿਲ੍ਹੇ ਦੇ ਮਨੀਪਾਲ ਸਥਿਤ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਵੱਲੋਂ ਮੁਸਲਮਾਨ ਭਾਈਚਾਰੇ ਨਾਲ ਸਬੰਧਿਤ ਇਕ ਵਿਦਿਆਰਥੀ ਨੂੰ ਅਤਿਵਾਦੀ ਕਹਿ ਕੇ ਬੁਲਾਇਆ ਗਿਆ। ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਪ੍ਰੋਫੈਸਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬਾਅਦ ਵਿਚ ਪ੍ਰੋਫੈਸਰ ਨੇ ਮੁਆਫੀ ਮੰਗ ਲਈ, ਜਿਸ ਮਗਰੋਂ ਮਨੀਪਾਲ ਇੰਸਟੀਚਿਊਟ ਆਫ ਟੈਕਨੋਲੋਜੀ (ਐਮ.ਆਈ.ਟੀ.) ਦੇ ਪ੍ਰੋਫੈਸਰ ਤੇ ਵਿਦਿਆਰਥੀ ਦਰਮਿਆਨ ਮਾਮਲਾ ਸੁਲਝਾ ਲਿਆ ਗਿਆ। ਹਾਲਾਂਕਿ, ਟਿੱਪਣੀ ਕਾਰਨ ਪ੍ਰੋਫੈਸਰ ਨਾਲ ਭਿੜਨ ਵਾਲੇ ਵਿਦਿਆਰਥੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਯੂਨੀਵਰਸਿਟੀ ਨੇ ਪ੍ਰੋਫੈਸਰ ਨੂੰ ਮੁਅੱਤਲ ਕਰ ਦਿੱਤਾ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਜ਼ਮੀਨ 'ਚ ਬੇਨੇਮੀਆਂ ਦੀ ਹੋਵੇਗੀ ਜਾਂਚ

**ਚੰਡੀਗੜ੍ਹ:** ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਸਰਕਾਰ 2008 ਵਿਚ ਅੰਮ੍ਰਿਤਸਰ 'ਚ ਕੌਮਾਂਤਰੀ ਸਰਹੱਦ ਨੇੜੇ ਬੀਜ ਫਾਰਮ ਬਣਾਉਣ ਲਈ 32 ਕਰੋੜ ਰੁਪਏ 'ਚ ਜ਼ਮੀਨ ਖਰੀਦਣ ਵਿਚ ਹੋਈ ਕਥਿਤ ਬੇਨੇਮੀਆਂ ਦੀ ਜਾਂਚ ਕਰੇਗੀ। ਮੰਤਰੀ ਨੇ ਕਿਹਾ ਕਿ ਰਾਣੀਆਂ ਪਿੰਡ ਵਿਚ ਸਰਹੱਦ ਕੋਲ 700 ਏਕੜ ਜ਼ਮੀਨ ਖੇਤੀਬਾੜੀ ਵਿਭਾਗ ਵੱਲੋਂ 'ਕਾਫੀ ਜ਼ਿਆਦਾ' ਕੀਮਤ 'ਤੇ ਖਰੀਦੀ ਗਈ ਸੀ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਜਦੋਂ ਸੁੱਚਾ ਸਿੰਘ ਲੰਗਾਹ ਖੇਤੀ ਮੰਤਰੀ ਸਨ ਅਤੇ ਕਾਹਨ ਸਿੰਘ ਪੰਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਡੀ.ਸੀ ਸਨ, ਇਹ ਜ਼ਮੀਨ ਖਰੀਦੀ ਗਈ ਸੀ।

## ਗਣਤੰਤਰ ਦਿਵਸ: ਮਿਸਰ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਹੋਣਗੇ

**ਨਵੀਂ ਦਿੱਲੀ:** ਇਸ ਵਾਰ ਗਣਤੰਤਰ ਦਿਵਸ ਸਮਾਗਮ ਵਿਚ ਮਿਸ਼ਰ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵਿਦੇਸ਼ ਮੰਤਰਾਲੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਗਣਤੰਤਰ ਦਿਵਸ 2023 ਮੌਕੇ ਮਿਸ਼ਰ ਦੇ ਰਾਸ਼ਟਰਪਤੀ ਅਬਦੇਲ ਫਤਹਿ-ਅਲ-ਸਿਸੀ ਮੁੱਖ ਮਹਿਮਾਨ ਹੋਣਗੇ।



ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ 16 ਅਕਤੂਬਰ ਨੂੰ ਵਿਦੇਸ਼ੀ ਮਹਿਮਾਨ ਵਜੋਂ ਸਮਾਗਮ ਵਿਚ ਸ਼ਿਰਕਤ ਕਰਨ ਦੇ ਲਈ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਰਾਹੀਂ ਉਨ੍ਹਾਂ ਨੂੰ ਰਸਮੀ ਸੱਦਾ ਦਿੱਤਾ ਗਿਆ। ਇਹ ਪਹਿਲਾ ਮੌਕਾ ਹੈ ਜਦੋਂ ਮਿਸ਼ਰ ਦੇ ਰਾਸ਼ਟਰਪਤੀ ਭਾਰਤ ਵਿਚ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਭਾਰਤ ਅਤੇ ਮਿਸ਼ਰ ਦਰਮਿਆਨ ਬੜੇ ਡੂੰਘੇ ਸਬੰਧ ਹਨ। ਦੋਵੇਂ ਹੀ ਦੇਸ ਇਸ ਸਾਲ ਆਪਣੇ ਸਫ਼ਾਰਤੀ ਸਬੰਧਾਂ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦੋ ਸਾਲ 2021 ਅਤੇ 2022 ਦੇ ਗਣਤੰਤਰ ਦਿਵਸ ਸਮਾਗਮਾਂ ਵਿਚ ਕਰੋਨਾ ਕਾਰਨ, ਕੋਈ ਵਿਦੇਸ਼ੀ ਮਹਿਮਾਨ ਸ਼ਾਮਲ ਨਹੀਂ ਹੋਇਆ ਸੀ। ਹੁਣ ਦੋ ਸਾਲ ਬਾਅਦ ਕੋਈ ਵਿਦੇਸ਼ੀ ਮਹਿਮਾਨ ਗਣਤੰਤਰ ਦਿਵਸ ਸਮਾਗਮਾਂ ਵਿਚ ਸ਼ਾਮਲ ਹੋਵੇਗਾ।

ਪੰਜਾਬ ਟਾਈਮਜ਼

ਸਨਿਚਰਵਾਰ, 3 ਦਸੰਬਰ 2022

## ਭਗਵੇਂ ਪ੍ਰਚਾਰ-ਤੰਤਰ 'ਤੇ ਸਵਾਲ

ਇਜ਼ਰਾਇਲੀ ਫਿਲਮਸਾਜ਼ ਨਦਵ ਲੈਪਿਡ ਵੱਲੋਂ ਫਿਲਮ 'ਦਿ ਕਸ਼ਮੀਰ ਫਾਈਲਜ਼' ਬਾਰੇ ਕੀਤੀਆਂ ਟਿੱਪਣੀਆਂ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਗੋਆ ਵਿਚ 53ਵੇਂ ਭਾਰਤੀ ਕੌਮਾਂਤਰੀ ਫਿਲਮ ਮੇਲੇ ਦੀ ਜਿਊਰੀ ਦੇ ਮੁਖੀ ਲੈਪਿਡ ਨੇ ਇਸ ਫਿਲਮ ਨੂੰ ਕੂੜ ਪ੍ਰਚਾਰ ਅਤੇ ਬੇਤੁਕੀ ਕਰਾਰ ਦਿੱਤਾ ਅਤੇ ਨਾਲ ਹੀ ਕਿਹਾ ਸੀ ਕਿ ਉਹ ਇਸ ਨੂੰ ਅਜਿਹੇ ਵੱਕਾਰੀ ਫਿਲਮ ਮੇਲੇ ਵਿਚ ਦਿਖਾਉਣ ਤੋਂ ਹੈਰਾਨ ਹਨ ਅਤੇ ਬਹੁਤ ਜ਼ਿਆਦਾ ਪ੍ਰੇਸ਼ਾਨ ਵੀ ਹਨ। ਇਸੇ ਦੌਰਾਨ ਇਜ਼ਰਾਈਲ ਦੇ ਭਾਰਤ ਵਿਚ ਕੌਂਸਲ ਜਨਰਲ ਕੋਬੀ ਸ਼ੋਸ਼ਾਨੀ ਨੇ ਲੈਪਿਡ ਦੇ ਇਸ ਬਿਆਨ ਤੋਂ ਤੁਰੰਤ ਦੂਰੀ ਬਣਾ ਲਈ ਹੈ ਅਤੇ ਕਿਹਾ ਹੈ ਕਿ 'ਦਿ ਕਸ਼ਮੀਰ ਫਾਈਲਜ਼' ਨੂੰ ਲੈ ਕੇ ਚੱਲ ਰਹੀ ਚਰਚਾ ਨਾਲ ਭਾਰਤ ਅਤੇ ਇਜ਼ਰਾਈਲ ਦੇ ਰਿਸ਼ਤਿਆਂ 'ਤੇ ਕੋਈ ਅਸਰ ਨਹੀਂ ਪਵੇਗਾ ਸਗੋਂ ਇਹ ਹੋਰ ਮਜ਼ਬੂਤ ਹੋਣਗੇ। ਇਜ਼ਰਾਈਲ ਦੇ ਭਾਰਤ ਵਿਚਲੇ ਰਾਜਦੂਤ ਨਾਓਰ ਗਿਲੋਨ ਨੇ ਕਿਹਾ ਕਿ ਲੈਪਿਡ ਨੇ ਭਾਰਤ ਵੱਲੋਂ ਦਿੱਤੇ ਗਏ ਸੱਦੇ ਦਾ ਅਪਮਾਨ ਕੀਤਾ ਹੈ ਅਤੇ ਉਹ ਅਜਿਹੇ ਬਿਆਨਾਂ ਦੀ ਨਿਖੇਧੀ ਕਰਦੇ ਹਨ। ਉਧਰ, ਦਿੱਲੀ ਦੇ ਇਕ ਵਕੀਲ ਵਿਨੀਤ ਜਿੰਦਲ ਨੇ ਫਿਲਮ ਖਿਲਾਫ ਟਿੱਪਣੀਆਂ ਲਈ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਸੁਪਰੀਮ ਕੋਰਟ ਵਿਚ ਵਕੀਲ ਵਜੋਂ ਪ੍ਰੈਕਟਿਸ ਕਰਦੇ ਅਤੇ ਸੋਸ਼ਲ ਮੀਡੀਆ ਕਾਰਕੁਨ ਜਿੰਦਲ ਨੇ ਕਿਹਾ ਕਿ ਲੈਪਿਡ ਦਾ ਬਿਆਨ ਜੋੜ-ਤੋੜ ਵਾਲਾ ਹੈ ਅਤੇ ਹਿੰਦੂ ਭਾਈਚਾਰੇ ਪ੍ਰਤੀ ਮਾੜੇ ਇਰਾਦੇ ਨਾਲ ਕੀਤਾ ਗਿਆ ਹੈ। ਯਾਦ ਰਹੇ ਕਿ ਇਸ ਸਾਲ ਮਾਰਚ ਵਿਚ ਰਿਲੀਜ਼ ਹੋਈ ਫਿਲਮ 'ਦਿ ਕਸ਼ਮੀਰ ਫਾਈਲਜ਼' ਨੂੰ ਵਪਾਰਕ ਪੱਧਰ 'ਤੇ ਸਫ਼ਲਤਾ ਹਾਸਿਲ ਹੋਈ ਪਰ ਨਾਲ ਹੀ ਇਹ ਵਿਵਾਦਾਂ ਵਿਚ ਵੀ ਘਿਰੀ ਰਹੀ। ਫਿਲਮ ਦੀ ਕਹਾਣੀ 1990ਵਿਆਂ 'ਚ ਕਸ਼ਮੀਰ ਵਾਦੀ 'ਚੋਂ ਕਸ਼ਮੀਰੀ ਪੰਡਤਾਂ ਦੀ ਹਿਜਰਤ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਦੁਆਲੇ ਘੁੰਮਦੀ ਹੈ। ਉਸ ਸਮੇਂ ਹੋਏ ਘਟਨਾਕ੍ਰਮ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖੋ-ਵੱਖਰੀ ਹੈ। ਇਕ ਪਾਸੇ ਜਿੱਥੇ ਉਸ ਤ੍ਰਾਸਦਿਕ ਸਮੇਂ ਨੂੰ ਦਿਲ ਨੂੰ ਧੂਹ ਪਾਉਣ ਵਾਲੇ ਢੰਗ ਨਾਲ ਪੇਸ਼ ਕੀਤੇ ਜਾਣ ਕਰ ਕੇ ਫਿਲਮ ਦੀ ਪ੍ਰਸ਼ੰਸਾ ਕੀਤੀ ਗਈ, ਦੂਜੇ ਪਾਸੇ ਤੱਥਾਂ ਨੂੰ ਅਣਗੌਲਣ ਤੇ ਫਿਰਕੂ ਭਾਵਨਾਵਾਂ ਨਾਲ ਖਿਲਵਾੜ ਕੀਤੇ ਜਾਣ ਕਾਰਨ ਆਲੋਚਨਾ ਵੀ ਹੋਈ। ਭਾਜਪਾ ਵੱਲੋਂ ਫਿਲਮ ਦਾ ਵੱਡੇ ਪੱਧਰ 'ਤੇ ਸਮਰਥਨ ਕੀਤੇ ਜਾਣ ਨਾਲ ਇਸ ਬਾਰੇ ਬਹਿਸ 'ਤੇ ਸਿਆਸੀ ਅਤੇ ਵੰਡਪਾਊ ਰੰਗ ਚੜ੍ਹ ਗਿਆ।

ਯਾਦ ਰਹੇ ਕਿ ਫਿਲਮ ਬਾਰੇ ਟਿੱਪਣੀ ਕਰਨ ਵਾਲਾ ਲੈਪਿਡ ਇਜ਼ਰਾਇਲੀ ਫ਼ੌਜ ਵਿਚ ਨੌਕਰੀ ਕਰ ਚੁੱਕਾ ਉੱਘਾ ਫਿਲਮਸਾਜ਼ ਹੈ ਜਿਸ ਦੀਆਂ ਨਿਰਦੇਸ਼ਤ ਕੀਤੀਆਂ ਕਈ ਫਿਲਮਾਂ ਨੂੰ ਕੌਮਾਂਤਰੀ ਫਿਲਮ ਮੇਲਿਆਂ ਵਿਚ ਪੁਰਸਕਾਰ ਮਿਲੇ ਹਨ। ਦਰਅਸਲ, ਜਦੋਂ ਕਿਸੇ ਫਿਲਮ ਨੂੰ ਵੱਡੇ ਪੱਧਰ 'ਤੇ ਮਾਨਤਾ ਮਿਲਦੀ ਹੈ ਤਾਂ ਨਾਲ ਹੀ ਉਸ ਦੀ ਤਿੱਖੀ ਆਲੋਚਨਾ ਵੀ ਹੁੰਦੀ ਹੈ। ਲੈਪਿਡ ਦੇ 'ਦਿ ਕਸ਼ਮੀਰ ਫਾਈਲਜ਼' ਬਾਰੇ ਪ੍ਰਗਟਾਏ ਵਿਚਾਰਾਂ ਨੇ ਦੁਖਦੀ ਰਗ ਛੇੜ ਦਿੱਤੀ ਹੈ। ਸੰਵੇਦਨਸ਼ੀਲ ਵਿਸ਼ਾ, ਘਟਨਾਵਾਂ ਨਾਲ ਜੁੜੀਆਂ ਭਾਵਨਾਵਾਂ, ਸਿਆਸਤ ਦਾ ਦਖ਼ਲ, ਇਸ ਮੇਲੇ ਵਿਚ ਮੰਤਰੀਆਂ ਦੀ ਸ਼ਮੂਲੀਅਤ ਆਦਿ ਸਭ ਕੁਝ ਇਸ ਵਿਵਾਦ ਵਿਚ ਸ਼ਾਮਿਲ ਹੈ। ਲੈਪਿਡ ਨੇ ਇਸ ਫਿਲਮ ਨੂੰ ਪ੍ਰਾਪੇਗੰਡੇ ਵਾਲੀ ਅਜਿਹੀ ਬੇਤੁਕੀ ਫਿਲਮ ਕਰਾਰ ਦਿੱਤਾ ਹੈ ਜੋ ਕਿਸੇ ਉੱਘੇ ਫਿਲਮ ਮੇਲੇ 'ਚ ਮੁਕਾਬਲੇ ਲਈ ਸ਼ਾਮਿਲ ਕੀਤੇ ਜਾਣ ਦੇ ਯੋਗ ਨਹੀਂ ਹੈ। ਉਨ੍ਹਾਂ ਦੇ ਇਸ ਨਜ਼ਰੀਏ ਨਾਲ ਕਈ ਵਿਅਕਤੀ ਸਹਿਮਤ ਹੋ ਸਕਦੇ ਹਨ। ਹਾਲਾਂਕਿ ਸਿਨੇਮੈਟਿਕ ਤਕਨੀਕਾਂ ਦੀ ਸੂਖ਼ਮਤਾ ਜਾਂ ਕਲਾਤਮਕ ਪੱਖਾਂ ਬਾਰੇ ਗੱਲ ਤੁਰਨ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਜ਼ਰਾਇਲੀ ਰਾਜਦੂਤ ਦਾ ਕਹਿਣਾ ਹੈ ਕਿ ਕਿਸੇ ਵੀ ਅਜਿਹੇ ਮਸਲੇ ਜਿਸ ਬਾਰੇ ਤੁਸੀਂ ਡੂੰਘਾਈ ਨਾਲ ਨਹੀਂ ਜਾਣਦੇ; ਜੋ ਖੁੱਲ੍ਹੇ ਜ਼ਖ਼ਮ ਵਾਂਗ ਹੈ, ਬਾਰੇ ਗੱਲ ਕਰਨਾ ਅਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਹੈ। ਰਾਜਦੂਤ ਦੀ ਗੱਲ ਸਹੀ ਹੈ ਪਰ ਕੀ ਲੈਪਿਡ ਫਿਲਮ ਦੀ ਪੇਸ਼ਕਾਰੀ ਦੇ ਕਲਾਤਮਕ ਪੱਖਾਂ ਬਾਰੇ ਗੱਲ ਨਹੀਂ ਸੀ ਕਰ ਰਿਹਾ ਜਿਨ੍ਹਾਂ ਬਾਰੇ ਉਸ ਤੋਂ ਰਾਇ ਮੰਗੀ ਗਈ ਸੀ? ਇਹ ਢੁਕਵਾਂ ਜਾਪਦਾ ਹੈ ਕਿ ਫਿਲਮਾਂ ਬਣਾਉਣ ਦੇ ਸੁਹਜ ਤੇ ਕਲਾਤਮਕ ਪੱਖ ਦੇ ਪ੍ਰਸੰਗ ਵਿਚ 'ਦਿ ਕਸ਼ਮੀਰ ਫਾਈਲਜ਼' ਦੀ ਤਿੱਖੀ ਸਮੀਖਿਆ ਪੇਸ਼ ਕੀਤੀ ਜਾਵੇ।

ਮਸਲਾ ਅਸਲ ਵਿਚ ਇਹ ਹੈ ਕਿ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਬਣੀ ਹੈ, ਇਕ ਖਾਸ ਕਿਸਮ ਦੀ ਵਿਚਾਰਧਾਰਾ ਨੂੰ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਸਿਨੇਮਾ ਨਾਲ ਜੁੜੇ ਕਈ ਅਦਾਕਾਰ, ਨਿਰਮਾਤਾ, ਨਿਰਦੇਸ਼ਕ ਅਤੇ ਹੋਰ ਕਾਮੇ ਇਸ ਸਬੰਧ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਖੁੱਲ੍ਹੇਆਮ ਕਰ ਰਹੇ ਹਨ। ਜਦੋਂ ਦਿੱਲੀ ਦੀਆਂ ਬਰੂਹਾਂ ਉਤੇ ਮਿਸਾਲੀ ਕਿਸਾਨ ਅੰਦੋਲਨ ਚੱਲ ਰਿਹਾ ਸੀ ਤਾਂ ਉਘੀ ਫਿਲਮ ਅਦਾਕਾਰਾ ਕੰਗਨਾ ਰਣੌਤ ਨੇ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੀਆਂ ਬੀਬੀਆਂ ਬਾਰੇ ਬੜੀਆਂ ਮਾੜੀਆਂ ਟਿੱਪਣੀਆਂ ਕੀਤੀ ਸਨ। ਉਸ ਦਾ ਕਹਿਣਾ ਸੀ ਕਿ ਔਰਤਾਂ ਪੈਸੇ ਲੈ ਕੇ ਇਸ ਅੰਦੋਲਨ ਵਿਚ ਹਿੱਸਾ ਲੈ ਰਹੀਆਂ ਹਨ। ਉਸ ਦੇ ਇਸ ਬਿਆਨ ਦੀ ਬਹੁਤ ਵੱਡੇ ਪੱਧਰ 'ਤੇ ਨੁਕਤਾਚੀਨੀ ਹੋਈ ਸੀ ਅਤੇ ਸੰਘਰਸ਼ ਲੜ ਰਹੇ ਕਿਸਾਨਾਂ ਨੇ ਵੀ ਉਸ ਦੀ ਤਿੱਖੀ ਆਲੋਚਨਾ ਕੀਤੀ ਸੀ। ਇਕ ਵਾਰ ਤਾਂ ਜਦੋਂ ਕੰਗਨਾ ਰਣੌਤ ਜਦੋਂ ਆਪਣੇ ਜੱਦੀ ਸੂਬੇ ਹਿਮਾਚਲ ਪ੍ਰਦੇਸ਼ ਤੋਂ ਪਰਤ ਰਹੀ ਸੀ ਅਤੇ ਪੰਜਾਬ ਵਿਚੋਂ ਲੰਘਣ ਰਹੀ ਸੀ ਤਾਂ ਕਿਸਾਨਾਂ ਨੇ ਉਸ ਨੂੰ ਰੂਪ ਨਗਰ ਲਾਗੇ ਘੇਰ ਲਿਆ ਸੀ। ਉਦੋਂ ਉਸ ਨੂੰ ਕਿਸਾਨਾਂ ਤੋਂ ਮੁਆਫੀ ਮੰਗ ਕੇ ਖਹਿੜਾ ਛੁਡਾਉਣਾ ਪਿਆ ਸੀ। ਉਸ ਵਕਤ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਲੋਕਾਂ ਨੇ ਅਦਾਕਾਰਾ ਨੂੰ ਘੇਰਨ ਦੇ ਮਾਮਲੇ 'ਤੇ ਕਿਸਾਨਾਂ ਨੂੰ ਬੁਰਾ-ਭਲਾ ਕਿਹਾ ਸੀ। ਹੁਣ ਵੀ ਇਹ ਲੋਕ ਫਿਲਮਸਾਜ਼ਲੈਪਿਡ ਮਗਰ ਪੈ ਗਏ ਹਨ ਅਤੇ ਕੇਂਦਰ ਸਰਕਾਰ ਰਾਹੀਂ ਉਸ ਉਤੇ ਦਬਾਅ ਪਾਇਆ ਜਾ ਰਿਹਾ ਹੈ ਪਰ ਲੈਪਿਡ ਨੇ ਸਾਬਤ ਕਰ ਦਿੱਤਾ ਹੈ ਕਿ ਜ਼ਿਆਦਤੀਆਂ ਖਿਲਾਫ ਆਵਾਜ਼ ਨਿਰਭੈ ਹੋ ਕੇ ਬੁਲੰਦ ਕੀਤੀ ਜਾ ਸਕਦੀ ਹੈ ਅਤੇ ਜ਼ਾਲਮ ਹਾਕਮ ਨੂੰ ਵੰਗਾਰਿਆ ਜਾ ਸਕਦਾ ਹੈ। ਇਤਿਹਾਸਕ ਕਿਸਾਨ ਅੰਦੋਲਨ ਨੇ ਵੀ ਇਹੀ ਪ੍ਰੇਰਨਾ ਦਿੱਤੀ ਸੀ। ਅਜਿਹੇ ਜਿਊੜਿਆਂ ਦੀ ਖੁੱਲ੍ਹ ਕੇ ਹਮਾਇਤ ਕਰਨੀ ਸਭ ਦਾ ਪਹਿਲਾ ਫਰਜ਼ ਬਣਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਾਮਲਾ ਮਾਫੀਆਂ ਦਾ !

ਅਹੁਦੇ ਧਾਰਮਿਕ ਦੇਖ 'ਗੁਲਾਮ' ਹੋਏ, ਧਰਮੀਂ ਦਿਲਾਂ 'ਚ ਮੱਚਦੀ ਅੱਗ ਯਾਰੋ।
ਸਿਰ 'ਤੇ ਚੁੱਕਿਆ ਕੂੜ ਸਿਆਸਤਾਂ ਨੂੰ, ਸੱਚ ਧਰਮ ਦੀ ਭੁੱਲ ਗਈ ਪੱਗ ਯਾਰੋ।
ਦੇ ਕੇ ਮਾਫੀਆਂ ਕਰੀਆਂ ਸੀ ਰੱਦ ਮੁੜਕੇ, ਉਹ ਵੀ ਜਾਣਦਾ ਸਾਰਾ ਹੀ ਜੱਗ ਯਾਰੋ।
ਧਰਮਸਾਲਾ ਵਿਚ ਧਾੜਵੀ ਦੇਖ ਰਹਿੰਦੇ, ਠਾਕਰ ਦੁਆਰੇ ਵਿਚ ਵੱਸਦੇ ਠੱਗ ਯਾਰੋ।
ਪੜ੍ਹ ਕੇ ਖਬਰਾਂ ਅਜੋਕੀਆਂ ਆਉਣ ਚੇਤੇ, ਬਾਬੇ ਬੁੱਲ੍ਹੇ ਦੀਆਂ ਆਖੀਆਂ ਕਾਫੀਆਂ ਜੀ।
ਜਿਹਦੀ ਆਸ ਹੀ ਨਹੀਂ ਸੀ ਕਿਸੇ ਨੂੰ ਵੀ, ਉਹ ਵੀ ਲੈ ਗਏ ਦੇਖ ਲਉ ਮਾਫੀਆਂ ਜੀ !

# ਪੰਜਾਬ ਅਤੇ ਕੌਮ-ਕੌਮੀਅਤ ਦੇ ਭਖਦੇ ਮਸਲੇ

ਬਰਤਾਨਵੀ ਬਸਤੀਵਾਦੀਆਂ ਨੂੰ ਭਾਰਤ ਵਿਚੋਂ ਕੱਢਣ ਲਈ ਭਾਰਤ ਵਿਚ ਵਸਦੀਆਂ ਅਨੇਕਾਂ ਕੌਮੀਅਤਾਂ ਦੀ ਜਨਤਾ ਨੇ ਸਾਂਝੇ ਸੰਘਰਸ਼ ਲੜੇ। ਸਿੱਟੇ ਵਜੋਂ ਵੱਖ-ਵੱਖ ਕੌਮੀਅਤਾਂ ਵਿਚਕਾਰ ਆਪਸੀ ਸਾਂਝ ਪੈਦਾ ਹੋਈ ਅਤੇ ਲੰਮੇ ਦੌਰ ਦੇ ਸਾਂਝੇ ਘੋਲਾਂ ਵਿਚੋਂ ਉਨ੍ਹਾਂ ਅੰਦਰ ਇਕ ਦੇਸ਼ (ਭਾਰਤ) ਅੰਦਰ ਰਲ ਕੇ ਰਹਿਣ ਦੀ ਭਾਵਨਾ ਵੀ ਜਾਗੀ। ਸਾਮਰਾਜ ਵਿਰੋਧੀ ਕੌਮੀ ਮੁਕਤੀ ਲਹਿਰ ਵਿਚ ਭਾਰਤੀ ਕੌਮ ਦੇ ਰੂਪ ਦੀ ਸਿਰਜਣਾ ਬਹੁਤ ਮੱਧਮ ਰਫ਼ਤਾਰ ਨਾਲ ਸ਼ੁਰੂ ਤਾਂ ਹੋਈ ਪਰ ਬਸਤੀਵਾਦੀਆਂ ਦੀਆਂ ਪਾੜੂ ਨੀਤੀਆਂ ਅਤੇ ਕਾਂਗਰਸੀ ਤੇ ਮੁਸਲਿਮ ਲੀਗੀ ਆਗੂਆਂ ਦੀਆਂ ਤੰਗ ਤੇ ਨਿੱਜੀ ਸੋਚਾਂ/ਇੱਛਾਵਾਂ ਨੇ 'ਭਾਰਤੀਅਤਾ' ਦੇ ਉੱਭਰਦੇ ਬਿੰਬ ਨੂੰ ਲੀਰੋ-ਲੀਰ ਕਰ ਦਿੱਤਾ।



ਧਰਮ ਦੇ ਆਧਾਰ 'ਤੇ 'ਦੋ ਕੌਮਾਂ' ਦੀ ਗ਼ੈਰ-ਵਿਗਿਆਨਕ ਧਾਰਨਾ ਨੂੰ ਮਾਨਤਾ ਦੇ ਕੇ ਭਾਰਤੀ ਜਨਤਾ ਵਿਚ ਵੰਡੀਆਂ ਪਾ ਦਿੱਤੀਆਂ ਗਈਆਂ।

ਕਰਮ ਬਰਸਟ
ਫੋਨ: +91-94170-73831

ਧਰਮ ਦੇ ਆਧਾਰ 'ਤੇ ਕੌਮਾਂ ਦੀ ਵੰਡ ਦੇ ਪੈਂਤੜੇ ਤੋਂ ਸਿੱਖਾਂ ਨੂੰ ਵੀ ਵੱਖਰੇ ਰਾਜ ਦੀ ਪੇਸ਼ਕਸ਼ ਹੋਈ ਦੱਸੀ ਜਾਂਦੀ ਹੈ ਪਰ ਦੂਰ ਦੂਰ ਸਥਿਤ ਦੋ ਤਹਿਸੀਲਾਂ ਨੂੰ ਛੱਡ ਕੇ ਕਿਸੇ ਇਲਾਕੇ ਵਿਚ ਵੀ ਸਿੱਖ ਭਾਰੂ ਗਿਣਤੀ ਵਿਚ ਨਹੀਂ ਸਨ। ਸਮੇਂ ਦੀ ਸਿੱਖ ਲੀਡਰਸ਼ਿਪ ਵੀ ਇਸ ਦੇ ਹੱਕ ਵਿਚ ਨਹੀਂ ਸੀ ਲੇਕਿਨ ਇਹ ਸੱਚ ਹੈ ਕਿ ਉਦੋਂ ਦੇ ਸਿੱਖ ਆਗੂਆਂ ਨੇ ਭਾਰਤ ਦੀ ਵੰਡ ਨੂੰ ਰੋਕਣ ਅਤੇ ਦਬਾਓ ਪਾਉਣ ਦੇ ਪੈਂਤੜੇ ਤੋਂ ਕਦੇ ਵੱਖਰੇ ਸਿੱਖ ਰਾਜ ਦੀ ਅਤੇ ਕਦੇ ਪਾਕਿਸਤਾਨ ਨਾਲ ਜਾਣ ਦੀ ਪੈਂਤੜੇਬਾਜ਼ੀ ਵਾਲੀਆਂ ਖੇਡਾਂ ਜ਼ਰੂਰ ਖੇਡੀਆਂ ਸਨ।

ਅੰਤ ਵਿਚ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨੂੰ ਭਾਰਤ ਵਿਚ ਸਨਮਾਨਯੋਗ ਥਾਂ ਦੇਣ ਦੇ ਵਾਅਦੇ ਨਾਲ ਅਤੇ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਦੂਰਅੰਦੇਸ਼ੀ ਸਦਕਾ, ਸਿੱਖਾਂ ਨੇ ਵੱਖਰੇ ਰਾਜ ਦੀ ਬਜਾਇ ਭਾਰਤ ਵਿਚ ਹੀ ਰਹਿਣ ਨੂੰ ਤਰਜੀਹ ਦਿੱਤੀ। ਸਿੱਖ ਲੀਡਰਸ਼ਿਪ ਦਾ ਇਹ ਚੰਗਾ ਫੈਸਲਾ ਸੀ ਪਰ ਧਰਮ ਨੂੰ ਕੌਮ ਦੇ ਆਧਾਰ ਵਜੋਂ ਇਕ ਵਾਰ ਮਾਨਤਾ ਦੇ ਦੇਣ ਨਾਲ, ਅਜਿਹੀ ਪਿਛਾਖੜੀ ਵਿਚਾਰਧਾਰਾ ਦੇ ਬੀਅ ਬੀਜ ਦਿੱਤੇ ਗਏ ਸਨ ਜੋ ਅੱਜ ਤੱਕ ਵੀ ਵਾਰ ਵਾਰ ਉੱਗਦੇ, ਵਧਦੇ, ਫੈਲਦੇ, ਉੱਭਰਦੇ ਅਤੇ ਜਵਾਨ ਹੁੰਦੇ ਆ ਰਹੇ ਹਨ।

ਆਖਰ ਇਹ 'ਕੌਮ' ਕਿਸ ਸ਼ੈਅ ਦਾ ਨਾਮ ਹੈ। ਇਹ ਸੰਕਲਪ ਕਿਵੇਂ ਉੱਭਰਿਆ ਅਤੇ ਕੌਮ ਕਿਵੇਂ ਹੋਂਦ ਵਿਚ ਆਉਂਦੀ ਹੈ? ਕੌਮ ਬੁਰਜੂਆ-ਸਰਮਾਏਦਾਰੀ ਸੰਕਲਪ ਹੈ ਜੋ ਜਗੀਰੂ ਸਮਾਜ ਦੇ ਵਿਨਾਸ਼ ਅਤੇ ਸਨਅਤੀ ਸਰਮਾਏਦਾਰੀ ਸਮਾਜ ਦੇ ਵਿਕਾਸ ਵਿਚੋਂ ਪੈਦਾ ਹੋਇਆ ਹੈ। ਸਰਮਾਏਦਾਰੀ ਦੇ ਵਿਕਾਸ ਲਈ ਜਗੀਰਦਾਰੀ ਦਾ ਟੁੱਟਣਾ/ਹਾਰਨਾ ਲਾਜ਼ਮੀ ਸ਼ਰਤ ਹੈ, ਇਸ ਲਈ ਕੌਮੀ ਲਹਿਰ ਦਾ ਮੁੱਖ ਧੁਰਾ ਜਗੀਰਦਾਰੀ ਵਿਰੋਧੀ ਸੀ। ਬੁਰਜੂਆਜ਼ੀ ਦੀ ਅਗਵਾਈ ਹੇਠਾਂ ਚੱਲੀਆਂ ਲਹਿਰਾਂ ਦੀਆਂ ਜਿੱਤਾਂ ਕਾਰਨ ਯੂਰਪ ਵਿਚ ਕੌਮੀ ਰਿਆਸਤਾਂ ਹੋਂਦ ਵਿਚ ਆਈਆਂ। ਇਸ ਦੌਰ ਤੱਕ ਬੁਰਜੂਆਜ਼ੀ ਅਗਾਂਹਵਧੂ ਸਮਾਜਿਕ ਸ਼ਕਤੀ ਸੀ।

ਫਿਰ ਅਜਿਹਾ ਦੌਰ ਆਇਆ ਜਦੋਂ ਪੂੰਜੀਵਾਦ ਆਰਥਿਕ ਖੁੱਲ੍ਹੇ ਮੁਕਾਬਲੇ ਵਿਚੋਂ ਨਿਕਲ ਕੇ ਇਜਾਰੇਦਾਰਾ ਪੂੰਜੀਵਾਦ, ਯਾਨੀ ਸਾਮਰਾਜ ਵਿਚ ਤਬਦੀਲ ਹੋ ਗਿਆ। ਇਸ ਤਰ੍ਹਾਂ ਇਹ ਪੂੰਜੀਵਾਦ ਜੋ ਅਗਾਂਹਵਧੂ ਰਿਹਾ ਸੀ, ਹੁਣ ਦੂਜੇ ਦੇਸ਼ਾਂ/ਕੌਮਾਂ ਨੂੰ ਲੁੱਟਣ, ਗ਼ੁਲਾਮ ਬਣਾਉਣ ਵੱਲ ਹੋ ਤੁਰਿਆ। ਸਿੱਟੇ ਵਜੋਂ ਅਨੇਕਾਂ ਬਸਤੀਆਂ ਹੋਂਦ ਵਿਚ ਆਈਆਂ। ਇਨ੍ਹਾਂ ਬਸਤੀਆਂ ਵਿਚ ਕਿਹੋ ਜਿਹੇ ਪੂੰਜੀਵਾਦ ਦੀ ਉਸਾਰੀ ਹੋਈ ਅਤੇ ਕੌਮੀ ਮੁਕਤੀ ਲਹਿਰਾਂ ਨੇ ਕਿਹੋ ਜਿਹੀ ਸ਼ਕਲ ਅਖਤਿਆਰ ਕੀਤੀ, ਇਸ ਨੂੰ ਭਾਰਤੀ ਪ੍ਰਸੰਗ ਵਿਚ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ।

ਕੌਮ ਦੀ ਪਰਿਭਾਸ਼ਾ ਬਹੁਤ ਸਾਰੇ ਵਿਦਵਾਨਾਂ ਨੇ ਵੱਖੋ-ਵੱਖ ਢੰਗ ਨਾਲ ਕੀਤੀ ਹੈ। ਇਸ ਦੀ ਸਭ ਤੋਂ ਸਟੀਕ ਪਰਿਭਾਸ਼ਾ ਜੋਸਫ ਸਟਾਲਿਨ ਦੀ ਮੰਨੀ ਜਾਂਦੀ ਹੈ। ਉਸ ਅਨੁਸਾਰ, "ਕੌਮ ਕਿਸੇ ਨਿਸ਼ਚਤ ਇਲਾਕੇ ਵਿਚ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਇਆ, ਇਕ ਜ਼ਬਾਨ ਬੋਲਣ ਵਾਲਾ ਨਸਲੀ ਸਮੂਹ ਹੈ ਜਿਸ ਦਾ ਆਪਣਾ ਆਰਥਿਕ ਪ੍ਰਬੰਧ ਅਤੇ ਉਸ ਉੱਪਰ ਉਸਰਿਆ ਸਭਿਆਚਾਰ ਹੁੰਦਾ ਹੈ।"

ਇਸ ਪਰਿਭਾਸ਼ਾ ਵਿਚੋਂ ਪੰਜ ਤੱਤ ਉੱਭਰਦੇ



ਹਨ- ਲੋਕਾਂ ਦਾ ਨਸਲੀ ਸਮੂਹ, ਸਾਂਝੀ ਜ਼ਬਾਨ, ਇਲਾਕਾ, ਸਭਿਆਚਾਰ ਅਤੇ ਅਰਥਚਾਰਾ। ਕੌਮ ਦੀ ਇਸ ਘਾੜਤ ਵਿਚ ਧਰਮ ਦਾ ਕਿਤੇ ਵੀ ਜ਼ਿਕਰ ਨਹੀਂ ਕਿਉਂਕਿ ਇਹ ਦੋਵੇਂ ਸੰਕਲਪ ਵੱਖਰੇ ਵੱਖਰੇ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਵਿਚਲੇ ਅੰਤਰਾਂ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕੌਮ ਦੀ ਘਾੜਤ ਵਿਚ ਧਰਮ ਦੀ ਭੂਮਿਕਾ ਨਹੀਂ ਮੰਨੀ ਗਈ। ਕਾਰਨ ਸ਼ਾਇਦ ਇਹ ਹੈ ਕਿ ਕਿਸੇ ਕੌਮੀ ਸਮਾਜ ਵਿਚ ਧਰਮ ਕਿਸੇ ਵੇਲੇ ਵੀ ਪੈਦਾ ਹੋ ਸਕਦਾ ਹੈ ਜਾਂ ਕਿਸੇ ਹਾਲਤ ਵਿਚ ਲੁਪਤ ਹੋ ਸਕਦਾ ਹੈ। ਮਿਸਾਲ ਵਜੋਂ ਪੰਦਰਵੀਂ ਸਦੀ ਤਕ ਸਿੱਖ ਧਰਮ (ਲਹਿਰ) ਦੀ ਕੋਈ ਹੋਂਦ ਨਹੀਂ ਸੀ ਪਰ ਜਿਸ ਪੰਜਾਬੀ ਸਮਾਜ (ਕੌਮ) ਵਿਚ ਇਹ ਪਨਪਿਆ, ਇਹ ਪਹਿਲਾਂ ਤੋਂ ਹੀ ਮੌਜੂਦ ਸੀ।

ਇਸੇ ਤਰ੍ਹਾਂ ਭਾਰਤ ਵਿਚ ਇਸਾਈ ਧਰਮ ਦੀ ਆਮਦ ਵੀ ਮੋਟੇ ਤੌਰ 'ਤੇ ਯੂਰਪੀ ਬਸਤੀਵਾਦੀਆਂ ਦੇ ਆਉਣ ਨਾਲ ਹੋਈ ਜਦੋਂ ਕਿ ਇਸ ਨੂੰ ਅਪਣਾਉਣ ਵਾਲੇ ਵੱਖ ਵੱਖ ਕੌਮੀਅਤਾਂ ਦੇ ਲੋਕ ਸਦੀਆਂ ਤੋਂ ਭਾਰਤ ਵਿਚ ਵਸਦੇ ਆ ਰਹੇ ਸਨ। ਇਸੇ ਤਰ੍ਹਾਂ ਕਿਸੇ ਵੇਲੇ ਦੇਸ਼ ਦੇ ਪ੍ਰਮੁੱਖ ਧਰਮ ਵਜੋਂ ਹੋਂਦ ਵਿਚ ਆਇਆ ਬੁੱਧ ਧਰਮ ਸਮਾਂ ਪੈ ਕੇ, ਭਾਰਤ ਦੇ ਵੱਡੇ ਭਾਗਾਂ ਵਿਚੋਂ ਲਗਭਗ ਲੋਪ ਹੋ ਗਿਆ।

ਭਾਰਤ ਵਿਚ ਦੋ ਦਰਜਨ ਦੇ ਕਰੀਬ ਕੌਮੀਅਤਾਂ ਹਨ ਜਿਨ੍ਹਾਂ ਦੀ ਭਾਰੀ ਗਿਣਤੀ ਹਿੰਦੂ ਧਰਮ ਨੂੰ ਮੰਨਦੀ ਹੈ ਪਰ ਇਕ ਹੀ ਧਰਮ ਨੂੰ ਮੰਨਣ ਦੇ ਬਾਵਜੂਦ ਉਨ੍ਹਾਂ ਦੀ ਵਸੋਂ/ਜਨਤਾ 'ਹਿੰਦੂ ਕੌਮ' ਨਹੀਂ ਬਣ ਜਾਂਦੀ। ਸਾਂਝੇ ਧਰਮ ਦੇ ਹੁੰਦਿਆਂ ਵੀ ਉਹ ਬੰਗਾਲੀ, ਮਲਿਆਲੀ, ਤਾਮਿਲ, ਤੈਲਗੂ, ਪੰਜਾਬੀ ਆਦਿ ਕੌਮੀਅਤਾਂ ਦੇ ਅੰਗ ਹਨ। ਇਕ ਕੌਮੀਅਤ ਦੇ ਲੋਕਾਂ ਨੂੰ ਜੋੜਨ ਲਈ ਧਰਮ ਕੋਈ ਭੂਮਿਕਾ ਨਹੀਂ ਨਿਭਾਉਂਦਾ।

ਜੇ ਅਜਿਹਾ ਹੁੰਦਾ ਤਾਂ ਇਸਾਈ ਧਰਮ ਨੂੰ ਮੰਨਣ ਵਾਲੇ ਅਨੇਕਾਂ ਹੀ ਅਲੱਗ ਅਲੱਗ ਦੇਸ਼ ਨਾ ਹੁੰਦੇ। ਉਹਨਾਂ ਵਿਚ ਵਸਣ ਵਾਲੇ ਲੋਕ ਆਪਣੇ ਆਪ ਨੂੰ ਬਰਤਾਨਵੀ, ਫਰਾਂਸੀਸੀ, ਸਪੇਨੀ, ਪੁਰਤਗਾਲੀ, ਰੂਸੀ, ਜਰਮਨ, ਅਮਰੀਕਨ ਆਦਿ ਕਹਿਣ ਦੀ ਬਜਾਇ 'ਇਸਾਈ ਕੌਮ' ਕਹਾਉਂਦੇ ਪਰ ਅਜਿਹਾ ਨਹੀਂ ਹੁੰਦਾ। ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਵੱਖ ਹੋਏ ਪਾਕਿਸਤਾਨ ਵਿਚ ਵੀ 'ਮੁਸਲਮਾਨ ਕੌਮ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ; ਜੇ ਅਜਿਹਾ ਹੁੰਦਾ ਤਾਂ ਬੰਗਾਲੀ ਕੌਮ ਦੇ ਮੁਸਲਮਾਨਾਂ ਨੂੰ ਬੰਗਲਾਦੇਸ਼ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। ਮੌਜੂਦਾ ਪਾਕਿਸਤਾਨ ਅੰਦਰ ਹੀ ਇਸ ਵੇਲੇ ਮੁੱਖ ਚਾਰ ਕੌਮਾਂ ਹਨ- ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਣ ਜਿਨ੍ਹਾਂ ਦੀਆਂ ਕੌਮੀ ਮੰਗਾਂ/ਮਸਲਿਆਂ ਦੇ ਆਧਾਰ ਉੱਪਰ ਆਪੋ ਵਿਚ ਤਿੱਖੀਆਂ ਵਿਰੋਧਤਾਈਆਂ ਹਨ।

ਸਿੱਖ ਗੁਰੂ ਜਿੱਥੇ ਵੀ ਗਏ, ਉੱਥੇ ਸਿੱਖੀ ਦਾ ਫੈਲਾਓ ਹੋਇਆ, ਭਾਵੇਂ ਪੰਜਾਬ ਦੇ ਮੁਕਾਬਲੇ ਭਾਰਤ ਦੇ ਬਾਕੀ ਸੂਬਿਆਂ ਵਿਚ ਇਹ ਬਹੁਤ ਹੀ ਘੱਟ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਪੰਜਾਬੀ, ਮਰਾਠੇ, ਬਿਹਾਰੀ, ਬੰਗਾਲੀ, ਅਸਾਮੀ ਆਦਿ ਮਿਲਦੇ ਹਨ। ਸਾਂਝੇ ਧਰਮ ਨੂੰ ਮੰਨਣ ਦੇ ਬਾਵਜੂਦ ਉਹ ਵੱਖ ਵੱਖ ਕੌਮੀਅਤਾਂ ਦੇ ਭਾਗ ਹਨ।

ਪੰਜਾਬ ਵਿਚ ਵਸਦੇ ਸਿੱਖ ਵੀ ਪੰਜਾਬੀ ਕੌਮੀਅਤ ਦਾ ਉਵੇਂ ਹੀ ਅੰਗ ਹਨ ਜਿਵੇਂ ਹਿੰਦੂ ਪੰਜਾਬੀ ਜਾਂ ਮੁਸਲਮਾਨ ਪੰਜਾਬੀ। ਇਨ੍ਹਾਂ ਸਭਨਾਂ ਦਾ ਜ਼ਬਾਨ, ਸਾਹਿਤ, ਸਭਿਆਚਾਰ, ਇਲਾਕਾ, ਨਸਲ, ਇਤਿਹਾਸ ਅਤੇ ਆਰਥਿਕਤਾ ਸਾਂਝੀ ਹੈ। ਇਨ੍ਹਾਂ ਦੇ ਗੀਤ, ਗਿੱਧੇ, ਭੰਗੜੇ, ਮੌਤ 'ਤੇ ਪੈਣ ਵਾਲੇ ਵੈਣ, ਸਮਾਜਿਕ ਵਰਤੋਂ ਵਿਹਾਰ, ਰਸਮੋ-ਰਿਵਾਜ਼, ਮੇਲੇ ਤਿਓਹਾਰ ਆਦਿ ਸਭ ਸਾਂਝੇ ਹਨ। ਪੰਜਾਬ ਵਿਚ ਰਹਿਣ ਵਾਲੇ ਹਿੰਦੂ ਹੋ ਸਕਦੇ ਹਨ, ਸਿੱਖ ਹੋ ਸਕਦੇ ਹਨ, ਮੁਸਲਮਾਨ ਹੋ ਸਕਦੇ ਹਨ ਪਰ 'ਹਿੰਦੂ ਕੌਮ', 'ਸਿੱਖ ਕੌਮ' ਤੇ 'ਮੁਸਲਮਾਨ ਕੌਮ' ਨਹੀਂ ਹੋ ਸਕਦੇ। ਉਹ ਪੰਜਾਬੀ ਹਨ ਅਤੇ ਪੰਜਾਬੀ ਕੌਮੀਅਤ ਦਾ ਹੀ ਅੰਗ ਰਹਿਣਗੇ।

ਪੰਜਾਬੀ ਕੌਮੀਅਤ ਅੰਦਰ ਦੋ ਮਸਲੇ ਹਨ; ਇਕ ਪੰਜਾਬੀ ਕੌਮੀਅਤ ਦੇ ਅਗਲੇਰੇ ਵਿਕਾਸ ਦਾ, ਇਹਦੇ ਵਿਰੁੱਧ ਕੀਤੇ ਜਾਂਦੇ ਵਿਤਕਰਿਆਂ ਦਾ; ਦੂਜਾ ਸਿੱਖ ਧਾਰਮਿਕ ਘੱਟ ਗਿਣਤੀ ਦੇ ਮੰਗਾਂ ਮਸਲਿਆਂ ਦਾ। ਇਨ੍ਹਾਂ ਲਈ ਦੋ ਵੱਖ ਵੱਖ ਹੱਲਾਂ ਦੀ ਲੋੜ ਹੈ। ਪੰਜਾਬੀ ਕੌਮੀਅਤ ਵੱਲੋਂ ਭਾਰਤ ਨਾਲੋਂ ਵੱਖਰੇ ਹੋਣ ਦੀ ਮੰਗ ਪੰਜਾਬੀਆਂ ਦੀ ਨਹੀਂ ਤੇ ਨਾ ਹੀ ਪੰਜਾਬੀ ਕੌਮੀਅਤ ਦੇ ਭਾਰੂ ਹਿੱਸੇ ਸਿੱਖਾਂ ਦੀ। ਪੰਜਾਬੀ ਕੌਮੀਅਤ ਦੀ ਅਸਲ ਮੰਗ ਸੱਚੀਮੁੱਚੀ ਦੇ ਫੈਡਰਲ ਭਾਰਤ ਦੀ ਹੈ। ਇਹ ਮੰਗ ਹੱਕੀ ਵੀ ਹੈ, ਜਮਹੂਰੀ ਵੀ। ਪੰਜਾਬੀ ਸਭ ਤੋਂ ਵੱਧ ਵਿਕਸਤ ਕੌਮੀਅਤ ਹਨ ਤੇ ਇਨ੍ਹਾਂ ਦੀ ਪ੍ਰਤੀ ਜੀਅ ਆਮਦਨ ਵੀ ਹੋਰਨਾਂ ਨਾਲੋਂ ਜ਼ਿਆਦਾ ਹੈ। ਪੰਜਾਬੀਆਂ ਦੀ ਕੇਂਦਰੀ ਰਿਆਸਤ ਦੇ ਸਿਆਸੀ ਆਰਥਿਕ ਕਲ-ਪੁਰਜ਼ਿਆਂ 'ਤੇ ਵੀ ਬਰਾਬਰ ਦੀ ਪੁੱਗਤ ਹੈ। ਫਿਰ ਵੀ ਪੰਜਾਬ ਦਾ ਆਰਥਿਕ ਵਿਕਾਸ ਨਹੀਂ ਕੀਤਾ ਗਿਆ। ਖੇਤੀ ਪੈਦਾਵਾਰ ਖੜੋਤ ਦਾ ਸ਼ਿਕਾਰ ਹੈ। ਵੱਡੀਆਂ ਅਤੇ ਦਰਮਿਆਨੀਆਂ ਸਨਅਤਾਂ ਦੀ ਕਮੀ ਹੈ, ਪੰਜਾਬ ਨੂੰ ਐਗਰੋ ਇੰਡਸਟਰੀ ਚਾਹੀਦੀ ਹੈ। ਪੰਜਾਬ ਨਾਲ ਸਿਆਸੀ ਧੱਕੇਸ਼ਾਹੀਆਂ ਹੋਈਆਂ ਹਨ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ ਗਏ। ਪੰਜਾਬੀ ਭਾਸ਼ਾ ਦੇ ਵਿਕਾਸ ਵੱਲ, ਇਸ ਨੂੰ ਰਾਜ ਭਾਸ਼ਾ ਵਜੋਂ ਹਕੀਕੀ ਰੂਪ ਵਿਚ ਲਾਗੂ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ। ਸਭ ਤੋਂ ਵੱਡੀ ਗੱਲ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਅਜੇ ਤੱਕ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ। ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਈਂ ਵੰਡ ਨਹੀਂ ਕੀਤੀ ਗਈ, ਪਣ-ਬਿਜਲੀ ਤੇ ਹੈੱਡ-ਵਰਕਸਾਂ ਦਾ ਕੰਟਰੋਲ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਨੂੰ ਹਰਿਆਣਾ, ਹਿਮਾਚਲ ਅਤੇ ਦਿੱਲੀ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਤੋਂ ਇਨਕਾਰ ਕੀਤਾ ਗਿਆ। ਇਨ੍ਹਾਂ ਸਾਰੀਆਂ ਜਮਹੂਰੀ ਮੰਗਾਂ ਦੇ ਪੂਰੇ ਹੋਣ ਨਾਲ ਹੀ ਪੰਜਾਬੀ ਕੌਮੀਅਤ ਨਾਲ ਕੀਤੇ ਵਿਤਕਰਿਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਭਾਰਤ ਵਿਚ ਕੌਮੀ ਸਵਾਲ ਨੂੰ ਵਿਗਿਆਨਕ ਜਮਹੂਰੀ ਢੰਗ ਨਾਲ ਹੱਲ ਕੀਤੇ ਬਿਨਾ ਕੌਮੀਅਤਾਂ ਦੇ ਗਿਲੇ-ਸ਼ਿਕਵੇ ਦੂਰ ਨਹੀਂ ਕੀਤੇ ਜਾ ਸਕਦੇ, ਨਾ ਹੀ ਉਨ੍ਹਾਂ ਦਾ ਇਕਸਾਰ ਬਰਾਬਰ ਵਿਕਾਸ ਸੰਭਵ ਹੈ। ਨਾਲ ਹੀ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕੌਮੀਅਤਾਂ ਦੇ ਘੋਲਾਂ ਨੂੰ ਮੌਜੂਦਾ ਅਗਵਾਈ ਦੇ ਰਹੀਆਂ ਸ਼ਕਤੀਆਂ ਆਪਣੀ ਇਤਿਹਾਸਕ ਕਮਜ਼ੋਰੀ ਅਤੇ ਜਮਾਤੀ ਹਿੱਤਾਂ ਸਕਦਾ ਜਿੱਤ ਤੱਕ ਨਹੀਂ ਪਹੁੰਚਾ ਸਕਦੀਆਂ। ਅਵਿਕਸਤ ਅਤੇ ਸਾਮਰਾਜ ਦੇ ਸਿੱਧੇ ਜਾਂ ਅਸਿੱਧੇ ਗਲਬੇ ਵਾਲੇ ਦੇਸ਼ਾਂ ਵਿਚ ਕੌਮੀ ਸਵਾਲ ਨਵੀਂ ਤਰ੍ਹਾਂ ਦੇ ਲੋਕ ਜਮਹੂਰੀ ਇਨਕਲਾਬ ਨਾਲ ਜੁੜਿਆ ਹੋਇਆ ਹੈ।

ਇਹ ਕਾਰਜ ਸਿਰਫ਼ ਤੇ ਸਿਰਫ ਧਰਮ ਨਿਰਪੱਖ, ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਹੀ ਨੇਪਰੇ ਚਾੜ੍ਹ ਸਕਦੀਆਂ ਹਨ। ਕੌਮੀਅਤਾਂ ਦੇ ਘੋਲ ਨੂੰ ਬੁਨਿਆਦੀ ਸਮਾਜਿਕ ਤਬਦੀਲੀ ਦੇ ਅੰਗ ਵਜੋਂ ਲੈਣਾ ਪਵੇਗਾ ਪਰ ਫੌਰੀ ਤੌਰ 'ਤੇ ਕੌਮੀਅਤਾਂ/ਰਾਜਾਂ ਨੂੰ ਵੱਧ ਅਧਿਕਾਰ ਦਿੰਦੇ ਹੋਏ ਵਿਵਸਥਾ ਨੂੰ ਹਕੀਕੀ ਫੈੱਡਰਲ ਰੂਪ ਦੇ ਕੇ ਹੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਜਾ ਸਕਦਾ ਹੈ।

# ਨਿਆਂ ਦੇ ਹੱਕ ਉੱਪਰ ਝਪਟਦਾ ਫਾਸ਼ੀਵਾਦੀ ਨਿਜ਼ਾਮ


ਪਿਛਲੇ ਦਿਨੀਂ 21 ਨਵੰਬਰ ਨੂੰ ਭਾਰਤ ਦੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਵਿਚ ਸੀ.ਬੀ.ਆਈ. ਦੀ ਨੁਮਾਇੰਦਗੀ ਕਰਦਿਆਂ ਦਲਿਤ ਕਾਰਕੁਨ ਡੇਗਰੀ ਪ੍ਰਸਾਦ ਚੌਹਾਨ ਤੋਂ ਖ਼ਰਚਾ ਵਸੂਲਣ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਚੌਹਾਨ ਨੇ ਇਡੇਸਮੇਟਾ ਕਤਲੇਆਮ ਸਬੰਧੀ ਪਟੀਸ਼ਨ ਦਾਇਰ ਕਰ ਕੇ ਇਸ ਦੀ ਜਾਂਚ ਸਿੱਟ (ਵਿਸ਼ੇਸ਼ ਜਾਂਚ ਟੀਮ) ਬਣਾ ਕੇ ਕਰਵਾਏ ਜਾਣ ਲਈ ਕਾਨੂੰਨੀ ਚਾਰਾਜੋਈ ਕੀਤੀ ਸੀ। ਮਾਮਲਾ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹੈ ਅਤੇ ਅਗਲੀ ਸੁਣਵਾਈ 9 ਦਸੰਬਰ ਨੂੰ ਹੋਵੇਗੀ।

ਸਾਲਿਸਟਰ ਜਨਰਲ ਨੇ ਅਦਾਲਤ 'ਚ ਮਨੁੱਖੀ/ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਉਂਦਿਆਂ ਦਾਅਵਾ ਕੀਤਾ ਕਿ ਕੋਈ ਕਾਂਡ ਵਾਪਰਨ 'ਤੇ ਜਥੇਬੰਦੀਆਂ ਤੱਥ ਖੋਜ ਟੀਮਾਂ ਵਿਚ 'ਆਪਣੇ ਬੰਦੇ' ਭੇਜ ਕੇ ਉਨ੍ਹਾਂ ਕੋਲੋਂ 'ਪਹਿਲਾਂ ਹੀ ਤੈਅਸ਼ੁਦਾ ਨਤੀਜਿਆਂ' ਵਾਲੀਆਂ ਰਿਪੋਰਟਾਂ ਤਿਆਰ ਕਰਵਾਉਂਦੀਆਂ ਹਨ ਅਤੇ ਫਿਰ ਉਨ੍ਹਾਂ ਰਿਪੋਰਟਾਂ ਨੂੰ ਅਦਾਲਤੀ ਪਟੀਸ਼ਨਾਂ ਵਿਚ ਬਦਲ ਲੈਂਦੀਆਂ ਹਨ। ਸਾਫ਼ ਸੰਦੇਸ਼ ਇਹ ਹੈ ਕਿ ਭਗਵੇਂ ਦਹਿਸ਼ਤਵਾਦੀ ਅਤੇ ਰਾਜਕੀ ਦਹਿਸ਼ਤਵਾਦੀ ਕਾਂਡਾਂ ਵਿਰੁੱਧ ਅਦਾਲਤਾਂ 'ਚ ਜਾ ਕੇ ਨਿਆਂ ਮੰਗਣ ਵਾਲਿਆਂ ਨੂੰ ਜਦੋਂ ਵੀ ਹਕੂਮਤ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਚਾਹੇ ਅਦਾਲਤਾਂ ਕੋਲੋਂ 'ਜਾਅਲਸਾਜ਼ੀ' ਅਤੇ 'ਝੂਠੇ ਸਬੂਤਾਂ' ਦਾ ਇਲਜ਼ਾਮ ਲਗਾ ਕੇ ਸਜ਼ਾਵਾਂ ਅਤੇ ਜੁਰਮਾਨੇ ਕਰਵਾ ਸਕਦੀ ਹੈ। ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਵਿਰੁੱਧ ਕਾਨੂੰਨੀ ਲੜਾਈ ਲੜਨ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਤੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਰਾਜ ਸਰਕਾਰ ਦੀ ਕਤਲੇਆਮ ਵਿਚ ਮਿਲੀਭੁਗਤ ਦੀ ਗਵਾਹੀ ਦੇਣ ਵਾਲੇ ਸਾਬਕਾ ਪੁਲਿਸ ਮੁਖੀ ਆਰ.ਬੀ. ਸ੍ਰੀਕੁਮਾਰ ਵਿਰੁੱਧ ਜਦੋਂ ਸੁਪਰੀਮ ਕੋਰਟ ਨੇ ਜਾਅਲਸਾਜ਼ੀ ਦਾ ਕੇਸ ਦਰਜ ਕਰਾਉਣ ਦਾ ਅਧਿਕਾਰ ਹਕੂਮਤ ਨੂੰ ਦੇ ਦਿੱਤਾ ਤਾਂ ਅਗਲੇ ਦਿਨ ਹੀ ਗੁਜਰਾਤ ਪੁਲਿਸ ਨੇ ਵਿਸ਼ੇਸ਼ ਫ਼ੁਰਤੀ ਦਿਖਾਉਂਦਿਆਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੂੰ ਆਦਿਵਾਸੀਆਂ ਨੂੰ ਨਿਆਂ ਦਿਵਾਉਣ ਲਈ ਸਿੱਟ ਬਣਾ ਕੇ ਕਤਲੇਆਮ ਦੀ ਜਾਂਚ ਕਰਾਉਣ ਦੀ ਮੰਗ ਕਰਨ ਦੇ ਜੁਰਮ 'ਚ ਸੁਪਰੀਮ ਕੋਰਟ ਨੇ ਪੰਜ ਲੱਖ ਦਾ ਜੁਰਮਾਨਾ ਠੋਕ ਦਿੱਤਾ। ਇਸ ਤੋਂ ਬਾਅਦ ਹਕੂਮਤ ਨੇ ਹੋਰ ਕਾਰਕੁਨਾਂ ਨੂੰ ਵੀ ਜਾਂ ਤਾਂ ਜ਼ਬਾਨਬੰਦੀ ਕਰ ਲੈਣ ਜਾਂ ਫਿਰ ਜੁਰਮਾਨਿਆਂ ਅਤੇ ਸਜ਼ਾਵਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਲਗਾਤਾਰ ਘੁਰਕੀ ਦੇਣੀ ਸ਼ੁਰੂ ਕਰ ਦਿੱਤੀ ਹੈ।

ਏਡਿਸਮੇਟਾ ਕੇਸ ਕੀ ਸੀ? 17 ਅਤੇ 18 ਮਈ 2013 ਦੀ ਰਾਜ ਨੂੰ ਸੀ.ਆਰ.ਪੀ.ਐੱਫ. ਦੀ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰੈਜ਼ੂਲੂਟ ਐਕਸ਼ਨ) ਯੂਨਿਟ ਨੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲਾਂ ਵਿਚ ਏਡਿਸਮੇਟਾ ਪਿੰਡ ਨੇੜੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਤਿੰਨ ਬੱਚਿਆਂ ਅਤੇ ਇਕ ਨਾਬਾਲਗ ਸਮੇਤ ਅੱਠ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਸੀ। ਆਦਿਵਾਸੀ 'ਬੀਜ ਪਾਂਡੁਮ' ਮਨਾਉਣ ਲਈ ਇਕੱਠੇ ਹੋਏ ਸਨ। ਆਦਿਵਾਸੀਆਂ 'ਚ ਹਰ ਸਾਲ ਬਰਸਾਤ ਤੋਂ ਪਹਿਲਾਂ ਸਮੂਹਿਕ ਰੂਪ 'ਚ ਇਕੱਠੇ ਹੋ ਕੇ ਬਿਜਾਈ ਦਾ ਤਿਓਹਾਰ ਮਨਾਉਣ ਦੀ ਰਵਾਇਤ ਹੈ। ਉਸ ਰਾਤ ਸੀ.ਆਰ.ਪੀ.ਐੱਫ. ਦਾ 'ਨਕਸਲ ਵਿਰੋਧੀ' ਕੋਬਰਾ ਯੂਨਿਟ ਜੰਗਲਾਂ 'ਚ ਤਲਾਸ਼ੀ ਮੁਹਿੰਮ 'ਤੇ ਨਿਕਲਿਆ ਹੋਇਆ ਸੀ। ਚਸ਼ਮਦੀਦ ਗਵਾਹਾਂ ਅਤੇ ਮਾਰੇ ਗਿਆਂ ਦੇ ਸਕੇ-ਸੰਬੰਧੀਆਂ ਦੇ ਦੱਸਣ ਅਨੁਸਾਰ ਕੋਬਰਾ ਦਸਤੇ ਨੇ ਆਦਿਵਾਸੀਆਂ ਨੂੰ ਚਾਰ-ਚੁਫੇਰਿਓਂ ਘੇਰ ਕੇ ਬਿਨਾ ਚਿਤਾਵਨੀ ਦਿੱਤਿਆਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲੀਬਾਰੀ ਵਿਚ ਅੱਠ ਆਦਿਵਾਸੀ ਅਤੇ ਇਕ ਕੋਬਰਾ ਜਵਾਨ ਮਾਰੇ ਗਏ। ਕੋਬਰਾ ਦਸਤੇ ਨੇ ਇਸ ਕਤਲੇਆਮ ਉੱਪਰ ਪਰਦਾ ਪਾਉਣ ਲਈ ਇਸ ਨੂੰ ਹਥਿਆਰਬੰਦ ਮਾਓਵਾਦੀਆਂ ਨਾਲ ਮੁਕਾਬਲੇ ਦਾ ਨਾਮ ਦਿੱਤਾ ਅਤੇ ਕਹਾਣੀ ਨੂੰ ਪ੍ਰਮਾਣਿਕ ਬਣਾਉਣ ਲਈ ਇਹ ਝੂਠਾ ਦਾਅਵਾ ਕੀਤਾ ਕਿ ਕੋਬਰਾ ਕਮਾਂਡੋ ਦੇਵ ਪ੍ਰਕਾਸ਼ ਮਾਓਵਾਦੀਆਂ ਵੱਲੋਂ ਚਲਾਈਆਂ ਗੋਲੀਆਂ ਨਾਲ ਮਾਰਿਆ ਗਿਆ ਸੀ। ਦਰਅਸਲ ਨਾ ਤਾਂ ਉੱਥੇ ਜੁੜੇ ਆਦਿਵਾਸੀ ਮਾਓਵਾਦੀ ਸਨ, ਨਾ ਉਨ੍ਹਾਂ ਕੋਲ ਕੋਈ ਹਥਿਆਰ ਸਨ ਅਤੇ ਨਾ ਹੀ ਕੋਈ ਜਵਾਨ ਜ਼ਖ਼ਮੀ ਹੋਇਆ ਸੀ। ਮੀਡੀਆ ਰਿਪੋਰਟਾਂ ਤੋਂ ਸਪਸ਼ਟ ਸੀ ਕਿ ਮੁਕਾਬਲੇ ਦੀ ਕਹਾਣੀ ਝੂਠੀ ਸੀ ਅਤੇ ਹੱਕਾਂ ਦੀਆਂ ਜਥੇਬੰਦੀਆਂ, ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਅਤੇ ਆਂਧਰਾ ਪ੍ਰਦੇਸ਼ ਤੋਂ ਮਨੁੱਖੀ ਹੱਕਾਂ ਦੀ ਜਥੇਬੰਦੀ ਹਿਊਮਨ ਰਾਈਟਸ ਫੋਰਮ, ਦੀਆਂ ਤੱਥ ਖੋਜ ਟੀਮਾਂ ਨੇ ਤੁਰੰਤ ਘਟਨਾ ਸਥਾਨ 'ਤੇ ਜਾ ਕੇ ਅਤੇ ਤੱਥਾਂ 'ਤੇ ਆਧਾਰਿਤ ਰਿਪੋਰਟਾਂ ਬਣਾ ਕੇ ਮੁਕਾਬਲੇ ਦੇ ਦਾਅਵੇ ਨੂੰ ਝੁਠਲਾਇਆ ਸੀ। ਚੌਹਾਨ ਉਦੋਂ ਪੀ.ਯੂ.ਸੀ.ਐੱਲ. ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਸਨ ਅਤੇ ਉਨ੍ਹਾਂ ਦੀ ਅਗਵਾਈ 'ਚ ਤੱਥ ਖੋਜ ਟੀਮ ਨੇ ਰਿਪੋਰਟ ਤਿਆਰ ਕੀਤੀ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਉਸ ਟੀਮ ਵਿਚ ਬੀਜਾਪੁਰ ਹਲਕੇ ਤੋਂ ਭਾਜਪਾ ਦਾ ਸਾਬਕਾ ਵਿਧਾਇਕ ਰਾਜਾਰਾਮ ਟੋਡਮ ਵੀ ਸ਼ਾਮਲ ਸੀ। ਸਚਾਈ ਜਾਨਣ ਤੋਂ ਬਾਅਦ ਪਟੀਸ਼ਨ ਦਾਇਰ ਕਰ ਕੇ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਕੇ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਗਈ। ਕੇਂਦਰ 'ਚ ਤੱਤਕਾਲੀ ਕਾਂਗਰਸ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਕੇਸ ਨੂੰ ਰਫ਼ਾ-ਦਫ਼ਾ ਕਰਾਉਣ ਦੀ ਸਾਜ਼ਿਸ਼ ਤਹਿਤ 2014 'ਚ ਸੁਪਰੀਮ ਕੋਰਟ ਵਿਚ ਕਾਊਂਟਰ ਹਲਫ਼ਨਾਮਾ ਦਿੱਤਾ ਜਿਸ ਵਿਚ ਸੀ.ਪੀ.ਆਈ.(ਮਾਓਵਾਦੀ) ਦੀ 'ਹਿੰਸਕ ਵਿਚਾਰਧਾਰਾ' ਦੀ ਗੱਲ ਕਰਦਿਆਂ ਰਾਜਕੀ ਦਹਿਸ਼ਤਵਾਦੀ ਜੁਰਮ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਉਦੋਂ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਵਿੱਢੀ ਜੰਗ ਨੂੰ ਸਹੀ ਠਹਿਰਾਉਣ ਲਈ ਮਨਮੋਹਨ ਸਿੰਘ-ਚਿਦੰਬਰਮ ਵਜ਼ਾਰਤ ਵੱਲੋਂ ਅਕਸਰ ਹੀ ਦੁਹਰਾਇਆ ਜਾਂਦਾ ਮਨਭਾਉਂਦਾ ਬਿਰਤਾਂਤ ਸੀ ਜਿਸ ਨੂੰ ਭਗਵੀਂ ਹਕੂਮਤ ਨੇ ਹੋਰ ਵੀ ਵਿਕਸਤ ਕਰ ਲਿਆ। ਅਕਸਰ ਦੀ ਤਰ੍ਹਾਂ ਇਹ ਪਟੀਸ਼ਨ ਵੀ ਸੁਪਰੀਮ ਕੋਰਟ ਦੀ ਪੈਂਡਿੰਗ ਸੂਚੀ ਦੇ ਠੰਢੇ ਬਸਤੇ ਦਾ ਹਿੱਸਾ ਬਣ ਗਈ।


ਡੇਗਰੀ ਪ੍ਰਸਾਦ ਚੌਹਾਨ

***ਏਡਿਸਮੇਟਾ ਕੇਸ ਕੀ ਸੀ?... 17 ਅਤੇ 18 ਮਈ 2013 ਦੀ ਸੀ.ਆਰ.ਪੀ.ਐੱਫ. ਦੀ ਕੋਬਰਾ (ਕਮਾਂਡੋ ਬਟਾਲੀਅਨ ਫਾਰ ਰੈਜ਼ੂਲੂਟ ਐਕਸ਼ਨ) ਯੂਨਿਟ ਨੇ ਪਿੰਡ ਏਡਿਸਮੇਟਾ (ਛੱਤੀਸਗੜ੍ਹ) ਨੇੜੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਤਿੰਨ ਬੱਚਿਆਂ ਅਤੇ ਇਕ ਨਾਬਾਲਗ ਸਮੇਤ ਅੱਠ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਸੀ। ਆਦਿਵਾਸੀ 'ਬੀਜ ਪਾਂਡੁਮ' ਮਨਾਉਣ ਲਈ ਇਕੱਠੇ ਹੋਏ ਸਨ। ਆਦਿਵਾਸੀਆਂ ਹਰ ਸਾਲ ਬਰਸਾਤ ਤੋਂ ਪਹਿਲਾਂ ਸਮੂਹਿਕ ਰੂਪ 'ਚ ਇਕੱਠੇ ਹੋ ਕੇ ਬਿਜਾਈ ਦਾ ਤਿਓਹਾਰ ਮਨਾਉਂਦੇ ਹਨ। ਉਸ ਰਾਤ ਕੋਬਰਾ ਯੂਨਿਟ ਜੰਗਲਾਂ 'ਚ ਤਲਾਸ਼ੀ ਮੁਹਿੰਮ 'ਤੇ ਨਿਕਲਿਆ ਹੋਇਆ ਸੀ। ਚਸ਼ਮਦੀਦ ਗਵਾਹਾਂ ਅਤੇ ਮਾਰੇ ਗਿਆਂ ਦੇ ਸਕੇ-ਸਬੰਧੀਆਂ ਦੇ ਦੱਸਣ ਅਨੁਸਾਰ ਕੋਬਰਾ ਦਸਤੇ ਨੇ ਆਦਿਵਾਸੀਆਂ ਨੂੰ ਚਾਰ-ਚੁਫੇਰਿਓਂ ਘੇਰ ਕੇ ਬਿਨਾ ਚਿਤਾਵਨੀ ਦਿੱਤਿਆਂ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਵਿਚ ਅੱਠ ਆਦਿਵਾਸੀ ਅਤੇ ਇਕ ਕੋਬਰਾ ਜਵਾਨ ਮਾਰੇ ਗਏ।***

ਜਦੋਂ ਛੱਤੀਸਗੜ੍ਹ ਵਿਚ ਭਾਜਪਾ ਦੀ ਥਾਂ ਕਾਂਗਰਸ ਦੀ ਸਰਕਾਰ ਬਣੀ ਤਾਂ ਰਾਜ ਸਰਕਾਰ ਨੂੰ ਕਮਿਸ਼ਨ ਬਣਾ ਕੇ ਇਸ ਕਾਂਡ ਦੀ ਜੁਡੀਸ਼ੀਅਲ ਜਾਂਚ ਕਰਾਉਣੀ ਪਈ ਕਿਉਂਕਿ ਕਤਲੇਆਮ ਦੇ ਜ਼ਾਹਰਾ ਸਬੂਤਾਂ ਕਾਰਨ ਆਦਿਵਾਸੀ ਲੋਕਾਂ 'ਚ ਪੈਦਾ ਹੋਏ ਗੁੱਸੇ ਨੂੰ ਠੰਢਾ ਕਰਨ ਲਈ ਅਜਿਹਾ ਕਰਨਾ ਹੀ ਪੈਣਾ ਸੀ। ਇਕ ਮੈਂਬਰੀ ਜਸਟਿਸ ਅਗਰਵਾਲ ਜਾਂਚ ਕਮਿਸ਼ਨ ਨੇ ਅੱਠ ਸਾਲ ਲਗਾ ਕੇ ਬਾਰੀਕੀ 'ਚ ਜਾਂਚ ਕਰਕੇ ਜ਼ਮੀਨੀ ਤੱਥ ਅਤੇ ਗਵਾਹੀਆਂ ਦੇ ਆਧਾਰ 'ਤੇ 108 ਪੰਨਿਆਂ ਦੀ ਵਿਸਤਾਰਤ ਰਿਪੋਰਟ ਤਿਆਰ ਕੀਤੀ। ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਉਸ ਰਾਤ ਨੂੰ ਕੋਬਰਾ ਯੂਨਿਟ ਨੇ 44 ਗੋਲੀਆਂ ਚਲਾਈਆਂ ਸਨ ਜਿਨ੍ਹਾਂ ਵਿੱਚੋਂ 18 ਗੋਲੀਆਂ ਕਮਾਂਡੋ ਦੇਵ ਪ੍ਰਕਾਸ਼ ਨੇ ਚਲਾਈਆਂ ਸਨ। ਰਿਪੋਰਟ ਨੇ ਸਾਫ਼ ਲਿਖਿਆ ਕਿ ਇਸ ਦਾਅਵੇ ਦੇ ਹੱਕ 'ਚ ਕੋਈ ਸਬੂਤ ਨਹੀਂ ਹੈ ਕਿ ਗੋਲੀ ਪਿੰਡ ਵਾਸੀਆਂ ਵੱਲੋਂ ਚਲਾਈ। ਰਾਤ ਦੇ ਹਨੇਰੇ 'ਚ ਦੇਵ ਪ੍ਰਕਾਸ਼ ਆਪਣੇ ਹੀ ਕਿਸੇ ਸਾਥੀ ਜਵਾਨ ਵੱਲੋਂ ਚਲਾਈ ਗੋਲੀ ਲੱਗਣ ਨਾਲ ਮਾਰਿਆ ਗਿਆ ਹੋਵੇਗਾ। ਸਤੰਬਰ 2021 'ਚ ਜਸਟਿਸ ਅਗਰਵਾਲ ਨੇ ਛੱਤੀਸਗੜ੍ਹ ਸਰਕਾਰ ਨੂੰ ਰਿਪੋਰਟ ਸੌਂਪ ਦਿੱਤੀ ਅਤੇ ਮਾਰਚ 2022 'ਚ ਇਹ ਰਿਪੋਰਟ ਵਿਧਾਨ-ਸਭਾ ਅੱਗੇ ਪੇਸ਼ ਕੀਤੀ ਗਈ।

ਇਸ ਦੌਰਾਨ ਅਚਾਨਕ ਸੁਪਰੀਮ ਕੋਰਟ ਨੇ ਉਪਰੋਕਤ ਪਟੀਸ਼ਨ ਉੱਪਰ ਸੁਣਵਾਈ ਕਰ ਕੇ 2019 'ਚ ਸਿੱਟ ਬਣਾ ਕੇ ਸੀ.ਬੀ.ਆਈ. ਨੂੰ ਇਸ ਕਤਲੇਆਮ ਦੀ ਜਾਂਚ ਕਰਨ ਦਾ ਆਦੇਸ਼ ਦੇ ਦਿੱਤਾ। ਸੀ.ਬੀ.ਆਈ. ਦੇ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਕਰਨ ਦੀ ਬਜਾਇ ਗਿਣੀ-ਮਿੱਥੀ ਯੋਜਨਾ ਤਹਿਤ ਪਟੀਸ਼ਨ ਕਰਤਾ ਡੇਗਰੀ ਪ੍ਰਸਾਦ ਚੌਹਾਨ ਨੂੰ ਇਸ ਬਹਾਨੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਜੰਗਲ ਦੇ ਜਿਨ੍ਹਾਂ ਪਿੰਡਾਂ ਵਿਚ ਪੁਲਿਸ ਨਹੀਂ ਜਾ ਸਕਦੀ ਉੱਥੇ ਉਹ ਕਿਵੇਂ ਪਹੁੰਚਿਆ ਅਤੇ ਉਹ ਕਿਉਂ ਗਿਆ। ਜਦਕਿ ਹਕੂਮਤ ਅਤੇ ਰਾਜ ਮਸ਼ੀਨਰੀ ਭਲੀਭਾਂਤ ਜਾਣਦੀ ਹੈ ਕਿ ਪੁਲਿਸ ਅਤੇ ਹੋਰ ਹਕੂਮਤੀ ਹਥਿਆਰਬੰਦ ਤਾਕਤਾਂ ਨੂੰ ਆਦਿਵਾਸੀਆਂ ਦੀ ਨਫ਼ਰਤ ਅਤੇ ਤਿੱਖੇ ਵਿਰੋਧ ਦਾ ਸਾਹਮਣਾ ਕਿਉਂ ਕਰਨਾ ਪੈਂਦਾ ਹੈ ਜੋ ਦਹਾਕਿਆਂ ਤੋਂ ਰਾਜਕੀ ਦਹਿਸ਼ਤਵਾਦ ਅਤੇ ਉਜਾੜੇ ਦਾ ਸੰਤਾਪ ਝੱਲ ਰਹੇ ਹਨ। ਹੁਕਮਰਾਨ ਜਾਣਦੇ ਹਨ ਕਿ ਆਦਿਵਾਸੀਆਂ ਨੂੰ ਭਾਰਤੀ ਹੁਕਮਰਾਨ ਜਮਾਤ ਦਾ 'ਵਿਕਾਸ' ਮਨਜ਼ੂਰ ਕਿਉਂ ਨਹੀਂ ਹੈ। ਜਦੋਂ ਭਾਰਤੀ ਰਾਜ ਦਾ ਆਦਿਵਾਸੀਆਂ ਵੱਲੋਂ ਐਨਾ ਤਿੱਖਾ ਵਿਰੋਧ ਹੋ ਰਿਹਾ ਹੈ ਤਾਂ ਉਹ ਤੱਥ ਖੋਜ ਟੀਮਾਂ ਤੇ ਖੋਜੀ ਪੱਤਰਕਾਰਾਂ ਨੂੰ ਉਨ੍ਹਾਂ ਇਲਾਕਿਆਂ 'ਚ ਸੌਖ ਨਾਲ ਹੀ ਚਲੇ ਜਾਣ ਜਾਣ ਦੀ ਇਜਾਜ਼ਤ ਕਿਉਂ ਦਿੰਦੇ ਹਨ।

ਸੀ.ਬੀ.ਆਈ. ਨੇ ਦਿਨ-ਰਾਤ ਰਾਜਕੀ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਆਦਿਵਾਸੀਆਂ ਦਾ ਭਰੋਸਾ ਜਿੱਤ ਕੇ ਉਨ੍ਹਾਂ ਦੀਆਂ ਗਵਾਹੀਆਂ ਰਿਕਾਰਡ ਕਰਨ ਅਤੇ ਨਿਰਪੱਖ ਛਾਣਬੀਣ ਰਾਹੀਂ ਕਥਿਤ ਮੁਕਾਬਲੇ ਦੇ ਤੱਥ ਜਾਨਣ ਦੀ ਬਜਾਏ ਪਟੀਸ਼ਨ ਕਰਤਾ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ, ਭੀਮਾ-ਕੋਰੇਗਾਓਂ-ਮਾਓਵਾਦੀ ਸਾਜ਼ਿਸ਼ ਕੇਸ ਵਿਚ ਐਡਵੋਕੇਟ ਸੁਧਾ ਭਾਰਦਵਾਜ ਦੀ ਗ੍ਰਿਫ਼ਤਾਰੀ ਤੋਂ ਬਾਦ ਕੌਮੀ ਜਾਂਚ ਏਜੰਸੀ ਨੇ ਇਹ ਦਾਅਵਾ ਕਰਦਿਆਂ ਚੌਹਾਨ ਤੋਂ ਵੀ ਪੁੱਛਗਿੱਛ ਕੀਤੀ ਸੀ ਕਿ ਉਸ ਸਾਜ਼ਿਸ਼ ਕੇਸ ਦਾ ਸਬੂਤ ਕਥਿਤ ਚਿੱਠੀਆਂ ਵਿੱਚੋਂ ਇਕ ਵਿਚ ਚੌਹਾਨ ਦੇ ਨਾਂ ਦਾ ਜ਼ਿਕਰ ਸੀ। ਕੌਮੀ ਜਾਂਚ ਏਜੰਸੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਹੁਣ ਸੀ.ਬੀ.ਆਈ. ਉਸ ਦੇ ਪਿੱਛੇ ਪੈ ਗਈ ਜਿਸ ਦਾ ਸੰਦੇਸ਼ ਇਹ ਸੀ ਕਿ ਉਸ ਨੂੰ ਵੀ 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਜੇਲ੍ਹ 'ਚ ਡੱਕਿਆ ਜਾ ਕੀਤਾ ਜਾ ਸਕਦਾ ਹੈ। ਕਤਲੇਆਮ ਦੇ ਜੁਰਮ ਦੀ ਜਾਂਚ ਕਰਨ ਦੀ ਬਜਾਇ ਸੀ.ਬੀ.ਆਈ. ਦੇ ਅਧਿਕਾਰੀਆਂ ਦੀ ਦਿਲਚਸਪੀ ਇਸ ਵਿਚ ਸੀ ਕਿ ਚੌਹਾਨ ਦੀ ਜਾਂਚ ਟੀਮ ਉਨ੍ਹਾਂ ਆਦਿਵਾਸੀਆਂ ਤੱਕ ਪਹੁੰਚੀ ਕਿਵੇਂ! ਵਿਸ਼ੇਸ਼ ਜਾਂਚ ਟੀਮ ਨੇ ਚਸ਼ਮਦੀਦ ਗਵਾਹਾਂ ਨੂੰ ਵਿਸ਼ਵਾਸ 'ਚ ਲੈ ਕੇ ਉਨ੍ਹਾਂ ਦੇ ਬਿਆਨ ਰਿਕਾਰਡ ਨਹੀਂ ਕੀਤੇ, ਜ਼ਮੀਨੀ ਤੱਥਾਂ ਦੀ ਸੁਤੰਤਰ ਜਾਂਚ ਨਹੀਂ ਕੀਤੀ, ਇਸ ਮਾਮਲੇ 'ਚ ਅਗਰਵਾਲ ਕਮਿਸ਼ਨ ਦੀ ਰਿਪੋਰਟ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ ਜਾ ਰਿਹਾ, ਫਿਰ ਸਿੱਟ ਨੇ ਜਾਂਚ ਕਿਵੇਂ ਮੁਕੰਮਲ ਕਰ ਲਈ ਜਿਵੇਂ ਕਿ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ 'ਚ ਦਾਅਵਾ ਕੀਤਾ ਕਿ ਸੀ.ਬੀ.ਆਈ. ਦੀ ਰਿਪੋਰਟ 'ਮੁਕੰਮਲ ਹੋਣ ਵਾਲੀ ਹੈ'? ਅਗਰਵਾਲ ਕਮਿਸ਼ਨ ਦੀ ਜਾਂਚ ਰਿਪੋਰਟ ਅਤੇ ਉਸ ਵਿਚ ਕੋਬਰਾ ਯੂਨਿਟ ਦੇ ਜੁਰਮ ਦਾ ਦੋਸ਼ੀ ਠਹਿਰਾਏ ਜਾਣ ਬਾਰੇ ਸਾਲਿਸਟਰ ਜਨਰਲ ਨੇ ਚੁੱਪ ਵੱਟ ਲਈ। ਸੀ.ਬੀ.ਆਈ. ਦੀ ਰਿਪੋਰਟ ਜਨਤਕ ਹੋਣ ਤੋਂ ਪਹਿਲਾਂ ਹੀ ਸਾਲਿਸਟਰ ਜਨਰਲ ਦੇ ਰਵੱਈਏ ਅਤੇ ਉਸ ਵੱਲੋਂ ਪਟੀਸ਼ਨ ਕਰਤਾ ਤੋਂ ਅਦਾਲਤੀ ਸੁਣਵਾਈ ਦਾ ਖ਼ਰਚਾ ਵਸੂਲਣ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਦੇ ਮੱਦੇਨਜ਼ਰ ਸ਼ਾਇਦ ਹੀ ਕਿਸੇ ਨੂੰ ਕੋਈ ਭੁਲੇਖਾ ਹੋਵੇ ਕਿ ਸੀ.ਬੀ.ਆਈ. ਕਿਸ ਤਰ੍ਹਾਂ ਦੀ ਜਾਂਚ ਰਿਪੋਰਟ ਪੇਸ਼ ਕਰੇਗੀ। ਸਰਕਾਰੀ ਜਾਂਚ ਏਜੰਸੀਆਂ ਦੀ ਇਸੇ ਗ਼ੁਲਾਮ ਭੂਮਿਕਾ ਕਾਰਨ ਹੱਕਾਂ ਦੀਆਂ ਜਥੇਬੰਦੀਆਂ ਅਤੇ ਖੋਜੀ ਪੱਤਰਕਾਰਾਂ ਦੀਆਂ ਤੱਥ ਖੋਜ ਰਿਪੋਰਟਾਂ ਦਾ ਨਿਆਂ ਦੇ ਨਜ਼ਰੀਏ ਤੋਂ ਵਿਸ਼ੇਸ਼ ਮਹੱਤਵ ਬਣਦਾ ਹੈ। ਅਜਿਹੀ ਭੂਮਿਕਾ ਦੇ ਮੱਦੇਨਜ਼ਰ ਜਸਟਿਸ ਚੰਦਰੂ ਨੇ ਕਿਹਾ ਸੀ ਕਿ ਪਹਿਲਾਂ ਸੀ.ਬੀ.ਆਈ. ਤੇ ਹੁਣ ਐੱਨ.ਆਈ.ਏ. ਤੇ ਈ.ਡੀ. ਸੱਤਾਧਾਰੀ ਪਾਰਟੀ ਦੀਆਂ ਅਧਿਕਾਰਕ ਰਾਜਨੀਤਕ ਏਜੰਟ ਬਣ ਚੁੱਕੀਆਂ ਹਨ ਜੋ ਜੁਰਮ ਦੀ ਜਾਂਚ ਕਰਨ ਦੀ ਬਜਾਏ ਹੁਕਮਰਾਨਾਂ ਦੇ ਜੁਰਮਾਂ ਉੱਪਰ ਪਰਦਾ ਪਾਉਂਦੀਆਂ ਹਨ।

ਤੱਥ ਖੋਜ ਰਿਪੋਰਟਾਂ ਮਨੁੱਖੀ, ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦੇ ਘਾਣ ਦੀ ਹਕੀਕਤ ਨੂੰ ਦੁਨੀਆ ਅੱਗੇ ਪੇਸ਼ ਕਰਦੀਆਂ ਹਨ ਅਤੇ ਨਾਗਰਿਕਾਂ ਨੂੰ ਹੱਕਾਂ ਦੀ ਰਾਖੀ ਲਈ ਜਾਗਰੂਕ ਹੋਣ ਲਈ ਪ੍ਰੇਰਦੀਆਂ ਹਨ। ਇਨ੍ਹਾਂ ਰਿਪੋਰਟਾਂ ਨਾਲ ਹਕੂਮਤ ਅਤੇ ਪੁਲਿਸ-ਨੀਮ ਫ਼ੌਜੀ ਅਤੇ ਫ਼ੌਜੀ ਤਾਕਤਾਂ ਲਈ ਪੈਦਾ ਹੋਣ ਵਾਲੀ ਸਿਰਦਰਦੀ ਅਤੇ ਜਵਾਬਦੇਹੀ ਤੋਂ ਨਿਜਾਤ ਪਾਉਣ ਲਈ ਹੀ ਹੁਕਮਰਾਨ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਬਾਨ ਬੰਦ ਕਰਨ ਲਈ ਮਾਓਵਾਦੀ ਸਾਜ਼ਿਸ਼, ਹਿੰਸਾ ਦੀ ਸਾਜ਼ਿਸ਼ ਵਰਗੇ ਝੂਠੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ 'ਚ ਡੱਕਦੇ ਹਨ ਅਤੇ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਅਮਨਪਸੰਦ ਰੌਸ਼ਨ-ਖ਼ਿਆਲ ਨਾਗਰਿਕਾਂ ਉੱਪਰ ਲਗਾ ਕੇ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸਾੜਨ ਦਾ ਬੰਦੋਬਸਤ ਕਰਦੇ ਹਨ। ਗੜ੍ਹਚਿਰੌਲੀ ਸਾਜ਼ਿਸ਼ ਕੇਸ, ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ, ਦਿੱਲੀ ਹਿੰਸਾ ਸਾਜ਼ਿਸ਼ ਕੇਸ ਇਸ ਦੀਆਂ ਉੱਘੜਵੀਂਆਂ ਮਿਸਾਲਾਂ ਹਨ। ਇਸੇ ਨੀਤੀ ਤਹਿਤ ਆਰ.ਐੱਸ.ਐੱਸ.-ਭਾਜਪਾ ਹਕੂਮਤ ਨੇ ਸਿਵਲ ਸੁਸਾਇਟੀ (ਹੱਕਾਂ ਦੀਆਂ ਜਥੇਬੰਦੀਆਂ) ਨੂੰ ਭਾਰਤੀ ਰਾਜ ਦੀ ਜੰਗ ਦਾ ਨਵਾਂ ਮੋਰਚਾ ਕਰਾਰ ਦਿੱਤਾ ਹੈ। ਇਨ੍ਹਾਂ ਹਾਲਾਤ 'ਚ ਹਿੰਦੂਤਵੀ ਹਕੂਮਤ ਵੱਲੋਂ ਨਿਆਂ ਦੀ ਮੰਗ ਕਰਨ ਦੇ ਹੱਕ ਉੱਪਰ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਵਿਸ਼ਾਲ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਅਤੇ ਇਹ ਸਿਰਫ਼ ਜਮਹੂਰੀ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦਾ ਕੰਮ ਨਹੀਂ ਹੈ।

# ਮਾਤ ਭੂਮੀ ਦੀ ਮੁਹੱਬਤ

ਕਤਰ ਵਿਚ ਹੋ ਰਹੇ ਫੀਫਾ ਵਿਸ਼ਵ ਕੱਪ ਵਿਚ ਸਵਿਟਜ਼ਰਲੈਂਡ ਦੇ ਖਿਡਾਰੀ ਬ੍ਰੀਲ ਐਂਬੋਲੋ ਨੇ ਜਦੋਂ ਕੈਮਰੂਨ ਖਿਲਾਫ ਫੈਸਲਾਕੁਨ ਗੋਲ ਦਾਗਿਆ ਤਾਂ ਉਹ ਮਾਤ-ਭੂਮੀ ਪ੍ਰਤੀ ਬੇਪਨਾਹ ਮੁਹੱਬਤ ਦਾ ਸਿਖਰ ਹੋ ਨਿਬੜਿਆ। ਇਸ ਮੈਚ ਵਿਚ ਭਾਵੇਂ 48ਵੇਂ

**ਇਕਬਾਲ ਸਿੰਘ ਬਰਾੜ**
ਫੋਨ: +91-99880-09468

ਮਿੰਟ ਵਿਚ ਉਸ ਦੇ ਇਕਲੌਤੇ ਗੋਲ ਨੇ ਸਵਿਟਜ਼ਰਲੈਂਡ ਲਈ ਜਿੱਤ ਦੇ ਦਰ ਖੋਲ੍ਹ ਦਿੱਤੇ ਪਰ ਮੈਦਾਨ ਵਿਚ ਡਟਿਆ ਐਂਬੋਲੋ ਇਕਦਮ ਅਤੀਤ ਵਿਚ ਗੁਆਚ ਗਿਆ। ਉਸ ਦੀ ਟੀਮ ਦੇ ਸਾਥੀ ਜੇਤੂ ਜਸ਼ਨ ਵਿਚ ਡੁੱਬੇ ਹੋਏ ਸਨ ਪਰ ਐਂਬੋਲੋ ਨੂੰ ਆਪਣਾ ਪਿਛੋਕੜ ਨਾ ਵਿਸਰਿਆ ਜਿਸ ਕਰ ਕੇ ਉਸ ਦੇ ਭਾਵੁਕ ਹੋਏ ਚਿਹਰੇ ਉਤੇ ਕੈਮਰੂਨ ਖਿਲਾਫ ਜਿੱਤ ਦਾ ਰੰਗ ਨਾ ਦਿਸਿਆ। ਜਨਮ ਭੋਇੰ ਨਾਲ ਰਿਸ਼ਤਾ ਸਦੀਵੀ ਹੁੰਦਾ ਹੈ। ਅਫਰੀਕੀ ਮੁਲਕ ਕੈਮਰੂਨ ਐਂਬੋਲੋ ਦੀ ਜਨਮ ਭੂਮੀ ਹੈ ਪਰ ਸਵਿਟਜ਼ਲੈਂਡ ਉਸ ਦਾ ਸਵੈ-ਮਾਣ ਹੈ।

ਪੰਜ ਸਾਲ ਦੀ ਉਮਰ ਵਿਚ ਆਪਣੀ ਮਾਂ ਨਾਲ ਕੈਮਰੂਨ ਵਿਚੋਂ ਪਰਵਾਸ ਕਰ ਜਾਣ ਵਾਲੇ ਐਂਬੋਲੋ ਦੀ ਕਹਾਣੀ ਲਗਭਗ ਪਰਵਾਸੀ ਪੰਜਾਬੀਆਂ ਨਾਲ ਮਿਲਦੀ-ਜੁਲਦੀ ਹੈ। ਬਾਲ ਉਮਰ ਵਿਚ ਐਂਬੋਲੋ ਦਾ ਪਰਵਾਸ ਵੀ ਉਸ ਨੂੰ ਜੜ੍ਹਾਂ ਨਾਲੋਂ ਤੋੜ ਨਾ ਸਕਿਆ। ਉਸ ਨੂੰ ਕੋਚ ਨੇ ਮੈਚ ਤੋਂ ਪਹਿਲਾਂ ਹੀ ਸਮਝਾ ਦਿੱਤਾ ਸੀ ਕਿ ਖੇਡ ਮੈਦਾਨ ਦੇ ਬਾਹਰ ਕੈਮਰੂਨ ਮੁਲਕ ਤੇਰਾ ਮਿੱਤਰ-ਪਿਆਰਾ ਹੋ ਸਕਦਾ ਪਰ ਮੈਦਾਨ ਦੇ ਅੰਦਰ ਸਿਰਫ ਤੇ ਸਿਰਫ ਧੁਰ ਵਿਰੋਧੀ ਹੋਵੇਗਾ। ਫੁਟਬਾਲ ਨੂੰ ਸੱਚੇ ਦਿਲੋਂ ਪ੍ਰਨਾਏ ਐਂਬੋਲੋ ਨੇ ਸਵਿਟਰਜ਼ਰਲੈਂਡ ਨੂੰ ਜਿੱਤ ਦਿਵਾ ਕੇ ਇਨ੍ਹਾਂ ਗੱਲਾਂ ਨੂੰ ਸਿੱਧ ਕਰਕੇ ਦਿਖਾ ਦਿੱਤਾ ਕਿ ਖੇਡ ਭਾਵਨਾ ਹੁੰਦੀ ਕੀ ਹੈ।

ਆਪਣੀ ਜਨਮ ਭੋਇੰ ਤੋਂ ਵਿਛੜ ਜਾਣ ਦੀ ਤੜਫ ਦਾ ਅਹਿਸਾਸ ਪਰਵਾਸ ਕਰ ਚੁੱਕਾ ਮਨੁੱਖ ਹੀ ਮਹਿਸੂਸ ਕਰ ਸਕਦਾ ਹੈ। ਵਿਦੇਸ਼ਾਂ ਵਿਚ ਰਹਿ ਰਹੇ ਬਹੁਤੇ ਪੰਜਾਬੀ ਵੀ ਐਂਬੋਲੋ ਵਾਂਗ ਆਪਣੇ ਮੂਲ ਨਾਲ ਮੁਹੱਬਤ ਕਰਦੇ ਹਨ। ਵਿਕਸਤ ਮੁਲਕਾਂ ਵਿਚ ਆਰਥਿਕ ਪੱਖੋਂ ਸਾਧਨ-ਸਮਰੱਥ ਪੰਜਾਬੀਆਂ ਨੂੰ ਘਾਟ ਸਿਰਫ ਆਪਣੇ ਵਤਨ ਦੀ ਰੜਕਦੀ ਹੈ। ਪੰਜਾਬੀਆਂ ਦੇ ਸਾਹਮਣੇ ਤਾਂ ਇਹ ਵਰਤਾਰਾ ਵਾਰ-ਵਾਰ ਆਇਆ ਹੈ।

1947 ਵਿਚ ਮੁਲਕ ਦੀ ਵੰਡ ਵੇਲੇ ਪੰਜਾਬੀਆਂ ਦੇ ਪਰਵਾਸ (ਉਜਾੜੇ) ਦੀਆਂ ਦਿਲ ਦਹਿਲਾਉਣ ਵਾਲੀਆਂ ਘਟਨਾਵਾਂ ਵਿਸ਼ਵ ਦੇ ਇਤਿਹਾਸ ਵਿਚ ਦੁਖਦਾਇਕ ਪੰਨਿਆਂ ਵਜੋਂ ਦਰਜ ਹਨ। ਚੜ੍ਹਦੇ ਪੰਜਾਬ ਦੇ ਬਹੁਤੇ ਬਜ਼ੁਰਗ ਅਜੇ ਵੀ ਵੰਡ ਵੇਲੇ ਲਹਿੰਦੇ ਪੰਜਾਬ ਵਿਚ ਆਪਣੇ ਮੂਲ ਨਾਲੋਂ ਟੁੱਟ ਜਾਣ ਦੀ ਪੀੜ ਹੰਢਾ ਰਹੇ ਹਨ। ਇਹੀ ਹਾਲ ਲਹਿੰਦੇ ਪੰਜਾਬ ਦੇ ਬਜ਼ੁਰਗਾਂ ਦਾ ਹੈ। ਇਹ ਪਰਵਾਸ ਬੇਸ਼ਕ ਮਰਜ਼ੀ ਨਾਲ ਨਹੀਂ ਸੀ ਹੋਇਆ, ਜਬਰੀ ਥੋਪਿਆ ਗਿਆ ਸੀ ਪਰ ਪਰਵਾਸ ਦੀ ਪੀੜ ਕਦੇ ਮੱਠੀ ਨਹੀਂ ਹੁੰਦੀ। ਇਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਦਾ ਰਾਜਕੁਮਾਰ ਮਹਾਰਾਜਾ ਦਲੀਪ ਸਿੰਘ ਵੀ ਸਮੁੱਚਾ ਜੀਵਨ ਜਬਰੀ ਪਰਵਾਸ ਭੁਗਤਦਾ ਰਿਹਾ। ਉਸ ਦੇ ਸੀਨੇ ਵਿਚ ਪੰਜਾਬ ਲਈ ਡੂੰਘੀ ਤੜਪ ਸੀ। ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਛੋਟੀ ਉਮਰ ਵਿਚ ਹੀ ਉਸ ਦੇ ਮਹਾਨ ਵਿਰਸੇ ਅਤੇ ਧਰਮ ਤੋਂ ਬੇਮੁਖ ਕਰਨ ਲਈ ਪੂਰੀ ਵਾਹ ਲਾ ਦਿੱਤੀ ਸੀ, ਫਿਰ ਵੀ ਉਹ ਆਖਰੀ ਸਾਹ ਤੱਕ ਆਪਣੇ ਮੂਲ ਲਈ ਤੜਫਦਾ ਰਿਹਾ।

ਐਂਬੋਲੋ ਵਾਂਗ ਅੱਜ ਵੀ ਵੱਡੀ ਗਿਣਤੀ ਵਿਚ ਪੰਜਾਬੀ ਨੌਜਵਾਨ ਪਰਵਾਸ ਕਰ ਰਹੇ ਹਨ ਪਰ ਸ਼ਾਇਦ ਉਹ ਕਦੇ ਵੀ ਸਹੂਲਤਾਂ ਭਰੀ ਜ਼ਿੰਦਗੀ ਵਿਚ ਕੈਦ ਨਹੀਂ ਹੋਣਗੇ ਸਗੋਂ ਉਨ੍ਹਾਂ ਨੂੰ ਵਿਦੇਸ਼ ਵਿਚ ਕਰਮ ਭੂਮੀ ਉਤੇ ਰਹਿੰਦਿਆਂ ਆਪਣੀ ਜਨਮ ਭੂਮੀ ਦੀ ਤੜਫ ਹਮੇਸ਼ਾ ਸਤਾਉਂਦੀ ਰਹੇਗੀ। ਪੰਜਾਬ ਵਿਚ ਰੁਮਕਦੀ ਠੰਢੀ ਹਵਾ ਪਰਵਾਸੀ ਪੰਜਾਬੀਆਂ ਦਾ ਸੀਨਾ ਠਾਰ ਦਿੰਦੀ ਹੈ।

ਐਂਬੋਲੋ ਮਾਤ ਭੂਮੀ ਦਾ ਸੱਚਾ ਆਸ਼ਕ ਨਿਕਲਿਆ ਜਿਸ ਨੇ ਸਵਿਟਰਜ਼ਰਲੈਂਡ ਦੀ ਨੁਮਾਇੰਦਗੀ ਕਰਦੇ ਹੋਏ ਵੀ ਖੇਡ ਦੇ ਮੈਦਾਨ ਵਿਚ ਦੁਨੀਆ ਸਾਹਮਣੇ ਆਪਣੀ ਜਨਮ ਭੋਇੰ ਕੈਮਰੂਨ ਪ੍ਰਤੀ ਇਸ਼ਕ ਦਾ ਪ੍ਰਗਟਾਵਾ ਕੀਤਾ। ਫੀਫਾ ਵਿਸ਼ਵ ਕੱਪ ਵਿਚ ਐਂਬੋਲੋ ਦੀ ਦਿਲ ਨੂੰ ਛੂਹ ਲੈਣ ਵਾਲੀ ਭਾਵਨਾ ਪਰਵਾਸ ਕਰਨ ਵਾਲੇ ਲੋਕਾਂ ਨੂੰ ਮਾਤ ਭੂਮੀ ਪ੍ਰਤੀ ਹਮੇਸ਼ਾ ਕਰਜ਼ਦਾਰ ਰਹਿਣ ਦਾ ਰਾਹ ਦਿਖਾਉਂਦੀ ਹੈ।

# ਵਡਾ ਆਪਿ ਵਡੀ ਵਡਿਆਈ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

ਭਾਈ ਗੁਰਦਾਸ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਬਹੁਤ ਹੀ ਸੰਖੇਪ ਲਫ਼ਜ਼ਾਂ ਵਿਚ ਪ੍ਰੰਤੂ ਬਹੁਤ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਹੋਈ ਹੈ। ਸੱਤਵੀਂ ਵਾਰ ਦੀ ਇਸ ਸੋਲ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਗੁਰਮਤਿ ਸਿਧਾਂਤ ਅਨੁਸਾਰ ਪਰਮ-ਹਸਤੀ ਬ੍ਰਹਮ ਅਰਥਾਤ ਕਰਤਾ-ਪੁਰਖ ਦਾ ਵਰਣਨ ਕਰ ਰਹੇ ਹਨ ਕਿ ਉਹ ਪਰਮ ਸ਼ਕਤੀ ਵੇਦਾਂ ਅਤੇ ਸਾਮੀ ਧਰਮ-ਗ੍ਰੰਥਾਂ ਤੋਂ ਵੀ ਪਰੇ ਦੀ ਹਸਤੀ ਹੈ ਅਰਥਾਤ ਉਹ ਪਰਮ ਸ਼ਕਤੀ ਇਨ੍ਹਾਂ ਧਾਰਮਿਕ ਪੁਸਤਕਾਂ ਵਿਚ ਕੀਤੇ ਵਰਣਨ ਤੱਕ ਸੀਮਤ ਨਹੀਂ ਹੈ; ਉਹ ਪਰੇ ਤੋਂ ਪਰੇ ਹੈ, ਜਿਸ ਨੂੰ ਸਮੁੱਚਤਾ ਵਿਚ ਲਿਖਿਆ ਨਹੀਂ ਜਾ ਸਕਦਾ, ਉਹ ਕਹਿਣ-ਸੁਣਨ ਅਤੇ ਦਿਸਦੇ ਤੋਂ ਪਰੇ, ਅਪ੍ਰੰਪਰ ਹੈ।

ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਵੀ ਉਸ ਦੀ ਬੇਅੰਤਤਾ ਅਤੇ ਅਪ੍ਰੰਪਰਤਾ ਦਾ ਵਰਣਨ ਕਰਦਿਆਂ ਉਸ ਨੂੰ "ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ" ਕਿਹਾ ਹੈ। ਪੰਚਮ ਪਾਤਿਸ਼ਾਹ ਅਨੁਸਾਰ ਉਹ ਪਰਮਸਤਿ ਵੇਦ, ਕਤੇਬ ਅਤੇ ਬ੍ਰਹਮੰਡ ਆਦਿ ਦੇ ਅੰਦਰ ਹੀ ਨਹੀਂ ਸਮਾਇਆ ਹੋਇਆ, ਇਨ੍ਹਾਂ ਦੇ ਬਿਆਨ ਤੱਕ ਹੀ ਮਹਿਦੂਦ ਨਹੀਂ ਹੈ ਬਲਕਿ ਬਹੁਤ ਵਿਸ਼ਾਲ ਹੈ ਅਤੇ ਇਨ੍ਹਾਂ ਦੀਆਂ ਹੱਦਬੰਦੀਆਂ ਤੋਂ ਪਰੇ ਬੇਅੰਤਤਾ ਵਿਚ ਪ੍ਰਕਾਸ਼ਮਾਨ ਹੈ। ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਉਸ ਦਾ ਰੂਪ ਅਸਚਰਜ, ਵਿਸ਼ਾਲ ਅਤੇ ਰਹੱਸਾਤਮਕ ਹੈ, ਜੋ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਉਪਰ ਹੈ ਅਰਥਾਤ ਉਸ ਦੇ ਸਰੂਪ ਨੂੰ ਗਿਆਨ ਇੰਦ੍ਰੀਆਂ ਰਾਹੀਂ ਦ੍ਰਿਸ਼ਟੀਗੋਚਰ ਕਰਨਾ ਸੰਭਵ ਨਹੀਂ ਹੈ। ਉਸ ਦੇ ਇੱਕ ਹੁਕਮ ਨਾਲ ਇਸ ਸਾਰੇ ਬ੍ਰਹਮੰਡ ਦਾ ਪਾਸਾਰ ਹੋਇਆ ਹੈ ਜਿਸ ਦੀ ਬੇਅੰਤਤਾ ਨੂੰ ਕਿਸੇ ਤਰ੍ਹਾਂ ਨਾਲ ਵੀ ਮਾਪਿਆ ਜਾਂ ਤੋਲਿਆ ਨਹੀਂ ਜਾ ਸਕਦਾ, ਉਸ ਦੀ ਕੁਦਰਤਿ ਨੂੰ ਮਿਣਿਆ, ਤੋਲਿਆ ਨਹੀਂ ਜਾ ਸਕਦਾ। ਭਾਈ ਗੁਰਦਾਸ ਦੇ ਕਥਨ ਦੀ ਪ੍ਰੋੜਤਾ ਗੁਰੂ ਨਾਨਕ ਸਾਹਿਬ ਦੇ ਉਸ ਫ਼ਰਮਾਨ ਤੋਂ ਹੋ ਜਾਂਦੀ ਹੈ ਜਦੋਂ ਉਹ ਕਰਤਾ ਪੁਰਖ ਵੱਲੋਂ ਇਸ ਬ੍ਰਹਮੰਡੀ ਪਾਸਾਰ ਦੀ ਗੱਲ ਕਰਦਿਆਂ ਜਪੁਜੀ ਵਿਚ ਹੀ ਫ਼ਰਮਾਉਂਦੇ ਹਨ,

"ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥"

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਉਸ ਪਾਰਬ੍ਰਹਮ ਦੀ ਵਿਆਖਿਆ ਕਰ ਸਕਣੀ ਸੰਭਵ ਨਹੀਂ ਹੈ ਅਤੇ ਮਨੁੱਖ ਉਸ ਤੱਕ ਪਹੁੰਚਣ ਲਈ ਆਪਣੀ ਸੁਰਤਿ ਦੀ ਸ਼ਬਦ ਨਾਲ ਲਿਵ ਲਾਉਂਦਿਆਂ ਥੱਕ ਗਿਆ ਹੈ ਪ੍ਰੰਤੂ ਉਸ ਦੀ ਥਾਹ ਨਹੀਂ ਪਾ ਸਕਿਆ। ਉਹ ਮਨ, ਬਚਨ, ਕਰਮ, ਸਿਆਣਪ ਅਤੇ ਬੁੱਧੀ ਆਦਿ ਸਾਰੇ ਅਮਲਾਂ ਦੀ ਪਕੜ ਤੋਂ ਪਰੇ ਹੈ। ਕਹਿਣ ਤੋਂ ਭਾਵ ਹੈ ਕਿ ਮਨੁੱਖ ਦੀਆਂ ਗਿਆਨ ਇੰਦ੍ਰੀਆਂ ਅਤੇ ਕਰਮ ਇੰਦ੍ਰੀਆਂ ਆਦਿ ਉਸ ਕਰਤਾ ਪੁਰਖ ਦੀ ਪੂਰੀ ਤਰ੍ਹਾਂ ਥਾਹ ਨਹੀਂ ਪਾ ਸਕਦੀਆਂ ਅਤੇ ਇਹ ਸਾਰੇ ਅਮਲ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਥੱਕ ਗਏ ਹਨ। ਉਹ ਅਛਲ, ਅਛੇਦ ਅਤੇ ਅਭੇਦ ਹੈ; ਉਸ ਨੂੰ ਛਲਿਆ ਨਹੀਂ ਜਾ ਸਕਦਾ, ਉਹ ਸਮੇਂ ਦੇ ਬੰਧਨਾਂ ਤੋਂ ਉਤੇ ਅਤੇ ਅਦਵੈਤ ਹੈ ਪ੍ਰੰਤੂ ਇਸ ਦੇ ਨਾਲ ਹੀ ਉਹ ਆਪਣੇ ਭਗਤਾਂ 'ਤੇ ਮਿਹਰ ਕਰਦਾ ਹੈ ਅਤੇ ਸਤਿਸੰਗਤ ਵਿਚ ਵਸਦਾ ਹੈ। ਉਸ ਦਾ ਅਨੁਭਵ ਸਤਿਸੰਗਤ ਵਿਚ ਜਾ ਕੇ ਉਸ ਦੀ ਭਗਤੀ ਕੀਤਿਆਂ ਉਸ ਦੀ ਮਿਹਰ ਦੇ ਪਾਤਰ ਬਣਿਆ ਜਾ ਸਕਦਾ ਹੈ। ਉਹ ਆਪ ਮਹਾਨ ਅਤੇ ਬੇਅੰਤ ਹੈ; ਉਸ ਦੀ ਉਪਮਾ ਵੀ ਮਹਾਨ ਅਤੇ ਬੇਅੰਤ ਹੈ:

ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
ਰੂਪੁ ਅਨੂਪੁ ਅਚਰਜੁ ਹੈ ਦਰਸਨੁ ਦ੍ਰਿਸਟਿ ਅਗੋਚਰ ਭਾਈ।
ਇਕੁ ਕਵਾਉ ਪਸਾਉ ਕਰਿ ਤੋਲੁ ਨ ਤੁਲਾਧਾਰ ਨ ਸਮਾਈ।
ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵ ਲਾਈ।
ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧਸੰਗਤਿ ਛਾਈ।
ਵਡਾ ਆਪਿ ਵਡੀ ਵਡਿਆਈ॥16॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦੇ ਸੁਖਫਲ ਦਾ ਜ਼ਿਕਰ ਕਰਦੇ ਹੋਏ ਜੰਗਲ ਵਿਚ ਉੱਗੇ ਬਿਰਛਾਂ, ਬੂਟਿਆਂ ਦੇ ਹਵਾਲੇ ਨਾਲ ਦੱਸਦੇ ਹਨ ਕਿ ਦੂਰ ਬੀਆਵਾਨ ਜੰਗਲਾਂ ਵਿਚ ਉੱਗੀ ਹੋਈ ਬਨਸਪਤੀ ਅਣਗੌਲੀ ਹੁੰਦੀ ਹੈ, ਜੰਗਲ ਵਿਚ ਉੱਗੇ ਕੁਦਰਤੀ ਖ਼ਜ਼ਾਨਿਆਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਮਾਲੀ ਉਸ ਵੰਨ-ਸੁਵੰਨੀ ਉੱਗੀ ਹੋਈ ਬਨਸਪਤੀ ਵਿਚੋਂ ਚੁਣ ਚੁਣ ਕੇ ਕੁੱਝ ਬੂਟੇ ਲਿਆਉਂਦਾ ਹੈ ਅਤੇ ਉਨ੍ਹਾਂ ਨੂੰ ਰਾਜਿਆਂ-ਮਹਾਰਾਜਿਆਂ ਦੇ ਬਾਗ-ਬਗੀਚਿਆਂ ਵਿਚ ਲਾ ਦੇਂਦਾ ਹੈ। ਫਿਰ ਉਨ੍ਹਾਂ ਨੂੰ ਸਿੰਜ ਸਿੰਜ ਕੇ ਪਾਲਦਾ ਹੈ ਅਤੇ ਵਿਚਾਰਵਾਨ ਮਨੁੱਖ ਉਨ੍ਹਾਂ ਦੀ ਦੇਖ-ਭਾਲ ਕਰਦਾ ਹੈ। ਰੁੱਤ ਆਉਣ 'ਤੇ ਉਹ ਬੂਟੇ ਸਫਲ ਹੋ ਜਾਂਦੇ ਹਨ, ਫਲ ਪੈਂਦਾ ਹੈ ਅਤੇ ਉਹ ਰਸਦਾਰ ਫਲ ਦਿੰਦੇ ਹਨ। ਬੂਟੇ ਦੇ ਆਪਣੇ ਆਪ ਵਿਚ ਕੋਈ ਸੁਆਦ-ਸੁਗੰਧ ਜਾਂ ਰਸ ਨਹੀਂ ਹੁੰਦਾ ਪ੍ਰੰਤੂ ਫਲ ਰਸ ਅਤੇ ਸੁਗੰਧ ਦਾ ਭਰਿਆ ਹੁੰਦਾ ਹੈ। ਇਸ ਉਦਾਹਰਣ ਰਾਹੀਂ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਸ ਜਗਤ ਵਿਚ ਪੂਰਨ ਬ੍ਰਹਮ ਅਰਥਾਤ ਕਰਤਾ ਪੁਰਖ ਗੁਰਮੁਖਾਂ ਦੀ ਸਤਿਸੰਗਤਿ ਵਿਚ ਵਸਦਾ ਹੈ। ਉਨ੍ਹਾਂ ਬੂਟਿਆਂ ਵਾਂਗ ਹੀ ਗੁਰਮੁਖਿ ਆਪ ਇਸ ਸੰਸਾਰ ਵਿਚ ਸੁਖਫਲ ਦੇਣ ਵਾਲੇ ਹਨ। ਕਹਿਣ ਤੋਂ ਭਾਵ ਹੈ ਕਿ ਗੁਰਮੁਖਾਂ ਦੀ ਸੰਗਤਿ ਵਿਚ ਆਤਮਕ ਸੁੱਖ ਦੀ ਪ੍ਰਾਪਤੀ



ਹੁੰਦੀ ਹੈ, ਰੂਹਾਨੀ ਸੁਖ ਸਾਧਸੰਗਤਿ ਵਿਚ ਪ੍ਰਾਪਤ ਹੁੰਦਾ ਹੈ। ਇਸੇ ਸਬੰਧ ਵਿਚ ਗੁਰੂ ਅਮਰਦਾਸ ਜੀ ਨੇ ਫ਼ਰਮਾਇਆ ਹੈ, "ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ॥" ਸਿੱਖ ਧਰਮ-ਚਿੰਤਨ ਵਿਚ ਗੁਰਮੁਖਿ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਨੂੰ, ਗੁਰੂ ਦੀ ਸਿੱਖਿਆ ਦਾ ਅਨੁਸਾਰੀ ਹੋਣ ਵਾਲੇ ਨੂੰ ਕਿਹਾ ਹੈ ਅਤੇ ਗੁਰਮੁਖਾਂ ਦੀ ਸੰਗਤਿ ਵਿਚ ਨਾਮ ਦੀ ਪਛਾਣ ਹੁੰਦੀ ਹੈ, ਜਿਵੇਂ ਭਾਈ ਗੁਰਦਾਸ ਦਾ ਫ਼ਰਮਾਨ ਹੈ:

ਵਣ ਵਣ ਵਿਚਿ ਵਣਾਸਪਤਿ ਰਹੈ ਉਜਾੜਿ ਅੰਦਰਿ ਅਵਸਾਰੀ।
ਚੁਣਿ ਚੁਣਿ ਆਂਜਨਿ ਬੂਟੀਆ ਪਤਿਸਾਹੀ ਬਾਗੁ ਲਾਇ ਸਵਾਰੀ।
ਸਿੰਜਿ ਸਿੰਜਿ ਬਿਰਖ ਵਡੀਰੀਅਨਿ ਸਾਰਿ ਸਮ੍ਹਾਲਿ ਕਰਨ ਵੀਚਾਰੀ।
ਹੋਨਿ ਸਫਲ ਰੁਤਿ ਆਈਐ ਅੰਮ੍ਰਿਤ ਫਲੁ ਅੰਮ੍ਰਿਤ ਰਸੁ ਭਾਰੀ।
ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧਸੰਗਤਿ ਨਿਰੰਕਾਰੀ।
ਗੁਰਮੁਖਿ ਸੁਖ ਫਲੁ ਅਪਰ ਅਪਾਰੀ॥17॥

ਅਠਾਰਵੀਂ ਪਉੜੀ ਵਿਚ ਭਾਈ ਗੁਰਦਾਸ ਆਕਾਸ਼ ਦੀ ਅਸੀਮਤਾ ਦਾ ਜ਼ਿਕਰ ਕਰਦੇ ਹਨ ਕਿ ਅਸਮਾਨ ਅੱਖਾਂ ਨੂੰ ਨਜ਼ਰ ਆਉਂਦਾ ਹੈ ਪ੍ਰੰਤੂ ਇਸ ਦੇ ਹੱਦ-ਬੰਨ੍ਹੇ ਕਿੱਥੇ ਹਨ ਕੋਈ ਨਹੀਂ ਦੱਸ ਸਕਦਾ। ਇਸ ਦੀ ਉਚਾਈ ਨਜ਼ਰ ਆਉਂਦੀ ਹੈ ਪ੍ਰੰਤੂ ਇਹ ਕਿੰਨਾ ਉੱਚਾ ਹੈ, ਇਸ ਦਾ ਅੰਦਾਜ਼ਾ ਕੋਈ ਨਹੀਂ ਲਾ ਸਕਦਾ। ਪੰਛੀ ਇਸ ਵਿਚ ਉੱਚੀਆਂ ਉਡਾਰੀਆਂ ਲਾਉਂਦੇ ਹਨ, ਅਨਿਲ ਮਨਲ ਵਰਗੇ ਪੰਖੇਰੂ ਹਮੇਸ਼ਾ ਆਕਾਸ਼ ਵਿਚ ਹੀ ਉਡਦੇ ਰਹਿੰਦੇ ਹਨ ਪਰ ਉਹ ਵੀ ਇਸ ਦੇ ਰਹੱਸ ਨੂੰ ਨਹੀਂ ਜਾਣ ਸਕਦੇ। ਇਸ ਦਾ ਅਰੰਭ ਕਿੱਥੋਂ ਅਤੇ ਕਿਵੇਂ ਹੋਇਆ ਅਤੇ ਇਸ ਦਾ ਅੰਤ ਕਿੱਥੇ ਹੈ ਕੋਈ ਵੀ ਨਹੀਂ ਲੱਭ ਸਕਿਆ ਅਤੇ ਸਭ ਇਸ ਦੀ ਅਸਚਰਜਤਾ ਤੋਂ ਹੈਰਾਨ ਹਨ। ਭਾਈ ਗੁਰਦਾਸ ਕਹਿੰਦੇ ਹਨ ਕਿ ਉਸ ਕਾਦਰ ਦੀ ਕੁਦਰਤਿ ਤੋਂ ਕੁਰਬਾਨ ਜਾਈਏ ਜੋ ਅਣਮਿਣਤ ਅਤੇ ਬੇਅੰਤ ਹੈ। ਲੱਖਾਂ ਅਸਮਾਨ ਵੀ ਉਸ ਕਾਦਰ ਦੀ ਸ਼ਾਨ ਨੂੰ ਬਿਆਨ ਨਹੀਂ ਕਰ ਸਕਦੇ ਅਰਥਾਤ ਉਹ ਏਨਾ ਅਸੀਮ ਅਤੇ ਅਦਭੁੱਤ ਹੈ ਕਿ ਉਸ ਦੀ ਇਹ ਅਣਮਿਣਤ ਕੁਦਰਤਿ ਵੀ ਉਸ ਦੀ ਸ਼ਾਨ ਨੂੰ ਬਿਆਨ ਨਹੀਂ ਕਰ ਸਕਦੀ। ਏਨਾ ਅਕੱਥ ਅਤੇ ਅਸੀਮ ਹੋਣ 'ਤੇ ਵੀ ਉਸ ਪਾਰਬ੍ਰਹਮ, ਕਰਤਾ ਪੁਰਖ ਦਾ ਨਿਵਾਸ ਸਾਧਸੰਗਤਿ ਵਿਚ ਹੈ, ਉਹ ਗੁਰਮੁਖਾਂ ਦੀ ਸੰਗਤਿ ਵਿਚ ਵੱਸਦਾ ਹੈ। ਉਸ ਦੀ ਪਛਾਣ ਉਸ ਦਾ ਉਹ ਮੁਰੀਦ ਹੀ ਕਰ ਸਕਦਾ ਹੈ ਜੋ ਆਪਣੇ ਅੰਦਰੋਂ ਆਪਾ-ਭਾਵ ਅਰਥਾਤ ਹਉਮੈ ਨੂੰ ਮਾਰ ਲੈਂਦਾ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਹੀ ਹਉਮੈ ਨੂੰ "ਕੂੜੈ ਪਾਲਿ" ਕਿਹਾ ਹੈ ਜੋ 'ਸਚਿਆਰ' ਪਦ ਦੀ ਪ੍ਰਾਪਤੀ ਦੇ ਰਸਤੇ ਵਿਚ ਉਸਰੀ ਹੋਈ ਕੰਧ ਹੈ। ਗੁਰੂ ਅਮਰਦਾਸ ਨੇ ਬਚਨ ਕੀਤਾ ਹੈ ਕਿ ਜਿੱਥੇ ਹਉਮੈ ਹੈ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ ਕਿਉਂਕਿ ਹਉਮੈ ਦਾ ਨਾਮ ਨਾਲ ਵਿਰੋਧ ਹੈ, "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥" ਇਸ ਲਈ ਕਰਤਾ ਪੁਰਖ ਦੀ ਪਛਾਣ ਕਰਨ ਲਈ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰਨਾ ਪੈਂਦਾ ਹੈ, 'ਮੈਂ, ਮੇਰੀ' ਦਾ ਤਿਆਗ ਕਰਨਾ ਪੈਂਦਾ ਹੈ:

ਅੰਬਰੁ ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
ਉਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
ਲੈਨਿ ਉਡਾਰੀ ਪੰਖਣੂ ਅਨਲ ਮਨਲ ਉਡਿ ਖਬਰਿ ਨ ਆਣੈ।
ਓੜਿਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰੁ ਨੋ ਕੁਰਬਾਣੈ।
ਪਾਰਬ੍ਰਹਮ ਸਤਿਗੁਰ ਪੁਰਖ ਸਾਧਸੰਗਤਿ ਵਾਸਾ ਨਿਰਬਾਣੈ।
ਮੁਰਦਾ ਹੋਇ ਮੁਰੀਦੁ ਸਿਵਾਣੈ॥18॥

ਇਸ ਤੋਂ ਅੱਗੇ ਭਾਈ ਗੁਰਦਾਸ ਬਿਆਨ ਕਰਦੇ ਹਨ ਕਿ ਗੁਰੂ ਉਸ ਪੂਰਨ ਬ੍ਰਹਮ ਦਾ ਹੀ ਸਰੂਪ ਹੈ, ਉਸੇ ਦੀ ਮੂਰਤ ਹੈ ਜੋ ਹਰ ਇੱਕ ਸਰੀਰ ਦੇ ਅੰਦਰ ਉਸੇ ਤਰ੍ਹਾਂ ਪ੍ਰਕਾਸ਼ ਕਰ ਰਿਹਾ ਹੈ ਜਿਵੇਂ ਸੂਰਜ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਹਰ ਇੱਕ ਸਰੀਰ ਅੰਦਰ ਉਸ ਅਕਾਲ ਪੁਰਖ ਦੀ ਜੋਤਿ ਜਗ ਰਹੀ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਵੀ ਦੱਸਿਆ ਹੈ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਜਿਸ ਤਰ੍ਹਾਂ ਕੰਵਲ ਦੇ ਫੁੱਲ ਨੂੰ ਸੂਰਜ ਨਾਲ ਪ੍ਰੇਮ ਹੁੰਦਾ ਹੈ, ਉਸੇ ਤਰ੍ਹਾਂ ਗੁਰਮੁਖ ਆਪਣੀ ਪ੍ਰੇਮਾ-ਭਗਤੀ ਰਾਹੀਂ ਉਸ ਕਰਤਾ ਪੁਰਖ ਨੂੰ ਬੁੱਝ ਲੈਂਦਾ ਹੈ। ਗੁਰੂ ਦਾ ਸ਼ਬਦ ਹੀ ਬ੍ਰਹਮ ਹੈ ਜੋ ਸਾਰਿਆਂ ਅੰਦਰ ਸਦਗੁਣਾਂ ਦੀ ਗੁੱਝੀ ਅੰਮ੍ਰਿਤ ਧਾਰਾ ਬਣ ਕੇ ਸਾਰਿਆਂ ਦੇ ਅੰਦਰ ਇਕਰਸ ਹੋ ਕੇ ਅੰਤਰੀਵੀ ਵਰਸ ਰਿਹਾ ਹੈ। ਇਸ ਗੁਣਾਂ ਦੀ ਧਾਰਾ ਕਾਰਨ ਹੀ ਬ੍ਰਿਛ ਅਤੇ ਬੂਟੇ ਉਗਦੇ, ਵਧਦੇ-ਫੁੱਲਦੇ ਹਨ ਅਤੇ ਫਲ-ਫੁੱਲ ਦਿੰਦੇ ਹਨ ਅਤੇ ਚੰਦਨ ਵਿਚ ਖੁਸ਼ਬੂ ਪੈਂਦੀ ਅਤੇ ਚਾਰ-ਚੁਫੇਰੇ ਫੈਲਦੀ ਹੈ। ਭਾਵੇਂ ਕੁੱਝ ਕੁ ਬੂਟਿਆਂ ਨੂੰ ਫਲ ਜਾਂ ਫੁੱਲ ਪੈਂਦੇ ਹਨ ਅਤੇ ਕਈਆਂ ਨੂੰ ਨਹੀਂ ਵੀ ਪੈਂਦੇ ਪ੍ਰੰਤੂ ਸਭ ਹੀ ਸਮਦਰਸੀ ਹਨ, ਕਿਸੇ ਕਿਸਮ ਦੇ ਪੱਖ-ਪਾਤ ਤੋਂ ਰਹਿਤ ਹਨ; ਕਿਸੇ ਅੰਦਰ ਵੀ ਮੋਹ, ਧਰੋਹ ਅਤੇ ਦੁਬਿਧਾ ਨਹੀਂ ਹੈ ਜੋ ਉਨ੍ਹਾਂ ਦੇ ਦੁੱਖ ਦਾ ਕਾਰਨ ਬਣੇ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਵਿਅਕਤੀ ਜੀਵਨ-ਮੁਕਤ ਪਦ ਦੀ ਪ੍ਰਾਪਤੀ ਅਤੇ ਪਰਮ ਅਨੰਦ ਦੀ ਅਵਸਥਾ ਪਰਮਾਤਮਾ ਦੀ ਪ੍ਰੇਮ-ਭਗਤੀ ਰਾਹੀਂ ਪ੍ਰਾਪਤ ਕਰਦੇ ਹਨ। ਭਾਈ ਗੁਰਦਾਸ ਨਤੀਜਾ ਇਹ ਕੱਢਦੇ ਹਨ ਕਿ ਸਾਧਸੰਗਤਿ ਵਿਚ ਜਾਇਆਂ ਹੀ ਸਹਿਜ ਅਵਸਥਾ ਦੀ ਸੋਝੀ ਆਉਂਦੀ ਅਤੇ ਉਸ ਦੀ ਪਛਾਣ ਹੁੰਦੀ ਹੈ:

ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।
ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ।
ਕਿਰਖਿ ਬਿਰਖੁ ਹੋਇ ਸਫਲੁ ਫਲਿ ਚੰਨਣਿ ਵਾਸੁ ਨਿਵਾਸੁ ਨ ਖੁਝੈ।
ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹੁ ਨ ਦੁਬਿਧਾ ਲੁਝੈ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭਗਤਿ ਕਰਿ ਦੁਝੈ।
ਸਾਧਸੰਗਤਿ ਮਿਲਿ ਸਹਜਿ ਸਮੁਝੈ॥19॥

ਸੱਤਵੀਂ ਵਾਰ ਦੀ ਇਸ ਆਖ਼ਰੀ ਅਤੇ ਵੀਹਵੀਂ ਪਉੜੀ ਵਿਚ ਭਾਈ ਗੁਰਦਾਸ ਗੁਰੂ ਦੇ ਸ਼ਬਦ ਦੀ ਮਹਿਮਾ ਦਾ ਵਖਿਆਨ ਕਰਦੇ ਹਨ ਅਤੇ ਦੱਸਦੇ ਹਨ ਕਿ ਸ਼ਬਦ ਹੀ ਗੁਰੂ ਹੈ ਅਰਥਾਤ ਗੁਰੂ ਦੇ ਸ਼ਬਦ ਨੂੰ ਹੀ ਗੁਰੂ ਜਾਣਨਾ ਚਾਹੀਦਾ ਹੈ ਅਤੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਆਪਣੀ ਸੁਰਤਿ ਸ਼ਬਦ ਨਾਲ ਇਕਸੁਰ ਕਰਨਾ ਹੀ ਗੁਰੂ ਦਾ ਚੇਲਾ ਜਾਂ ਸਿਖਿਆਰਥੀ ਬਣਨਾ ਹੈ। ਗੁਰੂ ਨਾਨਕ ਦੇਵ ਜਦੋਂ ਸੁਮੇਰ ਪਰਬਤ 'ਤੇ ਗਏ ਅਤੇ ਸਿੱਧਾਂ ਨਾਲ ਵਿਚਾਰ ਚਰਚਾ ਕੀਤੀ ਤਾਂ ਉਹ ਵਿਚਾਰ-ਚਰਚਾ ਰਾਗ ਰਾਮਕਲੀ ਵਿਚ 'ਸਿਧ ਗੋਸਟਿ' ਬਾਣੀ ਦੇ ਰੂਪ ਵਿਚ ਪ੍ਰਾਪਤ ਹੈ। ਵਿਚਾਰ-ਚਰਚਾ ਵਿਚ ਸਿੱਧ ਗੁਰੂ ਨਾਨਕ ਸਾਹਿਬ ਨੂੰ ਪ੍ਰਸ਼ਨ ਕਰਦੇ ਹਨ

"ਕਵਣ ਮੂਲ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥"

ਅਰਥਾਤ ਜੀਵਣ ਦਾ ਮੂਲ ਕਿੱਥੇ ਹੈ, ਅਰੰਭ ਕਿੱਥੇ ਹੈ ਅਤੇ ਕਿਸ ਦੀ ਮਤ ਲੈਣ ਦਾ ਵੇਲਾ ਹੈ? ਭਾਵ ਕਿਹੜੇ ਧਰਮ ਦਾ ਪਹਿਰਾ ਹੈ? ਤੇਰਾ ਗੁਰੂ ਕੌਣ ਹੈ ਅਤੇ ਤੂੰ ਕਿਸ ਦਾ ਚੇਲਾ ਹੈਂ ਭਾਵ ਕਿਸ ਤੋਂ ਗੁਰੂ ਦੀਖਿਆ ਲਈ ਹੈ? ਇਸ ਦਾ ਉਤਰ ਗੁਰੂ ਨਾਨਕ ਸਾਹਿਬ ਦਿੰਦੇ ਹਨ,

"ਪਵਨ ਅਰੰਭ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"

ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਪ੍ਰਾਣ ਹੀ ਹਸਤੀ ਦਾ ਮੁੱਢ ਜਾਂ ਅਰੰਭ ਹਨ ਅਤੇ ਇਹ ਸਮਾਂ ਸਤਿਗੁਰੂ ਦੇ ਮੱਤ ਦਾ ਹੈ। ਸ਼ਬਦ ਗੁਰੂ ਹੈ ਅਤੇ ਸ਼ਬਦ ਵਿਚ ਸੁਰਤਿ ਦਾ ਲਗਾਤਾਰ ਟਿਕੇ ਰਹਿਣਾ ਹੀ ਚੇਲਾ ਹੈ। ਗੁਰੂ ਨਾਨਕ ਸਾਹਿਬ ਦੇ ਦਿੱਤੇ ਇਸੇ ਸਿਧਾਂਤ ਦੀ ਵਿਆਖਿਆ ਭਾਈ ਗੁਰਦਾਸ ਨੇ ਇੱਥੇ ਕੀਤੀ ਹੈ। ਸਾਧਸੰਗਤਿ ਜਾਂ ਗੁਰਮੁਖਾਂ ਦੀ ਸੰਗਤਿ ਨੂੰ ਭਾਈ ਗੁਰਦਾਸ ਨੇ ਸਚਖੰਡ ਕਿਹਾ ਹੈ (ਸਾਧਸੰਗਤਿ ਸਚਖੰਡ ਇਸ ਲਈ ਹੈ ਕਿਉਂਕਿ ਇਥੇ ਮਨੁੱਖ ਦੀ ਸੁਰਤਿ ਨਾਮ ਨਾਲ, ਸ਼ਬਦ ਨਾਲ ਇਕਸੁਰ ਹੋ ਜਾਂਦੀ ਹੈ, ਟਿਕ ਜਾਂਦੀ ਹੈ)। ਸਾਧਸੰਗਤਿ ਰੂਪੀ ਸਚਖੰਡ ਵਿਚ ਪਹੁੰਚ ਕੇ ਗੁਰਸਿਖ ਉਸ ਕਰਤਾ ਪੁਰਖ ਦੀ ਪ੍ਰੇਮ-ਭਗਤੀ ਵਿਚ ਜੁੜ ਕੇ ਪਰਮਾਤਮਾ ਨਾਲ ਮਿਲ ਪੈਂਦਾ ਹੈ। ਅਗਲੀ ਪੰਕਤੀ ਵਿਚ ਭਾਈ ਸਾਹਿਬ ਨੇ ਸਾਡਾ ਧਿਆਨ ਤਿੰਨ ਚੀਜ਼ਾਂ ਵੱਲ ਦੁਆਇਆ ਹੈ ਪਹਿਲਾ ਗਿਆਨ ਜੋ ਗੁਰੂ ਦੇ ਸ਼ਬਦ ਰਾਹੀਂ ਪ੍ਰਾਤਪ ਹੁੰਦਾ ਹੈ; ਦੂਜਾ ਧਿਆਨ ਜਿਸ ਦਾ ਅਰਥ ਹੈ ਸ਼ਬਦ ਨਾਲ ਆਪਣੀ ਸੁਰਤਿ ਨੂੰ ਜੋੜਨਾ ਅਤੇ ਤੀਜਾ ਸਿਮਰਨ ਜਿਸ ਦਾ ਅਰਥ ਹੈ ਪਰਮਾਤਮਾ ਦੇ ਨਾਮ ਨੂੰ ਜਪਣਾ, ਉਸ ਦੇ ਗੁਣਾਂ ਨੂੰ ਯਾਦ ਕਰਨਾ। ਇਨ੍ਹਾਂ ਤਿੰਨਾਂ ਦੇ ਸੁਮੇਲ ਦੀ ਜੁਗਤਿ ਨੂੰ ਦੱਸਣ ਲਈ ਉਦਾਹਰਣ ਕੂੰਜ, ਕੱਛੂ ਅਤੇ ਹੰਸ ਦੀ ਦਿੱਤੀ ਹੈ, ਜਿਨ੍ਹਾਂ ਵਿਚ ਇਨ੍ਹਾਂ ਤਿੰਨਾਂ ਦੀ ਜੁਗਤਿ ਕਾਇਮ ਹੈ। ਗੁਰਮੁਖਿ ਵਿਚ ਵੀ ਇਹ ਤਿੰਨੇ ਗੁਣ ਗਿਆਨ, ਧਿਆਨ ਅਤੇ ਸਿਮਰਨ ਕਾਇਮ ਹਨ, ਇਨ੍ਹਾਂ ਤਿੰਨਾਂ ਦਾ ਸੁਮੇਲ ਗੁਰਮੁਖਿ ਦੇ ਵਿਅਕਤੀਤਵ ਵਿਚ ਹੁੰਦਾ ਹੈ। ਭਾਈ ਗੁਰਦਾਸ ਅੱਗੇ ਹੋਰ ਉਦਾਹਰਣ ਦਿੰਦੇ ਹਨ ਕਿ ਬਿਰਛ ਨੂੰ ਫਲ ਲੱਗਦਾ ਹੈ ਅਤੇ ਉਸ ਫਲ ਵਿਚ ਬਿਰਛ ਦਾ ਬੀਜ ਹੁੰਦਾ ਹੈ ਜਿਸ ਤੋਂ ਅੱਗੇ ਫਿਰ ਹੋਰ ਬੂਟਾ ਜਾਂ ਬਿਰਛ ਪੈਦਾ ਕੀਤਾ ਜਾ ਸਕਦਾ ਹੈ ਅਤੇ ਪੈਦਾ ਹੁੰਦਾ ਹੈ। ਇਸ ਤਰ੍ਹਾਂ ਇਹ ਲੜੀ ਅੱਗੇ ਤੁਰਦੀ ਹੈ ਕਿ ਬੂਟੇ ਤੋਂ ਫਲ, ਫਲ ਤੋਂ ਬੂਟਾ ਅਤੇ ਬੂਟੇ ਅਤੇ ਫਲ ਵਿਚ ਕੋਈ ਅੰਤਰ ਜਾਂ ਵਖਰੇਵਾਂ ਨਹੀਂ ਹੈ। ਇਸੇ ਤਰ੍ਹਾਂ ਗੁਰੂ ਤੋਂ ਸ਼ਬਦ ਲੈ ਕੇ ਸਿੱਖ ਬਣਦਾ ਹੈ ਅਤੇ ਫਿਰ ਸਿੱਖ ਤੋਂ ਗੁਰੂ ਅਤੇ ਦੋਵਾਂ ਵਿਚ ਕੋਈ ਅੰਤਰ ਨਹੀਂ ਹੈ, ਕੋਈ ਵਖਰੇਵਾਂ ਨਹੀਂ ਹੈ। ਉਸ ਪਰਵਦਗਾਰ, ਜੋ ਸੰਸਾਰ ਦਾ ਆਦਿ ਪੁਰਖ ਹੈ, ਜੋ ਇਸ ਸੰਸਾਰ ਦੀ ਸ਼ਕਤੀ ਹੈ ਉਸ ਨੂੰ ਨਮਸਕਾਰ ਕਰ ਕੇ ਉਸ ਦੇ ਹੁਕਮ ਵਿਚ ਹੀ ਉਸ ਵਿਚ ਸਮਾ ਜਾਂਦੇ ਹਨ। ਭਾਈ ਗੁਰਦਾਸ ਇਹ ਨਿਚੋੜ ਕੱਢਦੇ ਹਨ ਕਿ ਅੰਮ੍ਰਿਤ ਵੇਲਾ ਉਸ ਪਰਵਦਗਾਰ ਦੀ ਸਿਫ਼ਤਿ-ਸਾਲਾਹ ਕਰਨ ਦਾ ਵਕਤ ਹੈ:

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕਰਮ ਹੰਸ ਵੰਸ ਨਵੇਲਾ।
ਬਿਰਖਹੁੰ ਫਲ ਫਲਤੇ ਬਿਰਖੁ ਗੁਰਸਿਖ ਸਿਖਗੁਰ ਮੰਤੁ ਸੁਹੇਲਾ।
ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।
ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।
ਸਿਫਤਿ ਸਲਾਹੁਣ ਅੰਮ੍ਰਿਤੁ ਵੇਲਾ॥20॥7॥

FRIENDS OF PUNJAB FOUNDATION — SERVING HUMANITY

DEDICATED TO THE TEACHINGS OF GURU NANAK DEV JI

# FRIENDS OF PUNJAB FOUNDATION

# 'MERA PIND' 360

## (ALL AROUND HUMAN DEVELOPMENT)

KHALSA AID

**ਖਾਲਸਾ ਏਡ ਇਂਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਪ੍ਰਜੈਕਟ ਸ਼ੁਰੂ ਕਰਨ ਲਈ ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਸਾਂਝੇਦਾਰੀ ਕੀਤੀ।**

ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ, "ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ" ਪਿਛਲੇ 7 ਸਾਲਾਂ ਤੋਂ ਪੰਜਾਬ ਦੇ ਪਿੰਡਾਂ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੀ ਹੈ। ਦਰਜਨਾਂ ਪ੍ਰਵਾਸੀ ਭਾਰਤੀਆਂ ਵੱਲੋਂ ਕਈ ਪਿੰਡਾਂ ਦੇ ਸੈਂਕੜੇ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਫਾਊਂਡੇਸ਼ਨ ਪਿਛਲੇ 4 ਸਾਲਾਂ ਤੋਂ ਸਾਰੇ ਪਿੰਡ ਵਾਸੀਆਂ ਨੂੰ ਮਦਦ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ "ਮੇਰਾ ਪਿੰਡ 360" ਪ੍ਰਜੈਕਟ 'ਤੇ ਕੰਮ ਕਰ ਰਹੀ ਹੈ। ਹੁਣ ਖਾਲਸਾ ਏਡ ਇੰਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਸੈਂਟਰ ਖੋਲ੍ਹਣ ਲਈ ਫਾਊਂਡੇਸ਼ਨ ਨਾਲ ਭਾਈਵਾਲੀ ਕੀਤੀ ਹੈ। ਜੇਕਰ ਕੋਈ ਪ੍ਰਵਾਸੀ ਭਾਰਤੀ ਆਪਣੇ ਪਿੰਡ "ਮੇਰਾ ਪਿੰਡ 360" ਸੈਂਟਰ ਸਥਾਪਤ ਕਰਨ ਵਿਚ ਦਿਲਚਸਪੀ ਰੱਖਦੇ ਹਨ, ਤਾਂ ਖਾਲਸਾ ਏਡ ਲਾਗਤ ਨੂੰ ਮਾਲੀ ਹਿੱਸੇਦਾਰੀ ਦੇਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ "ਮਨੁੱਖਤਾ ਦੀ ਸੇਵਾ" ਅਨੁਸਾਰ ਪਿੰਡ ਕੋਟਲੀ ਅਰਾਈਆਂ ਵਿਖੇ ਪਿਛਲੇ ਚਾਰ ਸਾਲਾਂ ਤੋਂ, ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਲੋਕਾਂ ਦੀ ਸੇਵਾ ਲਈ ਸੈਂਟਰ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਹੇਠ ਲਿਖੇ ਕੰਮ ਕੀਤੇ ਜਾ ਰਹੇ ਹਨ।

## ਲਾਇਬ੍ਰੇਰੀ

ਲਾਇਬ੍ਰੇਰੀ ਵਿੱਚ ਹਰ ਉਮਰ ਵਰਗ ਲਈ ਧਾਰਮਿਕ, ਇਤਿਹਾਸਿਕ, ਵਿਗਿਆਨਿਕ, ਨਾਵਲ, ਖੇਤੀ–ਬਾੜੀ ਅਤੇ ਛੋਟੇ ਬੱਚਿਆਂ ਲਈ ਕਹਾਣੀਆਂ ਅਤੇ ਕਵਿਤਾਵਾਂ ਦੀਆਂ ਕਿਤਾਬਾਂ ਉਪਲਬੱਧ ਹਨ।

**ਲਾਇਬ੍ਰੇਰੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤਕ ਹੈ।**

ਲਾਇਬ੍ਰੇਰੀ ਵਿੱਚ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਇਤਿਹਾਸਿਕ ਸ਼ਖਸੀਅਤਾਂ ਦੇ ਜੀਵਨ ਤੋਂ ਜਾਣੂੰ ਕਰਵਾਉਣ ਲਈ ਪ੍ਰਤੀਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ,ਅਤੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਂਦੇ ਹਨ।

**ਕਿਸੇ ਵੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

## ਈ ਕਲੀਨਿਕ

ਵੀਡੀਓ ਕਾਨਫਰਸਿੰਗ ਚੈੱਕ ਅੱਪ– ਹਰ ਸ਼ਨੀਵਾਰ ਸਵੇਰੇ 9:00 ਵਜੇ ਤੋਂ 10:30 ਵਜੇ ਤੱਕ ਅਮਰੀਕਾ ਤੋਂ ਡਾਕਟਰ ਆਨਲਾਈਨ ਹੁੰਦੇ ਹਨ ਅਤੇ ਸੈਂਟਰ ਵਿੱਚ ਮੌਜੂਦ ਨਰਸ ਨੂੰ ਹਦਾਇਤਾਂ ਦੇ ਕੇ ਮੀਰਜ਼ਾਂ ਦਾ ਚੈੱਕ–ਅੱਪ ਕਰਦੇ ਹਨ ਅਤੇ ਸਲਾਹ ਦਿੰਦੇ ਹਨ।

**ਮਰੀਜ਼ਾਂ ਨੂੰ ਮਲਟੀ ਵਿਟਾਮਿਨ ਅਤੇ ਹੈਲਥ ਸਪਲੀਮੈਂਟ ਦਿੱਤੇ ਜਾਂਦੇ ਹਨ**

**ਬਲੱਡ ਟੈਸਟ ਕੇਵਲ ਡਾਕਟਰ ਦੀ ਸਲਾਹ ਨਾਲ ਕੀਤੇ ਜਾਂਦੇ ਹਨ**

## ਸੀ.ਐੱਸ.ਸੀ

ਪਾਸਪੋਰਟ, ਪੈਨ ਕਾਰਡ, ਈ ਟਿਕਟ, ਸਿਹਤ ਬੀਮਾ ਕਾਰਡ, ਕਿਸਾਨਾਂ ਦੀ ਕੇ ਵਾਈ ਸੀ, ਆਦਿ ਦਾ ਕੰਮ ਕੀਤਾ ਜਾਂਦਾ ਹੈ।

**ਸੀ.ਐੱਸ.ਸੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੈ।**

## ਕਿੱਤਾਮੁਖੀ ਸਿੱਖਿਆ

ਕੰਪਿਊਟਰ ਦੀ ਬੇਸਿਕ ਟ੍ਰੇਨਿੰਗ / ਅਤੇ ਆਧੁਨਿਕ ਟ੍ਰੇਨਿੰਗ / ਅਗ੍ਰਾਫਿਕ ਡਿਜ਼ਾਇਨਿੰਗ ਦੀ ਸਿਖਲਾਈ / ਟੈਲੀ / ਲੇਡੀਜ਼ ਡਰੈੱਸ ਡਿਜ਼ਾਇਨਿੰਗ, ਡੇਅਰੀ ਫਾਰਮਿੰਗ, ਬਿਊਟੀ ਪਾਰਲਰ, ਟੈਲੀ ਜੂਟ ਬੈਗ ਬਣਾਉਣ ਦੀ ਟ੍ਰੇਨਿੰਗ,ਦਿੱਤੀ ਜਾਂਦੀ ਹੈ।

**ਹੋਣਹਾਰ ਨੌਜਵਾਨਾ ਨੂੰ ਅਮਰੀਕਾ ਅਤੇ ਕਨੇਡਾ ਤੋਂ ਆਈ.ਟੀ ਬਿਜ਼ਨੈਸ ਦੇਣ ਦੀ ਤਿਆਰੀ ਚੱਲ ਰਹੀ ਹੈ।**

## ਛੋਟੇ ਕਿਸਾਨਾਂ ਲਈ ਸਹਾਇਤਾ

ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਬਦਲ ਲਈ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਕਿਸੇ ਵੀ ਸਕਿੱਲ ਟ੍ਰੇਨਿੰਗ ਵਿਚ ਦਾਖਲਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

ਸਾਰੀਆਂ ਸੇਵਾਵਾਂ ਬਿਲਕੁਲ ਮੁਫਤ ਹਨ, ਕੋਈ ਵੀ ਪੈਸਾ ਨਹੀਂ ਲਿਆ ਜਾਂਦਾ ਹੈ।

Bhupinder Singh Hundal U.S.A, Email- hundalb@yahoo.com+1 (630) 802-2179

ਕਲਮਾਂ ਵਾਲੀਆਂ

# ਪਾਠਕ ਜਿਸ ਦੀ ਪੁਸਤਕ ਉਡੀਕਦੇ ਸਨ: ਕ੍ਰਿਸ਼ਣਾ ਸੋਬਤੀ

*ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਤੀਜੇ ਪੂਰ ਵਿਚ ਹਿੰਦੀ ਵਿਚ ਲਿਖ ਕੇ ਪੰਜਾਬੀਅਤ ਨੂੰ ਹਿੰਦੀ ਸਾਹਿਤ-ਜਗਤ ਵਿਚ ਘਰ-ਘਰ ਪੁਜਦਾ ਕਰਨ ਵਾਲੀ ਉੱਘੀ ਲੇਖਿਕਾ ਕ੍ਰਿਸ਼ਣਾ ਸੋਬਤੀ ਬਾਰੇ ਗੱਲਾਂ ਹਨ।*



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਕ੍ਰਿਸ਼ਣਾ ਸੋਬਤੀ ਮਾਣ-ਮੱਤੀ ਪੰਜਾਬਣ ਸੀ ਜੋ ਆਪਣੇ ਸਾਹਿਤਕ ਜੀਵਨ ਦੇ ਸ਼ੁਰੂ ਵਿਚ ਹੀ ਹਿੰਦੀ ਕਲਮਕਾਰਾਂ ਦੀ ਮੂਹਰਲੀ ਕਤਾਰ ਦੇ ਵਿਚਕਾਰ ਜਾ ਖਲੋਤੀ। ਉਸ ਨੇ 19 ਸਾਲ ਦੀ ਉਮਰ ਵਿਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜੋ ਮਿਆਰੀ ਰਸਾਲਿਆਂ ਵਿਚ ਛਪ ਕੇ ਤੇ ਪਾਠਕਾਂ ਦੀ ਸਲਾਹੁਤਾ ਖੱਟ ਕੇ ਉਸ ਦੀ ਸਾਹਿਤਕ ਆਉਂਦ ਦਾ ਐਲਾਨ ਬਣ ਗਈਆਂ। ਮਗਰੋਂ ਦੀਆਂ ਉਸ ਦੀਆਂ ਕਈ ਕਹਾਣੀਆਂ ਅਜਿਹੀਆਂ ਰਹੀਆਂ ਕਿ ਇਕੱਲੀ-ਇਕੱਲੀ ਨੂੰ ਪੂਰੀ ਪੁਸਤਕ ਜਿੰਨੀ ਵਡਿਆਈ ਮਿਲੀ। ਜਦੋਂ ਨਾਵਲ ਲਿਖਣੇ ਸ਼ੁਰੂ ਕੀਤੇ, ਲਿਖੇ ਗਿਣਤੀ ਦੇ ਹੀ, ਪਰ ਉਸ ਦੇ ਹਰ ਨਾਵਲ ਨੇ ਆਪਣਾ ਵੱਖਰਾ ਤੇ ਉੱਚਾ ਝੰਡਾ ਗੱਡਿਆ।

ਉਸ ਨੂੰ ਦੇਖਿਆ ਤਾਂ ਕਈ ਵਾਰ, ਪੜ੍ਹਿਆ ਵੀ ਬਹੁਤ ਵਾਰ, ਮਿਲਣ ਦਾ ਅਤੇ ਜੀਵਨ ਤੇ ਸਾਹਿਤ ਦੇ ਵੱਖ-ਵੱਖ ਪੱਖਾਂ ਬਾਰੇ ਉਸ ਦੇ ਵਿਚਾਰ ਸੁਣਨ ਦਾ ਖੁੱਲ੍ਹਾ ਮੌਕਾ ਮੈਨੂੰ ਇਕ ਵਾਰ ਹੀ ਮਿਲਿਆ। ਪਰ ਕਿੰਨਾ ਭਰਿਆ-ਪੂਰਾ ਮੌਕਾ ਸੀ ਉਹ! ਉਸ ਇਕੋ ਮਿਲਣੀ ਦੀਆਂ ਇਕ ਤੋਂ ਵੱਧ ਗੱਲਾਂ ਨੇ ਮੇਰੀ ਸੋਚ ਉੱਤੇ ਸਦੀਵੀ ਅਸਰ ਛੱਡਿਆ। ਉਹ ਮਿਲਣ ਲਈ ਤੇ ਵਿਚਾਰ ਸਾਂਝੇ ਕਰਨ ਲਈ ਪੰਜਾਬੀ ਲੇਖਕਾਂ ਦੀ ਇਕ ਬੈਠਕ ਵਿਚ ਬੁਲਾਈ ਗਈ ਸੀ। ਮਾਹੌਲ ਭਾਸ਼ਨ ਦੇਣ ਵਾਲ਼ਾ ਨਹੀਂ, ਗੱਲਾਂ ਕਰਨ ਵਾਲ਼ਾ ਸੀ, ਤੇ ਉਸ ਨੇ ਬੈਠ ਕੇ ਗੱਲਾਂ ਹੀ ਕੀਤੀਆਂ। ਗੱਲਾਂ, ਜਿਹੋ ਜਿਹੀਆਂ ਲੇਖਕਾਂ ਦੀਆਂ ਬੈਠਕਾਂ ਵਿਚ ਆਮ ਕਰ ਕੇ ਸੁਣਨ ਨੂੰ ਮਿਲਦੀਆਂ ਨਹੀਂ। ਉਹ ਨਿਰਮਲ ਪੰਜਾਬੀ ਵਿਚ ਗੱਲਾਂ ਵੀ ਕਰਦੀ ਰਹੀ ਤੇ ਵਿਚ-ਵਿਚ ਪੁੱਛੇ ਜਾਂਦੇ ਰਹੇ ਸਵਾਲਾਂ ਦੇ ਜਵਾਬ ਵੀ ਦਿੰਦੀ ਰਹੀ।

### ਸਾਹਿਤਕਾਰ ਦਾ ਸਰੂਪ

ਜਦੋਂ ਇਕ ਲੇਖਕ ਨੇ ਨਾਰੀ ਦੀ ਸਰੀਰੀ ਚਾਹਤ ਨੂੰ ਉਸ ਦੀ ਰਚਨਾ ਦਾ ਇਕ ਮੁੱਖ ਵਿਸ਼ਾ ਆਖ ਕੇ ਪੁੱਛਿਆ ਕਿ ਨਾਰੀਵਾਦੀ ਲੇਖਿਕਾ ਕਹੇ ਜਾਣ ਨੂੰ ਉਹ ਕਿਵੇਂ ਲਵੇਗੀ, ਉਹ ਹੱਸੀ, "ਮੈਂ ਨਾਰੀਵਾਦੀ ਲੇਖਿਕਾ ਤਾਂ ਕੀ, ਨਾਰੀ ਲੇਖਿਕਾ ਵੀ ਨਹੀਂ ਹਾਂ। ਲੇਖਕ ਦਾ ਕੋਈ ਲਿੰਗ ਨਹੀਂ ਹੁੰਦਾ। ਨਾਰੀ ਦੇਹ ਦਾ ਵਿਸ਼ਾ ਅਨੇਕ ਮਰਦ ਲੇਖਕਾਂ ਨੇ ਬੜੀ ਹਮਦਰਦੀ ਤੇ ਖ਼ੂਬਸੂਰਤੀ ਨਾ਼ਲ ਪੇਸ਼ ਕੀਤਾ ਹੈ ਤੇ ਅਨੇਕ ਔਰਤ ਲੇਖਕਾਂ ਨੇ ਬੜੇ ਕੁਚੱਜੇ ਢੰਗ ਨਾ਼ਲ!" ਉਹ, ਸ਼ਾਇਦ, ਇਹੋ ਨੁਕਤਾ ਦ੍ਰਿੜ੍ਹ ਕਰਵਾ ਰਹੀ ਸੀ, ਜਦੋਂ ਉਸ ਨੇ ਸਮਕਾਲੀਆਂ ਦੇ ਕਲਮੀ ਚਿੱਤਰਾਂ, ਸਾਹਿਤਕ ਲੇਖਾਂ ਤੇ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਲਿਖੇ ਕਾਲਮਾਂ ਜਿਹੀ ਆਪਣੀ ਰਚਨਾ ਲਈ ਮਰਦਾਵਾਂ ਕਲਮੀ ਨਾਂ ਹਸ਼ਮਤ ਵਰਤਿਆ।

ਸਾਹਿਤ ਸਮੇਤ ਹਰ ਖੇਤਰ ਵਿਚ ਸਿਆਸਤ ਦੇ ਬੋਲਬਾਲੇ ਤੇ ਦਬਦਬੇ ਦੀ ਗੱਲ ਚੱਲੀ ਤੋਂ ਉਸ ਦਾ ਦੋ-ਟੁੱਕ ਕਹਿਣਾ ਸੀ, "ਬਹੁਤ ਸਾਰੇ ਖੇਤਰਾਂ ਦੇ ਲੋਕਾਂ ਦੀਆਂ ਸਿਆਸਤ ਤੱਕ ਆਪਣੀਆਂ-ਆਪਣੀਆਂ ਗਰਜਾਂ ਹੁੰਦੀਆਂ ਹਨ। ਪਰ ਜੋ ਸਾਹਿਤਕਾਰ ਸਿਆਸਤ ਨੂੰ ਸਾਹਿਤ ਤੋਂ ਉੱਚੀ ਤੇ ਸਿਆਸਤਦਾਨ ਨੂੰ ਸਾਹਿਤਕਾਰ ਤੋਂ ਵੱਡਾ ਸਮਝਦਾ ਹੈ ਜਾਂ ਕੋਈ ਗਰਜ ਲੈ ਕੇ ਸਿਆਸਤਦਾਨ ਦੇ ਬੂਹੇ ਜਾਂਦਾ ਹੈ, ਉਹ ਸਾਹਿਤਕਾਰ ਕਹਾਉਣ ਦਾ ਹੱਕਦਾਰ ਨਹੀਂ। ਇਸੇ ਕਰਕੇ ਸਾਹਿਤਕਾਰ ਨੂੰ ਮਾਣ-ਸਨਮਾਨ ਵੀ ਸਿਰਫ਼ ਸਾਹਿਤ ਨਾ਼ਲ ਸੰਬੰਧਿਤ ਸੰਸਥਾਵਾਂ ਤੋਂ ਹੀ ਲੈਣੇ ਚਾਹੀਦੇ ਹਨ, ਸਿਆਸਤਦਾਨਾਂ ਦੇ ਦਿੱਤੇ ਹੋਏ ਨਹੀਂ।"

ਕਹਿਣੀ ਤੇ ਕਰਨੀ ਦੀ ਇਕਮਿਕਤਾ ਦਿਖਾਉਂਦਿਆਂ ਉਸ ਨੇ 2010 ਵਿਚ ਐਲਾਨਿਆ ਗਿਆ ਪਦਮ ਭੂਸ਼ਨ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ, "ਲੇਖਕ ਵਜੋਂ ਮੇਰਾ ਸਰਕਾਰ ਤੋਂ ਵਿੱਥ ਰੱਖਣਾ ਜ਼ਰੂਰੀ ਹੈ।" ਤੇ ਜਦੋਂ ਪਿਛਲੇ ਸਾਲਾਂ ਵਿਚ ਸਿਆਸੀ ਲਾਹੇ ਲਈ ਦੇਸ ਅੰਦਰ ਗਿਣ-ਮਿਥ ਕੇ ਅਸਹਿਣਸ਼ੀਲਤਾ ਦਾ ਮਾਹੌਲ ਬਣਾਇਆ ਗਿਆ, 2015 ਵਿਚ ਉਸ ਨੇ ਲੇਖਕਾਂ ਤੇ ਬੁੱਧੀਮਾਨਾਂ ਉੱਤੇ ਹਮਲਿਆਂ ਦਾ ਵਿਰੋਧ ਕਰਦਿਆਂ ਅਤੇ ਵਿਚਾਰਾਂ ਦੇ ਪਰਗਟਾਵੇ ਦੀ ਆਜ਼ਾਦੀ ਦਾ ਜ਼ੋਰਦਾਰ ਸਮਰਥਨ ਕਰਦਿਆਂ 1980 ਵਿਚ ਨਾਵਲ 'ਜ਼ਿੰਦਗੀਨਾਮਾ' ਨੂੰ ਮਿਲਿਆ ਸਾਹਿਤ ਅਕਾਦਮੀ ਪੁਰਸਕਾਰ ਵੀ ਮੋੜ ਦਿੱਤਾ ਤੇ 1996 ਵਿਚ ਮਿਲੀ ਸਾਹਿਤ ਅਕਾਦਮੀ ਦੀ ਫ਼ੈਲੋਸ਼ਿਪ ਵੀ ਵਾਪਸ ਕਰ ਦਿੱਤੀ।

ਉਸ ਬੈਠਕ ਵਿਚ ਉਸ ਦਾ ਸਭ ਤੋਂ ਕੀਮਤੀ ਸਬਕ ਭਾਸ਼ਾ ਦੇ ਸੰਬੰਧ ਵਿਚ ਸੀ। ਜਿਵੇਂ ਉਸ ਦੇ ਪਾਠਕ ਜਾਣਦੇ ਹੀ ਹਨ, ਹਿੰਦੀ ਦੀ ਅਖੌਤੀ ਸ਼ੁੱਧਤਾ ਦਾ ਉਸ ਨੇ ਡਟਵਾਂ ਖੰਡਨ ਕੀਤਾ ਅਤੇ ਆਪਣੀ ਰਚਨਾ ਦੇ ਮਾਹੌਲ ਨੂੰ ਤੇ ਪਾਤਰਾਂ ਦੀ ਸ਼ਖ਼ਸੀਅਤ ਨੂੰ ਪ੍ਰਮਾਣਿਕਤਾ ਦੇਣ ਖ਼ਾਤਰ ਹੋਰ ਭਾਸ਼ਾਵਾਂ ਦੇ, ਖਾਸ ਕਰਕੇ ਪੰਜਾਬੀ ਦੇ ਸ਼ਬਦਾਂ ਦੀ ਬੇਸੰਕੋਚ ਵਰਤੋਂ ਕੀਤੀ। ਉਸ ਦਾ ਮੰਨਣਾ ਸੀ ਕਿ ਸ਼ੁੱਧ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਸਗੋਂ ਕਿਸੇ ਭਾਸ਼ਾ ਵਿਚ ਆਏ ਹੋਰ ਭਾਸ਼ਾਵਾਂ ਦੇ ਅਜਿਹੇ ਸ਼ਬਦ, ਜੋ ਉਸ ਵਿਚ ਹਜ਼ਮ ਹੋ ਸਕਦੇ ਹੋਣ ਤੇ ਵੱਖਰਾ ਭਾਵ ਲੈ ਕੇ ਆਏ ਹੋਣ, ਉਸ ਭਾਸ਼ਾ ਦੀ ਅਮੀਰੀ ਵਿਚ ਵਾਧਾ ਕਰਦੇ ਹਨ। ਉਸ ਦੀ ਹਿੰਦੀ ਦੀ ਫੁਲਕਾਰੀ ਉੱਤੇ ਪੰਜਾਬੀ ਦੀਆਂ ਬੂਟੀਆਂ ਥਾਂ ਥਾਂ ਆਪਣਾ ਗੂੜ੍ਹਾ ਰੰਗ ਬਖੇਰ ਰਹੀਆਂ ਹੁੰਦੀਆਂ ਹਨ। ਉਸ ਦੇ ਕਈ ਨਾਵਲਾਂ ਦੇ ਤਾਂ 'ਮਿੱਤਰੋ ਮਰਜਾਣੀ', 'ਡਾਰ ਸੇ ਬਿਛੁੜੀ', 'ਯਾਰੋਂ ਕੇ ਯਾਰ' ਜਿਹੇ ਨਾਂਵਾਂ ਵਿਚੋਂ ਹੀ ਪੰਜਾਬੀਅਤ ਝਲਕਦੀ ਹੈ। ਉਸ ਦੀ ਹਿੰਦੀ ਪਿੱਛੇ ਵੀ ਪੰਜਾਬੀ ਛਣਕਦੀ ਸੀ; 'ਏ ਲੜਕੀ' ਵਿਚੋਂ 'ਨੀ ਕੁੜੀਏ' ਹੀ ਤਾਂ ਸੁਣਦਾ ਹੈ!

ਇਥੋਂ ਉਸ ਦੀ ਰਚਨਾ ਦਾ ਅਨੁਵਾਦ ਅਸੰਭਵ ਵਰਗਾ ਔਖਾ ਕਹੇ ਜਾਣ ਦਾ ਜ਼ਿਕਰ ਚੱਲ ਪਿਆ। ਉਸ ਦਾ ਕਹਿਣਾ ਸੀ, ਜਿਸ ਪੰਜਾਬੀ ਸ਼ਬਦ ਦਾ ਸਹੀ ਜਾਂ ਲਗਭਗ ਸਹੀ ਅਨੁਵਾਦ ਹੋ ਸਕਦਾ ਹੋਵੇ, ਉਸ ਦਾ ਅਨੁਵਾਦ ਤਾਂ ਪ੍ਰਕਾਸ਼ਕ ਜਾਂ ਹੋਰ ਕਿਸੇ ਦੇ ਕਹੇ ਤੋਂ ਕੁਝ ਹਾਲਤਾਂ ਵਿਚ ਕਬੂਲਿਆ ਜਾ ਸਕਦਾ ਹੈ ਪਰ ਜਿਨ੍ਹਾਂ ਪੰਜਾਬੀ ਸ਼ਬਦਾਂ ਦਾ ਬਦਲ ਹੀ ਕੋਈ ਨਹੀਂ, ਮੈਂ ਉਨ੍ਹਾਂ ਨੂੰ ਕਿਵੇਂ ਬਦਲ ਦੇਵਾਂ! ਇਹ ਕੰਮ ਪਾਠਕਾਂ ਦਾ ਹੈ ਕਿ ਉਨ੍ਹਾਂ ਦੇ ਅਰਥ ਉਹ ਪ੍ਰਸੰਗ ਵਿਚੋਂ ਸਮਝਣ ਜਾਂ ਕਿਸੇ ਪੰਜਾਬੀ ਤੋਂ ਪੁੱਛਣ ਦੀ ਖੇਚਲ ਕਰਨ। ਉਹ ਬੋਲੀ, "ਮੇਰੀਆਂ ਪੰਜਾਬਣਾਂ ਮੁੰਡਿਆਂ ਨੂੰ ਵੇ ਆਖ ਕੇ ਬੁਲਾਉਂਦੀਆਂ ਹਨ। ਮੈਂ ਵੇ ਦੀ ਥਾਂ ਹੋਰ ਕੋਈ ਸ਼ਬਦ ਕਿਵੇਂ ਲਿਖਣ ਦੇਵਾਂ? ਵੇ ਵਿਚੋਂ ਤਾਂ ਮੋਹ ਛਲਕਦਾ ਹੈ, ਮਾਂ ਦਾ ਪੁੱਤ ਵਾਸਤੇ ਮੋਹ, ਵੱਡੀ ਭਾਬੀ ਦਾ ਛੋਟੇ ਦਿਉਰ ਵਾਸਤੇ ਮੋਹ! ਇਸ ਦੇ ਉਲਟ ਅਰੇ, ਰੇ, ਏ, ਅਬੇ ਜਿਹੇ ਹਿੰਦੀ ਲਫ਼ਜ਼ ਤਾਂ ਸਭ ਗਾ਼ਲਾਂ ਵਰਗੇ ਹਨ, ਅਗਲੇ ਨੂੰ ਛੁਟਿਆਉਣ ਵਾਲ਼ੇ!"

ਉਸ ਦਾ ਕਹਿਣਾ ਸੀ, ਲੇਖਕ ਆਪਣੀ ਸੋਚ ਤੇ ਕਲਪਨਾ ਨੂੰ ਸ਼ਬਦਾਂ ਦੇ ਸਹਾਰੇ ਪਰਤੱਖ ਵਿਚ ਸਿਰਜਦਾ ਹੈ। ਉਸ ਨੂੰ ਆਪਣੇ ਲਿਖੇ ਇਕ-ਇਕ ਸ਼ਬਦ ਦੀ ਸ਼ਕਤੀ ਪਛਾਣਨੀ ਚਾਹੀਦੀ ਹੈ ਤੇ ਉਸ ਦਾ ਪੱਖ ਪੂਰਨਾ ਚਾਹੀਦਾ ਹੈ। ਉਸ ਨੇ ਇਕ ਅਜਿਹੀ ਆਪਬੀਤੀ ਸੁਣਾਈ ਜੋ ਇਸ ਮੱਤ ਦੀ ਹੈਰਾਨ ਕਰਨ ਵਾ਼ਲੀ ਮਿਸਾਲ ਸੀ। ਬਹੁਤੀ ਹੈਰਾਨੀ ਇਸ ਗੱਲ ਦੀ ਹੋਈ ਕਿ ਕਿੱਸਾ ਉਸ ਦੇ ਪਹਿਲੇ ਨਾਵਲ ਦਾ ਸੀ, ਭਾਵ ਜਦੋਂ ਲੇਖਕ ਵਜੋਂ ਅਜੇ ਉਸ ਦਾ ਪ੍ਰਕਾਸ਼ਕ ਨੂੰ ਸ਼ਰਤਾਂ ਲਾਉਣ ਜੋਗਾ ਕੋਈ ਨਾਂ ਨਹੀਂ ਸੀ ਬਣਿਆ।

1952 ਵਿਚ ਉਸ ਨੇ ਆਪਣਾ ਪਹਿਲਾ ਨਾਵਲ 'ਚੰਨਾ' ਅਲਾਹਾਬਾਦ ਦੇ ਇਕ ਪ੍ਰਕਾਸ਼ਕ ਨੂੰ ਦਿੱਤਾ ਤਾਂ ਸ਼ਰਤ ਰੱਖੀ ਕਿ ਮੇਰਾ ਕੋਈ ਇਕ ਵੀ ਸ਼ਬਦ ਬਦਲਣਾ ਨਹੀਂ ਹੋਵੇਗਾ ਤੇ ਛਪਣ ਲਈ ਤਿਆਰ ਅੰਤਲੇ ਪਰੂਫ਼ ਮੈਨੂੰ ਨਾ਼ਲੋ-ਨਾ਼ਲ ਫ਼ਰਮਾ-ਫ਼ਰਮਾ ਕਰ ਕੇ ਦਿਖਾਉਣੇ ਹੋਣਗੇ। ਪ੍ਰਕਾਸ਼ਕ ਤਾਂ ਆਖ਼ਰ ਪ੍ਰਕਾਸ਼ਕ ਹੁੰਦਾ ਹੈ, ਆਪਣੇ ਆਪ ਨੂੰ ਲੇਖਕ ਤੋਂ ਉੱਚੇ ਚੌਂਤਰੇ ਉੱਤੇ ਖੜ੍ਹਾ ਸਮਝਣ ਵਾ਼ਲਾ! ਨਾ਼ਲੇ ਇਥੇ ਤਾਂ ਪ੍ਰਕਾਸ਼ਕ ਦਾ ਵਾਹ ਨਵੀਂ ਲੇਖਿਕਾ ਨਾ਼ਲ ਸੀ ਜਿਸ ਦੀਆਂ ਸ਼ਰਤਾਂ ਵਿਚ ਕੀ ਵਜ਼ਨ ਹੋ ਸਕਦਾ ਸੀ! ਪਰ ਇਥੇ ਇਹ ਵੀ ਮੰਨਣਾ ਪਵੇਗਾ ਕਿ ਉਸ ਸਮੇਂ ਪ੍ਰਕਾਸ਼ਕ ਦੀ ਇਕ ਮਜਬੂਰੀ ਵੀ ਹੁੰਦੀ ਸੀ, ਜਿਸ ਨੂੰ ਹੁਣ ਦੀ ਕੰਪਿਊਟਰੀ ਅੱਖਰ-ਜੜਤ ਦੇ ਜ਼ਮਾਨੇ ਦੇ ਲੋਕ ਸ਼ਾਇਦ ਜਾਣਦੇ ਵੀ ਨਹੀਂ। ਸੋਲਾਂ ਪੰਨੇ ਦੇ ਫ਼ਰਮੇ ਦੇ ਅੱਖਰਾਂ ਦੇ ਸਿੱਕੇ ਦਾ ਭਾਰ ਤੀਹ ਕਿਲੋ ਦੇ ਨੇੜੇ ਹੋ ਜਾਂਦਾ ਸੀ। ਛਾਪਾਖਾਨੇ ਲਈ ਅੱਖਰ ਬਹੁਤ ਵੱਡੀ ਮਾਤਰਾ ਵਿਚ ਖਰੀਦ ਕੇ ਰੱਖਣੇ ਮੁਸ਼ਕਿਲ ਹੁੰਦੇ ਸਨ।

ਛਾਪਕ ਚਾਹੁੰਦਾ ਸੀ, ਪਰੂਫ਼ ਪੜ੍ਹੇ ਜਾਣ ਮਗਰੋਂ ਫ਼ਰਮੇ ਛੇਤੀ ਤੋਂ ਛੇਤੀ ਛਾਪ ਕੇ ਹੋਰ ਕੋਈ ਕਿਤਾਬ ਸ਼ੁਰੂ ਕਰ ਦਿੱਤੀ ਜਾਵੇ। ਸਾਧਾਰਨ ਡਾਕ ਦੇ ਉਸ ਜ਼ਮਾਨੇ ਵਿਚ 16 ਪੰਨਿਆਂ ਦੇ ਪਰੂਫ਼ ਦੂਰ ਦੇ ਸ਼ਹਿਰ ਭੇਜ ਕੇ ਉਨ੍ਹਾਂ ਦੀ ਵਾਪਸੀ ਤੱਕ ਅੱਖਰ ਬੰਨ੍ਹ ਰੱਖਣੇ ਉਸ ਨੂੰ ਔਖੇ ਲਗਦੇ। ਸੋਬਤੀ ਦੇ ਪ੍ਰਕਾਸ਼ਕ ਨੇ ਪਰੂਫ਼ ਉਸ ਨੂੰ ਭੇਜਣ ਦੇ ਚੱਕਰ ਵਿਚ ਪੈਣ ਦੀ ਥਾਂ ਨਾਵਲ ਛਾਪਿਆ ਤੇ ਜਿਲਦਬੰਦੀ ਵਿਚੋਂ ਇਕ ਨਗ ਚੁੱਕ ਕੇ ਖ਼ੁਸ਼ਖ਼ਬਰੀ ਵਜੋਂ ਉਸ ਨੂੰ ਭੇਜ ਦਿੱਤਾ। ਨਾਵਲ ਦੇਖਦਿਆਂ ਹੀ ਉਸ ਨੂੰ ਖ਼ੁਸ਼ੀ ਦੀ ਥਾਂ ਗੁੱਸਾ ਚੜ੍ਹ ਗਿਆ। ਪੜ੍ਹਨਾ ਸ਼ੁਰੂ ਕਰ ਕੇ ਜਦੋਂ ਉਸ ਨੇ ਦੇਖਿਆ ਕਿ ਪੰਜਾਬੀ ਸ਼ਬਦਾਂ ਦੀ ਥਾਂ ਪ੍ਰਕਾਸ਼ਕ ਨੇ ਕਿਸੇ ਤੋਂ ਪੁੱਛ-ਪੁਛਾ ਕੇ ਹਿੰਦੀ ਸ਼ਬਦ, ਤੇ ਉਹ ਵੀ ਬਹੁਤੇ ਕੁਚੱਜੇ, ਪਾ ਦਿੱਤੇ ਸਨ, ਗੁੱਸਾ ਸੱਤਵੇਂ ਅਸਮਾਨ ਚੜ੍ਹ ਗਿਆ।

ਉਸ ਨੇ ਦੱਸਿਆ, "ਸਭ ਤੋਂ ਵੱਡਾ ਅਨਰਥ ਇਹ ਕਿ ਸ਼ਾਹਣੀ, ਜਿਸ ਦੀ ਨਾਵਲ ਵਿਚ ਵੱਡੀ ਭੂਮਿਕਾ ਸੀ, ਨੂੰ ਬਦਲ ਕੇ ਸੇਠਾਣੀ ਕੀਤਾ ਪਿਆ ਸੀ। ਸ਼ਾਹਣੀ ਹੋਈ ਪਰਿਵਾਰ ਦੇ ਆਦਰ-ਮਾਣ ਦੀ ਪਾਤਰ ਵਡੇਰੀ, ਘਰ ਦੀ ਮੁਖ਼ਤਿਆਰ, ਜਿਸ ਦਾ ਆਖਿਆ ਕੋਈ ਭੁੰਜੇ ਨਾ ਡਿੱਗਣ ਦੇਵੇ, ਜੋ ਸਭ ਨੂੰ ਮੋਹ-ਪਿਆਰ ਵੰਡੇ ਤੇ ਸਭ ਤੋਂ ਸਤਿਕਾਰ ਪਾਵੇ। ਸੇਠਾਣੀ ਹੋਈ ਪੈਸੇ ਵਾ਼ਲੇ ਸੇਠ ਦੀ ਮੋਟੀ ਜ਼ਨਾਨੀ ਜੋ ਮੰਜੇ ਉੱਤੇ ਪਲਾਥੀ ਮਾਰੀਂ ਸਾਰਾ ਦਿਨ ਟੱਬਰ ਦੇ ਜੀਆਂ ਉੱਤੇ ਕੁੜ੍ਹਦੀ ਰਹੇ! ਸ਼ਾਹਣੀ ਦੀ ਥਾਂ ਸੇਠਾਣੀ ਮੈਨੂੰ ਕਿਸੇ ਸੂਰਤ ਵੀ ਪਰਵਾਨ ਨਹੀਂ ਸੀ।"

ਉਸ ਨੇ ਪ੍ਰਕਾਸ਼ਕ ਨੂੰ ਤਾਰ ਭੇਜ ਕੇ ਆਪਣੇ ਆਉਣ ਦੀ ਸੂਚਨਾ ਦਿੱਤੀ ਤੇ ਕੰਮ ਜਿਥੇ ਸੀ, ਉਥੇ ਹੀ ਰੋਕ ਦੇਣ ਲਈ ਕਹਿ ਦਿੱਤਾ। ਪ੍ਰਕਾਸ਼ਕ ਦੇ ਖਰਚ ਹੋਏ ਕੁੱਲ ਪੈਸੇ ਆਪਣੇ ਕੋ਼ਲੋਂ ਦੇ ਕੇ ਤੇ ਆਪਣੇ ਨਾਵਲ ਦਾ ਸਾਰਾ ਢੇਰ ਨਸ਼ਟ ਕਰ ਕੇ ਉਹ ਚੈਨ ਨਾ਼ਲ ਦਿੱਲੀ ਪਰਤ ਆਈ। ਉਸ ਦੇ ਸਵਰਗਵਾਸ ਤੋਂ ਕੁਝ ਹਫ਼ਤੇ ਪਹਿਲਾਂ ਇਕ ਪ੍ਰਕਾਸ਼ਕ ਨੇ ਉਸ ਤੋਂ ਸੱਤਰ ਸਾਲਾਂ ਦਾ ਟਰੰਕ ਵਿਚ ਸੁੱਟਿਆ ਹੋਇਆ 'ਚੰਨਾ' ਦਾ ਖਰੜਾ ਕਢਵਾ ਕੇ ਪ੍ਰਕਾਸ਼ਿਤ ਕਰ ਦਿੱਤਾ ਸੀ।

ਵੈਸੇ, ਲੇਖਕ ਆਪਣੀ ਰਚਨਾ ਦੇ ਅਨੁਵਾਦ ਦੀ ਕਿਥੇ-ਕਿਥੇ ਨਿਗਰਾਨੀ ਕਰ ਸਕਦਾ ਹੈ! ਮੇਰਾ ਮੱਤ ਹੈ, ਕਿਸੇ ਵੀ ਲੇਖਕ ਦੀ ਕਿਸੇ ਵੀ ਰਚਨਾ ਦਾ ਸੌ ਫ਼ੀਸਦੀ ਸਹੀ ਅਨੁਵਾਦ ਅਸੰਭਵ ਹੈ। ਇਸ ਦੇ ਨਾਲ ਹੀ ਕਿਸੇ ਰਚਨਾ ਦਾ ਸਭ ਤੋਂ ਚੰਗਾ ਅਨੁਵਾਦਕ ਆਪ ਲੇਖਕ ਹੋ ਸਕਦਾ ਹੈ ਪਰ ਜੇ ਉਹ ਵੀ ਦੂਜੀ ਭਾਸ਼ਾ ਵਧੀਆ ਜਾਣਦਾ ਹੋਵੇ। ਆਮ ਅਨੁਵਾਦਕ ਹਰ ਅਨੁਵਾਦ ਵਿਚ ਕੋਈ ਨਾ ਕੋਈ ਤਾਂ ਕਾਰਨਾਮਾ ਕਰਦੇ ਹੀ ਹਨ, ਖਾਸ ਕਰ ਕੇ ਜਿਥੇ ਇਸ ਸ਼ਾਹਣੀ-ਸੇਠਾਣੀ ਵਾਂਗ ਸਭਿਆਚਾਰ ਦਾ ਜ਼ਿਕਰ ਆ ਜਾਵੇ। ਕ੍ਰਿਸ਼ਨਾ ਸੋਬਤੀ ਦੇ ਪੰਜਾਬੀ ਸ਼ਬਦਾਂ ਨੂੰ ਕਈ ਵਾਰ ਅਨੁਵਾਦਕਾਂ ਦੀ ਮਾਰ ਪੈਂਦੀ ਰਹੀ। ਮਿੱਤਰੋ ਇਕ ਔਰਤ ਨੂੰ ਆਖਦੀ ਹੈ, ਕੋਈ ਮਰਦ ਬੱਚਾ ਜੰਮ! ਇਕ ਬੜੀ ਪ੍ਰਸਿੱਧ ਹਿੰਦੀ ਕਹਾਣੀਕਾਰ ਤੇ ਮੰਨੀ ਹੋਈ ਪੱਤਰਕਾਰ ਨੇ 'ਮਰਦ ਬੱਚਾ' ਦਾ ਅਨੁਵਾਦ 'ਮੈਨ ਚਾਈਲਡ' ਕੀਤਾ ਹੋਇਆ ਹੈ। ਇਕ ਪਾਤਰ ਦੇ ਨਾਂ 'ਫੂਲਾਂ ਰਾਣੀ' ਨੂੰ ਵੀ ਉਹਨੇ ਅੰਗਰੇਜ਼ੀ ਵਿਚ 'ਫੂਲਾਂ, ਦਿ ਕੁਈਨ' ਕਰ ਦਿੱਤਾ ਹੈ। ਅੰਗਰੇਜ਼ੀ ਅਨੁਵਾਦ ਵਿਚ ਨਾਵਲ ਦੇ ਨਾਂ 'ਮਿੱਤਰੋ ਮਰਜਾਣੀ' ਨੂੰ 'ਟੂ ਹੈੱਲ ਵਿਦ ਯੂ ਮਿੱਤਰੋ' ਕਰ ਕੇ, ਭਾਵ ਮਰਜਾਣੀ ਜਿਹੇ ਮੋਹ-ਭਿੱਜੇ ਸ਼ਬਦ ਨੂੰ 'ਜਹੰਨਮ ਵਿਚ ਜਾ ਤੂੰ' ਅਨੁਵਾਦ ਕੇ ਭਾਸ਼ਾਈ ਜ਼ੁਲਮ ਕੀਤਾ ਪਿਆ ਹੈ।

ਉਹਦੇ ਨਾਵਲਾਂ ਨੂੰ ਹਿੰਦੀ ਵਿਚ ਲਿਖੇ ਗਏ ਪੰਜਾਬੀ ਨਾਵਲ ਕਹਿਣਾ ਗ਼ਲਤ ਨਹੀਂ ਹੋਵੇਗਾ। ਵੱਡੀ ਗਿਣਤੀ ਪੰਜਾਬੀ ਪਾਠਕਾਂ ਤੱਕ ਉਹਦੀ ਪਹੁੰਚ ਦਾ ਇਹੋ ਆਧਾਰ ਸੀ। ਪੰਜਾਬੀ ਲੇਖਕਾਂ ਤੇ ਪਾਠਕਾਂ ਵਿਚੋਂ ਜੇ ਕੋਈ ਉਹਨੂੰ ਨਹੀਂ ਸੀ ਜਾਣਦਾ, ਉਹ ਅੰਮ੍ਰਿਤਾ ਪ੍ਰੀਤਮ ਨਾ਼ਲ ਚੱਲੇ ਉਸ ਦੇ ਮੁਕੱਦਮੇ ਦੀ ਚਰਚਾ ਨੇ ਜਾਣਨ ਲਾ ਦਿੱਤਾ।

### ਅੰਮ੍ਰਿਤਾ ਨਾ਼ਲ ਮੁਕੱਦਮਾ

ਕ੍ਰਿਸ਼ਣਾ ਸੋਬਤੀ ਦਾ ਨਾਵਲ 'ਜ਼ਿੰਦਗੀਨਾਮਾ' ਪਹਿਲੀ ਵਾਰ 1979 ਵਿਚ ਛਪਿਆ ਤੇ ਛਪਦਿਆਂ ਹੀ ਖ਼ੂਬ ਚਰਚਾ ਵਿਚ ਆ ਗਿਆ। ਅਗਲੇ ਹੀ ਸਾਲ, 1980 ਵਿਚ ਇਸੇ ਨਾਵਲ ਸਦਕਾ ਉਹਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲ ਗਿਆ। 'ਜ਼ਿੰਦਗੀਨਾਮਾ' ਤੋਂ ਚਾਰ ਸਾਲ ਮਗਰੋਂ, 1983 ਵਿਚ ਅੰਮ੍ਰਿਤਾ ਪ੍ਰੀਤਮ ਨੇ ਲਗਭਗ ਇਕੋ ਸਮੇਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਛਪੇ ਆਪਣੇ ਨਵੇਂ ਨਾਵਲ ਦਾ ਨਾਂ 'ਹਰਦੱਤ ਦਾ ਜ਼ਿੰਦਗੀਨਾਮਾ' ਰੱਖ ਲਿਆ। ਇਹ ਨਾਵਲ ਇਕ ਗੁੰਮਨਾਮ ਪੰਜਾਬੀ ਸੁਤੰਤਰਤਾ ਸੰਗਰਾਮੀਏ, ਮਨਮੋਹਨ ਹਰਦੱਤ ਦੀ ਜ਼ਿੰਦਗੀ ਉੱਤੇ ਆਧਾਰਤ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕੋ-ਇਕ ਭਾਰਤੀ ਇਨਕਲਾਬੀ ਸੀ ਜਿਸ ਨੇ ਸਾਇਬੇਰੀਆ ਵਿਚ ਕੈਦ ਕੱਟੀ ਸੀ।

ਇਸ ਨੂੰ ਸੋਬਤੀ ਨੇ ਆਪਣੇ ਨਾਵਲ ਦੇ ਨਾਂ ਦੀ ਨਕਲ ਜਾਂ ਚੋਰੀ ਵਜੋਂ ਲਿਆ। ਉਹਨੇ 1984 ਵਿਚ ਦਿੱਲੀ ਹਾਈ ਕੋਰਟ ਕੋਲ ਪਹੁੰਚ ਕੀਤੀ ਕਿ ਅੰਮ੍ਰਿਤਾ ਨੂੰ ਨਾਂ 'ਜ਼ਿੰਦਗੀਨਾਮਾ' ਵਰਤਣ ਤੋਂ ਰੋਕਿਆ ਜਾਵੇ ਅਤੇ ਡੇਢ ਲੱਖ ਰੁਪਏ ਮੁਆਵਜ਼ਾ ਦੁਆਇਆ ਜਾਵੇ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਅਸਲ ਵਿਚ ਇਹ ਸ਼ਬਦ 'ਜ਼ਿੰਦਗੀਨਾਮਾ' ਸ਼ੁਰੂ ਵਿਚ ਤਾਂ ਮੁਕੱਦਮੇ ਦਾ ਕਾਰਨ ਜ਼ਰੂਰ ਸੀ ਪਰ ਅੱਗੇ ਚੱਲ ਕੇ ਇਹ ਮੁਕੱਦਮੇ ਵਾਸਤੇ ਸਿਰਫ਼ ਇਕ ਬਹਾਨਾ ਬਣ ਕੇ ਰਹਿ ਗਿਆ ਸੀ। ਦੋਵਾਂ ਵੱਡੀਆਂ ਲੇਖਿਕਾਵਾਂ ਵਿਚਕਾਰ, ਜੋ ਇਕ ਦੂਜੀ ਦੀਆਂ ਸਹੇਲੀਆਂ ਨਾ ਸਹੀ, ਸਾਹਿਤਕ ਕਦਰਦਾਨ ਜ਼ਰੂਰ ਸਨ, 'ਜ਼ਿੰਦਗੀਨਾਮਾ' ਤੋਂ ਤੁਰ ਕੇ ਝਗੜੇ ਦਾ ਇਕ ਹੋਰ, ਨਵਾਂ ਹੀ ਕਾਰਨ ਪੈਦਾ ਹੋ ਗਿਆ ਸੀ।

ਹੋਇਆ ਇਹ ਕਿ ਸੋਬਤੀ ਨੇ ਅੰਮ੍ਰਿਤਾ ਨੂੰ, ਸਿਰਫ਼ ਉਲਾਂਭਾ ਦੇਣ ਲਈ, ਫੋਨ ਕੀਤਾ ਕਿ ਮੇਰੇ ਇਸ ਨਾਂ ਵਾ਼ਲੇ ਨਾਵਲ ਨੂੰ ਲੈ ਕੇ ਗੋਸ਼ਟੀਆਂ ਹੋ ਰਹੀਆਂ ਹਨ, ਲੇਖ ਲਿਖੇ ਜਾ ਰਹੇ ਹਨ, ਤੂੰ ਕੋਈ ਹੋਰ ਨਾਂ ਰੱਖ ਲੈਂਦੀ। ਉਹਨੇ ਖਾਸ ਕਰ ਕੇ ਅੰਮ੍ਰਿਤਾ ਦੇ ਨਾਵਲ ਦੀ ਉਰਦੂ ਛਾਪ ਬਾਰੇ ਇਤਰਾਜ਼ ਕੀਤਾ ਜਿਸ ਵਿਚ 'ਹਰਦੱਤ ਕਾ' ਬਹੁਤ ਹੀ ਛੋਟੇ, ਨਾ-ਹੋਏ ਅੱਖਰਾਂ ਵਿਚ ਤੇ 'ਜ਼ਿੰਦਗੀਨਾਮਾ' ਬਹੁਤ ਵੱਡੇ ਅੱਖਰਾਂ ਵਿਚ ਲਿਖਿਆ ਗਿਆ ਸੀ। ਪਬਲਿਸ਼ਰ ਨੇ ਦੂਜਾ ਕਾਰਨਾਮਾ ਇਹ ਕਰ ਦਿੱਤਾ ਸੀ ਕਿ ਇਕ ਰਸਾਲੇ ਵਿਚ ਛਪਵਾਏ ਇਸ਼ਤਿਹਾਰ ਵਿਚ ਨਾ-ਹੋਏ ਅੱਖਰਾਂ ਵਾ਼ਲਾ 'ਹਰਦੱਤ ਕਾ' ਵੀ ਛਾਂਗ ਕੇ ਸਿਰਫ਼ 'ਜ਼ਿੰਦਗੀਨਾਮਾ' ਹੀ ਰਹਿਣ ਦਿੱਤਾ ਸੀ, "ਜ਼ਿੰਦਗੀਨਾਮਾ, ਅੰਮ੍ਰਿਤਾ ਪ੍ਰੀਤਮ ਕਾ ਨਯਾ ਉਪਨਿਆਸ, ਜ਼ਿੰਦਗੀ ਕੀ ਹਕੀਕਤ ਕੋ ਉਜਾਗਰ ਕਰਨੇ ਵਾ਼ਲਾ"।

ਅੰਮ੍ਰਿਤਾ ਦਾ ਜਵਾਬ ਸੀ, "ਸ਼ਬਦਾਂ ਦੀ ਮੇਰ ਕਾਹਦੀ, ਸ਼ਬਦ ਤਾਂ ਸਭ ਦੇ ਸਾਂਝੇ ਹੁੰਦੇ ਹਨ।"

ਕ੍ਰਿਸ਼ਣਾ ਦਾ ਕਹਿਣਾ ਸੀ ਕਿ "ਸ਼ਬਦ ਤਾਂ ਠੀਕ ਹੀ ਸਭ ਦੇ ਸਾਂਝੇ ਹੁੰਦੇ ਹਨ ਤੇ ਹਰ ਕਿਸੇ ਦੇ ਸਾਹਮਣੇ ਖੁੱਲ੍ਹੇ ਪਏ ਹੁੰਦੇ ਹਨ ਪਰ ਲੇਖਕ ਉਨ੍ਹਾਂ ਦੀ ਵਰਤੋਂ ਕਿਸੇ ਖਾਸ ਪ੍ਰਸੰਗ ਵਿਚ ਕੋਈ ਖਾਸ ਤਰਤੀਬ ਦੇ ਕੇ ਕਰਦਾ ਹੈ ਤਾਂ ਉਨ੍ਹਾਂ ਉੱਤੇ ਉਹਦੀ ਹੀ ਮੇਰ ਹੋ ਜਾਂਦੀ ਹੈ। ਇੰਜ ਤਾਂ ਪੂਰੇ ਨਾਵਲ ਦੇ ਸ਼ਬਦ ਹੀ ਕੋਸ਼ ਵਿਚ ਮਿਲ ਜਾਣਗੇ। ਤਾਂ ਕੀ ਕੋਈ ਇਹ ਦਾਅਵਾ ਕਰ ਸਕਦਾ ਹੈ ਕਿ ਇਸ ਉੱਤੇ ਲੇਖਕ ਦਾ ਕੋਈ ਵਿਸ਼ੇਸ਼ ਅਧਿਕਾਰ ਨਹੀਂ!"

ਇਥੋਂ ਤੁਰੀ ਗੱਲ ਤਿੱਖੀ ਹੁੰਦੀ-ਹੁੰਦੀ ਆਖ਼ਰ ਏਨੀ ਤਲਖ਼ ਹੋ ਗਈ ਕਿ ਅੰਮ੍ਰਿਤਾ ਨੇ ਗੁੱਸੇ ਵਿਚ ਭੜਕ ਕੇ "ਜਾ, ਜੋ ਕਰਨਾ ਹੈ, ਕਰ ਲੈ" ਆਖਦਿਆਂ ਫੋਨ ਪਟਕ ਦਿੱਤਾ। ਕੁਦਰਤੀ ਸੀ ਕਿ ਇਉਂ ਫੋਨ ਪਟਕਣਾ ਸੋਬਤੀ ਨੂੰ ਬੁਰਾ ਲੱਗਿਆ। ਇਹ ਘਟਨਾ, ਜਾਂ ਕਹੋ ਦੁਰਘਟਨਾ, ਅੱਗੇ ਦੀ ਅੱਗੇ ਚਰਚਾ ਵਿਚ ਆਉਂਦੀ ਗਈ।

ਦੋਵਾਂ ਨਾ਼ਲ ਚੰਗੇ ਸੰਬੰਧਾਂ ਵਾ਼ਲੀ ਇਕ ਤੀਜੀ ਪੰਜਾਬਣ ਲੇਖਿਕਾ ਨੇ ਸੁਣੀ-ਸੁਣਾਈ ਦਾ ਭਰੋਸਾ ਨਾ ਕਰਦਿਆਂ ਸੋਬਤੀ ਤੋਂ ਸੱਚ ਪੁੱਛਿਆ ਅਤੇ ਉਹਦੀ ਗੱਲ ਸੁਣ ਕੇ ਕਹਿਣ ਲੱਗੀ, "ਤੁਸੀਂ ਦੋਵੇਂ ਵੀ ਕੀ ਨਿੱਕੀ ਜਿਹੀ ਗੱਲ ਨੂੰ ਲੈ ਕੇ ਲੜਨ ਲੱਗ ਪਈਆਂ!





*ਲੇਖਿਕਾ ਕ੍ਰਿਸ਼ਣਾ ਸੋਬਤੀ ਦੀਆਂ ਜਵਾਨੀ ਵੇਲੇ ਤੇ ਬੁਢਾਪੇ ਦੀਆਂ ਦੋ ਤਸਵੀਰਾਂ।*

*(ਬਾਕੀ ਅਗਲੇ ਸਫੇ 'ਤੇ)*

# ਕਾਲਪਨਿਕ ਵਿਸ਼ੇ 'ਤੇ ਬਣੀ ਕਾਮੇਡੀ, ਡਰਾਮਾ ਤੇ ਫੈਂਟਸੀ ਫਿਲਮ 'ਫੇਅਰੀ ਫੌਕ'

ਦੁਨੀਆਂ ਭਰ ਦੇ ਫਿਲਮੀ ਖੇਤਰ ਵਿਚ ਫਿਲਮ ਲੇਖਕਾਂ, ਨਿਰਮਾਤਾਵਾਂ ਤੇ ਨਿਰਦੇਸ਼ਕਾਂ ਲਈ ਪਰੀ ਲੋਕ, ਪਰੀਆਂ ਦੀਆਂ ਕਹਾਣੀਆਂ ਜਾਂ ਜੁਦਾਈ ਸ਼ਕਤੀਆਂ ਨਾਲ ਸੰਪੰਨ ਮਨੁੱਖ ਜਾਂ ਫੇਅਰੀ ਟੇਲਜ਼ 'ਤੇ ਮੂਵੀਜ਼ ਬਣਾਉਣਾ ਮਨਪਸੰਦ ਵਿਸ਼ਾ ਰਿਹਾ ਹੈ। ਹਾਲੀਵੁਡ ਤੇ ਬਾਲੀਵੁਡ ਵਿਚ ਵੀ ਇਨ੍ਹਾਂ ਵਿਸ਼ਿਆਂ 'ਤੇ ਕਈ ਦਰਜਨ ਸਫਲ ਫਿਲਮਾਂ ਬਣ ਚੁੱਕੀਆਂ ਹਨ। ਇਸੇ ਤਰ੍ਹਾਂ ਦੀ ਕਾਲਪਨਿਕ ਵਿਸ਼ੇ 'ਤੇ ਬਣੀ ਕਾਮੇਡੀ, ਡਰਾਮਾ ਤੇ ਫੈਂਟਸੀ ਫਿਲਮ "ਫੇਅਰੀ ਫੌਕ"(ਅਰਿ ਓਲਕ) ਦਾ ਪਿਛਲੇ ਦਿਨੀਂ ਏ.ਐਮ.ਸੀ. ਥਿਏਟਰ ਸ਼ਿਕਾਗੋ ਵਿਚ ਸ਼ੋਅ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਹੋਇਆ, ਜਿਸ ਵਿਚ ਮੁਕੁਲ ਚੱਡਾ ਤੇ ਰਸਿਕਾ ਦੁੱਗਲ ਮੁੱਖ ਕਿਰਦਾਰ ਨਿਭਾ ਰਹੇ ਹਨ।

ਫਿਲਮ ਦੀ ਕਹਾਣੀ ਵਿਚ ਮੋਹਿਤ ਤੇ ਰਿਤਿਕਾ ਪਤੀ-ਪਤਨੀ ਹਨ। ਦੋਵੇਂ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਬੋਰੀਅਤ ਮਹਿਸੂਸ ਕਰਦੇ ਹਨ ਤੇ ਤਣਾਅ ਭਰਿਆ ਜੀਵਨ ਹੰਢਾਅ ਰਹੇ ਹਨ। ਅਚਾਨਕ ਇਕ ਰਾਤ ਜਦੋਂ ਉਹ ਕਾਰ ਵਿਚ ਜਾ ਰਹੇ ਹੁੰਦੇ ਹਨ ਤਾਂ ਇਕ ਜੰਗਲ ਵਿਚ ਸੁੰਨਸਾਨ ਜਗਾਹ 'ਤੇ ਇਕ ਅਜੀਬ ਮਨੁੱਖ ਉਨ੍ਹਾਂ ਦੀ ਕਾਰ ਅੱਗੇ ਆ ਖੜ੍ਹਦਾ ਹੈ। ਉਹ ਦੋਵੇਂ ਉਸ ਕੋਲੋਂ ਕਿਸੇ ਤਰ੍ਹਾਂ ਪਿੱਛਾ ਛੁਡਾ ਕੇ ਆਪਣੇ ਘਰ ਪਹੁੰਚਦੇ ਹਨ ਤਾਂ ਦੇਖਦੇ ਹਨ ਉਹ ਉਨ੍ਹਾਂ ਦਾ ਪਿੱਛਾ ਕਰਦਾ ਉਨ੍ਹਾਂ ਦੇ ਘਰ ਵਿਚ ਆ ਜਾਂਦਾ ਹੈ। ਜੰਗਲ ਦਾ ਇਹ ਅਜੀਬ ਇਨਸਾਨ ਮਿੱਟੀ ਖਾਂਦਾ ਹੈ। ਇਕ ਅਜੀਬ ਘਟਨਾ ਨਾਲ ਇਹ ਹਸਤੀ ਇਕ ਜਵਾਨ ਮਨੁੱਖ ਵਿਚ ਬਦਲ ਜਾਂਦੀ ਹੈ। ਮੋਹਿਤ ਤੇ ਰਿਤਿਕਾ ਆਪਣੇ ਯਾਰਾਂ ਦੋਸਤਾਂ ਨੂੰ ਉਸ ਬਾਰੇ ਦੱਸਦੇ ਹਨ। ਹੌਲੀ ਹੌਲੀ ਫਿਲਮ ਭਾਵਨਾਤਮਕ ਮੋੜ ਵਿਚ ਦਾਖਲ ਹੁੰਦੀ ਆਪਸੀ ਰਿਸ਼ਤਿਆਂ ਦੀ ਗਤੀਸ਼ੀਲਤਾ ਦੀਆਂ ਅਜੀਬ ਸਥਿਤੀਆਂ ਨੂੰ ਦਰਸਾਉਂਦੀ ਹੈ। ਫਿਲਮ ਵਿਅਕਤੀ ਦੀ ਆਤਮਾ ਨੂੰ ਪ੍ਰਤੀਬਿੰਬਤ ਕਰਦੀ ਅਜੀਬ ਘਟਨਾਵਾਂ 'ਤੇ ਆਧਾਰਿਤ ਹੈ। ਆਪਸ ਵਿਚ ਲੜਨ ਝਗੜਨ ਵਾਲੇ ਪਤੀ-ਪਤਨੀ ਨੂੰ ਚੰਗੇ ਸਮੇਂ, ਨਵੀਂ ਸ਼ੁਰੂਆਤ ਦੀ ਕਲਪਨਾ ਵਿਚ ਵਧੇਰੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਫਿਲਮ 'ਫੇਅਰੀ ਫੌਕ' ਦਾ ਇਕ ਦ੍ਰਿਸ਼

ਆਮ ਜ਼ਿੰਦਗੀ ਵਿਚ ਜੋ ਲੋਕ ਕਹਿੰਦੇ ਹਨ ਉਹ ਕਰਦੇ ਨਹੀਂ ਹਨ। ਜੋ ਕਰਦੇ ਹਨ ਉਸ ਨਾਲ ਕਈ ਵਾਰੀ ਮੁਸ਼ਕਿਲ ਤੇ ਅਨੋਖੀ ਸਥਿਤੀ ਵਿਚ ਆਪਣੇ ਆਪ ਨੂੰ ਫਸਾ ਲੈਂਦੇ ਹਨ। ਫਿਲਮ ਦੱਬੀਆਂ ਇੱਛਾਵਾਂ, ਪਿਆਰ ਤੇ ਸਵੈ-ਪਰਿਵਰਤਨ ਦੀ ਤਲਾਸ਼ ਵਿਚ ਜੱਦੋ-ਜਹਿਦ ਕਰਦੇ ਪਾਤਰਾਂ ਦੇ ਆਲੇ-ਦੁਆਲੇ ਘੁੰਮਦੀ ਹੈ।

ਫਿਲਮ ਵਿਚ ਮੁਕੁਲ ਚੱਡਾ ਨੇ ਮੋਹਿਤ, ਰਸਿਕਾ ਦੁੱਗਲ ਨੇ ਰਿਤਿਕਾ, ਨਿਖਿਲ ਦੇਸਾਈ ਬੀਇੰਗ, ਅਸਮਿਤ ਪਾਠਰਾਏ ਨੇ ਹੰਸਾ, ਚੰਦਰਚੂੜ ਰਾਏ ਨੇ ਕਬੀਰ, ਅੰਕਿਤ ਨੇ ਅੰਕਿਤ, ਜਾਨਵੀ ਦੇਵ ਨੇ ਗੀਤ, ਜਾਨਕੀ ਪਾਰੇਖ ਨੇ ਇਸ਼ਾ ਦੇ ਕਿਰਦਾਰ ਨਿਭਾ ਕੇ ਅਦਾਕਾਰੀ ਦੇ ਜੌਹਰ ਦਿਖਾਏ ਹਨ। ਫਿਲਮ ਦੇ ਕੈਮਰਾ ਮੈਨ ਕੇ. ਅਭਿਨਵ ਹਨ।

ਇਸ ਫਿਲਮ ਦੇ ਪ੍ਰੋਡਿਊਸਰ ਐਸ. ਭਾਟੀਆ, ਕਰਨ ਗੌਰ, ਤੇਜਸ਼ ਸ਼ਾਹ ਤੇ ਅਨੂਕਾਮਪਾ ਹਰਸ਼ ਹਨ।

ਫਿਲਮ ਦੇ ਅੰਤ ਵਿਚ ਹਾਲ ਵਿਚ ਫਿਲਮ ਦੇਖ ਰਹੇ ਦਰਸ਼ਕਾਂ ਦੇ ਸਵਾਲ ਜਵਾਬ ਦੇ ਸ਼ੈਸਨ ਵਿਚ ਐਕਟਰ ਮੁਕੁਲ ਚੱਡਾ ਨੇ ਦੱਸਿਆ ਕਿ ਉਸਨੂੰ ਸ਼ਿਕਾਗੋ ਨਾਲ ਬਹੁਤ ਲਗਾਵ ਹੈ ਕਿਉਂਕਿ ਉਹ ਸ਼ੁਰੂ ਵਿਚ ਸ਼ਿਕਾਗੋ ਹੀ ਆਇਆ ਸੀ ਤੇ ਇੱਥੇ ਲਾਸੇਲ ਤੇ ਕਲਾਰਕ ਦੀਆਂ ਗਲੀਆਂ 'ਚ ਅਕਸਰ ਚੱਕਰ ਲਾਉਂਦਾ ਫਿਲਮ ਮੇਕਿੰਗ ਤੇ ਐਕਟਿੰਗ ਬਾਰੇ ਪਲਾਨ ਕਰਦਾ ਰਿਹਾ ਹੈ। ਫਿਰ ਉਹ ਨਿਊਯਾਰਕ ਚਲਾ ਗਿਆ।

ਵਰਣਨਯੋਗ ਹੈ ਕਿ ਐਕਟਰ ਮੁਕੁਲ ਚੱਡਾ ਨੇ ਆਈ.ਆਈ.ਐਮ. ਤੋਂ ਐਮ.ਬੀ.ਏ. ਕੀਤੀ ਤੇ ਨਿਊ ਯਾਰਕ ਦੇ ਬੈਂਕ ਲੈਅਮੈਨ ਬ੍ਰਦਰਸ ਵਿਚ ਰਿਸਰਚ ਐਨਾਲਿਸਟ ਦੇ ਤੌਰ 'ਤੇ ਛੇ ਸਾਲ ਕੰਮ ਕੀਤਾ। ਉਹ ਸਕੂਲ ਤੇ ਕਾਲਜ ਵਿਚ ਸਟੇਜ 'ਤੇ ਐਕਟਿੰਗ ਕਰਦੇ ਰਹੇ ਹਨ। ਨਿਊਯਾਰਕ ਵਿਚ ਵੀ ਉਹ ਲੀ ਸਟਾਰਸਬਰਗ ਥਿਏਟਰ ਨਾਲ ਜੁੜੇ ਰਹੇ। ਉਪਰੰਤ ਆਪਣੇ ਅਭਿਨੈ ਪ੍ਰਤਿਭਾ ਤੇ ਅੰਦਰਲੀ ਕਲਾ ਨੂੰ ਜ਼ਾਹਿਰ ਕਰਨ ਤੇ ਐਕਟਿੰਗ ਦੇ ਕਰੀਅਰ ਲਈ ਭਾਰਤ ਵਾਪਸ ਚਲੇ ਗਏ, ਜਿੱਥੇ ਬਾਲੀਵੁੱਡ ਵਿਚ ਜਾ ਕੇ ਉਨ੍ਹਾਂ ਨੇ ਮਾਡਲਿੰਗ ਤੇ ਐਕਟਿੰਗ ਸ਼ੁਰੂ ਕੀਤੀ।



ਫਿਲਮ ਸਨਅਤ ਦੇ ਸੁਰਿੰਦਰ ਸਿੰਘ ਭਾਟੀਆ , ਐਕਟਰ ਮੁਕੁਲ ਚੱਡਾ ਤੇ ਛਾਬੜਾ ਫਿਲਮ ਦੇ ਨਿਰਦੇਸ਼ਕ ਇੰਦਰਮੋਹਨ ਸਿੰਘ ਛਾਬੜਾ

ਉਨ੍ਹਾਂ ਨੇ ਫਿਲਮਾਂ "ਇਕ ਮੈਂ ਔਰ ਏਕ ਤੂੰ", "ਇਕ ਛੋਟੀ ਸੀ ਲਵ ਸਟੋਰੀ" , "ਆਈ, ਮੀ ਔਰ ਮੈਂ", "ਸੱਤਿਆਗ੍ਰਹਿ", "ਸ਼ੁਰੂਆਤ ਕਾ ਇੰਟਰਵਲ", "ਆਈਲੈਂਡ ਸਿਟੀ", "ਸ਼ੇਰਨੀ" ਆਦਿ ਵਿਚ ਕੰਮ ਕੀਤਾ। ਇਸ ਤੋਂ ਇਲਾਵਾ ਵੈੱਬ ਸੀਰੀਜ਼ "ਜ਼ੀਰੋ ਕੇ.ਐਮ.ਸੀ.", "ਦੀ ਇਨਸਾਈਡਰ", "ਦੀ ਆਫਿਸ", "ਬਿੱਛੂ ਕਾ ਖੇਲ" ਤੇ "ਸਨਫਲਾਵਰ" ਵਿਚ ਕੰਮ ਕੀਤਾ। ਉਹ "ਗਲੋਬ" ਤੇ "ਆਈ ਰੀਲ ਐਵਾਰਡ", "ਕ੍ਰਿਟਿਕ ਚੁਆਇਸ ਐਵਾਰਡ", "ਫਿਲਮ ਫੇਅਰ ਓ,ਟੀ.ਟੀ.' ਐਵਾਰਡਾਂ ਲਈ ਬੈਸਟ ਐਕਟਰ ਦੇ ਤੌਰ 'ਤੇ ਨਾਮਜ਼ਦ ਹੋਏ। "ਸਪਾਟ ਐਵਾਰਡ" ਤੇ "ਈ ਫਾਰ ਐਮ ਸਟਰੀਮਿੰਗ ਐਵਾਰਡ" ਬੈਸਟ ਐਕਟਰ ਦੇ ਤੌਰ 'ਤੇ ਜਿੱਤੇ। ਅਦਾਕਾਰਾ ਵਿਦਿਆ ਬਾਲਨ ਨਾਲ "ਸ਼ੇਰਨੀ" ਫਿਲਮ ਵਿਚ ਮੁਕੁਲ ਚੱਡਾ ਦੀ ਅਦਾਕਾਰੀ ਦੀ ਬਹੁਤ ਤਾਰੀਫ ਹੋਈ। ਇਸ ਦੌਰਾਨ ਉਨ੍ਹਾਂ ਨੇ ਟੀ.ਵੀ.ਸੀਰੀਅਲ, ਵੈੱਬ ਸੀਰੀਜ਼ ਤੇ ਫਿਲਮਾਂ ਦੀ ਮਸ਼ਹੂਰ ਅਭਿਨੇਤਰੀ ਰਸਿਕਾ ਦੁੱਗਲ ਨਾਲ ਵਿਆਹ ਕਰਵਾ ਲਿਆ। ਉਨ੍ਹਾਂ ਨੇ ਰਸਿਕਾ ਨਾਲ ਮਿਲ ਕੇ ਫਿਲਮ "ਬਨਾਨਾ ਬ੍ਰੈਡ" ਰਾਈਟਰ ਵਜੋਂ ਵੀ ਲਿਖੀ ਤੇ ਇਸ "ਫੇਅਰੀ ਫੌਕ" ਫਿਲਮ ਵਿਚ ਵੀ ਉਨ੍ਹਾਂ ਨੇ ਪਤੀ-ਪਤਨੀ ਦੀਆਂ ਭੂਮਿਕਾਵਾਂ ਨਿਭਾਈਆਂ ਹਨ।

ਦਰਸ਼ਕਾਂ ਵੱਲੋਂ "ਫੇਅਰੀ ਫੌਕ" ਸਕ੍ਰਿਪਟ ਬਾਰੇ ਪੁੱਛੇ ਜਾਣ 'ਤੇ ਮੁਕੁਲ ਨੇ ਦੱਸਿਆ ਕਿ ਇਹ ਆਪਣੇ ਆਪ ਵਿਚ ਬੜੀ ਰੌਚਕ ਪਟਕਥਾ ਹੈ। ਪਹਿਲੀ ਵਾਰ ਸਕ੍ਰਿਪਟ ਪੜ੍ਹਨ 'ਤੇ ਫਿਲਮ ਦੇ ਪਾਤਰ ਕਾਲਪਨਿਕ ਮਨੁੱਖ ਬਾਰੇ ਬੜਾ ਅਜੀਬ ਲੱਗਿਆ ਪਰ ਜਦੋਂ ਕੰਮ ਸ਼ੁਰੂ ਕੀਤਾ ਤਾਂ ਬੜਾ ਆਨੰਦ ਆਇਆ। ਇਹ ਫਿਲਮ ਅੱਧੀ ਸਕ੍ਰਿਪਟ 'ਤੇ ਅਤੇ ਅੱਧੀ ਸਕ੍ਰਿਪਟ ਤੋਂ ਬਿਨਾ ਹੀ ਹੈ। ਇਸ ਵਿਚ ਸੀਨ ਤਾਂ ਕ੍ਰਮਵਾਰ ਸਨ ਪਰ ਪਟਕਥਾ ਵਿਚ ਸੰਵਾਦ ਨਹੀਂ ਸਨ। ਅਸੀਂ ਸਾਰਾ ਕੁਝ ਇਮਪ੍ਰੋਵਾਈਜ਼ੇਸ਼ਨ 'ਤੇ ਹੀ ਕੀਤਾ। ਡਾਇਲਾਗ ਸ਼ੂਟਿੰਗ ਦੌਰਾਨ ਮੌਕੇ 'ਤੇ ਹੀ ਘੜੇ ਗਏ। ਫਿਲਮ ਦੀ ਸ਼ੂਟਿੰਗ ਵੀ ਲਾਈਨਰ ਢੰਗ ਨਾਲ ਕੀਤੀ। ਮਿਸਾਲ ਵਜੋਂ ਸ਼ੂਟਿੰਗ ਸਥਾਨ ਉਤੇ ਜੇ ਦ੍ਰਿਸ਼ ਨੰਬਰ 10 ਸੀ ਤਾਂ ਉਹੀ ਉਸ ਸਮੇਂ ਫਿਲਮਾਇਆ ਤੇ ਜੇ ਸੀਨ ਨੰਬਰ 65 ਵੀ ਉਸੇ ਸਥਾਨ 'ਤੇ ਸੀ ਤਾਂ ਉਸ ਸੀਨ ਨੂੰ ਕਈ ਦਿਨਾਂ ਬਾਅਦ ਫਿਰ ਉਥੇ ਜਾ ਕੇ ਫਿਲਮਬੰਦ ਕੀਤਾ।

ਇਸ ਫਿਲਮ ਦੀ ਸ਼ੂਟਿੰਗ 90 ਦਿਨਾਂ ਵਿਚ ਪੂਰੀ ਹੋਈ। ਇਸ ਫਿਲਮ ਦੇ ਕਾਫੀ ਕਲਾਕਾਰ ਸਟੇਜ, ਵੈੱਬ ਸੀਰੀਜ਼, ਟੀ.ਵੀ. ਫਿਲਮਾਂ ਤੋਂ ਵੀ ਸਨ। ਇਸ ਫਿਲਮ ਨੂੰ ਅਮਰੀਕੀ ਦਰਸ਼ਕਾਂ ਦਾ ਚੰਗਾ ਹੁੰਗਾਰਾ ਮਿਲਿਆ ਹੈ।

---

## ਪਾਠਕ ਜਿਸ ਦੀ ਪੁਸਤਕ ਉਡੀਕਦੇ ਸਨ: ਕ੍ਰਿਸ਼ਣਾ ਸੋਬਤੀ

(ਪਿਛਲੇ ਸਫੇ ਦਾ ਬਾਕੀ)

ਮੇਰੇ ਘਰ ਆਉ, ਨਾਲ਼ੇ ਮਿਲ-ਬੈਠ ਕੇ ਰੋਟੀ ਖਾਵਾਂਗੀਆਂ ਤੇ ਨਾਲ਼ੇ ਗਿਲ਼ੇ-ਸ਼ਿਕਵੇ ਦੂਰ ਕਰਾਂਗੀਆਂ।"

ਸੋਬਤੀ ਨੇ ਆਉਣਾ ਉਸੇ ਸਮੇਂ ਮਨਜ਼ੂਰ ਕਰ ਲਿਆ ਪਰ ਅੰਮ੍ਰਿਤਾ ਨੂੰ ਸੱਦਾ ਦਿੱਤਾ ਗਿਆ ਤਾਂ ਉਹਦਾ ਉੱਤਰ ਸੀ, "ਕ੍ਰਿਸ਼ਣਾ ਨੂੰ ਕਹਿ, ਮੇਰੇ ਉਰਦੂ ਪਬਲਿਸ਼ਰ ਨਾਲ਼ ਰੋਟੀ ਖਾਵੇ।"

ਇਹ ਉੱਤਰ ਸੋਬਤੀ ਕੋਲ ਪਹੁੰਚਿਆ ਤਾਂ ਉਸ ਨੇ ਵਕੀਲ ਤੋਂ ਨੋਟਿਸ ਭਿਜਵਾ ਦਿੱਤਾ। ਘਬਰਾ ਕੇ, ਪਰ ਨੋਟਿਸ ਦਾ ਕੋਈ ਜ਼ਿਕਰ ਕੀਤੇ ਬਿਨਾਂ, ਅੰਮ੍ਰਿਤਾ ਨੇ ਤੀਜੀ ਨੂੰ ਫੋਨ ਕੀਤਾ, "ਉਸ ਦਿਨ ਮੈਂ ਐਵੇਂ ਗੁੱਸੇ ਵਿਚ ਤੇਰੀ ਰੋਟੀ ਨੂੰ ਨਾਂਹ ਕਰ ਦਿੱਤੀ। ਜਦੋਂ ਕਹੇਂਗੀ, ਆ ਜਾਵਾਂਗੀ!"

ਤੀਜੀ ਨੇ ਖ਼ੁਸ਼ ਹੋ ਕੇ ਸੋਬਤੀ ਨੂੰ ਦੱਸਿਆ ਤਾਂ ਉਹਨੇ ਉਹਦੀ ਸਹਿਮਤੀ ਪਿਛਲਾ ਅਸਲ ਭੇਤ ਖੋਲ੍ਹਿਆ ਅਤੇ ਕਿਹਾ, "ਅੰਮ੍ਰਿਤਾ ਨੂੰ ਕਹਿ, ਮੇਰੇ ਵਕੀਲ ਨਾਲ਼ ਰੋਟੀ ਖਾਵੇ।"

ਫੇਰ ਬੱਸ ਚੱਲ ਸੋ ਚੱਲ ਹੋ ਗਈ।


1984 ਵਿਚ ਸ਼ੁਰੂ ਹੋਏ ਮੁਕੱਦਮੇ ਵਿਚ ਕਈ ਦਿਲਚਸਪ ਗੱਲਾਂ ਵਾਪਰੀਆਂ। ਦੋ ਵੱਡੀਆਂ ਪੰਜਾਬਣ ਲੇਖਿਕਾਵਾਂ ਦਾ ਮੁਕੱਦਮੇ ਵਿਚ ਉਲਝਣਾ ਹੀ ਸਾਹਿਤ ਨਾਲ਼ ਜੁੜੇ ਹੋਏ ਲੋਕਾਂ ਦਾ ਧਿਆਨ ਖਿੱਚਣ ਲਈ ਕਾਫ਼ੀ ਸੀ। ਦੋਵਾਂ ਧਿਰਾਂ ਨੇ ਵੱਡੇ ਵਕੀਲ ਕੀਤੇ। ਸੋਬਤੀ ਦਾ ਵਕੀਲ ਸਾਬਕਾ ਕਾਨੂੰਨ ਮੰਤਰੀ ਅਸ਼ੋਕ ਸੇਨ ਸੀ ਅਤੇ ਅੰਮ੍ਰਿਤਾ ਦਾ ਵਕੀਲ ਪ੍ਰਸਿੱਧ ਕਾਨੂੰਨ-ਗਿਆਤਾ ਐਲ. ਐਮ. ਸਿੰਘਵੀ ਸੀ। ਵਕੀਲਾਂ ਵਾਂਗ ਗਵਾਹਾਂ ਦੇ ਨਾਂਵਾਂ ਨੇ ਵੀ ਧਿਆਨ ਖਿੱਚਿਆ। ਸੋਬਤੀ ਦਾ ਇਕ ਗਵਾਹ ਪ੍ਰਸਿੱਧ ਹਿੰਦੀ ਕਵੀ ਅਸ਼ੋਕ ਵਾਜਪਈ ਸੀ। ਉਹ ਇਸ ਸ਼ਬਦ 'ਜ਼ਿੰਦਗੀਨਾਮਾ' ਦੀ ਹੋਂਦ ਤੋਂ ਹੀ ਬਿਲਕੁਲ ਇਨਕਾਰੀ ਸੀ। ਉਹਨੇ ਕਿਹਾ, "ਮੈਂ ਹਿੰਦੀ ਜਾਂ ਉਰਦੂ ਦੇ ਕਿਸੇ ਸ਼ਬਦਕੋਸ਼ ਵਿਚ ਸ਼ਬਦ 'ਜ਼ਿੰਦਗੀਨਾਮਾ' ਕਦੀ ਨਹੀਂ ਦੇਖਿਆ। ਮੈਂ ਇਹ ਸ਼ਬਦ ਪਹਿਲੀ ਵਾਰ ਸੋਬਤੀ ਦੇ ਨਾਵਲ ਵਿਚੋਂ ਹੀ ਜਾਣਿਆ। ਮੇਰਾ ਖ਼ਿਆਲ ਹੈ, ਇਹ ਸ਼ਬਦ ਉਸੇ ਨੇ ਹੀ ਘੜਿਆ ਹੈ।"

ਸੋਬਤੀ ਨੇ ਦਲੀਲ ਦਿੱਤੀ, "ਜ਼ਿੰਦਗੀ ਇਸਤਰੀਲਿੰਗ ਹੈ ਤੇ ਨਾਮਾ ਪੁਲਿੰਗ। ਭਾਸ਼ਾਈ ਪਰੰਪਰਾ ਅਜਿਹੇ ਸੁਮੇਲ ਦੀ ਆਗਿਆ ਨਹੀਂ ਦਿੰਦੀ। ਇਸਤਰੀਲਿੰਗ ਤੇ ਪੁਲਿੰਗ ਲਫ਼ਜ਼ਾਂ ਨੂੰ ਮਿਲਾ ਕੇ ਨਵਾਂ ਲਫ਼ਜ਼ ਬਣਾਉਣਾ ਮੇਰੀ ਹੀ ਕਾਢ ਹੈ ਜਿਸ ਕਰਕੇ ਇਸ ਉੱਤੇ ਮੇਰਾ ਕਾਪੀਰਾਈਟ ਹੈ।"

ਜੱਜ ਨੇ ਪਰ ਇਸ ਦਲੀਲ ਇਹ ਕਹਿ ਕੇ ਰੱਦ ਕਰ ਦਿੱਤੀ, "ਜ਼ਿੰਦਗੀ ਤੇ ਨਾਮਾ ਕੋਈ ਜੀਵ ਨਹੀਂ ਜਿਨ੍ਹਾਂ ਨਾਲ ਲਿੰਗ ਜੋੜਿਆ ਜਾ ਸਕੇ। ਨਾਮਾ ਹੋਰ ਲਫ਼ਜ਼ਾਂ ਨਾਲ਼ ਜੋੜਿਆ ਜਾਣ ਵਾਲ਼ਾ ਇਕ ਆਮ ਲਫ਼ਜ਼ ਹੈ ਜਿਵੇਂ ਮੁਹੱਬਤਨਾਮਾ, ਸਫ਼ਰਨਾਮਾ, ਆਦਿ। ਆਮ ਵਰਤੇ ਜਾਂਦੇ ਕਿਸੇ ਇਕਹਿਰੇ ਲਫ਼ਜ਼ ਨੂੰ ਪੁਸਤਕ ਦਾ ਨਾਂ ਬਣਾ ਲਏ ਜਾਣ ਕਾਰਨ ਉਸ ਨਾਲ਼ ਕੋਈ ਰਚਨਾਤਮਿਕਤਾ ਨਹੀਂ ਜੁੜ ਜਾਂਦੀ। ਇਸ ਲਈ ਇਕ ਲਫ਼ਜ਼ ਦੇ ਨਾਂ ਦਾ ਕੋਈ ਕਾਪੀਰਾਈਟ ਨਹੀਂ ਹੋ ਸਕਦਾ।"

ਖ਼ੁਸ਼ਵੰਤ ਸਿੰਘ ਨੇ ਕ੍ਰਿਸ਼ਣਾ ਸੋਬਤੀ ਦੇ ਵਿਰੁੱਧ ਤੇ ਅੰਮ੍ਰਿਤਾ ਦੇ ਪੱਖ ਵਿਚ ਗਵਾਹੀ ਦਿੱਤੀ। ਉਹਨੇ ਗਵਾਹੀ ਹੀ ਨਾ ਦਿੱਤੀ ਸਗੋਂ ਚੰਗੀ ਖਾਸੀ ਰੌਣਕ ਲਾਈ। ਉਹਨੇ ਲਫ਼ਜ਼ 'ਜ਼ਿੰਦਗੀਨਾਮਾ' ਦਾ ਸਦੀਆਂ ਤੋਂ ਵਰਤਿਆ ਜਾਣਾ ਦਰਸਾਉਣ ਵਾਸਤੇ ਭਾਈ ਨੰਦ ਲਾਲ ਗੋਯਾ ਦੀ ਲਗਭਗ ਤਿੰਨ ਸਦੀਆਂ ਪਹਿਲਾਂ ਦੀ ਰਚਨਾ ਪੇਸ਼ ਕੀਤੀ ਜਿਸ ਦਾ ਨਾਂ ਰਚਨਾਕਾਰ ਨੇ 'ਬੰਦਗੀਨਾਮਾ' ਰੱਖਿਆ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਿੰਦਗੀਨਾਮਾ' ਕਰ ਦਿੱਤਾ ਸੀ। ਉਹਨੇ ਇਸ ਗੱਲ ਦੇ ਸਬੂਤ ਵਜੋਂ ਬਹੁਤ ਪਹਿਲਾਂ ਦੀ ਛਪੀ ਹੋਈ ਆਪਣੀ ਪ੍ਰਸਿੱਧ ਅੰਗਰੇਜ਼ੀ ਪੁਸਤਕ 'ਏ ਹਿਸਟਰੀ ਆਫ਼ ਦਿ ਸਿਖਸ' (ਸਿੱਖ ਇਤਿਹਾਸ) ਵੀ ਪੇਸ਼ ਕੀਤੀ। ਉਹਨੇ ਈਰਾਨੀ ਦੂਤਾਵਾਸ ਦੀ ਲਾਇਬਰੇਰੀ ਵਿਚੋਂ ਲੈ ਕੇ 'ਜ਼ਿੰਦਗੀਨਾਮਾ' ਨਾਂ ਵਾਲ਼ੀਆਂ, ਜਾਂ ਜਿਨ੍ਹਾਂ ਦੇ ਨਾਂ ਵਿਚ ਲਫ਼ਜ਼ 'ਜ਼ਿੰਦਗੀਨਾਮਾ' ਸ਼ਾਮਲ ਸੀ, ਇਕ ਦਰਜਨ ਤੋਂ ਵੱਧ ਫ਼ਾਰਸੀ ਕਿਤਾਬਾਂ ਦਾ ਥੱਬਾ ਵੀ ਅਦਾਲਤ ਦੇ ਮੇਜ਼ ਉੱਤੇ ਲਿਆ ਰੱਖਿਆ। ਉਹਦਾ ਕਹਿਣਾ ਸੀ, "ਅਜਿਹੇ ਲਫ਼ਜ਼ ਦਾ ਕਿਸੇ ਦਾ ਕਾਪੀਰਾਈਟ ਨਹੀਂ ਹੋ ਸਕਦਾ।"

ਉਹਦੀ ਗਵਾਹੀ ਸੁਣ ਕੇ ਸੋਬਤੀ ਗੁੱਸੇ ਨਾਲ਼ ਭੜਕ ਉੱਠੀ, "ਯੂਅਰ ਆਨਰ, ਇਸ ਬੰਦੇ ਦੇ ਕਹੇ ਹੋਏ ਇਕ ਲਫ਼ਜ਼ ਦਾ ਵੀ ਯਕੀਨ ਨਾ ਕਰੋ। ਇਹ ਧਨਾਢ ਲੇਖਕਾਂ ਦੇ ਉਸੇ ਮਾਫ਼ੀਏ ਵਿਚੋਂ ਹੈ।" ਪਰ ਆਖ਼ਰ ਨੂੰ ਅਦਾਲਤ ਨੇ ਫ਼ੈਸਲਾ ਇਕੱਲੇ ਖ਼ੁਸ਼ਵੰਤ ਸਿੰਘ ਦੀ ਗਵਾਹੀ ਦੇ ਆਧਾਰ ਉੱਤੇ ਦਿੰਦਿਆਂ ਸੋਬਤੀ ਦਾ ਪੱਖ ਰੱਦ ਕਰ ਦਿੱਤਾ।




ਕ੍ਰਿਸ਼ਣਾ ਸੋਬਤੀ ਦੀਆਂ ਕਿਤਾਬਾਂ 'ਏ ਲੜਕੀ' ਤੇ 'ਮਿੱਤਰੋ ਮਰਜਾਣੀ' ਦੇ ਸਰਵਰਕ

ਇਕ ਘਟਨਾ ਦਿਲਚਸਪ ਦੇ ਨਾਲ਼-ਨਾਲ਼ ਅਜੀਬ ਵੀ ਵਾਪਰੀ। ਮੁਕੱਦਮੇ ਹੇਠਲੀਆਂ ਅਦਾਲਤਾਂ ਵਿਚੋਂ ਉਤਲੀਆਂ ਵਿਚ ਜਾਂਦੇ ਹਨ ਪਰ ਇਸ ਮਾਮਲੇ ਵਿਚ ਜਨਵਰੀ 2004 ਵਿਚ ਮੁਕੱਦਮਾ ਦਿੱਲੀ ਹਾਈ ਕੋਰਟ ਨੇ ਆਪ ਸੁਣਨ ਦੀ ਥਾਂ ਹੇਠਲੀ ਤੀਸ ਹਜ਼ਾਰੀ ਕੋਰਟ ਵਿਚ ਭੇਜ ਦਿੱਤਾ। ਇਸ ਆਦੇਸ਼ ਦੇ ਨਾਲ਼ ਹੀ ਫ਼ਾਈਲਾਂ ਅਤੇ ਦੋਵਾਂ ਲੇਖਿਕਾਵਾਂ ਦੇ ਸੰਬੰਧਿਤ ਨਾਵਲਾਂ ਦੇ ਖਰੜਿਆਂ ਵਾਲ਼ਾ ਟਰੰਕ ਵੀ ਹੇਠਲੀ ਅਦਾਲਤ ਨੂੰ ਭੇਜ ਦਿੱਤਾ ਗਿਆ। ਪੰਜ ਸਾਲਾਂ ਮਗਰੋਂ, 2009 ਵਿਚ ਤੀਸ ਹਜ਼ਾਰੀ ਕੋਰਟ ਨੂੰ ਟਰੰਕ ਦੀ ਲੋੜ ਪਈ ਤਾਂ ਦੇਖਿਆ, ਟਰੰਕ ਤਾਂ ਕਿਤੇ ਹੈ ਹੀ ਨਹੀਂ ਸੀ! ਉਹ ਪਤਾ ਨਹੀਂ ਕਦੋਂ ਤੇ ਕਿਥੇ ਰਹਿ ਗਿਆ ਸੀ। ਉਸ ਮਗਰੋਂ ਹੇਠਲੀ ਅਦਾਲਤ ਨੇ ਹਾਈ ਕੋਰਟ ਨੂੰ ਕਈ ਵਾਰ ਕਿਹਾ ਕਿ ਟਰੰਕ ਲੱਭ ਕੇ ਉਹਦੇ ਹਵਾਲੇ ਕੀਤਾ ਜਾਵੇ ਪਰ ਹਰ ਵਾਰ ਉੱਤਰ "ਮਿਲਦਾ ਨਹੀਂ" ਹੀ ਦਿੱਤਾ ਗਿਆ।

ਇਸ ਦੌਰਾਨ ਮੁਕੱਦਮੇ ਦੀ ਇਕ ਲੇਖਿਕਾ, ਅੰਮ੍ਰਿਤਾ ਪ੍ਰੀਤਮ ਚਲਾਣਾ ਕਰ ਗਈ ਅਤੇ ਮੁਕੱਦਮਾ ਲੜ ਰਹੇ ਦੋ ਵਕੀਲ ਵੀ ਉਸੇ ਰਾਹ ਤੁਰ ਗਏ। ਸੋਬਤੀ ਨੇ ਮੁਕੱਦਮੇ ਦੇ ਲਟਕਣ ਤੋਂ ਅੱਕ ਕੇ ਕਿਹਾ, "ਹੁਣ ਉਹ ਮੇਰਾ ਮਰਨਾ ਉਡੀਕ ਰਹੇ ਨੇ!... ਮੈਂ ਇਸੇ ਕਹਾਣੀ ਨੂੰ ਅੱਗੇ ਤੋਰਦਿਆਂ ਦੋ ਹੋਰ ਨਾਵਲ ਵਿਉਂਤੇ ਸਨ ਪਰ ਮਾਨਸਿਕ ਪਰੇਸ਼ਾਨੀ ਕਾਰਨ ਉਹ ਲਿਖ ਨਹੀਂ ਸਕੀ। ਉਮੀਦ ਕਰਦੀ ਹਾਂ, ਮੁਕੱਦਮੇ ਦਾ ਫ਼ੈਸਲਾ ਮੇਰੇ ਜਿਉਂਦਿਆਂ-ਜਿਉਂਦਿਆਂ ਹੋ ਜਾਵੇਗਾ ਤਾਂ ਜੋ ਮੈਂ ਰੁਕੇ ਪਏ ਸਾਹਿਤਕ ਕੰਮਾਂ ਵੱਲ ਧਿਆਨ ਦੇ ਸਕਾਂ।" ਜਿਵੇਂ "ਬੰਦਿਆਂ ਨੂੰ ਬਿਰਖ ਬਣਾ ਦੇਣ ਵਾਲ਼ੀਆਂ" ਸਾਡੀਆਂ ਅਦਾਲਤਾਂ ਵਿਚ ਹੁੰਦਾ ਹੀ ਹੈ, ਫ਼ੈਸਲਾ 25 ਸਾਲ ਮਗਰੋਂ, 2011 ਵਿਚ, ਭਾਵ ਅੰਮ੍ਰਿਤਾ ਦੇ ਸਵਰਗਵਾਸ ਤੋਂ ਛੇ ਸਾਲ ਮਗਰੋਂ ਉਸ ਦੇ ਪੱਖ ਵਿਚ ਹੋਇਆ।

ਮੁਕੱਦਮਾ ਜ਼ਿੰਦਗੀਨਾਮਾ ਜਮ੍ਹਾਂ ਫੋਨ ਪਟਕਣ ਕਾਰਨ ਹੋਇਆ ਸੋ ਹੋਇਆ ਪਰ ਸੋਬਤੀ ਨੇ ਅੰਮ੍ਰਿਤਾ ਦੇ ਉਲਟ ਦਿਲ ਵਿਚ ਕੋਈ ਘਰੋੜ ਨਹੀਂ ਸੀ ਰੱਖੀ ਹੋਈ। ਅੰਮ੍ਰਿਤਾ ਦੀ ਮੌਤ ਪਿੱਛੋਂ ਖ਼ੁਸ਼ਵੰਤ ਸਿੰਘ ਨੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਆਪਣੀ ਆਦਤ ਅਨੁਸਾਰ ਉਹਦੀ ਸੁੰਦਰਤਾ ਤੇ ਉਹਦੇ ਪ੍ਰੇਮੀਆਂ ਦਾ ਜ਼ਿਕਰ ਕਰਨ ਮਗਰੋਂ ਇਮਰੋਜ਼ ਦੀ ਪਿਆਰ-ਕਹਾਣੀ ਨੂੰ ਇਹ ਲਿਖ ਕੇ ਅੰਤਲੇ ਦਿਨਾਂ ਤੱਕ ਛੁਟਿਆ ਦਿੱਤਾ ਕਿ ਉਹ ਉਹਨੂੰ ਖੁਆਉਂਦਾ-ਪਿਆਉਂਦਾ ਸੀ, ਉਹਦੇ ਕੱਪੜੇ ਬਦਲਦਾ ਸੀ ਤੇ ਉਹਦੇ ਸਰੀਰ ਨੂੰ ਸਾਫ਼ ਰਖਦਾ ਸੀ। ਕ੍ਰਿਸ਼ਣਾ ਸੋਬਤੀ ਨੇ ਇਸ ਹੋਛੀ ਗੱਲ ਉੱਤੇ ਸਖ਼ਤ ਇਤਰਾਜ ਕੀਤਾ ਅਤੇ ਕਿਹਾ, "ਇਹੋ ਜਿਹੀਆਂ ਤੁੱਛ ਗੱਲਾਂ ਦੀ ਥਾਂ ਲੇਖਿਕਾ ਦੀ ਸਾਹਿਤ ਨੂੰ ਦੇਣ ਦਾ ਮੁੱਲਾਂਕਣ ਹੋਣਾ ਚਾਹੀਦਾ ਸੀ।"

ਅੰਮ੍ਰਿਤਾ ਤੋਂ ਛੇ ਸਾਲ ਮਗਰੋਂ ਮੁਕੱਦਮਾ ਮੁੱਕੇ ਤੋਂ ਵੀ ਸੋਬਤੀ ਨੇ ਕਵਿੱਤਰੀ ਵਜੋਂ ਉਹਦੀ ਪ੍ਰਸੰਸਾ ਕੀਤੀ। ਇਕ ਪੱਤਰਕਾਰ ਨਾਲ਼ ਗੱਲ ਕਰਦਿਆਂ ਉਹਨੇ ਕਿਹਾ, "ਮੁਕੱਦਮਾ ਏਨਾ ਲੰਮਾ ਚਲਿਆ ਕਿ ਮਖੌਲ ਬਣ ਕੇ ਰਹਿ ਗਿਆ। ਇਹ ਇਕ ਅਜੀਬ ਮੁਕੱਦਮਾ ਸੀ ਜੋ ਹਾਈ ਕੋਰਟ ਤੋਂ ਜ਼ਿਲਾ ਕੋਰਟ ਵਿਚ ਪਹੁੰਚਿਆ, ਨਹੀਂ ਤਾਂ ਮੁਕੱਦਮੇ ਜ਼ਿਲਾ ਕੋਰਟ ਤੋਂ ਹਾਈ ਕੋਰਟ ਜਾਂਦੇ ਹਨ। ਮੈਂ ਅਦਾਲਤਾਂ ਬਾਰੇ ਤੇ ਉਨ੍ਹਾਂ ਦੇ ਕੰਮਕਾਜ ਬਾਰੇ ਕਾਫ਼ੀ ਕੁਝ ਜਾਣਿਆ। ਇਸ ਵਿਚ ਮੇਰਾ ਬੜਾ ਜ਼ੋਰ ਲਗਿਆ ਪਰ ਇਸ ਕਾਰਵਾਈ ਨੇ 'ਦਿਲੋ ਦਾਨਿਸ਼' ਵਰਗਾ ਨਾਵਲ ਵੀ ਦਿੱਤਾ ਜਿਸ ਦੇ ਪਲਾਟ ਦੇ ਕੇਂਦਰ ਵਿਚ ਇਨਸਾਫ਼ ਦਾ ਮੁੱਦਾ ਹੈ। ਮੈਂ ਅੰਮ੍ਰਿਤਾ ਨੂੰ ਹਮੇਸ਼ਾ ਹੀ ਪਸੰਦ ਕਰਦੀ ਰਹੀ ਹਾਂ ਤੇ ਕਵਿੱਤਰੀ ਵਜੋਂ ਉਹਦੀ ਕਦਰ ਕਰਦੀ ਰਹੀ ਹਾਂ। ਪਰ ਇਹ ਅਸੂਲ ਦੀ ਲੜਾਈ ਸੀ ਕਿਉਂਕਿ 'ਜ਼ਿੰਦਗੀਨਾਮਾ' ਮੇਰੀ ਬਹੁਤ ਵੱਡੀ ਬੌਧਿਕ ਸੰਪਤੀ ਹੈ।"

ਵੈਸੇ ਕ੍ਰਿਸ਼ਣਾ ਸੋਬਤੀ ਅਤੇ ਅੰਮ੍ਰਿਤਾ ਪ੍ਰੀਤਮ ਦਾ ਮੁਕੱਦਮਾ ਕੋਈ ਅਲੋਕਾਰ ਗੱਲ ਨਹੀਂ ਸੀ। ਇਨ੍ਹਾਂ ਨਾਲੋਂ ਵੀ ਵੱਡੇ ਲੇਖਕ ਇਨ੍ਹਾਂ ਨਾਲੋਂ ਵੀ ਭੈੜੀ ਤਰ੍ਹਾਂ ਝਗੜਦੇ ਰਹੇ ਹਨ। ਮਿਸਾਲ ਵਜੋਂ, 19ਵੀਂ ਸਦੀ ਦੇ ਤਿੰਨ ਸੱਚਮੁੱਚ ਦੇ ਮਹਾਨ ਰੂਸੀ ਲੇਖਕਾਂ, ਲਿਉ ਤਾਲਸਤਾਇ, ਫ਼ਿਉਦਰ ਦੋਸਤੋਇਵਸਕੀ ਅਤੇ ਈਵਾਨ ਤੁਰਗਨੇਵ ਨੇ ਖੁੱਲ੍ਹੇ-ਆਮ ਲੜਾਈ-ਝਗੜਾ ਕੀਤਾ, ਇਕ ਦੂਜੇ ਨੂੰ ਮਿਹਣੇ ਮਾਰੇ, ਇਕ ਦੂਜੇ ਨੂੰ ਗਾਲ਼ਾਂ ਦਿੱਤੀਆਂ ਤੇ ਫੇਰ ਇਕ ਦੂਜੇ ਨਾਲ਼ ਵੀਹ ਸਾਲ ਬੋਲ-ਬਾਣੀ ਬੰਦ ਰੱਖੀ!

ਸ਼ਖ਼ਸੀਅਤ ਵਜੋਂ ਤੇ ਲੇਖਿਕਾ ਵਜੋਂ ਕ੍ਰਿਸ਼ਣਾ ਸੋਬਤੀ ਦਾ ਕੋਈ ਜਵਾਬ ਨਹੀਂ ਸੀ। ਸੁਭਾਅ ਦੀ ਨਿਰਮਲ-ਚਿੱਤ ਤੇ ਕਲਮ ਦੀ ਸਵੈਮਾਣੀ। ਹਿੰਦੀ ਵਿਚ ਲਿਖ ਕੇ ਪੰਜਾਬੀਅਤ ਨੂੰ ਹਿੰਦੀ ਸਾਹਿਤ-ਜਗਤ ਵਿਚ ਘਰ-ਘਰ ਪੁਜਦਾ ਕਰਨ ਦਾ ਕਾਰਨਾਮਾ ਉਹ ਹੀ ਕਰ ਸਕਦੀ ਸੀ। ਵਿੱਛੜੀ ਰੂਹ ਦੀਆਂ ਯਾਦਾਂ ਰਹਿ ਜਾਂਦੀਆਂ ਹਨ। ਜੇ ਉਹ ਸਾਹਿਤਕਾਰ ਹੋਵੇ ਤਾਂ ਯਾਦਾਂ ਦੇ ਨਾਲ਼-ਨਾਲ਼ ਉਸ ਦੀਆਂ ਰਚਨਾਵਾਂ ਵੀ ਰਹਿ ਜਾਂਦੀਆਂ ਹਨ ਜੋ ਸਦਾ ਵਾਸਤੇ ਨਾ ਸਹੀ, ਲੰਮੇ ਸਮੇਂ ਤੱਕ ਉਸ ਦੀ ਨਿਸ਼ਾਨੀ ਬਣੀਆਂ ਰਹਿੰਦੀਆਂ ਹਨ!

# ਸੈੱਲ ਦਾ ਸੁਰ-ਸੰਗੀਤ ਅਤੇ ਸਾਡਾ ਸੰਸਾਰ

ਕਲਾ ਪਰਿਕਰਮਾ




**ਸਰਿੰਦਰ ਸਿੰਘ ਤੇਜ**
**ਫੋਨ: +91-98555-01488**

ਗੂੜ੍ਹੇ ਮਿੱਤਰ ਸਨ ਮੈਥਿਆਜ਼ ਸ਼ਲਾਇਡਨ ਅਤੇ ਟਿਓਡੋਰ ਸ਼ਵਾਨ। ਪਹਿਲਾ ਬਨਸਪਤੀ ਵਿਗਿਆਨੀ ਸੀ ਅਤੇ ਦੂਜਾ ਜੀਵ ਵਿਗਿਆਨੀ। ਅਕਤੂਬਰ 1837 ਦੀ ਇਕ ਸ਼ਾਮ ਦੋਵੇਂ ਰਾਤ ਦੇ ਖਾਣੇ ਲਈ ਬਰਲਿਨ (ਜਰਮਨੀ) ਦੇ ਇਕ ਰੈਸਤਰਾਂ ਵਿਚ ਮਿਲੇ। ਦੋਵਾਂ ਦੇ ਦਿਨ ਆਮ ਤੌਰ 'ਤੇ ਬਰਲਿਨ ਯੂਨੀਵਰਸਿਟੀ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਗੁਜ਼ਰਦੇ ਸਨ। ਉੱਘੇ ਸਰੀਰ-ਕਿਰਿਆ ਵਿਗਿਆਨੀ ਯੋਹਾਨੇਜ਼ ਪੀਟਰ ਮੂਲਰ ਦੇ ਸਹਿਯੋਗੀ ਹੋਣਦੇ ਨਾਤੇ ਦੋਵਾਂ ਤੋਂ ਤਵੱਕੋ ਵੀ ਇਹੋ ਕੀਤੀ ਜਾਂਦੀ ਸੀ ਕਿ ਉਹ ਵੀ ਨਵੀਆਂ ਖੋਜਾਂ, ਨਵੇਂ ਵਿਗਿਆਨਕ ਪ੍ਰਗਟਾਵੇ ਸੰਭਵ ਬਣਾਉਣ। ਸ਼ਲਾਇਡਨ ਦੀ ਪੇਸ਼ਾਨੀ 'ਤੇ ਲੰਮਾ ਝਰੀਟਨੁਮਾ ਨਿਸ਼ਾਨ ਸੀ। ਇਹ ਖ਼ੁਦਕੁਸ਼ੀ ਦੀ ਨਾਕਾਮ ਕੋਸ਼ਿਸ਼ ਦੀ ਨਿਸ਼ਾਨੀ ਸੀ। ਉਹ ਪਹਿਲਾਂ ਪੇਸ਼ੇ ਵਜੋਂ ਵਕੀਲ ਸੀ। ਇਸ ਪੇਸ਼ੇ ਵਿਚ ਨਾਕਾਮਯਾਬ ਰਹਿਣ ਕਾਰਨ ਉਸ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ। ਬਨਸਪਤੀ ਵਿਗਿਆਨ ਦਾ ਅਧਿਐਨ ਤਾਂ ਉਸ ਨੇ ਡਿਪਰੈਸ਼ਨ ਤੋਂ ਛੁਟਕਾਰਾ ਪਾਉਣ ਲਈ ਸ਼ੁਰੂ ਕੀਤਾ ਸੀ। ਇਸੇ ਅਧਿਐਨ ਦੇ ਜ਼ਰੀਏ ਉਹ ਇਕ ਅਹਿਮ ਖੋਜ ਦੇ ਨੇੜੇ ਪਹੁੰਚ ਚੁੱਕਾ ਸੀ। ਉਸ ਨੇ ਇਹ ਰਾਜ਼ ਸ਼ਵਾਨ ਨਾਲ ਸਾਂਝਾ ਕੀਤਾ ਕਿ ਪੌਦੇ ਦੀ ਜ਼ਿੰਦਗੀ ਦਾ ਅਸਲ ਆਧਾਰ ਉਸ ਅੰਦਰਲੇ ਕੋਸ਼ਾਣੂ (ਸੈੱਲ) ਹਨ। ਸੈੱਲਾਂ ਨੂੰ ਉਤਪਤੀ, ਵਿਕਾਸ ਤੇ ਪਾਸਾਰ ਲਈ ਕਿਸੇ ਬਾਹਰੀ ਮਦਦ ਦੀ ਲੋੜ ਨਹੀਂ। ਉਹ ਤਾਂ ਇਕ ਜ਼ਿੰਦਗੀ ਦੇ ਅੰਦਰ ਧੜਕਦੀਆਂ ਕਈ ਜ਼ਿੰਦਗੀਆਂ ਹਨ।

ਸ਼ਨਾਇਡਨ ਕੋਲ ਪੌਦਿਆਂ ਦੀਆਂ ਸੈਂਕੜੇ ਵੰਨਗੀਆਂ ਦੇ ਨਮੂਨੇ ਮੌਜੂਦ ਸਨ। ਦਰਅਸਲ, ਉਸ ਦਾ ਇਹ 'ਖ਼ਜ਼ਾਨਾ' ਹੋਰਨਾਂ ਬਨਸਪਤੀ ਵਿਗਿਆਨੀਆਂ ਲਈ ਈਰਖਾ ਦਾ ਵਿਸ਼ਾ ਵੀ ਸੀ। ਇਕ ਪੌਦੇ ਅੰਦਰ ਸੈੱਲਾਂ ਦੀ ਸ਼ਨਾਖ਼ਤ ਕਰਨ ਮਗਰੋਂ ਉਸ ਨੇ ਦਰਜਨਾਂ ਹੋਰ ਪੌਦਿਆਂ ਦੀ ਵੀ ਜਾਂਚ-ਪਰਖ ਕੀਤੀ। ਇਸ ਜਾਂਚ-ਪਰਖ ਮਗਰੋਂ ਉਹ ਇਸ ਨਤੀਜੇ 'ਤੇ ਪਹੁੰਚਿਆ ਕਿ ਸਾਰੇ ਪੌਦਿਆਂ ਦੀ ਤਾਮੀਰ, ਬਣਤਰ ਤੇ ਜਿਸਮਾਨੀ ਵਿਵਸਥਾ ਵਿਚ ਏਕਤਾ ਤੇ ਇਕਸੁਰਤਾ ਹੈ। ਕੋਈ ਵੀ ਪੌਦਾ ਅਜਿਹਾ ਨਹੀਂ ਜੋ ਸੈੱਲਾਂ (ਕੋਸ਼ਾਣੂਆਂ) ਤੋਂ ਨਾ ਬਣਿਆ ਹੋਵੇ। ਸ਼ਨਾਇਡਨ ਦੀਆਂ ਗੱਲਾਂ ਸੁਣ ਕੇ ਜੰਤੂ ਵਿਗਿਆਨੀ (ਜ਼ੂਆਲੋਜਿਸਟ) ਸ਼ਵਾਨ ਨੇ ਵੀ ਆਪਣੇ ਤਜਰਬਿਆਂ ਦਾ ਰਾਜ਼ ਸਾਂਝਾ ਕੀਤਾ। ਉਸ ਨੇ ਦੱਸਿਆ ਕਿ ਉਹ ਡੱਡਾਂ-ਡੱਡੜੀਆਂ (ਟੈਡਪੋਲਜ਼) ਦੇ ਅੰਦਰ ਸੈੱਲਾਂ ਦੀ ਮੌਜੂਦਗੀ ਦੀ ਸ਼ਨਾਖ਼ਤ ਕਰ ਚੁੱਕਾ ਹੈ ਅਤੇ ਇਹ ਵੀ ਲੱਭ ਚੁੱਕਿਆ ਹੈ ਕਿ ਹਰ ਸੈੱਲ ਦਾ ਕੇਂਦਰਕ (ਨਿਊਕਲੀਅਸ) ਹੁੰਦਾ ਹੈ ਜੋ ਸੈੱਲ ਨੂੰ ਸਜੀਵਤਾ ਪ੍ਰਦਾਨ ਕਰਦਾ ਹੈ। ਪੌਦਾ ਹੋਵੇ ਜਾਂ ਜੀਵ, ਸਭਨਾਂ ਦਾ ਜੀਵਨ ਸੈੱਲਾਂ ਦੀ ਸਜੀਵਤਾ ਤੇ ਸਿਹਤਮੰਦੀ ਉੱਤੇ ਆਧਾਰਿਤ ਹੁੰਦਾ ਹੈ।

ਦੋਵਾਂ ਦੋਸਤਾਂ ਨੇ ਆਪੋ-ਆਪਣੀਆਂ ਖੋਜਾਂ ਪ੍ਰੋ. ਮੂਲਰ ਦੇ ਧਿਆਨ 'ਚ ਲਿਆਂਦੀਆਂ। ਉਨ੍ਹਾਂ ਨੇ ਦੋਵਾਂ ਨੂੰ ਖੋਜ ਤੇ ਅਧਿਐਨ ਜਾਰੀ ਰੱਖਣ ਅਤੇ ਨਿੱਗਰ ਨਤੀਜੇ ਵਿਗਿਆਨਕ ਪਰਚਿਆਂ ਰਾਹੀਂ ਵਿਗਿਆਨ ਜਗਤ ਨਾਲ ਸਾਂਝੇ ਕਰਨ ਦੀ ਸਲਾਹ ਦਿੱਤੀ। 1838 ਵਿਚ ਸ਼ਨਾਇਡਨ ਦਾ ਪਰਚਾ 'ਫਾਈਟੋਜੈਨੇਸਿਸ ਬਾਰੇ ਸਾਡਾ ਗਿਆਨ' ਜਰਮਨ ਖੋਜ-ਪੱਤ੍ਰਿਕਾ ਵਿਚ ਪ੍ਰਕਾਸ਼ਿਤ ਹੋਇਆ। ਇਕ ਵਰ੍ਹੇ ਬਾਅਦ ਸ਼ਵਾਨ ਦਾ ਪਰਚਾ 'ਜੰਤੂਆਂ ਅਤੇ ਪੌਦਿਆਂ ਦੀ ਬਣਤਰ ਤੇ ਵਿਕਾਸ ਵਿਚ ਸਾਂਝ' ਵਿਗਿਆਨ ਜਗਤ ਤੋਂ ਇਲਾਵਾ ਆਮ ਲੋਕਾਂ ਵਿਚ ਵੀ ਖ਼ੂਬ ਚਰਚਿਤ ਹੋਇਆ। ਇਹ ਨਹੀਂ ਸੀ ਕਿ ਵਿਗਿਆਨਕ ਲੋਕ, ਕੋਸ਼ਾਣੂਆਂ ਦੀ ਹੋਂਦ ਬਾਰੇ ਜਾਣਦੇ ਹੀ ਨਹੀਂ ਸਨ। ਇਨ੍ਹਾਂ ਦੀ ਸ਼ਨਾਖ਼ਤ ਤਾਂ ਤਕਰੀਬਨ ਪੌਣੇ ਦੋ ਸਦੀਆਂ ਪਹਿਲਾਂ ਯੂਰਪ ਵਿਚ ਹੋ ਚੁੱਕੀ ਸੀ। ਸ਼ਨਾਖ਼ਤ ਵੀ ਦੋ ਵੱਖ-ਵੱਖ ਵਿਅਕਤੀਆਂ ਨੇ ਕੀਤੀ ਸੀ। ਡੱਚ ਕੱਪੜਾ ਵਪਾਰੀ ਐਂਟਨੀ ਵਾਨ ਲਿਊਵਨਹੌਕ ਨੇ ਕੱਪੜਿਆਂ ਦੇ ਰੇਸ਼ਿਆਂ ਦੀ ਪੁਣਛਾਣ ਕਰਨ ਲਈ ਖ਼ੁਦ ਬਣਾਈ ਖ਼ੁਰਦਬੀਨ ਦੇ ਜ਼ਰੀਏ ਮੀਂਹ ਦੇ ਪਾਣੀ ਦੀ ਬੂੰਦ ਦੇ ਅੰਦਰ ਕਈ ਸਜੀਵ ਤੱਤ ਵਿਚਰਦੇ ਦੇਖੇ ਸਨ। ਉਸ ਤੋਂ 200 ਮੀਲ ਦੀ ਦੂਰੀ 'ਤੇ ਬੈਠੇ ਇੰਗਲਿਸਤਾਨੀ ਹਰਫ਼ਨਮੌਲਾ-ਰੌਬਰਟ ਹੁੱਕ ਨੇ ਕੌਰਕ ਦੇ ਇਕ ਟੁਕੜੇ ਨੂੰ ਗ਼ਲਤੀ ਨਾਲ ਪਰਖਦਿਆਂ ਇਹ ਦੇਖਿਆ ਸੀ ਕਿ ਉਹ ਕੌਰਕ ਕਿੰਨੇ ਸਾਰੇ ਤਹਿਖਾਨਾਨੁਮਾ 'ਬਕਸਿਆਂ' ਦੀ ਮਦਦ ਨਾਲ ਬਣਿਆ ਹੋਇਆ ਸੀ। ਉਸ ਨੇ ਹੀ ਇਨ੍ਹਾਂ ਕੋਸ਼ਾਣੂਆਂ ਨੂੰ ਉਨ੍ਹਾਂ ਦੀ ਬਣਤਰ ਦੇ ਡਿਜ਼ਾਈਨ ਮੁਤਾਬਿਕ ਸੈੱਲ (ਕਮਰੇ) ਦਾ ਨਾਮ ਦਿੱਤਾ ਸੀ। ਹਾਂ, ਉਸ ਨੂੰ ਇਹ ਕਿਆਸ ਤਕ ਨਹੀਂ ਸੀ ਕਿ ਉਸ ਵੱਲੋਂ ਧਰਿਆ ਨਾਮ ਖੰਡ-ਬ੍ਰਹਿਮੰਡ ਲਈ ਕਿੰਨਾ ਅਹਿਮ ਹੋ ਜਾਵੇਗਾ।




*ਡਾ. ਸਿਧਾਰਥ ਮੁਖਰਜੀ ਦੀ ਲਿਖੀ ਕਿਤਾਬ ਦਾ ਮੁਖੜਾ।*



*ਡਾ. ਸਿਧਾਰਥ ਮੁਖਰਜੀ*

ਉਪਰੋਕਤ ਕਹਾਣੀ ਡਾ. ਸਿਧਾਰਥ ਮੁਖਰਜੀ ਦੀ ਨਵੀਂ ਕਿਤਾਬ 'ਦਿ ਸੌਂਗ ਆਫ ਦਿ ਸੈੱਲ' (ਕੋਸ਼ਾਣੂ ਦਾ ਗੀਤ) ਦੀ ਭੂਮਿਕਾ ਦਾ ਸਾਰ-ਅੰਸ਼ ਹੈ। ਕਿਤਾਬ ਦੀ ਅੰਤਿਕਾ ਤੱਕ ਪੁੱਜਦਿਆਂ ਸੈੱਲਾਂ ਦੀਆਂ ਨਸਲਾਂ ਤੇ ਕਿਸਮਾਂ, ਉਨ੍ਹਾਂ ਦੀ ਭੂਮਿਕਾ, ਮਹੱਤਵ, ਕੰਮ-ਢੰਗ ਆਦਿ ਬਾਰੇ ਅਸੀਮ ਗਿਆਨ ਪ੍ਰਾਪਤ ਹੁੰਦਾ ਹੈ। ਸਿਹਤ ਵਿਗਿਆਨ ਦੀਆਂ ਪੇਚੀਦਗੀਆਂ ਬਾਰੇ ਜਾਣਕਾਰੀ, ਸਰਲ ਭਾਸ਼ਾ ਵਿਚ ਅਦਬੀ ਚਾਸ਼ਨੀ ਚੜ੍ਹਾ ਕੇ ਰਸੀਲੇ ਤੇ ਲੱਜ਼ਤਦਾਰ ਢੰਗ ਨਾਲ ਪਰੋਸਣ ਦਾ ਜੋ ਹੁਨਰ ਡਾ. ਮੁਖਰਜੀ ਕੋਲ ਹੈ, ਉਹ ਬਹੁਤ ਘੱਟ ਵਿਗਿਆਨ ਲੇਖਕਾਂ ਦੇ ਹਿੱਸੇ ਆਇਆ ਹੈ। ਕੈਂਸਰਾਂ ਬਾਰੇ ਉਨ੍ਹਾਂ ਦੀ ਪਹਿਲੀ ਕਿਤਾਬ 'ਦਿ ਐਂਪਰਰ ਆਫ ਆਲ ਮੈਲੇਡੀਜ਼' (ਰੋਗਾਂ ਦੀ ਦੁਨੀਆ ਦਾ ਬਾਦਸ਼ਾਹ) ਨੂੰ 2015 ਵਿਚ ਵਾਰਤਕ ਲਈ ਪੁਲਿਟਜ਼ਰ ਪੁਰਸਕਾਰ ਮਿਲਿਆ ਸੀ। ਇਹ ਕਿਤਾਬ ਪੂਰੇ ਇਕ ਵਰ੍ਹੇ ਲਈ 'ਨਿਊਯਾਰਕ ਟਾਈਮਜ਼' ਅਖ਼ਬਾਰ ਦੀ ਬੈਸਟ ਸੈੱਲਰਾਂ ਦੀ ਸੂਚੀ ਵਿਚ ਰਹੀ। 23 ਭਾਸ਼ਾਵਾਂ ਵਿਚ ਅਨੁਵਾਦਿਤ ਹੋ ਚੁੱਕੀ ਹੈ ਇਹ ਕਿਤਾਬ। ਡੀ.ਐਨ.ਏ. ਦੀ ਬਣਤਰ ਅਤੇ ਮਹੱਤਵ ਬਾਰੇ ਵੱਡਮੁੱਲਾ ਗਿਆਨ ਪੇਸ਼ ਕਰਨ ਵਾਲੀ ਅਗਲੀ ਕਿਤਾਬ 'ਦਿ ਜੀਨ' ਨੂੰ ਵੀ ਆਮ ਪਾਠਕਾਂ ਤੋਂ ਤਕੜਾ ਹੁੰਗਾਰਾ ਮਿਲਿਆ। ਇਸੇ ਕੈਂਸਰ ਰੋਗ ਮਾਹਿਰ ਦੀ ਤੀਜੀ ਤੇ ਤਾਜ਼ਾਤਰੀਨ ਕਿਤਾਬ ਹੈ 'ਦਿ ਸੌਂਗ'। ਜ਼ਿੰਦਗੀ ਕੀ ਹੈ ਅਤੇ ਜ਼ਿੰਦਗੀ ਨੂੰ 'ਜ਼ਿੰਦਾ' ਰੱਖਣ ਵਿਚ ਸੈੱਲ ਦੀ ਕੀ ਭੂਮਿਕਾ ਹੈ, ਉਸ ਬਾਰੇ ਵਿਸਮਾਦੀ ਜਾਣਕਾਰੀ ਪ੍ਰਦਾਨ ਕਰਨ ਵਾਲੀ; ਉਹ ਵੀ ਕਥਾ-ਕਹਾਣੀਆਂ ਤੇ ਸਾਖੀਆਂ ਦੀ ਮਦਦ ਨਾਲ।

ਛੇ ਅਨੁਭਾਗ ਹਨ ਇਸ ਕਿਤਾਬ ਦੇ; ਸਾਰੇ ਹੀ ਸੈੱਲਾਂ ਦੀਆਂ ਵੱਖ-ਵੱਖ ਵੰਨਗੀਆਂ ਬਾਰੇ ਗਹਿਰ-ਗਿਆਨ ਸਾਂਝਾਂ ਕਰਨ ਵਾਲੇ। ਵੰਨਗੀਆਂ ਨੂੰ ਨਾਮ ਵੀ ਉਨ੍ਹਾਂ ਦੇ ਸੁਭਾਅ ਤੇ ਕਾਰਜ ਮੁਤਾਬਿਕ ਦਿੱਤੇ ਗਏ ਹਨ: ਮੌਲਿਕ ਸੈੱਲ, ਪ੍ਰਤੱਖ ਸੈੱਲ, ਬ੍ਰਹਿਮੰਡੀ ਸੈੱਲ, ਫੋਟੋਜੀਨਿਕ ਸੈੱਲ, ਸਾਫ਼-ਸਫ਼ਾਫ਼ ਸੈੱਲ, ਵੰਡ-ਪਾਊ ਸੈੱਲ, ਵਿਕਾਸਸ਼ੀਲ ਸੈੱਲ, ਬੇਮੁਰੱਵਤੀ ਸੈੱਲ, ਬੇਚੈਨ ਸੈੱਲ, ਮੁਹਾਫ਼ਿਜ਼ ਸੈੱਲ, ਸੋਚਵਾਨ ਸੈੱਲ, ਸਹਿਣਸ਼ੀਲ ਸੈੱਲ, ਨਾਗਰਿਕ ਸੈੱਲ, ਸੂਝਵਾਨ ਸੈੱਲ, ਪੁਨਰਜੀਵੀ ਸੈੱਲ, ਸੁਆਰਥੀ ਸੈੱਲ, ਮੁਰੰਮਤਸਾਜ਼ ਸੈੱਲ, ਗੁਲੂਕਾਰ ਸੈੱਲ। ਹਰ ਸੈੱਲ ਦੀ ਖੋਜ ਅਤੇ ਖੋਜਕਾਰ ਨਾਲ ਜੁੜੇ ਫ਼ਸਾਨੇ ਵੀ ਨਾਲੋ-ਨਾਲ ਪੇਸ਼ ਹਨ। ਹਰ ਸੈੱਲ ਦੀ ਕਹਾਣੀ ਕਹਿਣ ਲਈ ਵਰਤੇ ਗਏ ਬਿੰਬ ਵੀ ਬਾਕਮਾਲ ਹਨ। ਸਾਰੇ ਸਾਹਿਤਕ ਪੁੱਠ ਵਾਲੇ; ਨੋਬੇਲ ਪੁਰਸਕਾਰ ਜੇਤੂ ਨਾਵਲਕਾਰਾਂ ਦੇ ਅਹਿਮ ਪਾਤਰਾਂ ਅਤੇ ਹਾਲੀਵੁੱਡ ਦੀਆਂ ਨਾਮਵਰ ਫਿਲਮਾਂ ਦੇ ਮੁੱਖ ਕਿਰਦਾਰਾਂ ਦੇ ਨਾਵਾਂ ਵਾਲੇ। ਇਹ ਤੱਥ ਪਾਠਕ ਨੂੰ ਬੋਰ ਨਹੀਂ ਹੋਣ ਦਿੰਦਾ।

ਕਿਤਾਬ ਦੀ ਅੰਤਿਕਾ 'ਮੇਰੇ ਬਿਹਤਰ ਰੂਪ' ਨਵਾਂ ਮਨੁੱਖ 'ਘੜਨ' ਦੀ ਦਿਸ਼ਾ ਵੱਲ ਚੱਲ ਰਹੇ ਕਦਮਾਂ ਦੀ ਗੱਲ ਕਰਦੀ ਹੈ। ਡਾ. ਮੁਖਰਜੀ ਸਪਸ਼ਟ ਕਰਦਾ ਹੈ ਕਿ ਇਨ੍ਹਾਂ ਕਦਮਾਂ ਦਾ ਮਨੋਰਥ ਜੀਨ-ਐਡੀਟਿੰਗ ਰਾਹੀਂ ਸੁਪਰਮੈਨ ਤਿਆਰ ਕਰਨਾ ਨਹੀਂ ਬਲਕਿ ਅਸਾਧ ਜਾਪਣ ਵਾਲੇ ਰੋਗਾਂ ਦਾ ਸਥਾਈ ਇਲਾਜ ਲੱਭਣਾ ਅਤੇ ਚੇਚਕ ਜਾਂ ਪੋਲੀਓ ਨਿਰੋਧਕ ਟੀਕਿਆਂ ਵਾਂਗ ਇਨ੍ਹਾਂ ਇਲਾਜ ਵਿਧੀਆਂ ਨੂੰ ਆਮ ਲੋਕਾਂ ਦੀ ਸਿਹਤ ਸੰਭਾਲ ਦਾ ਹਿੱਸਾ ਬਣਾਉਣਾ ਹੈ। ਟੀ-ਸੈੱਲਾਂ ਦੀ ਮਦਦ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਅਤੇ ਕੈਂਸਰ ਉੱਤੇ ਕਾਬੂ ਪਾਉਣ ਦੀ ਵਿਧੀ ਦੀ ਕਾਮਯਾਬੀ ਦਾ ਵੀ ਉਹ ਜ਼ਿਕਰ ਕਰਦਾ ਹੈ ਅਤੇ ਸਿਹਤਮੰਦ ਵਿਅਕਤੀ ਦੇ ਬੋਨ-ਮੈਰੋ ਰਾਹੀਂ ਏਡਜ਼ ਪੀੜਿਤ ਨੂੰ ਠੀਕ ਕਰਨ ਦੇ ਤਜਰਬੇ ਦਾ ਵੀ। ਪ੍ਰਯੋਗਸ਼ਾਲਾ ਵਿਚ ਤਿਆਰ ਬਨਾਵਟੀ ਖ਼ੂਨ, ਲੋੜਵੰਦਾਂ ਨੂੰ ਚੜ੍ਹਾਏ ਜਾਣ ਦੇ ਤਜਰਬੇ ਦੀ ਕਹਾਣੀ ਵੀ ਅੰਤਿਕਾ ਦਾ ਹਿੱਸਾ ਹੈ। ਨਾਲ ਹੀ ਉਹ ਅਜਿਹੀਆਂ ਕਾਮਯਾਬੀਆਂ ਦੀ ਦੁਰਵਰਤੋਂ ਦੇ ਖ਼ਦਸ਼ੇ ਤੇ ਖ਼ਤਰੇ ਵੀ ਪਾਠਕਾਂ ਦੇ ਧਿਆਨ ਵਿਚ ਲਿਆਉਂਦਾ ਹੈ।

ਦਿਲਚਸਪ ਹੋਣ ਦੇ ਬਾਵਜੂਦ ਕਿਤਾਬ ਇਕਾਗਰਤਾ ਮੰਗਦੀ ਹੈ। ਜਿੰਨੀ ਵਿਆਪਕ ਜਾਣਕਾਰੀ ਇਸ ਵਿਚ ਮੌਜੂਦ ਹੈ, ਉਹ ਇਕਾਗਰਤਾ ਤੋਂ ਬਿਨਾ ਸਾਡੀ ਯਾਦਦਾਸ਼ਤ ਵਿਚ ਜਜ਼ਬ ਵੀ ਨਹੀਂ ਹੋ ਸਕਦੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਦਸੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-563



*ਸੁਫ਼ਨਿਆਂ 'ਤੇ ਬੰਦਿਸ਼ ਨ ਕੋਈ, ਅਮੀਰ ਗਰੀਬ ਸਭ ਲੈਂਦੇ ਨੇ,*
*ਬਿਨ ਪੈਸਿਆਂ ਤੋਂ ਸ਼ੌਕ ਨਾ ਪੂਰੇ, ਪਰ ਬਹੁਤੇ ਅਧੂਰੇ ਰਹਿੰਦੇ ਨੇ।*
*ਜੇ ਹੋਵੇ ਚਾਹ ਤਾਂ ਰਾਹ ਲੱਭਦੇ ਨੇ, ਕਲਾਕਾਰ ਕਰਦਾ ਕਮਾਲ ਹੈ,*
*ਬਣਾ ਕੇ ਇੰਝ ਲੱਕੜੀ ਦੀ ਬਾਈਕ, ਦਿਲ ਪਰਚਾਣ ਦਾ ਸਵਾਲ ਹੈ।*

### ਕੈਪਸ਼ਨ ਮੁਕਾਬਲਾ-561



ਸਾਥ ਹੈ ਸਾਡਾ ਬੜਾ ਪੁਰਾਣਾ
ਸਦਾ ਨਿਭਾਉਂਦੇ ਜਾਈਏ।
ਇੱਕ ਦੂਜੇ ਦੀ ਰਮਜ਼ ਸਮਝਦੇ
ਪੈੜ 'ਚ ਪੈਰ ਟਿਕਾਈਏ।
ਪਹਿਲਾਂ ਰਲ਼ ਕੇ ਸਿਜਦਾ ਕਰੀਏ
ਫੇਰ ਰਿਜ਼ਕ ਲਈ ਜਾਈਏ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਧਰਮ ਦੇ ਨਾਲ ਧਰਮ ਲੜਦਾ,
ਕੂੜ ਦਾ ਬਾਣਾ ਪਾ ਕੇ
ਜ਼ਰਜ਼ੋਰੋ ਜ਼ਮੀਨ ਲੁੱਟਦਾ,
ਵੱਢ-ਟੁੱਕ ਕਰਵਾ ਕੇ।
ਕੂੜ ਦੀ ਤੱਕੜੀ ਕਿਵੇਂ ਤੁਲਦੀ?
ਭਗਵਾਨ ਖੜ੍ਹ ਕੇ ਵੇਖਦਾ
ਬੰਦੇ ਨਾਲ ਘੋੜਾ ਵੀ ਝੁਕਿਆ,
ਧਰਤੀ 'ਤੇ ਮੱਥਾ ਟੇਕਦਾ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਹੋਵੇ ਇਨਸਾਨ ਜਾਂ ਜਾਨਵਰ
ਜੋ ਸਿਖਾਓ ਉਂਜ ਹੀ ਨਕਲ ਕਰਦਾ।
ਲੋਹੇ ਨੂੰ ਲੋਹਾ ਕੱਟਦਾ
ਸਚੇਤ ਮਨ ਭਰਮ-ਵਹਿਮ ਦੂਰ ਕਰ
ਨਫ਼ਰਤ ਨੂੰ ਜੜ੍ਹੋਂ ਵੱਢਦਾ
ਇੱਟ ਚੁੱਕਿਆਂ ਧਰਮ ਜੰਮਦਾ
ਜਿਸ ਦਾ ਧਰਮ ਉਹੀ ਸਲਾਹੁੰਦਾ
ਦੂਜਾ ਨਫ਼ਰਤ ਦੰਗੇ ਫਸਾਦ ਕਰਾਉਂਦਾ
ਸੌ ਵਾਰੀ ਝੂਠ ਬੋਲਿਆਂ,
ਸੱਚ ਲੱਗਣ ਲੱਗਦਾ
ਨਫ਼ਰਤ ਦੀ ਨੀਂਹ
ਸਿਖਰ ਪੁੱਜਣ ਤੋਂ ਪਹਿਲਾਂ ਹੀ
ਢਹਿ-ਢੇਰੀ ਹੋ ਜਾਂਦੀ।
***-ਦਰਸ਼ਨ ਪਾਲ ਦੋਸਾਂਝ***

---

ਧਰਮ ਤਾਂ ਬੰਦੇ ਦੇ ਅੰਦਰ ਹੁੰਦਾ,
ਦਿਖਾਵਿਆਂ 'ਚ ਕੀ ਰੱਖਿਆ।
ਰਾਹ ਦਾ ਰੋੜਾ ਬਣਿਆ ਆਪ ਵੀ,
ਨਾਲ ਘੋੜੇ ਨੂੰ ਵੀ ਖਿੱਚ ਰੱਖਿਆ।
ਭਾਰਤ ਵਿਚ ਧਰਮਾਂ ਦੇ ਨਾਂ 'ਤੇ
ਰਸਤੇ ਰੋਕ ਕੇ
ਲੋਕਾਂ ਦੀਆਂ ਭਾਵਨਾਵਾਂ ਨਾਲ
ਕਰਨ ਖਿਲਵਾੜ।
ਲੋਕ ਭਲਾਈ ਬਾਰੇ ਸੋਚਣਾ ਚਾਹੀਦਾ,
ਗਰੀਬ ਗੁਰਬੇ ਨੂੰ ਨਾ ਪਵੇ ਤਾੜ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***

*To Advertise with Punjab Times Call: 847-359-0746*

# ਜੜ੍ਹਾਂ ਨਾਲ ਜੁੜਨ ਦੀ ਆਰਜਾ ਹੈ 'ਜੜ੍ਹਾਂ ਦੇ ਵਿੱਚ-ਵਿਚਾਲੇ'

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਲੇਖਿਕਾ ਅਰਤਿੰਦਰ ਸੰਧੂ ਅਤੇ ਉਨ੍ਹਾਂ ਦੀ ਨਿਬੰਧ ਪੁਸਤਕ 'ਜੜ੍ਹਾਂ ਦੇ ਵਿੱਚ ਵਿਚਾਲੇ' 'ਤੇ ਚਰਚਾ ਕੀਤੀ ਹੈ। ਉਨ੍ਹਾਂ ਨੇ ਲੇਖਿਕਾ ਨੂੰ ਨਿਬੰਧਕਾਰੀ ਵਿਚ ਨਰੋਈ ਪਹਿਲ ਲਈ ਵਧਾਈ ਦਿੱਤੀ ਹੈ।***

ਅਰਤਿੰਦਰ ਸੰਧੂ ਮੂਲ ਰੂਪ ਵਿਚ ਵਿਗਿਆਨਕ ਸੋਚ ਵਾਲੀ ਬਹੁਤ ਹੀ ਸੂਖਮ ਅਤੇ ਸਹਿਜ ਰੂਪ ਵਿਚ ਵਿਚਰਨ ਵਾਲੀ ਕਵਿੱਤਰੀ ਹੈ, ਜਿਸ ਨੇ ਪੰਜਾਬੀ ਕਵਿਤਾ ਵਿਚ ਵੱਡਾ ਯੋਗਦਾਨ ਪਾਇਆ। ਉਸਦੀ ਕਵਿਤਾ ਹਿੰਦੀ ਭਾਸ਼ਾ ਵਿਚ ਵੀ ਅਨੁਵਾਦ ਹੋਈ ਹੈ। ਵਧੀਆ ਗੱਲ ਇਹ ਹੈ ਕਿ ਕਵਿਤਾ ਦੇ ਨਾਲ ਨਾਲ, ਉਸ ਨੇ ਨਿਬੰਧਕਾਰੀ ਦੇ ਦਰੀਂ ਨਿਬੰਧ ਪੁਸਤਕ 'ਜੜ੍ਹਾਂ ਦੇ ਵਿੱਚ ਵਿਚਾਲੇ' ਰਾਹੀਂ ਦਸਤਕ ਦਿੱਤੀ ਹੈ। ਇਹ ਨਿਬੰਧ ਸੂਖਮ ਮਨ ਵਿਚੋਂ ਨਿਕਲੇ ਭਾਵਾਂ ਦਾ ਵੇਗ ਹੈ, ਜਿਹੜਾ ਹਰਫ਼ਾਂ ਵਿਚ ਢਲ ਕੇ ਇਕ ਸੰਦੇਸ਼ ਦਿੰਦਾ, ਅਰਥਾਂ ਨੂੰ ਜਿਉਣ ਜੋਗਾ ਕਰਦਾ ਅਤੇ ਜੀਵਨ-ਜਾਚ ਨੂੰ ਨਵੇਂ ਅਰਥ ਵੀ ਦੇ ਜਾਂਦਾ ਹੈ। ਇਹ ਨਿਬੰਧ ਨੀਝ ਨਾਲ ਕਿਸੇ ਵਸਤ, ਵਰਤਾਰੇ, ਵਿਹਾਰ ਜਾਂ ਵਿਚਾਰ ਵਿਚੋਂ ਉਪਜੇ ਹੋਏ ਹਨ। ਅਰਤਿੰਦਰ ਸੰਧੂ ਨੂੰ ਕਿਸੇ ਵਰਤਾਰੇ ਦੀਆਂ ਪਰਤਾਂ ਨੂੰ ਫਰੋਲਣ ਅਤੇ ਇਸਦੇ ਉਸਾਰੂ ਪੱਖਾਂ ਨੂੰ ਉਜਾਗਰ ਕਰਨ ਦਾ ਵੱਲ ਹੈ। ਉਹ ਅਣਫਰੋਲੀਆਂ ਤਹਿਆਂ ਨੂੰ ਫਰੋਲਦੀ ਹੈ। ਬਹੁਤ ਘੱਟ ਲੋਕ ਹੁੰਦੇ ਜਿਨ੍ਹਾਂ ਦੀ ਦਿੱਬ ਦ੍ਰਿਸ਼ਟੀ ਵਿਚ ਅਜੇਹੀ ਨੀਝਤਾ ਅਤੇ ਨਿਆਰਾਪਣ ਹੁੰਦਾ ਹੈ ਕਿ ਆਮ ਵਰਤਾਰੇ ਵਿਚੋਂ ਖਾਸ ਵਰਤਾਰੇ ਦਾ ਰੂਪ ਪ੍ਰਗਟ ਹੁੰਦਾ ਹੈ ਅਤੇ ਸੰਧੂ ਉਨ੍ਹਾਂ ਖਾਸ ਲੋਕਾਂ ਵਿਚੋਂ ਇਕ ਹੈ।

'ਜੜ੍ਹਾਂ ਦੇ ਵਿੱਚ ਵਿਚਾਲੇ' ਦਰਅਸਲ ਆਪਣੀਆਂ ਜੜ੍ਹਾਂ ਦੀ ਫਰੋਲਾ-ਫਰੋਲੀ ਹੈ। ਆਪਣੇ ਮੂਲ ਨਾਲ ਜੁੜਨ ਦੀ ਆਰਜਾ, ਆਪਣੀ ਵਿਰਾਸਤ ਦੀ ਨਿਸ਼ਾਨਦੇਹੀ ਕਰਨਾ ਅਤੇ ਇਸ ਵਿਰਾਸਤ ਨੂੰ ਆਪਣੀਆਂ ਅਗਲੀਆਂ ਨਸਲਾਂ ਦੇ ਰੂਬਰੂ ਕਰਨਾ ਹੈ। ਮਾਨਵੀ ਕਦਰਾਂ-ਕੀਮਤਾਂ ਨੂੰ ਅਪਨਾਉਣ ਦਾ ਸੁੰਦਰ ਸੁਨੇਹਾ, ਖੁਦ ਦੀ ਜਾਮਾ-ਤਲਾਸ਼ੀ, ਆਪਣੀ ਔਕਾਤ ਨੂੰ ਸ਼ਬਦਾਂ ਰਾਹੀਂ ਨਵੇਂ ਅਰਥ ਦੇਣ ਅਤੇ ਇਨ੍ਹਾਂ ਵਿਚੋਂ ਜ਼ਿੰਦਗੀ ਨੂੰ ਹੋਰ ਖੂਬਸੂਰਤ ਬਣਾਉਣ ਦਾ ਬਹੁਤ ਹੀ ਜ਼ਿਕਰਯੋਗ ਉਪਰਾਲਾ ਹੈ। ਇਨ੍ਹਾਂ ਨਿਬੰਧਾਂ ਵਿਚ ਵਕਤ ਨਾਲ ਜਿਉਣ ਜਾਚ ਵਿਚ ਆਈਆਂ ਤਬਦੀਲੀਆਂ, ਰਿਸ਼ਤਿਆਂ ਵਿਚ ਪੈਦਾ ਹੋਈ ਭਰਮ-ਭਾਵਨਾ, ਨਿੱਜੀ ਮੁਫਾਦ ਵਿਚੋਂ ਉਗੀਆਂ ਦੋਸਤੀਆਂ ਅਤੇ ਕੁਦਰਤ ਦੀ ਅਵੱਗਿਆ ਕਾਰਨ ਮਨੁੱਖੀ ਹੋਂਦ 'ਤੇ ਉਕਰੇ ਪ੍ਰਸ਼ਨਾਂ ਦੀ ਪਛਾਣ ਵੀ ਕੀਤੀ ਗਈ ਹੈ। ਇਹ ਵੀ ਸੁਨੇਹਾ ਦਿੱਤਾ ਗਿਆ ਹੈ ਕਿ ਰਿਸ਼ਤਿਆਂ ਦੀ ਸੁੱਚਮਤਾ ਕਾਰਨ ਹੀ ਵੱਸਦਾ ਹੈ ਸਮਾਜ ਅਤੇ ਕੁਦਰਤ ਦੀ ਇਕਸੁਰਤਾ ਹੀ ਜੀਵਨ-ਦਾਨ ਦਿੰਦੀ ਹੈ।

ਅਰਤਿੰਦਰ ਸੰਧੂ ਦੀ ਇਸ ਕਿਤਾਬ ਵਿਚਲੇ ਸਾਰੇ ਨਿਬੰਧਾਂ ਨੂੰ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ। ਇਨ੍ਹਾਂ ਨੂੰ ਪੜ੍ਹਦਿਆਂ ਅਤੇ ਇਨ੍ਹਾਂ ਦੇ ਮੂਲਕ ਰੂਪੀ ਸੁਨੇਹੇ ਨੂੰ ਆਪਣੇ ਅੰਤਰੀਵ ਵਿਚ ਉਤਾਰ ਕੇ, ਪਾਠਕ ਆਪਣੇ ਸ਼ਖਸੀ ਵਿਕਾਸ ਦਾ ਆਧਾਰ ਸਿਰਜ ਸਕਦਾ ਹੈ। ਪਹਿਲੇ ਹਿੱਸੇ ਦੇ ਨਿਬੰਧਾਂ ਵਿਚ ਮਨੁੱਖੀ ਬਿਰਤੀਆਂ ਨੂੰ ਉਸਾਰੂ ਸੇਧ ਦੇਣ ਅਤੇ ਇਨ੍ਹਾਂ ਵਿਚੋਂ ਜ਼ਿੰਦਗੀ ਦਾ ਗੂੜ੍ਹੇ ਰੰਗ ਉਘਾੜਨ ਦੀ ਜੁਗਤੀ ਦਰਸਾਈ ਗਈ ਹੈ। ਇਨ੍ਹਾਂ ਮਾਨਵੀ ਗੁਣਾਂ ਵਿਚ ਬੋਚ ਹੋਣਾ, ਡਰ, ਰੱਜ, ਅਕਸ ਵਿਚੋਂ ਉਭਰ ਰਹੀ ਔਰਤ, ਨਾਇਕਤਵ ਦਾ ਸੰਕਟ, ਪੱਗਡੰਡੀਆਂ ਆਦਿ ਨਿਬੰਧ ਸ਼ਾਮਲ ਹਨ। ਦਰਅਸਲ ਇਹ ਗੁਣ ਅਚੇਤ ਰੂਪ ਵਿਚ ਮਨੁੱਖੀ ਵਿਕਾਸ ਦਾ ਮੂਲ ਮੰਤਰ ਵੀ ਹੋ ਸਕਦੇ ਜਾਂ ਮਨੁੱਖੀ ਵਿਨਾਸ਼ ਦਾ ਕਾਰਨ ਵੀ। ਅਰਤਿੰਦਰ ਸੰਧੂ ਨੇ ਵਿਗਿਆਨਕ ਆਧਾਰ 'ਤੇ ਇਨ੍ਹਾਂ ਗੁਣਾਂ ਦੀ ਨਿਰਖ-ਪਰਖ ਕਰਦਿਆਂ, ਇਨ੍ਹਾਂ ਦੇ ਉਸਾਰੂ ਪੱਖਾਂ ਨੂੰ ਉਜਾਗਰ ਕੀਤਾ ਹੈ। ਦੱਸਿਆ ਹੈ ਕਿ ਕੁਝ ਵੀ ਮਾੜਾ ਨਹੀਂ ਹੁੰਦਾ ਸਿਰਫ਼ ਸਾਨੂੰ ਕੁਝ ਦਾਇਰਿਆਂ ਵਿਚ ਰਹਿ ਕੇ ਇਨ੍ਹਾਂ ਨੂੰ ਸਮਝਣ ਅਤੇ ਮਾਣਨ ਦੀ ਜਾਚ ਹੋਣੀ ਚਾਹੀਦੀ ਹੈ। ਅਰਤਿੰਦਰ ਸੰਧੂ ਕੋਲ ਵਸੀਹ ਜਾਣਕਾਰੀ ਹੈ ਤਾਂ ਹੀ ਉਹ ਵੱਖ ਵੱਖ ਵਿਸ਼ਿਆਂ ਅਤੇ ਸਰੋਕਾਰਾਂ ਨੂੰ ਸੰਵੇਦਨਾ ਦੀ ਪੁੱਠ ਚਾੜ੍ਹ ਕੇ ਸ਼ਬਦਾਂ ਰਾਹੀਂ ਪਾਠਕਾਂ ਦੀ ਨਜ਼ਰੇ ਇਨਾਇਤ ਕਰਦੀ ਹੈ ਤਾਂ ਕਿ ਪਾਠਕ ਇਨ੍ਹਾਂ ਨੂੰ ਜ਼ਿੰਦਗੀ ਵਿਚ ਅਪਣਾ ਕੇ, ਆਪ ਵੀ ਯੁੱਗ ਜੀਵੇ ਅਤੇ ਦੂਸਰਿਆਂ ਨੂੰ ਜਿਉਣ ਦੇਵੇ। ਅਜੇਹਾ ਸੰਦੇਸ਼ ਦਿੰਦੇ ਉਸਦੇ ਲੇਖਾਂ 'ਵਾਤਾਵਰਣ ਦੇ ਪ੍ਰਦੂਸ਼ਣ ਤੋਂ ਸਮਾਜਿਕ ਪ੍ਰਦੂਸ਼ਣ ਤੱਕ', 'ਪੰਖੇਰੂਆਂ ਦੀ ਨਿਵੇਕਲੀ ਦੁਨੀਆਂ', 'ਤ੍ਰਿਕਾਲਾਂ ਦਾ ਜਾਦੂ' ਆਦਿ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਕ ਕਿਸੇ ਕਿਰਿਆ ਨੂੰ ਕਿਸ ਰੂਪ ਵਿਚ ਦੇਖਦਾ ਹੈ ਅਤੇ ਇਸ ਵਿਚੋਂ ਕਿਹੜੇ ਅਰਥਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਸਾਡੀ ਵਿਰਾਸਤ ਬਹੁਤ ਅਮੀਰ ਹੈ। ਸਾਡੇ ਲੋਕ ਗੀਤਾਂ, ਅਖਾਣਾਂ ਅਤੇ ਮੁਹਾਵਰਿਆਂ ਵਿਚ ਸਾਡੀ ਸਮਾਜਿਕ ਬਣਤਰ, ਰਿਸ਼ਤਿਆਂ ਦੀ ਰੰਗਰੇਜ਼ੀ, ਸਮੁੱਚੀ ਕਾਇਨਾਤ ਦਾ ਵਰਣਨ ਅਤੇ ਕੁਦਰਤ ਨੂੰ ਸਮਝਣ ਲਈ ਬਹੁਤ ਸਾਰੇ ਸੁਨੇਹੇ ਦਿੱਤੇ ਗਏ ਹਨ। ਇਨ੍ਹਾਂ ਸੁਨੇਹਿਆਂ ਦੀਆਂ ਵਿਭਿੰਨ ਪਰਤਾਂ ਫਰੋਲਦੇ ਹਨ ਸੰਧੂ ਦੇ ਲੇਖ ਲੋਕ ਕਥਾਵਾਂ ਵਿਚ ਲੁਕੇ ਸੁਨੇਹੇ, ਪੰਜਾਬੀ ਮੁਹਾਵਰਿਆਂ/ਅਖਾਣਾਂ ਵਿਚਲੇ ਆਪਣੇ ਅਕਸ ਵਿਚੋਂ ਉਭਰ ਰਹੀ ਔਰਤ, ਪੰਜਾਬੀ ਬੋਲ ਚਾਲ ਵਿਚ ਜਾਨਵਰਾਂ ਨਾਲ ਜੁੜੀਆਂ ਅਖੌਤਾਂ ਤੇ ਮੁਹਾਵਰੇ ਆਦਿ। ਇਨ੍ਹਾਂ ਨੂੰ ਪੜ੍ਹਦਿਆਂ



ਪਤਾ ਲੱਗਦਾ ਹੈ ਕਿ ਸਾਡੇ ਬਜ਼ੁਰਗਾਂ ਨੇ ਇਨ੍ਹਾਂ ਅਖਾਣਾਂ ਰਾਹੀਂ ਕੇਹੀਆਂ ਕੀਮਤੀ ਸਮੱਤਾਂ ਸਾਨੂੰ ਦਿੱਤੀਆਂ ਸਨ। ਪਰ ਅਸੀਂ ਹੀ ਇਨ੍ਹਾਂ ਤੋਂ ਬੇਮੁੱਖ ਹੋ ਗਏ ਹਾਂ। ਸਾਡਾ ਅਵੇਸਲਾਪਣ ਹੀ ਸਾਨੂੰ ਆਪਣੇ ਮੂਲ ਨਾਲੋਂ ਤੋੜ ਰਿਹਾ ਏ।

ਅਰਤਿੰਦਰ ਸੰਧੂ ਕਿਉਂਕਿ ਉਹ ਬਹੁਤ ਸੂਖ਼ਮ-ਭਾਵੀ ਅਤੇ ਹਰ ਚੀਜ਼ ਨੂੰ ਵੱਖਰੇ ਦ੍ਰਿਸ਼ਟੀ-ਕੋਣ ਤੋਂ ਦੇਖਦੀ ਹੈ। ਇਸ ਦੀਆਂ ਬਾਰੀਕੀਆਂ ਨੂੰ ਬਿਆਨ ਕਰਨ ਅਤੇ ਇਨ੍ਹਾਂ ਰਾਹੀਂ ਸੁਘੜ-ਸੁਮੱਤ ਪਾਠਕਾਂ ਦੀ ਝੋਲੀ ਵਿਚ ਪਾਉਣ ਲਈ ਤੱਤਪਰ ਰਹਿੰਦੀ ਹੈ ਤਾਂ ਹੀ ਕੁਝ ਨਿਬੰਧ ਉਸਦੀ ਜ਼ਿੰਦਗੀ ਨਾਲ ਖਹਿ ਕੇ ਲੰਘਦੇ ਹਨ ਜਿਨ੍ਹਾਂ ਵਿਚੋਂ ਤੁਸੀਂ ਉਸਦੀ ਨਿੱਜੀ ਜ਼ਿੰਦਗੀ ਦੇ ਰੰਗਾਂ ਦੀ ਪਛਾਣ ਵੀ ਕਰ ਸਕਦੇ ਹੋ। ਇਨ੍ਹਾਂ ਨਿਬੰਧਾਂ ਦੀ ਲੜੀ ਵਿਚ ਅਸੀਂ 'ਇਕ ਟੁਕੜਾ ਅਮਰੀਕਾ, ਜੜ੍ਹਾਂ ਦੇ ਵਿਚ ਵਿਚਾਲੇ, ਇਕ ਪਿੰਡ ਦਾ ਵੱਸਣਾ ਤੇ ਉਜੜਣਾ, ਸਬੱਬਾਂ ਦਾ ਵਿਧੀ ਵਿਧਾਨ ਆਦਿ ਰੱਖ ਸਕਦੇ ਹਨ। ਇਨ੍ਹਾਂ ਵਿਚ ਇਕ ਪਾਸੇ ਅਮਰੀਕਾ ਫੇਰੀ ਦੌਰਾਨ ਅਮਰੀਕੀ ਸਮਾਜ ਅਤੇ ਇਸਦੇ ਕਾਇਦੇ ਕਾਨੂੰਨਾਂ ਨੂੰ ਦੇਖਣ ਪਰਖਣ ਦਾ ਮੌਕਾ ਮਿਲਦਾ ਹੈ। ਕਿੱਧਰੇ ਉਹ ਉਸ ਪਿੰਡ ਦੇ ਵੱਸਣ ਅਤੇ ਉਜੜਨ ਦੀ ਕਥਾ ਛੇੜਦੀ ਜਿਹੜਾ ਉਸਦੇ ਅਵਚੇਤਨ ਵਿਚ ਵੀ ਵੱਸਿਆ ਹੋਇਆ ਹੈ। ਉਹ ਸਬੱਬਾਂ ਦੀ ਬਾਤ ਪਾਉਂਦੀ, ਸਬੱਬਾਂ ਵਿਚ ਸਿਰਜੇ ਗਏ ਸੁੰਦਰ ਸੰਬੰਧਾਂ ਦਾ ਵਰਨਣ ਵੀ ਬਾਖੂਬੀ ਕਰਦੀ ਹੈ ਕਿ ਕਿਵੇਂ ਨਿੱਕੇ ਜਿਹੇ ਸਬੱਬ ਨਾਲ ਜੀਵਨ ਭਰ ਦੇ ਰਿਸ਼ਤਿਆਂ ਦੀ ਸਿਰਜਣਾ ਹੋ ਸਕਦੀ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ, ਅਪਣੱਤ ਅਤੇ ਭਰਪੂਰਤਾ ਵੀ ਪ੍ਰਗਟ ਹੁੰਦੀ ਹੈ ਜਦ ਉਨ੍ਹਾਂ ਦੀ ਬੇਟੀ ਅੱਖਾਂ ਦੀ ਨਾਮੁਰਾਦ ਬਿਮਾਰੀ ਕਾਰਨ ਬਿਮਾਰ ਹੋ ਜਾਂਦੀ ਹੈ ਤਾਂ ਪਰਿਵਾਰਕ ਉਦਾਸੀ ਨੂੰ ਹਰਨ ਲਈ ਬਹੁੜਦਾ ਹੈ ਉਨ੍ਹਾਂ ਦਾ ਹੋਣ ਵਾਲਾ ਜਵਾਈ ਜਿਸ ਨਾਲ ਸਬੱਬ ਵਿਚੋਂ ਹੀ ਰਿਸ਼ਤਾ ਜੁੜਿਆ ਹੁੰਦਾ ਹੈ।

'ਜੜ੍ਹਾਂ ਦੇ ਵਿੱਚ ਵਿਚਾਲੇ' ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਅਰਤਿੰਦਰ ਸੰਧੂ ਨੇ ਇਨ੍ਹਾਂ ਲੇਖਾਂ ਰਾਹੀਂ ਦੱਸਿਆ ਹੈ ਕਿ ਜ਼ਿੰਦਗੀ ਦੇ ਸਰੋਕਾਰਾਂ ਨੂੰ ਸਮਝਣ, ਚੰਗੇਰੇ ਸਰੋਕਾਰਾਂ ਨੂੰ ਜੀਵਨ ਵਿਚ ਅਪਨਾਉਣ, ਜ਼ਿੰਦਗੀ ਦੀ ਖੂਬਸੂਰਤੀ ਵਿਚ ਵਾਧਾ ਕਰਨ ਅਤੇ ਵਿਅਕਤੀਤਵ ਬਿਹਤਰੀ ਲਈ ਜੜ੍ਹਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਜੜ੍ਹਾਂ ਨਾਲ ਜੁੜਨਾ ਬਹੁਤ ਜ਼ਰੂਰੀ ਹੁੰਦਾ ਹੈ। ਇਸਦੇ ਚਾਨਣਮਈ ਰੰਗਾਂ ਵਿਚ ਖੁਦ ਨੂੰ ਰੰਗਣ ਲਈ ਅਜਿਹੇ ਸੁਖਨ ਭਰੇ ਹਰਫ਼ਾਂ ਦੀ ਪਨਾਹ ਵਿਚ ਜਾ ਕੇ ਅਰਥਾਂ ਨੂੰ ਨਵੇਂ ਨਿਵੇਕਲੇ ਅਰਥ ਦੇਣੇ।

ਅਰਤਿੰਦਰ ਸੰਧੂ ਨਿਬੰਧਕਾਰੀ ਵਿਚ ਇਸ ਨਰੋਈ ਪਹਿਲ ਲਈ ਵਧਾਈ ਦੀ ਪਾਤਰ ਹੈ ਅਤੇ ਆਸ ਹੈ ਕਿ ਪਾਠਕ ਉਨ੍ਹਾਂ ਦੀ ਇਸ ਲਿਖਤ ਨਾਲ ਆਪਣੀ ਜ਼ਿੰਦਗੀ ਨੂੰ ਹੋਰ ਸਚਿਆਰੀ ਬਣਾਉਣ ਲਈ ਉਤਸੁਕ ਜ਼ਰੂਰ ਹੋਣਗੇ।

## ਕਾਵਿ ਕਿਆਰੀ

### ਛੱਲਾਂ

***

ਜੀਵਨ ਤਾਂ ਇੱਕ ਸਮਝੌਤਾ ਹੈ,
ਕਦੇ ਥੋੜ੍ਹਾ ਹੈ ਕਦੇ ਬਹੁਤਾ ਹੈ।
ਕਦੇ ਤੁਰਦੇ ਇਹ ਜੂੰ ਦੇ ਚਾਲੇ,
ਕਦੇ ਚੱਲੇ ਚਾਲ ਜਿਉਂ ਬੋਤਾ ਹੈ।

ਸਮੁੰਦਰ ਵਾਂਗਰ ਉੱਠਣ ਛੱਲਾਂ,
ਚੜ੍ਹੇ ਜਵਾਨੀ ਤਾਂ ਮਾਰਨ ਮੱਲਾਂ।
ਬਣੇ ਤੂਫ਼ਾਨਾਂ ਦੇ ਸ਼ਾਹਅਸਵਾਰ,
ਲੋਕ ਕਰਦੇ ਉਨ੍ਹਾਂ ਦੀਆਂ ਗੱਲਾਂ।

ਉਚੀ ਨੀਵੀਂ ਚੜ੍ਹਦੀ ਘਾਟੀਆਂ,
ਤਨ ਕੱਜਣ ਨੂੰ ਲੀਰਾਂ ਪਾਟੀਆਂ।
ਸਿਰ ਢੱਕਣ ਲਈ ਕੱਚੇ ਢਾਰੇ,
ਮਹਿਲਾਂ ਛਾਵੇਂ ਖੇਡਦੇ ਗਾਟੀਆਂ।

ਚੱਲਦੇ ਰਹਿੰਦੇ ਕਾਫ਼ਲੇ ਅਗੇਰੇ,
ਡਿੱਗਦੇ ਢਹਿੰਦੇ ਸਫ਼ਰ ਨਿਬੇੜੇ।
ਉਮਰਾਂ ਦਾ ਇਹ ਬਿਖੜਾ ਪੈਂਡਾ,
ਚਾਨਣ ਰੁੱਸ'ਗੇ ਘੇਰਨ ਹਨ੍ਹੇਰੇ।

ਚੰਦਰੇ ਕੋਹੜ ਮਜ਼੍ਹਬ ਦੇ ਲੱਗੇ,
ਜਾਤਾਂ-ਪਾਤਾਂ, ਫਿਰਕਿਆਂ ਠੱਗੇ।
ਨਫ਼ਰਤਾਂ ਭਰੇ ਦੌਰ ਸਿਆਸੀ,
ਸ਼ਾਲਾ ! ਤੱਤੀ ਹਵਾ ਨਾ ਵੱਗੇ।

***-ਸੇਵਾ ਸਿੰਘ 'ਨੂਰਪੁਰੀ'***

---

### ਦੋਹਰਾ

ਪਵਨ ਗੁਰੂ ਪਾਣੀ ਪਿਤਾ,
ਕਿਉਂ ਭੁੱਲਗੇ ਨਾਦਾਨ।
ਮਾਂ ਦਾ ਦਰਜਾ ਧਰਤ ਨੂੰ,
ਮਿਲਿਆ ਬੜਾ ਮਹਾਨ।
॥ ਮਨੋਹਰ ਭਵਾਨੀ ਛੰਦ ॥

ਕਿਵੇਂ ਵਧ ਜੇ ਕਮਾਈ,
ਇਕੋ ਜਾਂਦੇ ਰੱਟ ਲਾਈ।
ਭਾਵੇਂ ਹੋ ਜਾਵੇ ਤਬਾਹੀ, ਰੰਗਲੇ ਪੰਜਾਬ ਦੀ,
ਲੋਕਾਂ ਨੂੰ ਫਿਕਰ ਆਪਣੇ ਹਿਸਾਬ ਦੀ।

ਕੈਸਾ ਚੱਲਦਾ ਹੈ ਦੌਰ,
ਹਰ ਕੋਈ ਭੋਰ ਡੌਰ,
ਨਾ ਕਿਸੇ ਦੀ ਵੀ ਗੌਰ,
ਇਸ ਭੈੜੀ ਚਾਲ 'ਤੇ,
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।

ਗੁਰੂ ਪਵਣ ਨੂੰ ਕਹਿੰਦੀ,
ਬਾਣੀ ਸੁਭਾ ਸ਼ਾਮ ਰਹਿੰਦੀ,
ਗੱਲ ਖਾਨੇ ਨਹੀਂ ਪੈਂਦੀ,
ਕੀਤੀ ਹੋਈ ਵਿਚਾਰ ਦੀ,
ਕਰੀ ਨਾ ਕਦਰ ਅਸੀਂ ਬਾਣੀ ਕਾਰ ਦੀ।

ਪਾਣੀ ਪਿਤਾ ਫਰਮਾਇਆ,
ਅਸੀਂ ਕੀ ਹੈ ਮੁੱਲ ਪਾਇਆ,
ਜਾਈ ਜਾਂਦਾ ਹੈ ਆਇਆ,
ਦੇਖਦੇ ਹਾਂ ਨਾਲ ਤੇ।
ਪੌਣ, ਪਾਣੀ, ਧਰਤੀ ਤਿੰਨੇ ਹੀ ਗਾਲਤੇ।

ਮਾਤਾ ਧਰਤ ਜ਼ਹਿਰ,
ਭਰੀ ਜਾਂਦੇ ਅੱਠੇ ਪਹਿਰ।
ਕਰੀ ਜਾਂਦੇ ਹਾਂ ਕਹਿਰ,
ਸੁੱਟ ਸੁੱਟ ਖਾਦ ਨੂੰ।
ਅਜੇ ਰਹੇ ਭਾਲ ਖਾਣੇ 'ਚੋਂ ਸਵਾਦ ਨੂੰ।
ਬੀਜ ਘਰੂ ਜੋ ਗਵਾਲੇ,
ਹੱਥ ਆਪ ਹੀ ਵਢਾਲੇ,
ਗੱਲ ਸੰਗਲ ਪਵਾਲੇ,
ਹੁਣ ਰੋਈਏ ਹਾਲ 'ਤੇ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।

ਅੱਗਾਂ ਲਾ ਲਾ ਸਾੜੇ ਖੇਤ,
ਰੋਕੇ ਰੁਕੇ ਨਹੀਂ ਕੇਤ,
ਜਾਵੇ ਵਿਗੜਦੀ ਸੇਤ, ਵਧੀਆਂ ਬਿਮਾਰੀਆਂ,
ਜ਼ਿੰਦਗੀਆਂ ਕਈ ਇਸ ਅੱਗੇ ਹਾਰੀਆਂ।
ਚਾਰੇ ਪਾਸੇ ਜਾਪੇ ਨ੍ਹੇਰਾ,
ਖੁਸ਼ ਦਿਸਦਾ ਨਾ ਚਿਹਰਾ,
ਕੋਈ ਬੋਲਦਾ ਨੀਂ ਜ਼ੇਰਾ,
ਕਰਕੇ ਬੇਹਾਲ ਤੇ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।
ਰਣਜੀਤ ਕਰੋ ਹੋਸ਼,
ਦੇਣਾ ਰੱਬ ਨੂੰ ਕੀ ਦੋਸ਼,
ਹੱਥ ਸਾਡੇ ਅਫਸੋਸ, ਫਿਰ ਰਹਿ ਜਾਏ ਨਾ।
ਲੰਘਿਆ ਵਕਤ ਕਦੇ ਹੱਥ ਆਏ ਨਾ।
ਅੱਗਾ ਆਪਣਾ ਸਵਾਰੋ,
ਗੱਲ ਦਿਲਾਂ 'ਚ ਉਤਾਰੋ,
ਹੋਈ ਗਲਤੀ ਸੁਧਾਰੋ, ਹੋਜੀਏ ਨਿਹਾਲ ਤੇ।
ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।
ਅਸੀਂ ਪੌਣ ਪਾਣੀ ਧਰਤੀ ਤਿੰਨੇ ਹੀ ਗਾਲਤੇ।

***-ਰਣਜੀਤ ਸਿੰਘ'***
***ਫੋਨ: 91-94641-96402***

---

### ਆਓ ਜਾਣੀਏ

ਆਓ ਜਾਣੀਏ ਆਪਣੇ ਆਲ਼ੇ ਦੁਆਲ਼ੇ ਨੂੰ,
ਪੜ੍ਹਾਂਗੇ ਜਦੋਂ ਭੁਗੋਲ ਤਾਂ ਪੈਣੀ ਸਮਝ,
ਇਹ ਘਾਲੇ ਮਾਲੇ ਦੀ।

ਬਣਨ ਕਿਵੇਂ ਇਹ ਦਿਨ ਤੇ ਰਾਤਾਂ,
ਪੌਣ ਪਾਣੀ ਤੇ ਕਿੰਝ ਬਰਸਾਤਾਂ,
ਕਿਵੇਂ ਧਰਤ ਘੁੰਮੇ ਪਈ ਆਪਣੀ ਚਾਲੇ,
ਜਲ ਚੱਕਰ ਦਾ ਅਜਬ ਨਜ਼ਾਰਾ,
ਬਰਫ਼, ਜਵਾਲਾ, ਨਦੀ ਪਸਾਰਾ,
ਬਨਸਪਤੀ, ਅਤੇ ਜੀਵ ਪ੍ਰਾਣੀ,
ਸਭ ਦੀ ਇੱਥੇ ਅਜਬ ਕਹਾਣੀ।

ਵੱਡੇ ਛੋਟੇ ਦੇਸ਼ ਨੇ ਵਸਦੇ,
ਹੱਦਾਂ ਤੇ ਸਰਹੱਦਾਂ ਦੱਸਦੇ,
ਵੱਖ-ਵੱਖ ਇਤਿਹਾਸ ਹੈ ਲਿਖਿਆ,
ਕਿਹਦੀ ਕਿਹਦੀ ਸੁਣਾ ਮੈਂ ਵਿੱਥਿਆ,
ਕੌਣ ਸਿਕੰਦਰ ਕੌਣ ਸੀ ਪੋਰਸ,
ਅਕਬਰ, ਬੀਰਬਲ ਦੇ ਕਿੱਸੇ,
ਕਿਹਨੂੰ ਮਿਲ਼ੀ ਸ਼ਿਕਸਤ ਮੈਦਾਨੇ,
ਜਿੱਤ ਹੈ ਆਈ ਕਿਸ ਦੇ ਹਿੱਸੇ।

ਦਸ ਗੁਰੂਆਂ ਦਾ ਕੀ ਇਤਿਹਾਸ,
ਗਏ ਪੰਡਤ ਕਸ਼ਮੀਰੀ ਕਿਸ ਪਾਸ,
ਕੌਣ ਬੈਠਿਆ ਤਵੀ ਦੇ ਉੱਤੇ,

ਮਾਛੀਵਾੜੇ ਕੌਣ ਸੀ ਸੁੱਤੇ,
ਕੌਣ ਜੋ ਆਰਿਆਂ ਨਾਲ ਚਿਰਾਏ,
ਬੰਦ ਬੰਦ ਕਿਸ ਨੇ ਕਟਾਵੇ,
ਪੁੱਤਰਾਂ ਦਾ ਦੱਸ ਕੌਣ ਹੈ ਦਾਨੀ,
ਕੌਣ ਸੀ ਜੇਠਾ, ਕੌਣ ਸੀ ਬੀਬੀ ਭਾਨੀ।

ਸਭ ਕੁਝ ਬੰਦ ਗਿਆਨ ਸਮੁੰਦਰ,
ਪ੍ਰਿੰਸ ਪਿਆਰ ਨਾਲ ਕਹਿੰਦੇ,
ਪੜ੍ਹ ਲਵੋ ਸਮਾਜਿਕ ਸਿੱਖਿਆ ਅੰਦਰ।

***-ਰਣਬੀਰ ਸਿੰਘ ਪ੍ਰਿੰਸ***
***ਫੋਨ: 98722-99613***

# ਲੋਕ-ਹਿਤੈਸ਼ੀ ਪੱਤਰਕਾਰਤਾ ਸਾਹਮਣੇ ਵੱਡੀਆਂ ਮੁਸ਼ਕਲਾਂ

ਦੇਸ਼ ਮਹਾਨ ਭਾਰਤ, ਵਿਸ਼ਵ ਪ੍ਰੈੱਸ ਆਜ਼ਾਦੀ ਇੰਡੈਕਸ ਅਧੀਨ 180 ਦੇਸ਼ਾਂ ਵਿਚੋਂ 142 ਰੈਂਕ ਉਤੇ ਹੈ। ਇਹ ਉਸ ਦੇਸ਼ ਵਿਚ ਪੱਤਰਕਾਰਾਂ ਦੀ ਆਜ਼ਾਦੀ ਦੇ ਹਾਲਾਤ ਹਨ, ਜਿਹੜਾ ਦੇਸ਼ ਦੁਨੀਆਂ ਭਰ 'ਚ ਸਭ ਤੋਂ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਹੋਣ ਦਾ ਦਾਅਵਾ ਕਰਦਾ ਨਹੀਂ ਥੱਕਦਾ। ਇਹ ਉਹ ਦੇਸ਼ ਹੈ, ਜਿੱਥੇ ਹਰ ਦਿਹਾੜੇ ਵੱਡੇ, ਛੋਟੇ ਅਖ਼ਬਾਰਾਂ ਦੇ ਪੱਤਰਕਾਰਾਂ, ਸੰਪਾਦਕਾਂ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਖ਼ਬਾਰੀ ਕਾਮਿਆਂ ਉਤੇ ਹਮਲੇ ਹੁੰਦੇ ਹਨ। ਇਹ ਹਮਲੇ ਧੰਨ ਕੁਬੇਰਾਂ, ਹਾਕਮਾਂ, ਗੁੰਡਾਂ ਅਨਸਰਾਂ, ਸਿਆਸੀ ਲੋਕਾਂ




**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**


ਵਲੋਂ ਮਿੱਥ ਕੇ ਕਰਵਾਏ ਜਾਂਦੇ ਹਨ ਤਾਂ ਕਿ ਲੋਕਾਂ ਦੇ ਹੱਕ 'ਚ ਉੱਠਦੀ ਆਵਾਜ਼ ਦਬਾਈ ਜਾਏ ਅਤੇ ਹਾਕਮ ਅਤੇ ਲੱਠਮਾਰ ਲੋਕ ਆਪਣੀਆਂ ਮਨਆਈਆਂ ਕਰਦੇ ਰਹਿਣ।

ਸਿਤਮ ਦੀ ਗੱਲ ਵੇਖੋ ਸਾਲ 2014 'ਚ ਜਦੋਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਭਾਰਤੀ ਹਕੂਮਤ ਦੀ ਗੱਦੀ ਸੰਭਾਲੀ ਤਾਂ ਕਿਹਾ ਸੀ ਕਿ ਉਸ ਲੋਕਤੰਤਰ ਦਾ ਕੀ ਅਰਥ ਜੇ ਅਸੀਂ ਬੋਲਣ ਅਤੇ ਆਪਣੇ ਭਾਵ ਪ੍ਰਗਟ ਕਰਨ ਦੀ ਆਜ਼ਾਦੀ ਹੀ ਨਹੀਂ ਦੇ ਸਕਦੇ। ਪਰ ਮੋਦੀ ਹਕੂਮਤ 'ਚ 7-8 ਸਾਲਾਂ ਵਿਚ ਜਿਵੇਂ ਲੋਕਾਂ ਦੀ ਆਜ਼ਾਦੀ ਦੀ ਸੰਘੀ ਘੁੱਟੀ ਗਈ, ਪੱਤਰਕਾਰਾਂ ਦੀਆਂ ਕਲਮਾਂ ਉਤੇ ਰੋਕ ਲਾਈ ਗਈ, ਸਮਾਜੀ ਕਾਰਕੁਨਾਂ ਉਤੇ ਤਸ਼ੱਦਦ ਹੋਇਆ ਅਤੇ ਇਥੋਂ ਤਕ ਕਿ ਬੋਲਣ, ਚੱਲਣ, ਪਹਿਨਣ ਦੇ ਵਰਤਾਰੇ 'ਤੇ ਬੰਦਿਸ਼ਾਂ ਲਗਾਈਆਂ ਗਈਆਂ, ਉਹ ਆਪਣੇ-ਆਪ ਵਿਚ ਦੇਸ਼ ਵਿਚ ਹਕੂਮਤ ਦਾ ਇਕ ਨਿੰਦਣਯੋਗ ਅਤੇ ਸ਼ਰਮਨਾਕ ਵਰਤਾਰਾ ਸੀ। ਸਾਲ 2014-19 ਦੇ ਸਮੇਂ ਦੌਰਾਨ 40 ਪੱਤਰਕਾਰਾਂ ਦੇ ਕਤਲ ਹੋਏ।

ਨਵੀਂ ਦਿੱਲੀ ਦੇ ਇਕ ਮਹੱਤਵਪੂਰਨ ਲੋਕ-ਹੱਕਾਂ ਲਈ ਕੰਮ ਕਰਦੇ ਗਰੁੱਪ ਨੇ ਰਿਪੋਰਟ ਛਾਪੀ ਹੈ, ਜੋ ਦੱਸਦੀ ਹੈ ਕਿ 2021 'ਚ 6 ਪੱਤਰਕਾਰ ਮਾਰੇ ਗਏ, 108 ਉਤੇ ਹਮਲੇ ਹੋਏ, 13 ਮੀਡੀਆ ਘਰਾਂ ਨੂੰ ਯੋਜਨਾਬੱਧ ਨਿਸ਼ਾਨਾ ਬਣਾਇਆ ਗਿਆ। ਇਹ ਸਭ ਕੁਝ ਖ਼ਾਸ ਕਰਕੇ ਜੰਮੂ, ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਰਾਜਾਂ ਵਿਚ ਹੋਇਆ, ਜਿਥੇ ਖ਼ਾਸ ਕਰਕੇ ਭਾਜਪਾ ਦੀਆਂ ਸੂਬਾ ਸਰਕਾਰਾਂ ਹਨ। ਸਭ ਤੋਂ ਵੱਧ 25 ਪੱਤਰਕਾਰਾਂ ਉਤੇ ਹਮਲੇ ਜੰਮੂ ਕਸ਼ਮੀਰ 'ਚ ਹੋਏ, 16 ਪੱਤਰਕਾਰਾਂ 'ਤੇ ਮੱਧ ਪ੍ਰਦੇਸ਼ 'ਚ , ਦਿੱਲੀ 'ਚ 8 ਉਤੇ, ਤ੍ਰਿਪੁਰਾ 'ਚ 15, ਬਿਹਾਰ 'ਚ 6, ਅਸਾਮ ਵਿਚ 5, ਹਰਿਆਣਾ ਅਤੇ ਮਹਾਂਰਾਸ਼ਟਰ 'ਚ ਚਾਰ-ਚਾਰ, ਗੋਆ ਅਤੇ ਮਨੀਪੁਰ 'ਚ ਤਿੰਨ-ਤਿੰਨ, ਕਰਨਾਟਕ, ਤਾਮਿਲਨਾਡੂ, ਅਤੇ ਦੋ-ਦੋ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਅਤੇ ਕੇਰਲਾ 'ਚ ਇਕ ਪੱਤਰਕਾਰ ਨੂੰ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਵਿਚ 8 ਔਰਤ ਪੱਤਰਕਾਰਾਂ ਵੀ ਸ਼ਾਮਲ ਹਨ। ਇਨ੍ਹਾਂ ਪੱਤਰਕਾਰਾਂ ਉਤੇ ਐਫ.ਆਈ.ਆਰ. ਦਰਜ ਹੋਈਆਂ, ਇਨ੍ਹਾਂ ਨੂੰ ਧਮਕੀਆਂ ਮਿਲੀਆਂ, ਲੋਕ-ਇਕੱਠਾਂ 'ਚ ਬੇਇਜ਼ਤੀ ਕੀਤੀ ਗਈ, ਸਿਰਫ਼ ਇਸ ਕਰਕੇ ਕਿ ਉਹ ਹਾਕਮਾਂ, ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਆਪਣੀਆਂ ਕਲਮਾਂ ਰਾਹੀਂ ਕਰ ਰਹੇ ਸਨ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟ (ਸੀ.ਪੀ.ਜੇ.) ਦੀ 2021 ਦੀ ਇਕ ਰਿਪੋਰਟ ਕਹਿੰਦੀ ਹੈ ਕਿ ਸਾਲ 2021 ਵਿਚ ਚਾਰ ਪੱਤਰਕਾਰ ਭਾਰਤ 'ਚ ਕਤਲ ਕਰ ਦਿੱਤੇ ਗਏ ਜਦਕਿ ਦੁਨੀਆ ਭਰ ਵਿਚ ਕਤਲ ਕੀਤੇ ਜਾਣ ਵਾਲੇ ਪੱਤਰਕਾਰਾਂ ਦੀ ਗਿਣਤੀ 24 ਸੀ।

ਭਾਰਤ ਵਿਚ ਪੱਤਰਕਾਰੀ ਜ਼ੋਖ਼ਮ ਦਾ ਕੰਮ ਹੈ, ਤਲਵਾਰ ਦੀ ਧਾਰ ਉਤੇ ਤੁਰਨ ਵਾਂਗਰ। ਪੱਤਰਕਾਰਾਂ, ਸੰਪਾਦਕਾਂ, ਆਜ਼ਾਦ ਖਿਆਲ ਮੀਡੀਆ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਨਿੱਤ ਦਿਹਾੜੇ ਵੱਡੀਆਂ ਔਖਿਆਈਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਇਕ ਮਿਸ਼ਨਰੀ ਵਜੋਂ ਸਮਾਜਿਕ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੇ ਫ਼ਰਜ਼ ਨਿਭਾਉਣੇ ਪੈਂਦੇ ਹਨ। ਪਰਿਵਾਰਾਂ ਦੇ ਦੁੱਖਾਂ-ਸੁੱਖਾਂ ਨੂੰ ਛਿੱਕੇ ਟੰਗ ਕੇ, ਆਪਣੇ ਨਿੱਜੀ ਸੁੱਖ ਤਿਆਗ ਕੇ, ਲੋਕਾਂ ਦੀ ਆਵਾਜ਼ ਬਣਨ ਲਈ ਕਲਮ ਵਾਹੁਣੀ ਪੈਂਦੀ ਹੈ। ਇਸ ਬੋਲ-ਤੋਲ ਵਿਚ ਵੱਡੇ ਬੰਦਿਆਂ ਦੇ ਹੁਝਕੇ, ਤਿੱਖੀਆਂ ਨਜ਼ਰਾਂ, ਹਾਕਮਾਂ ਦੀਆਂ ਘੂਰੀਆਂ ਅਤੇ ਆਰਥਿਕ ਧੌਂਸ ਉਸਦੇ ਪੱਲੇ ਪੈਂਦੀਆਂ ਹਨ ਪਰ ਦ੍ਰਿੜਤਾ ਨਾਲ ਕੰਮ ਕਰਨ ਦੀ ਧੁਨ ਉਨ੍ਹਾਂ ਪੱਤਰਕਾਰਾਂ ਦੀਆਂ ਕਲਮਾਂ ਨੂੰ ਨਿਖਾਰਦੀ ਹੈ, ਜਿਹੜੇ ਜ਼ਿੰਦਗੀ ਭਰ ਸੱਚ ਨੂੰ ਫਾਂਸੀ ਨਹੀਂ ਚੜ੍ਹਨ ਦਿੰਦੇ ਅਤੇ ਆਜ਼ਾਦੀ, ਹੱਕਾਂ ਲਈ ਕਲਮ ਵਾਹੀ ਤੁਰੇ ਜਾਂਦੇ ਹਨ।

ਸਮਾਜਿਕ ਸਰੋਕਾਰਾਂ ਨੂੰ ਪ੍ਰਣਾਏ ਇਨ੍ਹਾਂ ਯੋਧਿਆਂ ਨੂੰ ਲੋਕ ਸਲਾਮਾਂ ਕਰਦੇ ਹਨ, ਆਪਣੇ ਦਿਲਾਂ 'ਚ ਵਸਾਉਂਦੇ ਹਨ, ਉਨ੍ਹਾਂ ਦੀਆਂ ਕੁਰਬਾਨੀਆਂ, ਦੇਸ਼-ਭਗਤੀ, ਲੋਕਪ੍ਰਸਤੀ ਦੀਆਂ ਗੱਲਾਂ ਕਰਦੇ ਹਨ ਅਤੇ ਲੋੜ ਵੇਲੇ ਉਨ੍ਹਾਂ ਨਾਲ ਹੱਕ, ਸੱਚ ਦੀ ਆਵਾਜ਼ ਬਣ ਕੇ ਖੜ੍ਹਦੇ ਵੀ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕੋਈ ਬਹਾਦਰ ਕਲਮ ਉਨ੍ਹਾਂ ਦੇ ਦੁੱਖਾਂ, ਤਕਲੀਫ਼ਾਂ ਨੂੰ ਬਿਆਨਦੀ ਹੈ।

ਇਨ੍ਹਾਂ ਪੱਤਰਕਾਰਾਂ ਦੀਆਂ ਮੁਸ਼ਕਲਾਂ ਵੱਡੀਆਂ ਹਨ, ਜਿਨ੍ਹਾਂ ਨੂੰ ਸਰਕਾਰਾਂ ਹੱਲ ਨਹੀਂ ਕਰ ਸਕਦੀਆਂ, ਭਾਵੇਂ ਕਿ ਸਰਕਾਰਾਂ, ਪੱਤਰਕਾਰਾਂ ਨੂੰ ਸਹੂਲਤਾਂ ਦੇਣ ਦੇ ਦਾਅਵੇ ਕਰਦੀਆਂ ਹਨ। ਉਨ੍ਹਾਂ ਨੂੰ ਐਕਰੀਡੇਟਿਡ ਕਾਰਡ ਦੇ ਕੇ, ਸੀਨੀਅਰ ਪੱਤਰਕਾਰਾਂ ਨੂੰ ਮੁਫ਼ਤ ਬੀਮਾ ਸਹੂਲਤਾਂ ਦੇ ਕੇ ਜਾਂ ਫਿਰ ਬਿਮਾਰੀ ਦੀ ਹਾਲਤ ਵਿਚ ਕੁਝ ਰਕਮ ਇਲਾਜ ਲਈ ਦੇ ਕੇ। ਜਾਂ ਕੁਝ ਇਕ ਨੂੰ ਬੁਢਾਪਾ ਪੈਨਸ਼ਨ ਦੇ ਕੇ, ਜਾਂ ਫਿਰ ਪੱਤਰਕਾਰੀ ਸ਼੍ਰੋਮਣੀ ਪੱਤਰਕਾਰ ਦਾ ਸਨਮਾਨ ਬਖ਼ਸ਼ ਕੇ। ਪਰ ਇਹ ਸਭ ਕੁਝ ਤਾਂ ਕੁਝ ਜੁਗਾੜੂ ਪੱਤਰਕਾਰ ਹੀ ਪ੍ਰਾਪਤ ਕਰਦੇ ਹਨ। ਅਸਲ ਪੱਤਰਕਾਰ, ਜਿਹੜੇ ਅਸਲ ਅਰਥਾਂ 'ਚ ਲੋਕ ਆਜ਼ਾਦੀ ਘੁਲਾਟੀਏ ਹਨ, ਉਹ ਤਾਂ ਇਨ੍ਹਾਂ ਸਹੂਲਤਾ ਵੱਲ ਮੂੰਹ ਵੀ ਨਹੀਂ ਕਰਦੇ।

ਇਕ ਨਜ਼ਰ ਪੰਜਾਬੀ ਅਖ਼ਬਾਰਾਂ ਅਤੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵੱਲ ਮਾਰਦਿਆਂ ਵੇਖਦੇ ਹਾਂ ਕਿ ਦੇਸ਼ ਭਗਤ, ਲੋਕ-ਪੱਖੀ ਲੋਕਾਂ ਨੇ ਆਪਣੇ ਘਰ-ਵਾਰ ਉਜਾੜ ਕੇ, ਜਾਨ ਜ਼ੋਖ਼ਮ 'ਚ ਪਾ ਕੇ ਅਖ਼ਬਾਰਾਂ ਚਲਾਈਆਂ। ਪੱਤਰਕਾਰੀ ਕੀਤੀ, ਲੋਕ ਸੰਘਰਸ਼ਾਂ 'ਚ ਵੱਡਾ ਯੋਗਦਾਨ ਪਾਇਆ। ਅੱਜ ਵੀ ਇਹੋ ਜਿਹੀਆਂ ਦੇਸ਼, ਵਿਦੇਸ਼ 'ਚ ਕੰਮ ਕਰਦੀਆਂ ਅਖ਼ਬਾਰਾਂ, ਪੱਤਰਕਾਰਾਂ ਦੀ ਕਮੀ ਨਹੀਂ ਹੈ।





ਆਮ ਤੌਰ 'ਤੇ ਕਿਹਾ ਜਾਂਦਾ ਹੈ ਅਤੇ ਕੁਝ ਲੋਕ ਇਹ ਦਾਅਵਾ ਵੀ ਕਰਦੇ ਹਨ ਕਿ ਉਹ ਨਿਰਪੱਖ ਪੱਤਰਕਾਰੀ ਕਰਦੇ ਹਨ। ਅਸਲ 'ਚ ਨਿਰਪੱਖ ਪੱਤਰਕਾਰੀ ਜਾਂ ਪੱਤਰਕਾਰ ਤਾਂ ਹੁੰਦੇ ਹੀ ਨਹੀਂ, ਉਹ ਲੋਕ-ਹਿਤੈਸ਼ੀ ਪੱਤਰਕਾਰ ਹੁੰਦੇ ਹਨ ਜਾਂ ਲੋਕ-ਵਿਰੋਧੀ ਪੱਤਰਕਾਰ! ਅੱਜ ਦਾ ਗੋਦੀ ਮੀਡੀਆ 'ਲੋਕ ਵਿਰੋਧੀ ਪੱਤਰਕਾਰੀ' ਦੀ ਵੱਡੀ ਉਦਾਹਰਨ ਹੈ, ਜੋ ਸਰਕਾਰ ਦਾ ਡੰਕਾ ਵਜਾਉਂਦਾ ਹੈ, ਧੰਨ ਕੁਬੇਰਾਂ ਲਈ ਖੜ੍ਹਦਾ ਹੈ ਅਤੇ ਲੋਕ-ਹਿਤੈਸ਼ੀ ਪੱਤਰਕਾਰ ਕਿਸਾਨ, ਲੋਕ ਅੰਦੋਲਨ, ਮਜ਼ਦੂਰ, ਵਿਦਿਆਰਥੀ ਅੰਦੋਲਨਾਂ ਦੀ ਆਵਾਜ਼ ਬਣਦਾ ਹੈ, ਮਹਿੰਗਾਈ, ਭ੍ਰਿਸ਼ਟਾਚਾਰ, ਕੁਨਬਾਪਰਵਰੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਲਈ ਆਵਾਜ਼ ਉਠਾਉਂਦਾ ਹੈ। ਇਹੋ ਜਿਹੇ ਲੋਕਾਂ ਦੀਆਂ ਮੁਸ਼ਕਲਾਂ ਤਾਂ ਅਵੱਲੀਆਂ ਹੀ ਹੋਣਗੀਆਂ।

ਪਹਿਲਾ ਆਪਣੀ ਹੋਂਦ ਬਚਾਉਣ ਦਾ ਮਸਲਾ। ਆਪ ਨੂੰ ਤੇ ਆਪਣੇ ਪਰਿਵਾਰ ਨੂੰ ਪਾਲਣ ਦਾ ਮਸਲਾ। ਆਪਣੀ ਆਜ਼ਾਦੀ ਬਰਕਰਾਰ ਰੱਖਣ ਦਾ ਮਸਲਾ। ਇਹ ਪੱਤਰਕਾਰ ਭਾਵੇਂ ਕਿਸੇ ਅਖ਼ਬਾਰ ਲਈ ਕੰਮ ਕਰਨ ਵਾਲੇ ਜ਼ਮੀਨੀ ਪੱਤਰਕਾਰ ਹੋਣ, ਸੋਸ਼ਲ ਮੀਡੀਆ ਲਈ ਕੰਮ ਕਰਨ ਵਾਲੇ ਕਾਰਕੁਨ ਹੋਣ, ਵੱਡੀਆਂ ਅਖ਼ਬਾਰਾਂ ਲਈ ਕੰਮ ਕਰਨ ਵਾਲੇ ਪੱਤਰਕਾਰ ਹੋਣ ਜਾਂ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਲੋਕ ਅਵਾਜ਼ ਬੁਲੰਦ ਕਰਨ ਵਾਲੇ ਨਿੱਜੀ ਅਖ਼ਬਾਰਾਂ ਚਲਾਉਣ ਵਾਲੇ ਮੀਡੀਆ ਹਾਊਸ, ਹਫ਼ਤਾਵਾਰੀ ਅਖ਼ਬਾਰਾਂ ਹੋਣ, ਇਨ੍ਹਾਂ ਸਭਨਾਂ ਨੂੰ ਆਰਥਿਕ ਤੰਗੀ ਤਾਂ ਝੱਲਣੀ ਹੀ ਪੈਂਦੀ ਹੈ, ਨਾਲ ਦੀ ਨਾਲ ਸਰਕਾਰਾਂ, ਹਾਕਮਾਂ ਦਾ ਵਿਰੋਧ ਵੀ ਸਹਿਣਾ ਪੈਂਦਾ ਹੈ। ਇਨ੍ਹਾਂ ਅਖ਼ਬਾਰਾਂ, ਮੀਡੀਆਂ ਹਾਊਸਾਂ ਨੂੰ ਸਰਕਾਰੀ ਇਸ਼ਤਿਹਾਰ ਨਹੀਂ ਮਿਲਦੇ। ਸਰਕਾਰੀ ਸਹੂਲਤਾਂ ਨਹੀਂ ਮਿਲਦੀਆਂ। ਸਰਕਾਰੇ-ਦਰਬਾਰੇ ਮਿਲਣ ਵਾਲੇ ਕਥਿਤ ਸਨਮਾਨ ਤੋਂ ਉਹ ਵਿਰਵੇ ਰਹਿੰਦੇ ਹਨ। ਅਫ਼ਸਰਾਂ-ਹਾਕਮਾਂ ਦੀ ਕਿਉਂਕਿ ਉਹ ਜੀਅ ਹਜ਼ੂਰੀ ਨਹੀਂ ਕਰਦੇ, ਇਸ ਕਰਕੇ 'ਸਰਕਾਰੀ ਖਾਨਿਆਂ' 'ਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੁੰਦੀ।

ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਅਤੇ ਨੀਊਏਜ ਮੀਡੀਆ, ਜਿਸ ਵਿਚ ਵੈੱਬ ਸੀਰੀਜ਼ ਆਦਿ ਸ਼ਾਮਲ ਹਨ, ਵਿਚ ਇਨ੍ਹਾਂ ਦਿਨਾਂ 'ਚ 'ਪੇਡ ਨੀਊਜ਼' ਦੀ ਭਰਮਾਰ ਹੋਣ ਲੱਗੀ ਹੈ, ਜਿਸਨੇ ਲੋਕਤੰਤਰ ਦੇ ਥੰਮ੍ਹ ਪੱਤਰਕਾਰਾਂ ਲਈ ਨਵੇਂ ਚੈਲਿੰਜ ਪੈਦਾ ਕੀਤੇ ਹਨ। ਸਿਆਸੀ ਪਾਰਟੀਆਂ ਖ਼ਾਸ ਕਰਕੇ ਚੋਣਾਂ 'ਚ ਆਪਣਾ ਪੱਖ ਦੱਸਣ ਲਈ ਪੇਡ ਨਿਊਜ਼, ਹਾਕਮ ਧਿਰ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਨ ਹਿੱਤ ਵਰਤੋਂ ਕਰਦੇ ਹਨ, ਜੋ ਅੱਜ ਦੇ ਮੀਡੀਆ ਯੁੱਗ 'ਚ ਇਕ ਵੱਡਾ ਚੈਲਿੰਜ ਬਣ ਰਿਹਾ ਹੈ। ਇਸ ਤੋਂ ਵੀ ਉਪਰ ਇਹ ਗੱਲ ਵੇਖਣ ਨੂੰ ਮਿਲ ਰਹੀ ਹੈ ਕਿ ਧਨ ਕੁਬੇਰਾਂ ਦਾ ਮੀਡੀਆ ਉਤੇ ਗਲਬਾ ਪੈਂਦਾ ਜਾ ਰਿਹਾ ਹੈ, ਜਿਹੜੇ ਕਿ ਇਕੱਲੇ ਇਕਹਿਰੇ ਅਖ਼ਬਾਰਾਂ, ਚੈਨਲਾਂ 'ਤੇ ਕੰਟਰੋਲ ਕਰਦੇ ਹਨ ਅਤੇ ਲੋਕ-ਹਿੱਤਾਂ ਨੂੰ ਛਿੱਕੇ ਟੰਗ ਕੇ ਆਪਣੇ ਹਿੱਤਾਂ ਦੀ ਪੂਰਤੀ ਵਾਲੀ ਪੱਤਰਕਾਰੀ ਨੂੰ ਉਤਸ਼ਾਹਿਤ ਕਰਦੇ ਹਨ।

ਇਹੋ ਜਿਹੀਆਂ ਹਾਲਤਾਂ ਵਿਚ ਪੱਤਰਕਾਰਾਂ ਦੀਆਂ ਮੁਸ਼ਕਲਾਂ ਨਿੱਤ ਦਿਹਾੜੇ ਵਧਦੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਮੁਸ਼ਕਲਾਂ ਦੇ ਚੱਲਦਿਆਂ ਪੱਤਰਕਾਰੀ ਦੇ ਪਵਿੱਤਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੇ ਲੋਕ-ਹਿਤੈਸ਼ੀ ਪੱਤਰਕਾਰਾਂ ਦੀ ਨਫ਼ਰੀ ਘਟਦੀ ਜਾ ਰਹੀ ਹੈ। ਜਦਕਿ ਸਿਆਸੀ ਸੌੜੀ ਸੋਚ, ਧੱਕੇਸ਼ਾਹੀ, ਸਰਮਾਏਦਾਰੀ ਗਲਬੇ ਦੇ ਵਧਦੇ ਪ੍ਰਭਾਵ ਕਾਰਨ ਪੈਦਾ ਹੋਏ ਹਾਲਾਤ 'ਚ ਸੱਚੀ-ਸੁੱਚੀ ਪੱਤਰਕਾਰਤਾ ਦੀ ਅੱਜ ਭਾਰਤ ਮਹਾਨ ਨੂੰ ਵੱਡੀ ਲੋੜ ਹੈ।

---

# "ਮਾਂ ਦਾ ਦਿਲ" ਉਰਫ਼, "ਉਫ਼ ਇਹ ਮਾਂਵਾਂ!"

ਰੋਟੀ ਖਾਧੀ ਏ ਕਿ ਨਹੀਂ ਕੱਲੀ ਮਾਂ ਪੁੱਛਦੀ
ਕਿੰਨੇ ਡਾਲਰ ਕਮਾਉਨਾ ਬਾਕੀ ਸਾਰੇ ਪੁੱਛਦੇ

ਇਹ ਗੀਤ ਮੈਂ ਕਦੇ ਪੂਰਾ ਨਹੀਂ ਸੁਣ ਸਕੀ ਸ਼ਾਇਦ ਸੁਣਨਾ ਨਹੀਂ ਚਾਹੁੰਦੀ ਕਿਉਂਕਿ ਇਹ ਬੋਲ ਕੰਨੀ ਪੈਂਦਿਆਂ ਹੀ ਮੈਨੂੰ ਬਹੁਤ ਸਾਰੀਆਂ ਮਾਵਾਂ ਯਾਦ ਆ ਜਾਂਦੀਆਂ ਹਨ, ਜਿਨ੍ਹਾਂ ਦੇ ਬੱਚੇ ਇਸ ਦੁਨੀਆਂ 'ਤੇ ਨਹੀਂ ਜਾਂ ਫੇਰ ਉਹ ਮਾਵਾਂ ਜਿਨ੍ਹਾਂ ਦੇ ਬੱਚੇ ਜਿਉਂਦੇ ਜੀਅ ਗਾਇਬ ਨੇ ਪਤਾ ਨਹੀਂ ਉਹ ਕਿੱਥੇ, ਕਿਹੜੇ ਹਾਲ ਵਿਚ ਨੇ।




**ਪਰਵੇਜ਼ ਸੰਧੂ**


ਪਰ ਅੱਜ ਇਹ ਗੀਤ ਕਈ ਵਾਰ ਮੇਰੇ ਦਿਮਾਗ ਵਿਚ ਆਇਆ, ਦਿਲ ਕੀਤਾ ਕਿ ਪੂਰਾ ਗੀਤ ਸੁਣਾਂ... ਦੇਖਾਂ ਤਾਂ ਸਹੀ ਗੀਤ ਕਹਿੰਦਾ ਕੀ ਹੈ ... ਕਿਹੜੀ ਗੱਲ ਹੈ ਜਿਹੜੀ ਮੈਂ ਕਦੇ ਸੁਣਨੀ ਨਹੀਂ ਚਾਹੀ ਪਰ ਚਾਹੁੰਦਿਆਂ ਹੋਇਆਂ ਵੀ ਮੈਂ ਗਾਣਾ ਸੁਣ ਨਹੀਂ ਸਕੀ ਸਾਰਾ ਦਿਨ ਇਹੀ ਸੋਚਦੀ ਰਹੀ ਕਿ ਕੁਦਰਤ ਨੇ ਔਰਤ ਨੂੰ ਬਣਾਉਣ ਲੱਗਿਆਂ ਰੂਹ ਵਿਚ ਕਿਹੜੀ ਫੂਕ ਮਾਰ ਦਿੱਤੀ ਸੀ ਕਿ ਮਾਂ ਬਣਦਿਆਂ ਹੀ ਇਹਦਾ ਹਿਰਦਾ ਐਨਾ ਕੋਮਲ ਹੋ ਜਾਂਦਾ ਹੈ।

ਉਂਜ ਮੈਂ ਜ਼ਿੰਦਗੀ ਵਿਚ ਕਈ ਅਜਿਹੀਆਂ ਮਾਵਾਂ ਵੀ ਦੇਖੀਆਂ ਹਨ ਜਿਹੜੀਆਂ ਰੱਜ ਕੇ ਸਵਾਰਥੀ ਨੇ, ਖਾਸ ਕਰਕੇ ਇਸ ਧਰਤੀ ਦੀਆਂ ਮਾਵਾਂ... ਕੁਝ ਨਸ਼ਿਆਂ ਦੀਆਂ ਮਾਰੀਆਂ ਤੇ ਕੁਝ ਆਪਣੀ ਆਜ਼ਾਦੀ ਦੇ ਧੱਕੇ ਚੜ੍ਹੀਆਂ ਹੋਈਆਂ ਬੱਚਿਆਂ ਤੋਂ ਦੂਰ ਹੋ ਜਾਂਦੀਆਂ ਨੇ। ਟੁੱਟੇ ਰਿਸ਼ਤਿਆਂ ਵਿਚ ਪਲ-ਪਲ ਖ਼ੁਰਦੇ ਬੱਚੇ ਮੈਂ ਰੋਜ਼ ਦੇਖਦੀ ਹਾਂ ਤੇ ਸ਼ਾਇਦ ਮੇਰੇ ਮਨ ਦੀ ਨੁੱਕਰ ਵਿਚ ਕਿਧਰੇ ਇਹ ਗੱਲ ਬੈਠੀ ਹੋਈ ਸੀ ਕਿ ਅਮਰੀਕਨ ਮਾਵਾਂ ਸਾਡੀਆਂ ਮਾਵਾਂ ਨਾਲੋਂ ਵੱਖਰਾ ਸੋਚਦੀਆਂ ਨੇ ਖਾਸ ਕਰਕੇ ਜੁਆਨ ਬੱਚੇ ਲਈ ਇਨ੍ਹਾਂ ਦੀ ਸੋਚ ਅਜਿਹੀ ਹੁੰਦੀ ਹੈ ਕਿ ਅਸੀਂ ਆਪਣਾ ਫਰਜ਼ ਪੂਰਾ ਕਰ ਦਿੱਤਾ, ਹੁਣ ਉਹ ਆਪਣੀ ਜ਼ਿੰਦਗੀ ਦਾ ਆਪ ਧਿਆਨ ਰੱਖ ਸਕਦੇ ਨੇ।

ਪਰ ਇਹ ਮਾਂ ਅਜਿਹੀ ਨਹੀਂ ਸੀ।

ਗੋਰੀ ਚਿੱਟੀ ਸੱਤਰ ਕੁ ਵਰ੍ਹਿਆਂ ਦੀ ਕੱਪੜਿਆਂ ਤੋਂ ਸਾਫ-ਸੁਥਰੀ ਜਿਹੀ ਔਰਤ ਸਟੋਰ ਵਿਚ ਆਈ। ਉਹਦੇ ਚਿਹਰੇ ਤੋਂ ਲੱਗਦਾ ਸੀ ਕਿਸੇ ਵੇਲੇ ਰੱਜ ਕੇ ਸੁਨੱਖੀ ਹੋਵੇਗੀ। ਆਉਂਦੀ ਨੇ ਆਪਣੇ ਆਰਡਰ ਕੀਤੇ ਖਾਣੇ ਬਾਰੇ ਪੁੱਛਿਆ।

ਕਹਿੰਦੀ, 'ਜੇ ਇਹ ਥੋੜ੍ਹਾ ਸਸਤਾ ਹੁੰਦਾ ਮੈਂ ਇੱਕ ਆਰਡਰ ਹੋਰ ਲੈ ਲੈਣਾ ਸੀ।' ਮੈਂ ਕਿਹਾ ਬੀਬੀ ਤੂੰ ਵੀ ਸ਼ਾਹ ਬੰਦੇ ਨਾਲ ਗੱਲ ਕਰ ਰਹੀ ਏਂ, ਚੱਲ ਤੂੰ ਕਰ ਆਰਡਰ।

ਉਹ ਕੁਰਸੀ ਖਿੱਚ ਕੇ ਬੈਠ ਗਈ।

ਮੈਂ ਸਮਝ ਗਈ ਕੋਈ ਇਕੱਲ ਦੀ ਮਾਰੀ ਹੈ। ਇਹਦਾ ਅੰਦਰ ਭਰਿਆ ਪਿਆ ਹੋਣੈ, ਕੋਈ ਗੱਲ ਸੁਣਨ ਵਾਲਾ ਨਹੀਂ ਹੋਣਾ। ਮੈਂ ਆਪਣਾ ਕੰਮ ਕਰਦੀ ਰਹੀ ਦੂਜੇ ਆਉਣ ਜਾਣ ਵਾਲੇ ਗ੍ਰਾਹਕ ਨਾਲ ਗੱਲਾਂ ਕਰਦੀ ਉਹਦੇ ਵੱਲ ਦੇਖਦੀ ਤੇ ਮੈਨੂੰ ਲੱਗਦਾ ਜਿਵੇਂ ਉਹ ਕੋਈ ਖਾਸ ਗੱਲ ਕਰਨਾ ਚਾਹੁੰਦੀ ਹੋਵੇ।

ਮੈਨੂੰ ਥੋੜ੍ਹਾ ਜਿਹਾ ਵਿਹਲੀ ਦੇਖ ਕੇ ਗੱਲ ਸ਼ੁਰੂ ਕਰ ਲਿਆ ਕਰੇ..."ਮੇਰੇ ਤਿੰਨ ਧੀਆਂ ਨੇ ਸਭ ਤੋਂ ਛੋਟਾ ਮੇਰਾ ਮੁੰਡਾ ਜੀਹਨੂੰ ਮੈਂ ਆਪਣੀਆਂ ਧੀਆਂ ਨਾਲੋਂ ਵੱਧ ਪਿਆਰ ਕਰਦੀ ਸੀ ਕਿਉਂਕਿ ਉਹ ਮੇਰਾ ਬੇਬੀ ਸੀ। ਮੈਂ ਉਹਨੂੰ ਜ਼ਿੰਦਗੀ ਦਾ ਹਰ ਸੁੱਖ ਦਿੱਤਾ... ਉਹਦੀ ਖਾਤਰ ਹਰੇਕ ਨਾਲ ਲੜਦੀ ਰਹੀ... ਉਹਦੇ ਸਕੂਲ, ਟੀਚਰ, ਹਰ ਸਿਸਟਮ ਨਾਲ ਉਹਦੇ ਲਈ ਲੜੀ ਉਹਨੂੰ ਹਰ ਥਾਂ ਤੋਂ ਬਚਾਉਂਦੀ ਰਹੀ। ਇਸੇ ਲਾਡ ਪਿਆਰ ਵਿਚ ਮੈਂ ਉਹਨੂੰ ਜਿਉਣਾ ਨਹੀਂ ਸਿਖਾ ਸਕੀ।"



ਉਹ ਗੱਲਾਂ ਕਰਦੀ ਉਦਾਸ ਜਿਹੀ ਹੋ ਗਈ। "ਅੱਜ ਉਹ ਨਸ਼ਾ ਕਰਦਾ ਹੈ... ਮੈਂ ਹੁਣ ਉਹਦੇ ਤੋਂ ਦੂਰ ਰਹਿੰਦੀ ਹਾਂ ਕਿਉਂਕਿ ਉਹ ਜਦੋਂ ਵੀ ਮੈਨੂੰ ਫੋਨ ਕਰਦਾ ਹੈ, ਮੇਰੇ ਤੋਂ ਰਿਹਾ ਨਹੀਂ ਜਾਂਦਾ ਮੈਂ ਫੇਰ ਉਹਨੂੰ ਪੈਸੇ ਦੇ ਦਿੰਦੀ ਹਾਂ। ਕਦੀ ਕਦੀ ਤਾਂ ਮੈਨੂੰ ਮਹਿਸੂਸ ਹੁੰਦੈ ਜਿਵੇਂ ਮੈਂ ਉਹਦੀ ਨਸ਼ੇ ਦੀ ਆਦਤ ਨੂੰ ਸਪੋਰਟ ਕਰ ਰਹੀ ਹੋਵਾਂ... ਕਈ ਵਾਰ ਤਾਂ ਉਸਨੂੰ ਰਾਈਡ ਵੀ ਦੇ ਦਿੰਦੀ ਹਾਂ, ਜਿੱਥੋਂ ਉਹਨੇ ਨਸ਼ਾ ਚੁੱਕਣਾ ਹੁੰਦਾ ਹੈ।"

"ਕੀ ਕਰਾਂ ਮਾਂ ਜੁ ਹੋਈ।"

ਕਾਊਂਟਰ ਦੇ ਦੂਜੇ ਪਾਸੇ ਬੈਠੀ ਉਹ ਆਪਣੀਆਂ ਗੱਲਾਂ ਕਰਦੀ ਰਹੀ ਜਦੋਂ ਮੈਂ ਵਿਹਲੀ ਹੁੰਦੀ ਉਹ ਆਪਣੀ ਲੜੀ ਫੇਰ ਜੋੜ ਲੈਂਦੀ।

"ਤੂੰ ਮੇਰੇ ਮੁੰਡੇ ਨੂੰ ਜਾਣਦੀ ਏਂ, ਲੰਬਾ ਸੋਹਣਾ ਸੁਨੱਖਾ, ਨੇਟਿਵ ਇੰਡੀਅਨ, ਰੌਬਰਟ ਉਹਦਾ ਨਾਂ, ਉਹ ਤੇਰੇ ਸਟੋਰ 'ਤੇ ਰੋਜ਼ ਆਉਂਦਾ ਹੈ।'

"ਜੇ ਮੈਂ ਉਹਦਾ ਚਿਹਰਾ ਦੇਖ ਲਵਾਂ ਤਾਂ ਦੱਸ ਸਕਦੀ ਹਾਂ।"

ਮੇਰੇ ਜਵਾਬ ਨਾਲ ਉਹ ਕੁਰਸੀ ਤੋਂ ਉੱਠ ਕੇ ਕਾਹਲੀ ਨਾਲ ਮੇਰੇ ਕੋਲ ਆ ਖੜ੍ਹੀ ਹੋਈ... ਆਪਣੇ ਫੋਨ ਵਿਚੋਂ ਰੌਬਰਟ ਦੀ ਫੋਟੋ ਕੱਢ ਕੇ ਮੇਰੇ ਮੂਹਰੇ ਕਰ ਦਿੱਤੀ।

ਤੇ ਮੈਂ ਉਹਨੂੰ ਦੱਸਿਆ ਕਿ ਇਹਨੂੰ ਜਾਣਦੀ ਹਾਂ।

ਹਰ ਰੋਜ਼ ਆਉਂਦਾ ਹੈ।

ਪੱਕਾ ਗੈਂਬਲਰ ਹੈ, ਹਰ ਰੋਜ਼ ਤੀਹ-ਚਾਲੀ ਡਾਲਰਾਂ ਦੀ ਲਾਟਰੀ ਸਕ੍ਰੈਚ ਟਿਕਟ ਖਰੀਦਦਾ ਹੈ। ਘੰਟਿਆਂਬੱਧੀ ਬੈਠਾ ਰਹਿੰਦਾ ਹੈ...ਦੇਖਣ ਨੂੰ ਹੋਮ ਲੈੱਸ ਲਗਦਾ ਹੈ।

"ਤੂੰ ਆਪਣੇ ਮੁੰਡੇ ਨੂੰ ਘਰ ਕਿਉਂ ਨਹੀਂ ਲੈ ਜਾਂਦੀ...ਸ਼ਾਇਦ ਉਹ ਬਦਲ ਜਾਵੇ।" ਮੈਂ ਐਵੇਂ ਹੀ ਗੱਲ ਕਰਨ ਦੀ ਮਾਰੀ ਨੇ ਕਹਿ ਦਿੱਤਾ।

"ਜਿੱਥੇ ਮੈਂ ਰਹਿੰਦੀ ਹਾਂ, ਉਹ ਮੇਰੀ ਧੀ ਦਾ ਘਰ ਹੈ ਤੇ ਮੇਰੀ ਧੀ ਨੇ ਮੇਰੇ ਤੋਂ ਕਾਗਜ਼ ਸਾਈਨ ਕਰਾਏ ਹਨ ਕਿ ਜੇ ਮੁੰਡਾ ਇੱਥੇ ਆ ਗਿਆ ਤਾਂ ਉਹ ਮੈਨੂੰ ਵੀ ਘਰੋਂ ਕੱਢ ਦੇਵੇਗੀ।"

"ਉਹ ਮੇਰੇ ਮਾਲਕਾ ਨਸ਼ਾ ਰਿਸ਼ਤਿਆਂ ਨੂੰ ਕਿਵੇਂ ਖੇਰੂੰ-ਖੇਰੂੰ ਕਰ ਸੁੱਟਦਾ ਹੈ।"

ਮੈਂ ਸੋਚ ਰਹੀ ਸੀ।

ਕਿੰਨੀ ਦੇਰ ਉਹ ਖੜ੍ਹੀ ਰਹੀ, ਉਹਦੀ ਹਰ ਗੱਲ ਉਹਦੇ ਪੁੱਤ 'ਤੇ ਆ ਕੇ ਮੁੱਕਦੀ।

"ਬੱਸ ਇੱਕ ਵਾਰ ਮੈਨੂੰ ਕਹਿ ਦੇਵੇ ਕਿ ਮੈਂ ਟਰੀਟਮੈਂਟ ਵਿਚ ਜਾਣਾ ਚਾਹੁੰਦਾ ਹਾਂ ਮੈਂ ਅੱਜ ਵੀ ਉਹਦੇ ਲਈ ਕੁਝ ਵੀ ਕਰ ਸਕਦੀ ਹਾਂ।"

ਉਹਨੇ ਹਉਕਾ ਜਿਹਾ ਲੈ ਕੇ ਆਪਣਾ ਪਰਸ ਚੁੱਕਿਆ, ਮੈਨੂੰ ਬਾਏ ਕਹਿ ਕੇ ਜਾਣ ਲਈ ਤਿਆਰ ਹੋਈ, ਦਰਵਾਜ਼ੇ ਵਿਚੋਂ ਫੇਰ ਮੁੜ ਆਈ।

"ਜੇ ਮੈਂ ਤੈਨੂੰ ਵੀਹ ਕੁ ਡਾਲਰ ਦੇ ਦੇਵਾਂ... ਤਾਂ ਤੂੰ ਮੈਨੂੰ ਇੱਕ ਫੇਵਰ ਦੇ ਸਕਦੀ ਏਂ।"

"ਡਾਲਰਾਂ ਦੀ ਕੋਈ ਗੱਲ ਨਹੀਂ ਤੂੰ ਦੱਸ ਕਰਨਾ ਕੀ ਹੈ।"

"ਜਦੋਂ ਕਦੇ ਮੇਰਾ ਰੌਬਰਟ ਭੁੱਖਾ ਹੋਵੇ ਉਹਨੂੰ ਖਾਣਾ ਦੇ ਸਕਦੀ ਏਂ?"

ਤੇ ਉਸ ਔਰਤ ਦੇ ਗਲੇ ਦੇ ਹੰਝੂ ਅੱਖਾਂ ਵਿਚਦੀ ਛਲਕ ਪਏ।

ਇੱਕ ਪਲ ਲਈ ਮੈਂ ਵੀ ਉਦਾਸ ਹੋ ਗਈ।

"ਤੂੰ ਪੈਸੇ ਦਾ ਫਿਕਰ ਨਾ ਕਰ... ਜੇ ਉਹਨੇ ਕਦੇ ਖਾਣਾ ਮੰਗਿਆ ਮੈਂ ਆਪੇ ਦੇ ਦੇਵਾਂਗੀ।"

ਤੇ ਉਹ ਭਰੀਆਂ ਅੱਖਾਂ ਨਾਲ ਬਾਹਰ ਨਿਕਲ ਗਈ ਤੇ ਮੈਂ ਇਹ ਗੱਲ ਸੋਚ ਕੇ ਉਦਾਸ ਹੋ ਰਹੀ ਹਾਂ ਕਿ ਕੌਣ ਜ਼ਿਆਦਾ ਦੁਖੀ ਹੈ?

ਸਾਡੇ ਵਰਗੀਆਂ ਮਾਵਾਂ ਜਿਨ੍ਹਾਂ ਨੇ ਆਪਣੇ ਬੱਚੇ ਹਮੇਸ਼ਾਂ ਲਈ ਗੁਆ ਦਿੱਤੇ ਨੇ... ਜਾਂ ਫੇਰ ਇਹ ਮਾਵਾਂ ਜਿਨ੍ਹਾਂ ਦੇ ਜਿਉਂਦੇ ਜਾਗਦੇ ਨਿਆਣੇ ਨਸ਼ੇ ਦੀ ਭੇਟ ਚੜ੍ਹੇ ਹੋਏ ਨੇ?

'ਉਫ਼ ਇਹ ਮਾਵਾਂ।'

# ਵਰਤਮਾਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਦੀ ਪੁਸਤਕ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ'

ਪੁਸਤਕ ਦਾ ਨਾਂ:
ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ
ਸੰਪਾਦਕ : ਡਾ. ਮਹਿਲ ਸਿੰਘ ਤੇ ਡਾ. ਆਤਮ ਸਿੰਘ ਰੰਧਾਵਾ
ਪੰਨੇ : 311 (ਸਜਿਲਦ)
ਮੁੱਲ : 500 ਰੁਪਏ
ਪ੍ਰਕਾਸ਼ਕ : ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ/ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ




**ਡਾ. ਪਰਮਜੀਤ ਸਿੰਘ ਕੱਟੂ**
**ਰਾਸ਼ਟਰੀ ਫਿਲਮ ਪੁਰਸਕਾਰ ਜੇਤੂ ਫਿਲਮਸਾਜ਼**
**ਫੋਨ: 70873-20578**

ਪੰਜਾਬ ਨਾ ਸੀਮਾ ਨਾ ਅਸੀਮ
ਪੰਜਾਬ ਤਕਸੀਮ ਦਰ ਤਕਸੀਮ ਦਰ ਤਕਸੀਮ
(ਪ੍ਰੋ. ਕੁਲਵੰਤ ਸਿੰਘ ਗਰੇਵਾਲ)

ਮਹਾਂ-ਪੰਜਾਬ ਤੋਂ ਤਕਸੀਮ ਹੁੰਦੇ, ਢਾਈ ਦਰਿਆਵਾਂ ਤੀਕ ਸੁੰਗੜੇ, 'ਫੌਜਾਂ ਜਿੱਤ ਕੇ ਅੰਤ ਨੂੰ ਹਾਰਨ' ਦੀ ਹੋਣੀ ਹੰਢਾਉਂਦੇ ਪੰਜਾਬ ਬਾਰੇ ਲੰਮੇ ਸਮੇਂ ਬਾਅਦ 'ਪੰਜਾਬ: ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਪੁਸਤਕ ਦੇ ਸੰਪਾਦਨ ਦੇ ਰੂਪ ਵਿਚ ਇਕ ਗੌਲਣਯੋਗ ਤੇ ਸੰਵਾਦ ਕਰਨਯੋਗ ਅਕਾਦਮਿਕ ਉਪਰਾਲਾ ਹੋਇਆ ਹੈ। ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ ਨੇ ਇਹ ਉਪਰਾਲਾ ਕੀਤਾ ਹੈ। ਖਾਲਸਾ ਕਾਲਜ, ਅੰਮ੍ਰਿਤਸਰ ਦਾ ਪੰਜਾਬੀ ਵਿਭਾਗ ਪੂਰੀ ਦੁਨੀਆਂ ਵਿਚ ਪੰਜਾਬੀ ਅਕਾਦਮਿਕਤਾ ਦੇ ਖੇਤਰ ਵਿਚ ਮੋਢੀ ਤੇ ਮਾਣਯੋਗ ਪ੍ਰਾਪਤੀਆਂ ਲਈ ਜਾਣਿਆ ਜਾਂਦਾ ਹੈ। ਇਹ ਵਿਭਾਗ ਅਕਾਦਮਿਕ, ਸਾਹਿਤਕ, ਖੋਜ ਤੇ ਸੰਵਾਦ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹੈ। ਵਿਭਾਗ ਆਪਣੀ ਮਹਾਨ ਚਿੰਤਨ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਸਮਕਾਲ ਨਾਲ ਸੰਵਾਦ ਰਚਾ ਰਿਹਾ ਹੈ ਅਤੇ ਭਵਿੱਖ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਦੇ ਨਕਸ਼ ਤਲਾਸ਼ਦਾ ਹੋਇਆ ਨਿਰੰਤਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁੱਲਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾ ਰਿਹਾ ਹੈ।

ਇਸੇ ਨਿਰੰਤਰਤਾ ਵਿਚ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਪੁਸਤਕ ਉਲੀਕੀ ਗਈ ਹੈ। ਇਸ ਵਿਚ ਵਰਤਮਾਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਵਿਚ ਮਹੱਤਵਪੂਰਨ ਸੰਪਾਦਕੀ ਤੋਂ ਇਲਾਵਾ 16 ਵਿਦਵਾਨਾਂ ਦੇ ਖੋਜ-ਪੱਤਰ ਸ਼ਾਮਲ ਹਨ। ਇਹ ਖੋਜ-ਪੱਤਰ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ, ਪ੍ਰਸ਼ਾਸਨਿਕ, ਸਿਹਤ ਤੇ ਸਿੱਖਿਆ ਅਤੇ ਵਾਤਾਵਰਨ ਦੇ ਖੇਤਰਾਂ ਵਿਚ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਿੰਤਨ ਕਰਦਿਆਂ ਇਨ੍ਹਾਂ ਦੇ ਹੱਲ ਲਈ ਭਵਿੱਖਮੁਖੀ ਸੂਤਰ ਨਿਰਧਾਰਨ ਕਰਨ ਦਾ ਯਤਨ ਕਰਦੇ ਹਨ। ਪਹਿਲੇ ਖੋਜ-ਪੱਤਰ ਵਿਚ ਸ. ਅਮਰਜੀਤ ਸਿੰਘ ਗਰੇਵਾਲ ਨੇ 'ਪੰਜਾਬ 2.0: ਚੰਗੇ ਭਵਿੱਖ ਦੀ ਤਲਾਸ਼' ਵਿਚ ਵਿਸਤ੍ਰਿਤ ਰੂਪ ਵਿਚ ਵਰਤਮਾਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰ ਕੇ, ਉਨ੍ਹਾਂ ਦੇ ਸਮਾਧਾਨ ਲਈ ਭਵਿੱਖਮੁਖੀ ਰੋਡ-ਮੈਪ ਤਿਆਰ ਕਰਨ ਦਾ ਮੁੱਢਲਾ ਯਤਨ ਕੀਤਾ ਹੈ। ਇਹ ਪੇਪਰ ਇਸ ਪੁਸਤਕ ਦਾ ਕੇਂਦਰੀ ਸੂਤਰ ਪੇਸ਼ ਕਰਦਾ ਹੈ। ਇਸ ਵਿਚ ਪੇਸ਼ ਕੀਤੇ ਗਏ ਨੁਕਤੇ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਚੰਗੇ ਭਵਿੱਖ ਲਈ ਬਣਨ ਵਾਲੇ ਕਿਸੇ ਵੀ ਪ੍ਰੋਗਰਾਮ ਵਿਚ ਬਹੁਤ ਸਹਾਈ ਹੋਣਗੇ। ਖੇਤੀ ਦੇ ਸੰਕਟ ਦੇ ਸੰਦਰਭ ਵਿਚ ਡਾ. ਸੁੱਚਾ ਸਿੰਘ ਗਿੱਲ ਦਾ ਪੇਪਰ 'ਨਵੇਂ ਖੇਤੀ ਕਾਨੂੰਨ, ਖੇਤੀ ਦਾ ਸੰਕਟ ਤੇ ਖੇਤੀ ਦੇ ਬਦਲਵੇਂ ਮਾਡਲ' ਬਹੁਤ ਮੁੱਲਵਾਨ ਧਾਰਨਾਵਾਂ ਪੇਸ਼ ਕਰਦਾ ਹੈ। ਇਸੇ ਲੜੀ ਵਿਚ ਡਾ. ਦਵਿੰਦਰ ਸ਼ਰਮਾ ਨੇ ਆਪਣੇ ਪੇਪਰ ਵਿਚ ਖੇਤੀ ਦੇ ਸੰਕਟ ਦੇ ਕਾਰਨਾਂ ਬਾਰੇ ਗੱਲ ਕਰਦਿਆਂ 'ਪੰਜਾਬ ਦੀ ਗੁਆਚੀ ਸ਼ਾਨ' ਨੂੰ ਮੁੜ ਸੁਰਜੀਤ ਕਰਨ ਲਈ ਮਹੱਤਵਪੂਰਨ ਨੁਕਤੇ ਉਠਾਏ ਹਨ। ਭਾਈ ਹਰਸਿਮਰਨ ਸਿੰਘ ਨੇ ਕੁਦਰਤ ਤੇ ਵਿਸਮਾਦੀ ਦ੍ਰਿਸ਼ਟੀ ਤੋਂ 'ਬਦਲਵੇਂ ਖੇਤੀ ਵਿਕਾਸ ਮਾਡਲ ਦੀਆਂ ਬਹੁ-ਪਰਤੀ ਦਿਸ਼ਾਵਾਂ' ਨਿਰਧਾਰਤ ਕਰਨ ਦਾ ਯਤਨ ਕੀਤਾ ਹੈ।

ਆਰਥਿਕ ਮਾਮਲਿਆਂ ਦੇ ਕੌਮਾਂਤਰੀ ਮਾਹਿਰ ਪ੍ਰੋ. ਪ੍ਰੀਤਮ ਸਿੰਘ ਨੇ 'ਭਾਰਤ ਦੇ ਫ਼ੈਡਰਲ ਢਾਂਚੇ ਅੰਦਰ ਕੋਵਿਡ-19 ਤੋਂ ਬਾਅਦ ਪੰਜਾਬ ਦੀ 'ਆਰਥਿਕ ਨੀਤੀ' ਦੀ ਨਿਸ਼ਾਨਦੇਹੀ ਕੀਤੀ ਹੈ। ਪੰਜਾਬ ਦੀ ਯੁਵਾ ਪੀੜ੍ਹੀ ਤੇ ਹੁਨਰਮੰਦਾਂ ਦੇ ਕੌਮਾਂਤਰੀ ਪਰਵਾਸ ਨਾਲ ਦਰਪੇਸ਼ ਨਵੇਂ ਸੰਕਟਾਂ ਦੀ ਨਿਸ਼ਾਨਦੇਹੀ ਕਰਦਿਆਂ ਡਾ. ਗਿਆਨ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਖੋਜਾਰਥੀ ਪੇਂਡੂ ਪੰਜਾਬ ਵਿਚੋਂ ਪਰਵਾਸ ਦਾ ਸਮਾਜਿਕ, ਆਰਥਿਕ ਤੇ ਜਨਸੰਖਿਅਕ ਵਿਸ਼ਲੇਸ਼ਣ ਕਰਦਿਆਂ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਸਰਕਾਰ ਦੀਆਂ ਗ਼ਲਤ ਆਰਥਿਕ ਪਾਲਿਸੀਆਂ, ਪ੍ਰਸ਼ਾਸਕੀ ਅਸੁਵਿਧਾਵਾਂ ਤੇ ਵਿਦੇਸ਼ਾਂ ਮੁਕਾਬਲੇ ਰਹਿਣ-ਸਹਿਣ ਦੀਆਂ ਮਾੜੀਆਂ ਸਥਿਤੀਆਂ ਪੰਜਾਬ ਵਿਚੋਂ ਹੋ ਰਹੇ ਕੌਮਾਂਤਰੀ ਪਰਵਾਸ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਡਾ. ਮਨਮੋਹਨ ਦਾ ਪੇਪਰ 'ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ: ਚੁਣੌਤੀਆਂ ਤੇ ਸਮਾਧਾਨ' ਵਿਚ ਬਹੁ-ਪਰਤੀ ਸੰਵਾਦ ਰਚਾਉਂਦਿਆਂ ਹਰੀ ਕ੍ਰਾਂਤੀ (ਭ੍ਰਾਂਤੀ), ਨਸ਼ਿਆਂ, ਸਿੱਖਿਆ ਖੇਤਰ, ਸਿਹਤ ਸਹੂਲਤਾਂ, ਵਾਤਾਵਰਨ, ਗੈਂਗਸਟਰ, ਸਰਹੱਦੀ ਸੀਮਾਵਾਂ, ਰਾਜਨੀਤਿਕ ਤਿਕੜਮਬਾਜ਼ੀਆਂ ਦਾ ਵਿਸ਼ਲੇਸ਼ਣ ਕਰਦਾ ਹੈ। ਡਾ. ਰਜਿੰਦਰਪਾਲ ਸਿੰਘ ਬਰਾੜ ਦਾ ਪੇਪਰ 'ਏਜੰਡਾ ਪੰਜਾਬ: ਪੰਜ ਸਮੱਸਿਆਵਾਂ ਤੇ ਸਮਾਧਾਨ' ਆਪਣੇ ਆਪਣੇ ਨਜ਼ਰੀਏ ਤੋਂ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਦੇ ਸੰਭਵ ਹੱਲ ਸੁਝਾਉਂਦੇ ਹਨ। ਡਾ. ਸੁਮੇਲ ਸਿੰਘ ਸਿੱਧੂ ਨੇ ਆਪਣੇ ਪੇਪਰ 'ਪੰਜਾਬੀ ਨਜ਼ਰੀਏ ਦੀ ਬੁਨਿਆਦ ਤੇ ਵੰਗਾਰ' ਰਾਹੀਂ ਪੰਜਾਬੀ ਬੌਧਿਕਤਾ ਦੀ ਅਮੀਰ ਵਿਰਾਸਤ ਵਿਚੋਂ ਅੰਤਰ ਦ੍ਰਿਸ਼ਟੀਆਂ ਲੈ ਕੇ ਪੰਜਾਬ ਦਿਆਂ ਸਮਕਾਲੀ ਵੰਗਾਰਾਂ ਨਾਲ ਨਜਿੱਠਣ ਦੇ ਨੁਕਤੇ ਉਠਾਏ ਹਨ। ਡਾ. ਪ੍ਰੇਮ ਮਾਨ ਨੇ ਪੰਜਾਬ ਨੂੰ ਹਨੇਰੇ ਵੱਲ ਲਿਜਾਣ ਦੇ ਜ਼ਿੰਮੇਵਾਰ ਕਾਰਨ, ਯੋਗ ਲੀਡਰਸ਼ਿਪ ਤੇ ਉਨ੍ਹਾਂ ਵਿਚ ਇੱਛਾ ਸ਼ਕਤੀ ਦੀ ਘਾਟ ਨੂੰ ਦੱਸਿਆ ਹੈ।




**ਪੁਸਤਕ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਦਾ ਸਰਵਰਕ**

ਡਾ. ਪਰਮਜੀਤ ਸਿੰਘ ਢੀਂਗਰਾ ਨੇ ਆਪਣੇ ਪੇਪਰ 'ਪੰਜਾਬ ਦੇ ਉਜਲੇ ਭਵਿੱਖ ਦਾ ਭਾਸ਼ਾਈ ਮਾਡਲ' ਵਿਚ ਭਾਸ਼ਾ ਦੀ ਤਾਕਤ ਦੀ ਨਿਸ਼ਨਦੇਹੀ ਕੀਤੀ ਹੈ ਅਤੇ ਪੰਜਾਬ ਦੇ ਉਜਲੇ ਭਵਿੱਖ ਲਈ ਪੰਜਾਬੀ ਭਾਸ਼ਾ ਨੂੰ ਤਾਕਤਵਰ ਬਣਾਉਣ 'ਤੇ ਜ਼ੋਰ ਦਿੱਤਾ ਹੈ। ਡਾ. ਯਾਦਵਿੰਦਰ ਸਿੰਘ ਨੇ ਆਪਣੇ ਖੋਜ-ਪੱਤਰ 'ਪੰਜਾਬ ਦੇ ਸਿਵਲ ਸਮਾਜ ਦਾ ਸੰਕਟ' ਵਿਚ ਇੱਕੀਵੀਂ ਸਦੀ ਵਿਚ ਪੰਜਾਬ ਦੇ ਸਿਵਲ ਸਮਾਜ ਨੂੰ ਸਿਆਸੀ ਧਿਰਾਂ ਨਾਲ ਸਮਝੌਤਾਵਾਦੀ ਹੋਣ ਵਿਚ ਤਲਾਸ਼ਿਆ ਹੈ। ਬਹੁਤਾ ਸਮਾਂ ਇਸ ਨੇ ਆਪਣੇ ਹਿੱਤਾਂ ਲਈ ਲਾਹੇਵੰਦ ਲੈਣ-ਦੇਣ ਦਾ ਰਾਹ ਅਪਣਾ ਛੱਡਿਆ ਪਰ ਕਿਸਾਨ ਅੰਦੋਲਨ ਦੌਰਾਨ ਸਿਵਲ ਸਮਾਜ ਵਿਚ ਉਪਜੀ ਊਰਜਾ ਨੂੰ ਉਹ ਨਵੀਂ ਸੰਭਾਵਨਾ ਦੇ ਰੂਪ ਵਿਚ ਸਮਝਦਾ ਹੈ। ਇਸੇ ਪ੍ਰਵਾਹ ਵਿਚ ਡਾ. ਬਲਜੀਤ ਸਿੰਘ ਦਾ ਪੇਪਰ 'ਪੰਜਾਬ ਦੀ ਜਵਾਨੀ ਤੇ ਕਿਸਾਨੀ: ਵਰਤਮਾਨ ਤੇ ਭਵਿੱਖਮੁਖੀ ਚੁਣੌਤੀਆਂ' ਕਿਸਾਨ ਸੰਘਰਸ਼ ਨੂੰ ਨਵੀਂ ਉਮੀਦ ਵਜੋਂ ਲੈ ਕੇ ਪੰਜਾਬ ਦੀ ਜਵਾਨੀ ਤੇ ਕਿਸਾਨੀ ਦੇ ਸੁਨਹਿਰੇ ਭਵਿੱਖ ਦੀ ਤਲਾਸ਼ ਕਰਦਾ ਹੈ।

ਡਾ. ਸੁਖਜੀਤ ਸਿੰਘ ਨੇ ਆਪਣੇ ਪੇਪਰ 'ਪੰਜਾਬ ਵਿਚ 'ਆਪ' ਦਾ ਉਭਾਰ: ਚੁਣੌਤੀਆਂ ਤੇ ਰਾਜ ਦਾ ਭਵਿੱਖ' ਵਿਚ ਰਾਜਨੀਤਕ ਦ੍ਰਿਸ਼ਟੀ ਤੋਂ ਪੰਜਾਬ ਵਿਚ ਰਵਾਇਤੀ ਪਾਰਟੀਆਂ ਦੀ ਥਾਂ ਆਏ ਨਵੇਂ ਸਿਆਸੀ ਬਦਲ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਸ ਦ੍ਰਿਸ਼ਟੀ ਤੋਂ ਰਾਜ ਦੇ ਭਵਿੱਖ ਸਬੰਧੀ ਨੁਕਤੇ ਉਭਾਰੇ ਹਨ। ਡਾ. ਨਵਜੋਤ ਕੌਰ ਨੇ ਆਪਣੇ ਪੇਪਰ 'ਪੰਜਾਬ ਦਾ ਨਿਰਯਾਤ ਖੇਤਰ: ਸਮੱਸਿਆਵਾਂ ਤੇ ਸੰਭਾਵਨਾਵਾਂ' ਵਿਚ ਪੰਜਾਬ ਦੀਆਂ ਬਹੁਤ ਸਾਰੀਆਂ ਨਿਰਯਾਤ ਦੀਆਂ ਸੰਭਾਨਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਸ ਨਾਲ ਪੰਜਾਬ ਆਰਥਿਕ ਪੱਖੋਂ ਮੁੜ ਸੁਨਹਿਰੀ ਸ਼ਾਨ ਬਹਾਲ ਕਰ ਸਕਦਾ ਹੈ। ਡਾ. ਸੁਖਬੀਰ ਸਿੰਘ ਨੇ ਆਪਣੇ ਪੇਪਰ 'ਸਮਕਾਲੀ ਪੰਜਾਬ: ਸਮਾਜ ਵਿਗਿਆਨਕ ਨਜ਼ਰੀਆ' ਵਿਚ ਪੰਜਾਬ ਦੀਆਂ ਸਮਕਾਲੀ ਸਮੱਸਿਆਵਾਂ 'ਤੇ ਧਿਆਨ ਕੇਂਦਰਤ ਕਰ ਕੇ ਸਮਾਜਿਕ ਪੱਖੋਂ ਪੰਜਾਬ ਦੀ ਖੁਸ਼ਹਾਲੀ ਦਾ ਰਾਹ ਦਰਸਾਇਆ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਵੱਖ-ਵੱਖ ਵਿਦਵਾਨਾਂ ਦੇ ਅਧਿਐਨ ਅਤੇ ਨਜ਼ਰੀਏ ਤੋਂ ਪੰਜਾਬ ਨੂੰ ਦਰਪੇਸ਼ ਸੰਕਟਾਂ ਜਾਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਰ ਕੇ ਪ੍ਰਮੁੱਖ ਨੁਕਤਿਆਂ ਨੂੰ ਸੂਤਰਬੱਧ ਕਰਨ ਦਾ ਯਤਨ ਕਰਦੀ ਹੈ, ਜਿਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰ ਕੇ ਪੰਜਾਬ ਦਾ ਚੰਗਾ ਭਵਿੱਖ ਸਿਰਜਿਆ ਜਾ ਸਕਦਾ ਹੈ।

ਇਸ ਪੁਸਤਕ ਦੇ ਦੋ ਕੇਂਦਰੀ ਸੂਤਰ ਹਨ, ਪਹਿਲਾ ਇਹ ਕਿ ਪੰਜਾਬ ਦੇ ਸਮਕਾਲੀ ਸਥਿਤੀ ਦੇ ਕਾਰਨ ਕੀ ਹਨ ਅਤੇ ਦੂਜਾ ਇਹ ਕਿ ਇਸ ਸਥਿਤੀ ਵਿਚੋਂ ਨਿਕਲਣ ਦੇ ਰਾਹ ਕੀ ਹੋ ਸਕਦੇ ਹਨ। ਇਹ ਪੁਸਤਕ ਪੰਜਾਬ ਦੇ ਭਵਿੱਖ ਬਾਰੇ ਵਿਸਤਾਰ ਵਿਚ ਸੰਵਾਦ ਸ਼ੁਰੂ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਰੋਤ ਵਜੋਂ ਇਤਿਹਾਸਕ ਪੁਸਤਕ ਹੈ। ਵੱਖ-ਵੱਖ ਵਿਦਵਾਨਾਂ ਨੇ ਸਮਕਾਲੀ ਚੁਣੌਤੀਆਂ ਨੂੰ ਸੰਬੋਧਿਤ ਹੋ ਕੇ ਪੰਜਾਬ ਦੇ ਉਜਲੇ ਭਵਿੱਖ ਲਈ ਇਕ ਰੋਡ-ਮੈਪ ਵਜੋਂ ਆਪਣੀ ਗੱਲ ਰੱਖੀ ਹੈ ਤਾਂ ਕਿ ਪੰਜਾਬ ਨੂੰ ਤਰੱਕੀ ਦੀ ਰਾਹ 'ਤੇ ਤੋਰਿਆ ਜਾ ਸਕੇ। ਇਹ ਪੁਸਤਕ ਜਿੰਨੇ ਘਰਾਂ 'ਚ ਪਹੁੰਚੇਗੀ ਓਨੀ ਹੀ ਪੰਜਾਬ ਦੇ ਫਿਕਰ ਦੀ ਬਾਂਹ ਫੜੀ ਜਾ ਸਕੇਗੀ।



**ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੁਸਤਕ ਰਿਲੀਜ਼ ਕਰਦੇ ਹੋਏ ਪਤਵੰਤੇ।**

# ਅਜੋਕੀ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕਰੇਗੀ ਫ਼ਿਲਮ 'ਤੇਰੇ ਲਈ'

ਬਦਲਦੇ ਦੌਰ ਵਿਚ ਦੁਨੀਆਂ ਦੇ ਰੰਗ ਹੀ ਨਹੀਂ ਬਦਲੇ ਸਿਨੇਮਾ ਦੇ ਰੰਗ ਵੀ ਬਦਲ ਗਏ ਹਨ। ਫਿਲਮਾਂ ਬਦਲ ਗਈਆਂ ਹਨ। ਕਹਾਣੀਆਂ ਬਦਲ ਗਈਆਂ ਹਨ। ਫਿਲਮਾਂ ਵਿਚਲੀ ਮੁਹੱਬਤ ਦਾ ਰੰਗ ਅਤੇ ਅੰਦਾਜ਼ ਵੀ ਬਦਲ ਗਿਆ ਹੈ। ਪੰਜਾਬੀ ਫ਼ਿਲਮ 'ਤੇਰੇ ਲਈ' ਇਸ ਬਦਲਦੇ ਦੌਰ ਦੀ ਖ਼ੂਬਸੂਰਤ ਪ੍ਰੇਮ ਕਹਾਣੀ ਹੈ। ਇਹ ਫ਼ਿਲਮ ਮੁਹੱਬਤ, ਪਰਿਵਾਰਕ ਡਰਾਮਾ ਤੇ ਕਾਮੇਡੀ ਨਾਲ ਲਬਰੇਜ਼ ਹੈ। ਪੰਜਾਬੀ ਸਿਨੇਮਾ ਦਾ 'ਜੱਟ ਟਿੰਕਾ' ਭਾਵ ਹਰੀਸ਼ ਵਰਮਾ ਇਸ ਫ਼ਿਲਮ ਦਾ ਹੀਰੋ ਤੇ ਮਰਹੂਮ ਗਾਇਕ ਰਾਜ ਬਰਾੜ ਦੀ ਧੀ ਸਵਿਤਾਜ ਬਰਾੜ ਇਸ ਫ਼ਿਲਮ ਦੀ ਮੁੱਖ ਅਦਾਕਾਰਾ ਹੈ। ਦੋਵੇਂ ਜਣੇ ਪਹਿਲੀ ਵਾਰ ਇਕੱਠੇ ਪਰਦੇ 'ਤੇ ਨਜ਼ਰ ਆਉਣਗੇ। ਫਿਲਮ ਨਿਰਦੇਸ਼ਕ ਅਮਿਤ ਪ੍ਰਾਸ਼ਰ ਦੀ ਡਾਇਰੈਕਟ ਕੀਤੀ ਇਸ ਫ਼ਿਲਮ ਦੀ ਕਹਾਣੀ ਕ੍ਰਿਸ਼ਨਾ ਦਾਪੁਤ ਨੇ ਲਿਖੀ ਹੈ।

**ਹਰਜਿੰਦਰ ਸਿੰਘ ਜਵੰਦਾ**
**ਫੋਨ: 94638-28000**

ਇਸ ਫਿਲਮ ਵਿਚ ਹਰੀਸ਼ ਤੇ ਸਵਿਤਾਜ ਬਰਾੜ ਨਾਲ ਨਿਰਮਲ ਰਿਸ਼ੀ, ਅੰਮ੍ਰਿਤ ਅੰਬੀ, ਭੂਮਿਕਾ ਸ਼ਰਮਾ, ਸੀਮਾ ਕੌਸ਼ਲ, ਨਿਸ਼ਾ ਬਾਨੋ, ਜਰਨੈਲ ਸਿੰਘ, ਸੁਖਵਿੰਦਰ ਰਾਜ ਤੇ ਰਾਜ ਧਾਲੀਵਾਲ ਸਮੇਤ ਰੰਗ-ਮੰਚ ਦੇ ਕਈ ਕਲਾਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਧਮਕ ਮੀਡੀਆ ਹਾਊਸ, ਫਰੂਟ ਯਾਟ ਐਂਟਰਟੇਨਮੈਂਟ, ਖਰੌੜ ਫਿਲਮਜ਼ ਅਤੇ ਰਾਹੁਲ ਸ਼ਰਮਾ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਧੀਰਜ ਅਰੋੜਾ ਅਤੇ ਸਹਿ-ਨਿਰਮਾਤਾ ਡਿੰਪਲ ਖਰੌੜ, ਅਭੈਦੀਪ ਸਿੰਘ ਮੱਤੀ ਅਤੇ ਰਾਹੁਲ ਸ਼ਰਮਾ ਦੀ ਇਸ ਫ਼ਿਲਮ ਦੀ ਸੋਸ਼ਲ ਮੀਡੀਆ 'ਤੇ ਖ਼ੂਬ ਚਰਚਾ ਹੋ ਰਹੀ ਹੈ। ਫ਼ਿਲਮ ਦੇ ਨਿਰਦੇਸ਼ਕ ਅਮਿਤ ਪ੍ਰਾਸ਼ਰ ਨੇ ਦੱਸਿਆ ਕਿ ਉਨ੍ਹਾਂ ਦੀ ਇਹ ਫ਼ਿਲਮ ਇੱਕ ਵੱਖਰੇ ਕਿਸਮ ਦੀ ਪ੍ਰੇਮ ਕਹਾਣੀ ਹੈ। ਇਹ ਫ਼ਿਲਮ ਆਮ ਜ਼ਿੰਦਗੀ ਦੇ ਬਹੁਤ ਨੇੜੇ ਹੈ। ਅਜੋਕੀ ਨੌਜਵਾਨ ਪੀੜ੍ਹੀ ਦੇ ਦੁਆਲੇ ਘੁੰਮਦੀ ਇਹ ਫ਼ਿਲਮ ਘਰਾਂ ਤੋਂ ਦੂਰ ਰਹਿੰਦੇ ਮੁੰਡੇ, ਕੁੜੀਆਂ ਦੀ ਜ਼ਿੰਦਗੀ ਨੂੰ ਵੀ ਪਰਦੇ 'ਤੇ ਪੇਸ਼ ਕਰੇਗੀ। ਰੁਮਾਂਸ, ਕਾਮੇਡੀ ਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਹਰ ਵਰਗ ਦੇ ਦਰਸ਼ਕਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ, ਜੋ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰੇਗੀ। 9 ਦਸੰਬਰ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਵਿਚ ਹਰੀਸ਼ ਵਰਮਾ ਅਮਰੀਕ ਨਾਂ ਦੇ ਨੌਜਵਾਨ ਦਾ ਕਿਰਦਾਰ ਨਿਭਾ ਰਿਹਾ ਹੈ। ਜੋ ਇਸ ਫ਼ਿਲਮ ਦਾ ਨਾਇਕ ਹੈ। ਅਮਰੀਕ ਆਪਣੀ ਜ਼ਿੰਦਗੀ ਸ਼ਾਨਦਾਰ ਤਰੀਕੇ ਨਾਲ ਜਿਉਂ ਰਿਹਾ ਹੈ। ਉਸਦੀ ਜ਼ਿੰਦਗੀ ਵਿਚ ਵੱਡਾ ਬਦਲਾਅ ਉਦੋਂ ਆਉਂਦਾ ਹੈ ਜਦੋਂ ਉਸਦੀ ਜ਼ਿੰਦਗੀ ਵਿਚ ਫ਼ਿਲਮ ਦੀ ਨਾਇਕਾ ਸੰਯੋਗ ਆਉਂਦੀ ਹੈ।




ਹਰੀਸ਼ ਮੁਤਾਬਿਕ ਇਹ ਫ਼ਿਲਮ ਇਕ ਖ਼ੂਬਸੂਰਤ ਪ੍ਰੇਮ ਕਹਾਣੀ ਹੈ। ਦਰਸ਼ਕ ਉਸਦੀ ਅਤੇ ਸਵਿਤਾਜ ਬਰਾੜ ਦੀ ਜੋੜੀ ਨੂੰ ਭਰਪੂਰ ਪਿਆਰ ਦੇਣਗੇ। ਇਹ ਫ਼ਿਲਮ ਪੰਜਾਬੀ ਸਿਨਮਾ ਵਿਚ ਇਕ ਨਵਾਂ ਰੁਝਾਨ ਸ਼ੁਰੂ ਕਰਨ ਦਾ ਵੀ ਦਮ ਰੱਖਦੀ ਹੈ। ਸਵਿਤਾਜ ਬਰਾੜ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ। ਇਸ ਵਿਚ ਉਹ ਇਕ ਅਜਿਹੀ ਕੁੜੀ ਦਾ ਕਿਰਦਾਰ ਨਿਭਾ ਰਹੀ ਹੈ, ਜੋ ਆਪਣੀ ਜ਼ਿੰਦਗੀ ਆਪਣੇ ਅਸੂਲਾਂ 'ਤੇ ਜਿਉਂਦੀ ਹੈ। ਘਰ ਤੋਂ ਦੂਰ ਰਹਿ ਕੇ ਨੌਕਰੀ ਕਰ ਰਹੀ ਉਸ ਕੁੜੀ ਦੀ ਜ਼ਿੰਦਗੀ ਇਕ ਦਮ ਉਦੋਂ ਪਲਟਦੀ ਹੈ ਜਦੋਂ ਉਸਦਾ ਪਰਿਵਾਰ ਉਸਦੀ ਰਜ਼ਾਮੰਦੀ ਤੋਂ ਬਿਨਾਂ ਉਸਦੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੰਦਾ ਹੈ। ਉਸਦਾ ਇਹ ਕਿਰਦਾਰ ਅਜੋਕੀ ਨੌਜਵਾਨ ਪੀੜ੍ਹੀ ਤੋਂ ਪ੍ਰੇਰਿਤ ਹੈ।

ਇਹ ਫ਼ਿਲਮ ਮਨੋਰੰਜਨ ਦੇ ਨਾਲ-ਨਾਲ ਅਜੋਕੀ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨੂੰ ਵੀ ਪਰਦੇ 'ਤੇ ਪੇਸ਼ ਕਰੇਗੀ। ਇਸ ਫ਼ਿਲਮ ਦੀ ਕਹਾਣੀ ਦੇ ਨਾਲ-ਨਾਲ ਇਸ ਦਾ ਸੰਗੀਤ ਵੀ ਅਹਿਮ ਹੈ। ਫ਼ਿਲਮ ਦਾ ਸੰਗੀਤ ਗੋਲਡ ਬੁਆਏ, ਏ ਆਰ ਦੀਪ, ਜੱਸੀ ਕਟਿਆਲ ਅਤੇ ਯੇ ਪਰੂਫ ਨੇ ਤਿਆਰ ਕੀਤਾ ਹੈ। ਇਸ ਦੇ ਗੀਤ ਨਿਰਮਾਣ, ਮਨਿੰਦਰ ਕੈਲੇ ਅਤੇ ਜੱਗੀ ਜਾਗੋਵਾਲ ਨੇ ਲਿਖੇ ਹਨ, ਜਿਨ੍ਹਾਂ ਨੂੰ ਨਾਮੀ ਗਾਇਕਾਂ ਨੇ ਆਵਾਜ਼ ਦਿੱਤੀ ਹੈ।

# ਆਪਣੇ ਰਸਤੇ ਆਪ ਬਣਾ ਕੇ ਚੱਲਣ ਵਾਲਾ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ

ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ 'ਕੁੱਸਾ' ਆਪ-ਮਤਾ ਇਨਸਾਨ ਹੈ। ਕਿਸੇ ਦੇ ਮਗਰ ਲੱਗ ਕੇ ਤੁਰਨ ਵਾਲਾ ਨਹੀਂ। ਨਾ ਉਹ ਲਾਈ-ਲੱਗ ਤੇ ਨਾ ਹੀ ਲਕੀਰ ਦਾ ਫ਼ਕੀਰ ਹੈ, ਸਗੋਂ ਆਪਣੇ ਰਸਤੇ ਆਪ ਬਣਾ ਕੇ ਉਲੀਕੀ ਹੋਈ ਕੂਟ ਵੱਲ ਤੁਰਨ ਵਾਲਾ ਨਿਡਰ, ਬੇਪ੍ਰਵਾਹ ਤੇ ਨਿਧੜਕ ਨਾਵਲਕਾਰ ਹੈ। ਉਸ ਦੇ ਜੋ ਮਨ ਵਿਚ ਆਇਆ, ਬੜੀ ਬੇਬਾਕੀ ਤੇ ਦਲੇਰੀ ਨਾਲ ਲਿਖ ਮਾਰਿਆ। ਖ਼ਮਿਆਜ਼ੇ ਭਾਵੇਂ ਉਹਨੂੰ ਕੁੱਝ ਵੀ ਭੁਗਤਣੇ ਪਏ ਹੋਣ, ਪਰ ਲਿਖਣ ਲੱਗਿਆਂ ਜੱਗੀ ਦੀ ਕਲਮ ਨੇ ਨਫ਼ੇ-ਨੁਕਸਾਨ ਵਾਲੇ ਡੱਕੇ ਕਦੇ ਨਹੀਂ ਭੰਨੇ।

ਬੱਸ! ਇਹੀ ਕਾਰਨ ਹੈ, ਜਦ ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਬੁੱਚੜ ਬਣੀ ਪੰਜਾਬ ਪੁਲਿਸ, ਜਿਸ ਦੇ ਸਾਹਮਣੇ ਕੋਈ ਕੁਸਕਦਾ ਤੱਕ ਨਹੀਂ ਸੀ, ਸਰਕਾਰਾਂ ਤੇ



ਰਣਜੀਤ 'ਚੱਕ ਤਾਰੇ ਵਾਲਾ'
ਫੋਨ: 82646-05441

ਪ੍ਰਸ਼ਾਸਨ ਦੇ ਅੰਨ੍ਹੇ ਤਸ਼ੱਦਦ ਤੋਂ ਡਰਦੀਆਂ ਤਮਾਮ ਕਲਮਾਂ ਮੌਨ ਧਾਰ ਕੇ ਬੈਠ ਗਈਆਂ ਸਨ ਤਾਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਨਾਵਲ 'ਪੁਰਜਾ-ਪੁਰਜਾ ਕਟਿ ਮਰੈ' ਲੈ ਕੇ ਜੱਗੀ ਕੁੱਸਾ ਹੀ ਮੈਦਾਨ ਵਿਚ ਗੱਜਿਆ ਸੀ। ਇੱਥੇ ਹੀ ਬੱਸ ਨਹੀਂ, ਸਰਕਾਰੀ ਤਸ਼ੱਦਦ ਦੀ ਚਲਦੀ ਤੇਜ਼ ਹਨੇਰੀ ਦੀ ਪ੍ਰਵਾਹ ਨਾ ਕਰਦਿਆਂ ਜੱਗੀ ਕੁੱਸਾ ਨੇ ਉਪਰੋਥਲੀ 'ਤਵੀ ਤੋਂ ਤਲਵਾਰ ਤੱਕ' ਤੇ 'ਬਾਰੀਂ ਕੋਹੀਂ ਬਲ਼ਦਾ ਦੀਵਾ' ਵਰਗੇ ਨਾਵਲ ਪਾਠਕਾਂ ਦੀ ਮੰਡੀ ਵਿਚ ਲਿਆ ਸੁੱਟੇ।

ਆਪਣੇ ਪਹਿਲੇ ਨਾਵਲ 'ਜੱਟ ਵੱਢਿਆ ਬੋਹੜ ਦੀ ਛਾਵੇਂ' ਤੋਂ ਲੈ ਕੇ ਅੱਜ ਤੱਕ ਅੰਗਰੇਜ਼ੀ ਦੇ ਚਾਰ ਨਾਵਲਾਂ ਤੋਂ ਇਲਾਵਾ ਪੰਜਾਬੀ ਦੇ ਚੌਵੀ ਨਾਵਲਾਂ ਸਮੇਤ ਜੱਗੀ ਕੁੱਸਾ 38 ਕਿਤਾਬਾਂ ਪਾਠਕਾਂ ਦੀ ਝੋਲ਼ੀ ਪਾ ਚੁੱਕਾ ਹੈ, ਪਰ ਇੱਕ ਵੀ ਨਾਵਲ ਜੱਗੀ ਕੁੱਸਾ ਨੇ ਕਦੇ ਰਿਲੀਜ਼ ਨਹੀਂ ਕੀਤਾ। ਵੱਖ-ਵੱਖ ਦਸ ਵਿਧਾਵਾਂ ਵਿਚ ਲਿਖਣ ਵਾਲਾ ਇਹ ਲੇਖਕ ਲੋਕਾਂ ਵਿਚ ਸਫ਼ਲ ਨਾਵਲਕਾਰ ਵਜੋਂ ਹੀ ਮਕਬੂਲ ਹੈ।

ਇਹ ਤਿੰਨੇ ਨਾਵਲ ਛਪਣ ਤੋਂ ਬਾਅਦ ਉਸ ਦੀ ਦਲੇਰ ਲੇਖਣੀ ਨੇ ਉਸਨੂੰ ਪ੍ਰਸਿੱਧੀ ਦਿੱਤੀ ਤੇ ਰਾਤੋ-ਰਾਤ ਅਸਮਾਨੀਂ ਚਾੜ੍ਹ ਦਿੱਤਾ। ਇੱਥੇ ਮੈਂ ਬੜੇ ਮਾਣ ਨਾਲ ਲਿਖ ਰਿਹਾ ਹਾਂ ਕਿ ਜਿਸ ਖ਼ਤਰਨਾਕ ਦੌਰ ਵਿਚ 'ਪੁਰਜਾ-ਪੁਰਜਾ ਕਟਿ ਮਰੈ' ਨਾਵਲ ਛਪਿਆ, ਨਾਵਲਕਾਰ ਲਈ ਆਪਣੇ ਆਪ ਨੂੰ ਮੌਤ ਦੇ ਖੂਹ 'ਚ ਸੁੱਟਣ ਬਰਾਬਰ ਸੀ, ਪਰ ਫਿਰ ਵੀ ਜੱਗੀ ਕੁੱਸਾ ਦੀ ਕਲਮ ਰੁਕੀ ਨਹੀਂ। ਉਹ ਨਿਰੰਤਰ ਚਲਦੀ ਹੀ ਰਹੀ ਹੈ। ਜੱਗੀ ਦੀ ਦਲੇਰ ਕਲਮ ਮੂਹਰੇ ਮੇਰਾ ਸਿਰ ਝੁਕਦਾ ਹੈ। ਬੜਾ ਦਿਲਚਸਪ ਪਹਿਲੂ ਹੈ ਕਿ ਇੰਨਾ ਨਾਮ ਹੋਣ ਦੇ ਬਾਵਜੂਦ ਜੱਗੀ ਕੁੱਸਾ ਨੇ ਕਦੇ ਇਹ ਵਹਿਮ ਨਹੀਂ ਪਾਲ਼ਿਆ ਕਿ ਨਾਵਲਕਾਰੀ ਦਾ ਅਸਮਾਨ ਮੇਰੇ ਮੋਢਿਆਂ 'ਤੇ ਹੀ ਖੜ੍ਹਾ ਹੈ, ਤੇ ਨਾ ਕਿਸੇ ਮਾਣ-ਸਨਮਾਨ ਲਈ ਕਿਸੇ ਅਦਾਰੇ ਦੀਆਂ ਲੇਲੜੀਆਂ ਕੱਢੀਆਂ। ਅਖ਼ਬਾਰਾਂ-ਰਸਾਲਿਆਂ ਵਿਚ ਆਪਣਾ ਨਾਮ ਛਪਵਾਉਣ ਲਈ ਨਾ ਉਹ ਸਾਹਿਤਕ ਸਮਾਗਮਾਂ ਵੱਲ ਦੌੜਿਆ, ਤੇ ਨਾ ਕਿਸੇ ਕਵੀ ਦਰਬਾਰ ਵਿਚ ਸ਼ਿਰਕਤ ਕੀਤੀ। ਇਥੋਂ ਤੱਕ ਵੀ ਮੈਂ ਮਹਿਸੂਸ ਕੀਤਾ ਹੈ ਕਿ ਜੱਗੀ ਨੇ ਆਪਣੇ ਕਿਸੇ ਵੀ ਨਾਵਲ ਦਾ ਮੁੱਖ-ਬੰਦ ਲਿਖਣ ਲਈ ਵੀ ਕਿਸੇ ਨੂੰ ਹਵਾ ਨਹੀਂ ਝੱਲੀ ਹੋਣੀ। ਉਹ ਤਾਂ ਮਸਤ-ਮੌਲਾ ਬਣ ਕੇ ਆਪਣੇ ਰਾਹ ਤੁਰਦਾ ਰਿਹਾ ਤੇ ਚੁੱਪ-ਚਾਪ ਅੱਜ ਵੀ ਨਿਰੰਤਰ ਤੁਰ ਰਿਹਾ ਹੈ। ਨਾਵਲਕਾਰੀ ਦੇ ਖੇਤਰ ਵਿਚ ਉਹ ਇਕ ਤੂਫ਼ਾਨ ਬਣ ਕੇ ਆਇਆ, ਜਿਹੜਾ ਅੱਜ ਤੱਕ ਇਸ ਖੇਤਰ ਵਿਚ ਧੂੜਾਂ ਪੁੱਟੀ ਫਿਰਦਾ ਹੈ। ਵਾਹਿਗੁਰੂ ਉਹਨੂੰ ਹੋਰ ਵੀ ਬੁਲੰਦੀਆਂ ਬਖ਼ਸ਼ੇ।

ਵਿਦੇਸ਼ੀ ਜ਼ਿੰਦਗੀ ਬੜੀ ਹੀ ਰੁਝੇਵਿਆਂ ਭਰੀ ਤੇ ਤਕਲੀਫ਼ਾਂ ਭਰਪੂਰ ਹੁੰਦੀ ਹੈ, ਜਿਸ ਦਾ ਮੈਂ ਵੀ ਪਿਛਲੇ ਦੋ ਕੁ ਦਹਾਕਿਆਂ ਤੋਂ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਹਾਂ। ਬੜੀ ਔਖੀ ਐ ਬਾਹਰਲੀ ਜ਼ਿੰਦਗੀ। ਜਦ ਕਿਧਰੇ ਵਕਤ ਮਿਲਦੈ, ਚਾਰ ਅੱਖਰ ਲਿਖ-ਪੜ੍ਹ ਲਈਦੇ ਨੇ ਜਾਂ ਘਰ, ਦੋਸਤ-ਮਿੱਤਰਾਂ ਨੂੰ ਫੋਨ, ਉਹ ਵੀ ਬਹੁਤ ਘੱਟ।

ਮੈਂ ਪਿਛਲੇ ਦਿਨੀਂ ਜੱਗੀ ਦਾ ਬੜਾ ਪੁਰਾਣਾ ਨਾਵਲ 'ਉੱਜੜ ਗਏ ਗਰਾਂ' ਪੜ੍ਹ ਰਿਹਾ ਸੀ ਤਾਂ ਦਿਲ ਕੀਤਾ ਕਿ ਅੱਜ ਕੁਝ ਰਾਹਤ ਦੇ ਪਲ ਹਨ, ਜੱਗੀ ਨੂੰ ਫੋਨ ਕਰਦੇ ਹਾਂ। ਇੱਧਰ-ਉੱਧਰ ਤੇ ਪਰਿਵਾਰਕ ਗੱਲਾਂ ਕਰਦਿਆਂ ਗੱਲ ਉਹਦੇ ਨਵੇਂ-ਪੁਰਾਣੇ ਨਾਵਲਾਂ ਦੀ ਛਿੜ ਪਈ, ਜਿੱਥੋਂ ਇਸ ਹੱਥਲੇ ਆਰਟੀਕਲ ਦਾ ਜਨਮ ਹੋਇਆ। ਜਦ ਮੈਂ ਉਸਨੂੰ ਸਵਾਲ ਕੀਤਾ ਕਿ ਕੀ ਕਾਰਨ ਹੈ 38 ਕਿਤਾਬਾਂ ਦਾ ਲੇਖਕ ਕਦੇ ਕਿਸੇ ਕਵੀ ਦਰਬਾਰ ਜਾਂ ਸਾਹਿਤ ਸਭਾਵਾਂ ਵਿਚ ਨਜ਼ਰ ਨਹੀਂ ਆਇਆ?" ਤਾਂ ਆਦਤ ਅਨੁਸਾਰ ਹੱਸ ਕੇ ਕਹਿਣ ਲੱਗੇ, "ਬਾਈ ਜੀ, ਨਾ ਆਪਾਂ ਨੂੰ ਸਾਹਿਤ ਸਭਾਵਾਂ ਵਾਲੇ ਬੁਲਾਉਣ ਤੇ ਨਾ ਆਪਾਂ ਜਾਈਏ....। ਮਰਹੂਮ ਗਾਇਕ ਬਾਬੇ ਯਮਲੇ ਨੂੰ ਜਾਣਦੈਂ?"

ਮੈਂ ਕਿਹਾ, "ਹਾਂ।"

"ਬਾਬੇ ਯਮਲੇ ਦਾ ਇਕ ਗੀਤ ਐ, 'ਘੋੜੇ ਥਾਨੀ, ਮਰਦ ਮਕਾਨੀ, ਥਾਨੀ ਸ਼ੋਭਾ ਪਾਂਦੇ, ਉਦੋਂ ਸਮਝ ਲੋ ਕੀਮਤ ਘਟ ਗਈ, ਜਦੋਂ ਵਿਕਣ ਲਈ ਜਾਂਦੇ, ਲੱਖਾਂ ਮੁੱਲ ਪੈਂਦਾ ਬੈਠੇ ਆਪਣੀ ਮਕਾਨੀਂ, ਤੱਕੇ ਜੋ ਸਹਾਰਾ ਉਹਦੀ ਕੀ ਐ ਜ਼ਿੰਦਗਾਨੀ...।"



ਉਸ ਦੇ ਇਸ ਤਰ੍ਹਾਂ ਦਿੱਤੇ ਸਹਿਜ-ਸੁਭਾਅ ਉੱਤਰ ਨੇ ਮੈਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਜੱਗੀ ਕੁੱਸਾ ਭੀੜ ਵਿਚ ਵੜਨਾ ਪਸੰਦ ਹੀ ਨਹੀਂ ਕਰਦਾ। ਉਹ 'ਵਨ ਮੈਨ ਆਰਮੀ' ਬਣ ਕੇ ਚੱਲਣ ਦਾ ਆਦੀ ਹੈ।

ਬਾਕੀ ਹਰੇਕ ਸਾਲ ਇਕ ਨਵਾਂ ਨਾਵਲ ਮਾਰਕੀਟ ਵਿਚ ਲੈ ਕੇ ਆਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਕਿਤਾਬ ਲਿਖਣੀ ਇਕ ਪਿੰਡ ਬੰਨ੍ਹਣ ਜਿੱਡਾ ਕਾਰਜ ਹੁੰਦੈ। ਚਲਦੀ ਗੱਲ 'ਚ ਮੈਂ ਇਕ ਸਵਾਲ ਹੋਰ ਕੀਤਾ।

ਮੈਂ ਪੁੱਛਿਆ, "ਕੁੱਸਾ ਸਾਹਿਬ, ਪ੍ਰਮੋਸ਼ਨ ਲਈ ਤਾਂ ਲੋਕਾਂ ਵਿਚ ਜਾਣਾ ਹੀ ਪੈਂਦਾ ਹੋਊ...?"

ਕਹਿਣ ਲੱਗੇ, "ਬਾਬਿਓ ਤੁਸੀਂ ਜਾਣੀ-ਜਾਣ ਲੱਗਦੇ ਓ। ਤੁਸੀਂ ਦੱਸੋ ਬਈ ਕਿੰਨੀਆਂ-ਕਿੰਨੀਆਂ ਮਹਿੰਗੀਆਂ ਫਿਲਮਾਂ ਬਣਾ ਕੇ ਫਿਰ ਉਨ੍ਹਾਂ ਦੀ ਪ੍ਰਮੋਸ਼ਨ ਲਈ ਕਰੋੜਾਂ ਰੁਪਈਏ ਬਰਬਾਦ ਕੀਤੇ ਜਾਂਦੇ ਹਨ ਤੇ ਫਿਲਮਾਂ ਉਹ ਫਿਰ ਵੀ ਫੇਲ੍ਹ ਹੋ ਜਾਂਦੀਆਂ ਨੇ, ਕਿਉਂ...? ਉਹਦਾ ਮੂਲ ਕਾਰਨ ਹੀ ਇਹ ਹੁੰਦੈ ਕਿ ਲੋਕਾਂ ਨੇ ਉਹ ਪ੍ਰਵਾਨ ਹੀ ਨਹੀਂ ਕੀਤੀਆਂ ਹੁੰਦੀਆਂ। ਉਹ ਤਾਂ ਫੇਲ੍ਹ ਹੁੰਦੀਆਂ। ਇਹ ਹੀ ਹਾਲ ਬਾਬਿਉ ਕਿਤਾਬਾਂ ਦਾ ਐ...। ਤੁਸੀਂ ਆਪਣਾ ਨਾਵਲ, ਕਹਾਣੀ ਸੰਗ੍ਰਹਿ ਜਾਂ ਹੋਰ ਕੋਈ ਵੀ ਰਚਨਾ ਲੈ ਕੇ ਪੰਜਾਹ ਸਾਹਿਤਕ ਸਮਾਗਮਾਂ ਜਾਂ ਕਵੀ ਦਰਬਾਰਾਂ ਵਿਚ ਚੁੱਕੀ ਫਿਰੋ, ਜੇਕਰ ਆਮ ਪਾਠਕ ਨੇ ਉਸ ਨੂੰ ਪ੍ਰਵਾਨ ਹੀ ਨਹੀਂ ਕੀਤਾ ਜਾਂ ਇਹ ਕਹਿ ਲਵੋ ਕਿ ਜਿੰਨਾ ਚਿਰ ਆਮ ਪਾਠਕ ਤੁਹਾਡੇ ਨਾਵਲ ਨੂੰ ਚੱਲ ਕੇ ਦੁਕਾਨ 'ਤੇ ਖਰੀਦਣ ਨਹੀਂ ਜਾਂਦਾ, ਤਾਂ ਥੋਡਾ ਪੰਜਾਹ ਸਾਹਿਤਕ ਸਮਾਗਮਾਂ ਵਿਚ ਜਾਣਾ ਕਿੰਨਾ ਕੁ ਸਫ਼ਲ ਹੋਇਆ...? ਉਹ ਥੋਡੀ ਘੰਟੇ ਅੱਧੇ ਘੰਟੇ ਦੀ ਫੋਕੀ ਬੱਲੇ-ਬੱਲੇ ਐ। 'ਏਮ ਲੈੱਸ ਰੇਸ' ਅਰਥਾਤ ਬਿਨਾਂ ਨਿਸ਼ਾਨੇ ਤੋਂ ਦੌੜ...।"

ਖ਼ੈਰ! ਜੱਗੀ ਕੁੱਸਾ ਬਾਰੇ ਪਹਿਲਾਂ ਹੀ ਬੜਾ ਕੁੱਝ ਲਿਖਿਆ ਤੇ ਪੜ੍ਹਿਆ ਗਿਆ ਹੈ। ਮੇਰੇ ਵਰਗੇ ਕਈਆਂ ਨੇ ਮਾੜਾ ਤੇ ਕਈਆਂ ਨੇ ਚੰਗਾ ਵੀ ਲਿਖਿਆ ਹੈ। ਜੱਗੀ ਦੇ ਖ਼ਿਲਾਫ਼ ਵੀ ਤੇ ਉਹਦੀ ਪ੍ਰਸ਼ੰਸਾ ਵਿਚ ਵੀ। ਉਸ ਦੇ ਬੜੇ ਹੀ ਕਰੀਬੀ ਵਿਸ਼ਵਾਸ-ਪਾਤਰ ਨੇ ਆਪਣਾ ਉੱਲੂ ਸਿੱਧਾ ਕਰਨ ਲਈ ਉਸ ਖ਼ਿਲਾਫ਼ ਬੇਹੂਦਾ ਭੰਡੀ-ਪ੍ਰਚਾਰ ਵੀ ਕੀਤਾ, ਪਰ ਜੱਗੀ ਆਪਣੇ ਫ਼ਕੀਰੀ ਸੁਭਾਅ ਅਨੁਸਾਰ ਮਸਤ ਹੀ ਰਿਹਾ। ਇਹ ਵੀ ਉਸ ਦੇ ਫ਼ੌਲਾਦੀ ਜਿਗਰੇ ਦਾ ਪ੍ਰਤੱਖ ਸਬੂਤ ਹੈ, ਜੋ ਅੱਜ ਵੀ ਬਰਕਰਾਰ ਹੈ। ਬਾਕੀ ਉਹ ਅਜਿਹੀਆਂ ਮਨਘੜਤ ਗੱਲਾਂ ਨੂੰ ਗੌਲ਼ਦਾ ਵੀ ਘੱਟ ਹੀ ਐ, ਸਗੋਂ ਆਪਣੀ ਦਿਮਾਗੀ ਊਰਜਾ ਨੂੰ ਲਿਖਣ-ਪੜ੍ਹਨ ਜਾਂ ਹੋਰ ਚੰਗੇ ਕਾਰਜਾਂ ਵਿਚ ਹੀ ਖ਼ਪਤ ਕਰਦਾ ਹੈ। ਕਿਸੇ ਗੱਲ ਦਾ ਕਿਸੇ ਨੂੰ ਉਹ ਮੋੜਾ ਨਹੀਂ ਦਿੰਦਾ, ਸਗੋਂ ਸਾਰਾ ਕੁੱਝ ਸਮੇਂ ਦੇ ਮੋਢਿਆਂ 'ਤੇ ਸੁੱਟ ਕੇ ਆਪ ਸੁਰਖ਼ਰੂ ਰਿਹਾ ਤੇ ਉਸ ਉੱਪਰ ਚਿੱਕੜ ਉਛਾਲਣ ਵਾਲੇ ਲੋਕ ਉਸੇ ਹੀ ਚਿੱਕੜ ਵਿਚ ਫਸੇ ਟਰੈਕਟਰ ਵਾਂਗ ਸਲਿੱਪ ਮਾਰੀ ਜਾ ਰਹੇ ਹਨ, ਪਰ ਜੱਗੀ ਕੁੱਸਾ ਆਪਣਾ ਸਾਹਿਤਕ ਤੇ ਫਿਲਮੀ ਪੰਧ ਕਿਸੇ ਮਸਤ ਹਾਥੀ ਦੀ ਚਾਲ ਚੱਲਣ ਵਾਂਗ ਮਾਰੋ-ਮਾਰ ਕਰਦਾ ਅੱਗੇ ਵਧਦਾ ਹੀ ਜਾ ਰਿਹਾ ਹੈ, ਪਰ ਈਰਖ਼ਾ ਤੇ ਸਾੜਾ ਰੱਖਣ ਵਾਲੇ ਲੋਕ ਆਪਣਾ ਹੀ ਮੱਥਾ ਪਿੱਟਦੇ ਲਹੂ-ਲੁਹਾਣ ਹੋ ਕੇ ਹਾਰੇ ਹੋਏ ਜੂਏਬਾਜ਼ ਵਾਂਗ ਝੱਗਾ ਝਾੜ ਕੇ ਤੁਰਦੇ ਬਣੇ, ਪਰ ਜੱਗੀ ਕੁੱਸਾ ਦਾ ਵਿਗਾੜ ਕੁਝ ਵੀ ਨਾ ਸਕੇ।

ਮੈਨੂੰ ਅਜੇ ਤੱਕ ਯਾਦ ਐ ਕਿ ਜਿੰਨਾ ਚਿਰ ਜੱਗੀ ਦੇ ਮਾਂ-ਬਾਪ ਜਿਉਂਦੇ ਰਹੇ, ਉਹ ਹਰੇਕ ਸਾਲ ਅਕਤੂਬਰ ਮਹੀਨੇ ਆਪਣੇ ਘਰ ਕੁੱਸੇ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਉਂਦਾ ਹੁੰਦਾ ਸੀ ਤੇ ਅਖੰਡ ਪਾਠ ਤੋਂ ਅਗਲੇ ਦਿਨ ਪਿੰਡ ਵਿਚ ਲੋਕਾਂ ਦੇ ਮਨੋਰੰਜਨ ਲਈ ਪ੍ਰਸਿੱਧ ਗਾਇਕ ਹਾਕਮ ਬਖ਼ਤੜੀਵਾਲਾ, ਮਰਹੂਮ ਕੁਲਦੀਪ ਮਾਣਕ, ਹਾਕਮ ਸੂਫ਼ੀ ਵਰਗੇ ਖੁੱਲ੍ਹਾ ਅਖਾੜਾ ਲਾਉਂਦੇ ਸਨ। ਜਿਸ ਪ੍ਰੋਗਰਾਮ ਵਿਚ ਪੰਜਾਬ ਦੇ ਅਖ਼ਬਾਰਾਂ ਦੇ ਸੰਪਾਦਕ, ਇਲਾਕੇ ਦੇ ਮੋਹਤਬਰ ਪਤਵੰਤੇ ਤੇ ਆਹਲਾ ਅਫ਼ਸਰ ਸ਼ਿਰਕਤ ਕਰਦੇ ਸਨ। ਇਹ ਗੱਲ ਸ਼ਾਇਦ ਸੰਨ 2000 ਦੀ ਹੈ। ਇਹੀ ਪ੍ਰੋਗਰਾਮ ਸੀ। ਬਾਹਰਲੀ ਬੈਠਕ 'ਚ ਮੈਂ ਤੇ ਜੱਗੀ ਬੈਠੇ।

ਮੈਂ ਮਜ਼ਾਕ 'ਚ ਕਿਹਾ, "ਕੁੱਸਾ ਸਾਹਿਬ! ਇਸ ਵਾਰੀ ਆਪਣਾ ਨਵਾਂ ਨਾਵਲ ਨਾ ਰਿਲੀਜ਼ ਕਰ ਦੇਈਏ...?"

ਹੱਸ ਕੇ ਕਹਿਣ ਲੱਗਾ, "ਰਣਜੀਤ! ਕਿਉਂ ਮੇਰੀ ਪ੍ਰੰਪਰਾ 'ਚ ਵਿਘਨ ਪਾਉਨੈਂ। ਨਾਵਲ ਰਿਲੀਜ਼ ਕਰਨ ਵਾਲਾ ਢਕਵੰਜ ਆਪਾਂ ਉਦੋਂ ਨੀ ਕੀਤਾ, ਜਦੋਂ ਆਪਣਾ ਕੋਈ ਨਾਂ ਨਹੀਂ ਸੀ ਜਾਣਦਾ। ਹੁਣ ਤਾਂ ਬਾਬੇ ਨਾਨਕ ਦੀ ਕਿਰਪਾ। ਨਾਲੇ ਆਪਾਂ ਲੋਕਾਂ ਵਾਂਗੂੰ ਤੂਤੀ ਨੀ ਵਜਾਉਣੀ, ਆਪਣਾ ਨਗਾਰਾ ਖੜਕਾਉਣੈ...। ਜੀਹਨੇ ਆਪਣੇ ਨਾਵਲ ਪੜ੍ਹਨੇ ਨੇ, ਆਪੇ ਖਰੀਦ ਕੇ ਪੜ੍ਹਲੂ...।"

ਮੈਨੂੰ ਗੱਲ ਵਧੀਆ ਲੱਗੀ। ਮੈਂ ਚੁੱਪ ਕਰ ਗਿਆ।

ਖ਼ੈਰ! ਜੱਗੀ ਕੁੱਸਾ ਨਾਵਲ ਖੇਤਰ ਵਿਚ ਅੱਜ ਲੰਬੀਆਂ ਉਡਾਰੀਆਂ ਭਰਦਾ ਜਾ ਰਿਹਾ ਹੈ। ਪਬਲਿਸ਼ਰ ਨਾਵਲ ਛਾਪਣ ਲਈ ਜੱਗੀ ਨੂੰ ਖੁੱਲ੍ਹਾ-ਡੁੱਲ੍ਹਾ ਪੈਸਾ ਦੇ ਰਹੇ ਹਨ। ਨਾਵਲਾਂ ਦੇ ਕਈ-ਕਈ ਐਡੀਸ਼ਨ ਦੁਬਾਰਾ ਛਪਦੇ ਜਾ ਰਹੇ ਹਨ। ਇਹ ਲੇਖਕ ਲਈ ਬੜੇ ਮਾਣ ਵਾਲੀ ਗੱਲ ਹੈ।

ਜੱਗੀ ਬੜੇ ਹੀ ਉੱਚੇ ਖ਼ਿਆਲ ਤੇ ਵਿਚਾਰਾਂ ਵਾਲਾ ਸਿਰਕੱਢ ਨਾਵਲਕਾਰ ਹੈ। ਜਿਵੇਂ ਪਾਣੀ ਵਿਚ ਰਹਿ ਕੇ ਵੀ ਮੁਰਗਾਬੀ ਭਿੱਜਦੀ ਨਹੀਂ, ਇਸੇ ਤਰ੍ਹਾਂ ਹੀ ਮੇਰੀ ਨਜ਼ਰ 'ਚ ਜੱਗੀ ਕੁੱਸਾ ਵੀ ਇਸ ਰੰਗਲੇ ਸੰਸਾਰ ਵਿਚ ਰਹਿ ਕੇ ਵੀ ਇਸ ਸੰਸਾਰੀ ਸਜ-ਧਜ ਤੋਂ ਅਣਭਿੱਜ ਹੀ ਹੈ।

ਉਸ ਦੇ ਅਜਿਹੇ ਖ਼ਿਆਲ ਹੀ ਉਸ ਨੂੰ ਬੇ-ਫ਼ਿਕਰ ਤੇ ਬੇ-ਪ੍ਰਵਾਹ ਬਣਾਈ ਰੱਖਦੇ ਹਨ। ਇਹੀ ਕਾਰਨ ਹੈ ਕਿ ਉਸ ਦੀ ਇਸ ਬੇ-ਫ਼ਿਕਰੀ ਤੇ ਬੇ-ਪ੍ਰਵਾਹੀ ਨੇ ਅੱਜ ਤੱਕ ਮੈਨੂੰ ਜੱਗੀ ਕੁੱਸਾ ਨਾਲ ਜੋੜੀ ਰੱਖਿਆ ਹੈ। ਅੱਜ ਜੱਗੀ ਕੁੱਸਾ ਨੂੰ ਵਿਅਕਤੀਗਤ ਤੌਰ 'ਤੇ ਮਿਲਿਆਂ ਮੈਨੂੰ ਤੇਰਾਂ ਸਾਲ ਹੋ ਗਏ ਹਨ, ਪਰ ਵਿਚਾਰਾਂ ਨਾਲ ਰੋਜ਼ ਮਿਲਦਾ ਹਾਂ। ਗੁਰੂ ਕਿਰਪਾ ਕਰੇ, ਜੱਗੀ ਕੁੱਸਾ ਪੰਜਾਬੀ ਸਾਹਿਤ ਜਗਤ ਤੇ ਫਿਲਮੀ ਸੰਸਾਰ ਵਿਚ ਹੋਰ ਵੀ ਮੰਜ਼ਿਲਾਂ ਸਰ ਕਰੇ।

ਉਸ ਦੀ ਨਵੀਂ ਆਈ ਫ਼ਿਲਮ 'ਸਨ ਆਫ਼ ਕਿਸਾਨ' ਲਈ ਉਸ ਨੂੰ ਮੁਬਾਰਕਬਾਦ। ਅਸੀਂ ਉਸਦੇ ਨਵੇਂ ਆ ਰਹੇ ਨਾਵਲ 'ਇਕ ਮੇਰੀ ਅੱਖ ਕਾਸ਼ਣੀ' ਅਤੇ ਆਉਣ ਵਾਲ਼ੇ ਫ਼ਿਲਮੀ ਪ੍ਰੋਜੈਕਟਾਂ ਦੀ ਬੜੀ ਬੇ-ਸਬਰੀ ਨਾਲ ਉਡੀਕ ਕਰ ਰਹੇ ਹਾਂ।

---

# ਵਿਹਲੇ..!

ਅੱਜ ਐਤਵਾਰ ਸੀ, ਸਵੇਰ ਦੇ ਅੱਠ ਵੱਜੇ ਹੋਣਗੇ ਸੁਰਜੀਤ ਦੇ ਮੋਬਾਈਲ ਦੀ ਘੰਟੀ ਵੱਜਣ ਲੱਗੀ। ਗੁਰਪ੍ਰੀਤ (ਸੁਰਜੀਤ ਦੀ ਪਤਨੀ) ਰਸੋਈ 'ਚ ਨਾਸ਼ਤਾ ਤਿਆਰ ਕਰ ਰਹੀ ਸੀ। ਉਧਰ, ਸੁਰਜੀਤ ਵਾਸ਼ਰੂਮ 'ਚ ਸੀ। ਮੋਬਾਈਲ ਦੀ ਘੰਟੀ ਕਈ ਵਾਰ ਵੱਜਣ ਉਪਰੰਤ ਬੰਦ ਹੋ ਜਾਣ ਤੋਂ ਬਾਅਦ ਫਿਰ ਦੁਬਾਰਾ ਵੱਜਣ ਲੱਗੀ। ਇਧਰ, ਗੁਰਪ੍ਰੀਤ ਰਸੋਈ 'ਚੋਂ ਆਪਣੇ ਹੱਥ ਧੋ ਗੈਸ ਚੁੱਲ੍ਹੇ ਦੀ ਫਲੇਮ ਸਲੋਅ ਕਰ ਲੋਬੀ 'ਚ ਆਈ ਤਾਂ ਕਿ ਸੁਰਜੀਤ ਦਾ ਫੋਨ ਅਟੈਂਡ ਕਰ ਸਕੇ। ਜਿਵੇਂ ਹੀ ਕਾਲ ਅਟੈਂਡ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਕਰਨ ਲਈ ਮੋਬਾਈਲ ਚੁੱਕਿਆ, ਮੋਬਾਈਲ ਦੀ ਡਿਸਪਲੇਅ 'ਤੇ ਅਮਰਜੀਤ ਭੈਣ ਲਿਖਿਆ ਸ਼ੋਅ ਹੋ ਰਿਹਾ ਸੀ।

ਸੁਰਜੀਤ ਸਰਕਾਰੀ ਸਕੂਲ ਵਿਚ ਇਕ ਐੱਸ.ਐੱਸ.ਟੀ ਮਾਸਟਰ ਲੱਗਾ ਸੀ। ਪਿਛਲੇ ਸਾਲ ਉਸ ਦੀ ਡਿਊਟੀ ਬਤੌਰ ਬੀ.ਐਲ.ਓ. ਸ਼ਹਿਰ ਦੇ ਹੀ ਇਕ ਬੂਥ 'ਤੇ ਲਗਾ ਦਿੱਤੀ ਗਈ ਸੀ। ਨਵੀਂ ਡਿਊਟੀ ਹੋਣ ਕਾਰਨ ਪਹਿਲਾਂ ਪਹਿਲ ਤਾਂ ਉਸ ਨੂੰ ਵੋਟਰਾਂ ਵਿਚ ਵਿਚਰਨਾ ਥੋੜ੍ਹਾ ਔਖਾ ਲੱਗਾ। ਕਿਉਂਕਿ ਕਦੇ ਕੋਈ ਵੋਟ ਬਣਾਉਣ ਆ ਜਾਂਦਾ ਤੇ ਕਦੀ ਕੋਈ ਵੋਟ ਕਟਵਾਉਣ ਲਈ ਤੇ ਕੋਈ ਦਰੁਸਤੀ ਕਰਵਾਉਣ ਲਈ। ਕਈ ਵਾਰ ਫੋਨ 'ਤੇ ਵੀ ਲੋਕ ਪੁੱਛਗਿੱਛ ਕਰਨ ਲੱਗਦੇ। ਕਈ ਲੋਕ ਪੈਨਸ਼ਨ ਲਗਵਾਉਣ ਦੇ ਮਕਸਦ ਨਾਲ ਆਪਣੀ ਉਮਰ ਵਧਾਉਣ ਲਈ ਤਰਲੇ ਕਰਦੇ ਹਾਲਾਂਕਿ ਉਮਰ ਇੰਦਰਾਜ ਦਸਤਾਵੇਜ਼ਾਂ ਦੇ ਮੁਤਾਬਕ ਹੀ ਹੋਣਾ ਹੁੰਦਾ ਹੈ, ਇਸ ਵਿਚ ਬੀ.ਐਲ.ਓ. ਕੁਝ ਨਹੀਂ ਕਰ ਸਕਦਾ। ਇਨ੍ਹਾਂ ਸਭ ਲੋਕਾਂ ਨੂੰ ਡੀਲ ਕਰਨ ਲੱਗਿਆਂ ਸੁਰਜੀਤ ਨੂੰ ਕਾਫ਼ੀ ਮੁਸ਼ੱਕਤ ਉਠਾਉਣੀ ਪੈਂਦੀ।

ਹੁਣ ਪਿਛਲੇ ਕੁੱਝ ਹਫਤਿਆਂ ਤੋਂ ਉਨ੍ਹਾਂ ਦੀ ਡਿਊਟੀ ਵੋਟਾਂ ਨਾਲ ਆਧਾਰ ਕਾਰਡ ਲਿੰਕ ਕਰਨ 'ਤੇ ਲਗਾ ਦਿੱਤੀ ਗਈ ਸੀ। ਇਹ ਕੰਮ ਵੀ ਕਾਫੀ ਮੁਸ਼ਕਿਲ ਤੇ ਜ਼ੋਖਮ ਭਰਿਆ ਸੀ ਕਿਉਂਕਿ ਹਰ ਕੋਈ ਆਪਣੇ ਆਧਾਰ ਕਾਰਡ ਦਾ ਨੰਬਰ ਦੇਣ ਲਈ ਰਾਜ਼ੀ ਨਹੀਂ ਸੀ ਹੁੰਦਾ ਤੇ ਅਕਸਰ ਲੋਕਾਂ ਨੂੰ ਸਮਝਾਉਣ 'ਚ ਕਾਫ਼ੀ ਦਿੱਕਤ ਆਉਂਦੀ। ਕਿਉਂਕਿ ਅੱਜ ਕੱਲ੍ਹ ਠੱਗੀ ਠੋਰੀ ਵੀ ਬਹੁਤ ਚੱਲਦੀ ਏ ਇਸ ਪ੍ਰਕਾਰ ਲੋਕ ਆਪਣੀ ਥਾਂ ਠੀਕ ਸਨ। ਪਰ ਸਰਕਾਰੀ ਮੁਲਾਜ਼ਮ ਦੋਵੇਂ ਪਾਸੇ ਪਿਸਦਾ ਹੈ, ਜਿੱਥੇ ਉਸ ਨੇ ਸਰਕਾਰ ਦੁਆਰਾ ਦਿੱਤੀ ਡਿਊਟੀ ਨਿਭਾਉਣੀ ਹੁੰਦੀ ਹੈ ਉੱਥੇ ਹੀ ਲੋਕਾਂ ਦੀ ਤਸੱਲੀ ਵੀ ਕਰਵਾਉਣੀ ਹੁੰਦੀ ਹੈ।

ਪਿਛਲੇ ਦਿਨੀਂ ਸੁਰਜੀਤ ਨੇ ਗੁਰਪ੍ਰੀਤ ਨਾਲ ਆਪਣੀ ਭੈਣ ਅਮਰਜੀਤ ਨੂੰ ਆਉਂਦੇ ਐਤਵਾਰ ਮਿਲਣ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਦਰਅਸਲ ਉਸ ਦੀ ਵੱਡੀ ਭੈਣ ਤੇ ਜੀਜਾ ਆਪਣੇ ਵੱਡੇ ਮੁੰਡੇ ਕੋਲ ਆਸਟ੍ਰੇਲੀਆ ਜਾ ਰਹੇ ਸਨ, ਸੋ ਉਹ ਚਾਹੁੰਦੇ ਸਨ ਕਿ ਉਹ ਦੋਵੇਂ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਪਹਿਲਾਂ ਇੱਕ ਵਾਰ ਉਨ੍ਹਾਂ ਨੂੰ ਮਿਲ ਆਉਣ। ਪਰ ਕੱਲ੍ਹ ਹੀ ਵ੍ਹਟਸਐਪ 'ਤੇ ਸੁਪਰਵਾਈਜ਼ਰ ਵਲੋਂ ਐਤਵਾਰ ਨੂੰ ਆਪਣੇ ਆਪਣੇ ਬੂਥਾਂ 'ਤੇ ਸਵੇਰੇ ਨੌਂ ਤੋਂ ਸ਼ਾਮ ਪੰਜ ਵਜੇ ਤੱਕ ਕੈਂਪ ਲਾਉਣ ਦਾ ਮੈਸੇਜ ਆ ਗਿਆ ਸੀ। ਸੋ ਦੋਵਾਂ ਦਾ ਭੈਣ ਕੋਲ ਜਾਣ ਦਾ ਪ੍ਰੋਗਰਾਮ ਕੈਂਸਲ ਹੋ ਗਿਆ ਸੀ।

ਅੱਜ ਸੁਰਜੀਤ ਦੀ ਭੈਣ ਦਾ ਫੋਨ ਸ਼ਾਇਦ ਉਸੇ ਸੰਬੰਧੀ ਆ ਰਿਹਾ ਸੀ। ਇਧਰ, ਗੁਰਪ੍ਰੀਤ ਫੋਨ ਚੁੱਕਦੇ ਸਾਰ 'ਭੈਣ ਜੀ ਸਤਿ ਸ੍ਰੀ ਅਕਾਲ' ਦੂਜੇ ਪਾਸਿਉਂ ਆਵਾਜ਼ ਆਈ, 'ਸਤਿ ਸ੍ਰੀ ਅਕਾਲ ਗੁਰਪ੍ਰੀਤ ਕੀ ਗੱਲ ਸੁਰਜੀਤ ਕਿੱਥੇ ਹੈ ਕਦੋਂ ਦੀ ਫੋਨ ਕਰ ਰਹੀ ਹਾਂ ਕੋਈ ਚੁੱਕ ਹੀ ਨਹੀਂ ਰਿਹਾ...!'

ਗੁਰਪ੍ਰੀਤ - "ਉਹ ਭੈਣ ਜੀ...ਦਰਅਸਲ ਅਮਨ ਦੇ ਪਾਪਾ ਨਹਾ ਰਹੇ ਨੇ ਤੇ ਬੱਚੇ ਅੱਜ ਐਤਵਾਰ ਹੋਣ ਕਾਰਨ ਹਾਲੇ ਸੁੱਤੇ ਪਏ ਨੇ ਤੇ ਮੈਂ ਅਮਨ ਦੇ ਵਾਸਤੇ ਨਾਸ਼ਤਾ ਤਿਆਰ ਕਰ ਰਹੀ ਸੀ। ਹੱਥ ਧੋਣ ਉਪਰੰਤ ਤੁਹਾਡਾ ਫੋਨ ਆ ਹੁਣ ਆ ਕੇ ਵੇਖਿਆ ਹੈ।"

ਦੂਜੇ ਪਾਸਿਓਂ ਆਵਾਜ਼ - "ਗੁਰਪ੍ਰੀਤ ਫੇਰ ਅੱਜ ਤੁਸੀਂ ਆ ਰਹੇ ਹੋ ਮੇਰੇ ਪਾਸ।"

ਗੁਰਪ੍ਰੀਤ ਬੇਬਸੀ ਭਰੇ ਅੰਦਾਜ਼ 'ਚ "ਭੈਣ ਜੀ ਤੁਹਾਡੇ ਪਾਸ ਆਉਣ ਦਾ ਇਨ੍ਹਾਂ ਨੇ ਪੱਕਾ ਪ੍ਰੋਗਰਾਮ ਬਣਾਇਆ ਹੋਇਆ ਸੀ... ਪਰ ਕੱਲ੍ਹ ਐਨ ਮੌਕੇ 'ਤੇ ਇਨ੍ਹਾਂ ਦੀ ਬੀ.ਐਲ.ਓ. ਡਿਊਟੀ ਬੂਥ 'ਤੇ ਲੱਗਣ ਦਾ ਮੈਸੇਜ ਆ ਗਿਆ... ਦਰਅਸਲ ਇਹ ਬੂਥ 'ਤੇ ਜਾਣ ਦੀ ਹੀ ਤਿਆਰੀ ਕਰ ਰਹੇ ਨੇ...ਹੁਣ।"

"ਹੁਣ ਕਿਹੜੀਆਂ ਵੋਟਾਂ 'ਚ ਡਿਊਟੀ ਆ ਗਈ ਭਲਾਂ ਇਹਦੀ...!"

"ਨਹੀਂ ਭੈਣ ਜੀ ਵੋਟਾਂ-ਵੂਟਾਂ ਕੋਈ ਨਹੀਂ ਪੈਣੀਆਂ ਹੁਣ, ਇਹ ਤਾਂ ਮੋਦੀ ਨੇ ਨਵਾਂ ਯੱਭ ਛੇੜਿਆ ਬੀ.ਐਲ.ਓਆਂ ਦੀ ਜਾਨ ਨੂੰ ਅਖੇ ਕੱਲੇ-ਕੱਲੇ ਦਾ ਵੋਟਰ ਕਾਰਡ, ਆਧਾਰ ਕਾਰਡ ਨਾਲ ਲਿੰਕ ਕਰੋ।"

" ਲੈ ਭਲਾਂ ਇਹ ਵੀ ਕੋਈ ਗੱਲ ਹੋਈ..!"

'ਆਹੋ ਭੈਣ ਜੀ ਹੁਣ ਤੁਸੀਂ ਖੁਦ ਹੀ ਵੇਖ ਲਵੋ ਪਹਿਲਾਂ ਤਾਂ ਸਵੇਰੇ ਸੱਤ ਵਜੇ ਸਕੂਲ ਜਾਓ ਫੇਰ ਉੱਥੇ ਬੱਚਿਆਂ ਨੂੰ ਪੜ੍ਹਾਓ... ਜੇ ਖਣੇ ਬੱਚਿਆਂ ਨੂੰ ਕਿਹੜਾ... ਪੜ੍ਹਾਉਣ ਦਿੰਦੇ ਨੇ... ਕਦੇ ਕੋਈ ਸਾਇੰਸ ਮੇਲਾ... ਕਦੀ ਮੈਥ ਤੇ ਕਦੇ ਅੰਗਰੇਜ਼ੀ ਦਾ ਮੇਲਾ ਲਾਉਣ ਦਾ ਹੁਕਮ ਆ ਜਾਂਦੈ... ਬਾਇਓ ਮੰਥਲੀ ਟੈਸਟ ਅਲੱਗ ਤੋਂ ਤੇ ਇਸ ਤੋਂ ਇਲਾਵਾ ਆਨਲਾਈਨ ਟੈਸਟ ਵੱਖਰੇ ... ਅੱਗੋਂ ਵਾਧੂ ਦੀਆਂ ਆਹ ਵੋਟਾਂ ਦੀਆਂ ਡਿਊਟੀਆਂ.. ਹਾਲੇ ਲੋਕੀਂ ਆਖਦੇ ਨੇ ਮਾਸਟਰ ਵਿਹਲੇ ਨੇ।"

"ਹਾਂ! ਗੁਰਪ੍ਰੀਤ ਲੋਕਾਂ 'ਚ ਆਮ ਧਾਰਨਾ ਇਹੋ ਬਣੀ ਹੋਈ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਨਹੀਂ ਹੁੰਦੀ...ਅਖੇ ਮਾਸਟਰ ਤਾਂ ਸਾਰਾ ਦਿਨ ਵਿਹਲੇ ਰਹਿੰਦੇ ਨੇ... ਭਲਾਂ ਜੇ ਸਿਸਟਮ ਅਧਿਆਪਕਾਂ ਨੂੰ ਪੜ੍ਹਾਉਣ ਦਾ ਸਮਾਂ ਦੇਵੇਗਾ ਤਾਂਈਓ ਉਹ ਪੜ੍ਹਾਉਣਗੇ...।"

ਗੁਰਪ੍ਰੀਤ ਨਹੋਰੇ ਭਰੇ ਅੰਦਾਜ਼ 'ਚ, 'ਹਾਂ ਭੈਣ ਜੀ! ਤੁਸੀਂ ਬਿਲਕੁਲ ਸਹੀ ਆਖਿਆ ... ਅਕਸਰ ਲੋਕੀਂ ਇਹੋ ਆਖਦੇ ਨੇ ਅਖੇ ਮਾਸਟਰ ਵਿਹਲੇ ਨੇ... ਭਲਾਂ ਜੇ ਮਾਸਟਰਾਂ ਨੂੰ ਢੰਗ ਨਾਲ ਪੜ੍ਹਾਉਣ ਦਾ ਮੌਕਾ ਦਿਓਗੇ ਤਾਂ ਹੀ ਉਹ ਪੜ੍ਹਾਉਣਗੇ...ਸਰਕਾਰੀ ਅਧਿਆਪਕਾਂ ਨੂੰ ਤਾਂ ਪਹਿਲਾਂ ਆਪਣੇ ਮਹਿਕਮੇ ਵਲੋਂ ਆਉਂਦੀਆਂ ਨਿੱਤ ਨਵੀਆਂ ਡਾਕਾਂ ਈ ਸਾਹ ਨਹੀਂ ਲੈਣ ਦਿੰਦੀਆਂ... ਇਸ ਤੋਂ ਇਲਾਵਾ ਆਹ ਦੂਜੇ ਮਹਿਕਮੇ ਵਾਲਿਆਂ ਦੀਆਂ ਵਗਾਰਾਂ ਅਲੱਗ ਤੋਂ ਭੁਗਤਾਉਣੀਆਂ ਪੈਂਦੀਆਂ ਨੇ...! "

ਇਸ ਤੋਂ ਬਾਅਦ ਗੁਰਪ੍ਰੀਤ ਨੇ ਜਿਵੇਂ ਖਿਮਾ ਭਰੇ ਲਹਿਜ਼ੇ 'ਚ ਅਪਣੀ ਗੱਲ ਨੂੰ ਵਿਰਾਮ ਦਿੰਦਿਆਂ ਕਹਿਣਾ ਸ਼ੁਰੂ ਕੀਤਾ, "ਚੰਗਾ ਭੈਣ ਜੀ ਮੈਂ ਅਮਨ ਦੇ ਪਾਪਾ ਦੀ ਰੋਟੀ ਤਿਆਰ ਕਰ ਦਿਆਂ ਤੇ ਨਾਲੇ ਉਨ੍ਹਾਂ ਦਾ ਟਿਫਨ ਪੈਕ ਕਰ ਦਿਆਂ ਕਿਉਂਕਿ ਹੁਣ ਸ਼ਾਮੀਂ ਪੰਜ ਵਜੇ ਤੋਂ ਬਾਅਦ ਹੀ ਘਰ ਪਰਤਣਗੇ...ਵੇਖ ਲਵੋ ਭੈਣ ਜੀ ਐਤਵਾਰ ਦੀ ਛੁੱਟੀ ਵੀ ਲੇਖੇ ਲੱਗ ਜਾਵੇਗੀ ਅੱਜ ਇਨ੍ਹਾਂ ਦੀ... ਹਾਲੇ ਲੋਕੀਂ ਆਖਦੇ ਨੇ ਮਾਸਟਰ ਵਿਹਲੇ ਨੇ... ।" ਇਹ ਕਹਿ ਕੇ ਗੁਰਪ੍ਰੀਤ ਨੇ ਫੋਨ ਕੱਟ ਦਿੱਤਾ ਤੇ ਰਸੋਈ ਵਿਚ ਆ ਕੇ ਫਿਰ ਆਪਣੇ ਕੰਮ 'ਚ ਜੁਟ ਗਈ।

# ਮੈਡੀਕਲ ਵਿਦਿਆਰਥੀਆਂ ਦਾ ਸੰਘਰਸ਼ ਅਤੇ ਬਾਂਡ ਨੀਤੀ

ਹਰਿਆਣਾ ਸਰਕਾਰ ਦੀ ਵਿਵਾਦ ਵਾਲੀ ਬਾਂਡ ਨੀਤੀ ਦੇ ਖਿਲਾਫ ਐਮ.ਬੀ.ਬੀ.ਐਸ. ਦੇ ਵੱਡੀ ਗਿਣਤੀ ਵਿਦਿਆਰਥੀ ਪਿਛਲੇ ਲੱਗਭੱਗ ਇੱਕ ਮਹੀਨੇ ਤੋਂ ਹੜਤਾਲ ਕਰ ਰਹੇ ਹਨ। ਮੈਡੀਕਲ ਵਿਦਿਆਰਥੀਆਂ ਦੇ ਇਸ ਸੰਘਰਸ਼ ਦੀ ਹਮਾਇਤ 'ਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਹਰਿਆਣਾ (ਆਈ.ਐਮ.ਏ.), ਪੀ.ਜੀ.ਆਈ. ਰੋਹਤਕ ਦੇ ਰੈਜੀਡੈਂਟ ਡਾਕਟਰਾਂ ਸਮੇਤ ਕਈ ਸੰਸਥਾਵਾਂ ਨਿੱਤਰ ਚੁੱਕੀਆਂ ਹਨ। ਇਹ ਸੰਘਰਸ਼ ਹੁਣ ਵਿਸ਼ਾਲ ਰੁਖ ਅਖਤਿਆਰ ਕਰਦਾ ਜਾਪ ਰਿਹਾ ਹੈ।

ਇਸ ਬਾਂਡ ਨੀਤੀ ਅਨੁਸਾਰ ਸਰਕਾਰੀ ਕਾਲਜ਼ਾਂ ਵਿਚ ਐਮ.ਬੀ.ਬੀ.ਐਸ. 'ਚ ਦਾਖਲੇ ਸਮੇਂ ਵਿਦਿਆਰਥੀਆਂ ਨੂੰ ਤਿੰਨ ਧਿਰੀ (ਵਿਦਿਆਰਥੀ, ਬੈਂਕ ਤੇ ਸਰਕਾਰ) ਬਾਂਡ ਭਰਨਾ ਪੈਂਦਾ ਹੈ ਜਿਸ ਵਿਚ ਸਾਫ-ਸਾਫ ਲਿਖਿਆ ਹੁੰਦਾ ਹੈ ਕਿ ਕੋਰਸ ਪੂਰਾ ਕਰਨ ਤੋਂ ਬਾਅਦ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਿਦਿਆਰਥੀ ਸੱਤ ਸਾਲ ਸਰਕਾਰ ਦੇ ਹਸਪਤਾਲਾਂ ਵਿਚ ਡਿਊਟੀ ਕਰਨਗੇ। ਵਿਦਿਆਰਥੀਆਂ ਤੋਂ ਐਮ.ਬੀ.ਬੀ.ਐਸ. ਵਿਚ ਦਾਖਲੇ ਸਮੇਂ ਤਾਂ ਸਿਰਫ ਬਾਂਡ 'ਤੇ ਦਸਤਖਤ ਹੀ ਕਰਵਾਏ ਜਾਂਦੇ ਹਨ ਪਰ ਐਮ.ਬੀ.ਬੀ.ਐਸ. ਪਾਸ ਕਰਨ ਉਪਰੰਤ ਜੇਕਰ ਵਿਦਿਆਰਥੀ ਅਗਲੇ ਸੱਤ ਸਾਲ ਸਰਕਾਰੀ ਸਿਹਤ ਸੰਸਥਾਵਾਂ ਵਿਚ ਨੌਕਰੀ ਕਰਨ ਤੋਂ ਇਨਕਾਰ ਕਰੇਗਾ ਤਾਂ ਉਸ ਨੂੰ ਭਰੇ ਹੋਏ ਬਾਂਡ ਤਹਿਤ 36.40 ਲੱਖ ਰੁਪਏ ਦਾ ਭੁਗਤਾਨ ਕਰਨਾ ਹੋਵੇਗਾ।

ਹਰਿਆਣਾ ਸਰਕਾਰ ਦਾ ਇਸ ਨੀਤੀ ਦੇ ਪਿੱਛੇ ਤਰਕ ਇਹ ਹੈ ਕਿ ਲੋਕਾਂ ਦੇ ਟੈਕਸਾਂ ਨਾਲ ਚੱਲਦੇ ਸਰਕਾਰੀ ਮੈਡੀਕਲ ਕਾਲਜਾਂ ਤੋਂ ਪੜ੍ਹਾਈ ਕਰਨ ਵਾਲੇ ਮੈਡੀਕਲ ਵਿਦਿਆਰਥੀਆਂ 'ਤੇ ਸਰਕਾਰ ਦਾ ਖਰਚਾ ਹੁੰਦਾ ਹੈ, ਇਸ ਲਈ ਡਾਕਟਰਾਂ ਨੂੰ ਸਮਾਜ ਲਈ ਘੱਟੋ-ਘੱਟ 7 ਸਾਲਾਂ ਤੱਕ ਸੇਵਾਵਾਂ ਦੇਣੀਆਂ ਚਾਹੀਦੀਆਂ ਹਨ। ਅਸਲ ਵਿਚ, ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਵਿਦਿਆਰਥੀ ਸਰਕਾਰੀ ਨੌਕਰੀ ਕਰਨ ਤੋਂ ਕਿਉਂ ਭੱਜ ਰਹੇ ਹਨ।

ਕਹਿਣ-ਸੁਣਨ ਨੂੰ ਤਾਂ ਸਰਕਾਰ ਦੀ ਇਹ ਦਲੀਲ ਸੋਹਣੀ ਲੱਗਦੀ ਹੈ ਕਿ ਸਰਕਾਰੀ ਸੰਸਥਾਵਾਂ ਵਿਚ ਪੜ੍ਹੇ ਵਿਦਿਆਰਥੀ 'ਤੇ ਸਰਕਾਰ ਦਾ ਖਰਚ ਹੁੰਦਾ ਹੈ ਪਰ ਥੋੜ੍ਹਾ ਡੂੰਘਾਈ ਨਾਲ ਸੋਚੀਏ ਕਿ ਦੇਸ਼ ਦੇ ਹਰ ਵਿਦਿਆਰਥੀ ਨੂੰ ਵਿੱਦਿਆ ਮੁਹੱਈਆ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਅਤੇ ਵਿਦਿਆਰਥੀ ਦਾ ਹੱਕ ਹੈ। ਇਸ ਵਿਚ ਸਰਕਾਰ 'ਖਾਸ' ਕੀ ਕਰ ਰਹੀ ਹੈ? ਸਰਕਾਰ ਇਸ ਤਰ੍ਹਾਂ ਕਿਉਂ ਜਤਾ ਰਹੀ ਹੈ ਜਿਵੇਂ ਉਹ ਸਰਕਾਰੀ ਕਾਲਜ਼ਾਂ ਵਿਚ ਪੜ੍ਹਾਈ ਕਰਵਾ ਕੇ ਵਿਦਿਆਰਥੀਆਂ 'ਤੇ ਅਹਿਸਾਨ ਕਰ ਰਹੀ ਹੈ। ਸਰਕਾਰ ਨੇ ਮਹਿੰਗੀਆਂ ਫੀਸਾਂ ਤੇ ਨਿਗੂਣੀਆਂ ਸੀਟਾਂ ਨਾਲ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਤਾਂ ਮੈਡੀਕਲ ਖੇਤਰ ਵਿਚੋਂ ਪਹਿਲਾਂ ਹੀ ਬਾਹਰ ਕਰ ਦਿੱਤਾ ਹੈ, ਲੱਗਦਾ ਹੁਣ ਸਰਕਾਰੀ ਕਾਲਜਾਂ ਦੀ ਗ੍ਰਾਂਟ ਵੀ ਸਰਕਾਰ ਦੀਆਂ ਅੱਖਾਂ ਵਿਚ ਰੜਕ ਰਹੀ ਹੈ।




ਹਕੀਕਤ ਇਹ ਹੈ ਕਿ ਨਿੱਜੀਕਰਨ ਦੇ ਇਸ ਦੌਰ ਵਿਚ ਬਾਂਡ ਨੀਤੀ ਨਾਲ ਸਰਕਾਰ ਤੇ ਕਾਰਪੋਰੇਟ ਅਦਾਰੇ ਨਿੱਜੀ ਮੈਡੀਕਲ ਕਾਲਜਾਂ ਦੀ ਸਰਕਾਰੀ ਮੈਡੀਕਲ ਕਾਲਜਾਂ ਦੀਆਂ ਫੀਸਾਂ ਨਾਲ ਤੁਲਨਾ ਕਰ ਕੇ ਸਰਕਾਰੀ ਮੈਡੀਕਲ ਕਾਲਜਾਂ ਦੇ ਵਿਦਿਆਰਥੀਆਂ ਅਤੇ ਸਮਾਜ ਅੱਗੇ ਇਸ ਤਰ੍ਹਾਂ ਪੇਸ਼ ਕਰ ਰਹੇ ਹਨ ਜਿਵੇਂ ਉਹ ਕੋਈ ਬਹੁਤ ਵੱਡਾ ਪਰਉਪਕਾਰ ਕਰ ਰਹੇ ਹਨ। ਨਿੱਜੀਕਰਨ ਨੂੰ ਉਤਸ਼ਾਹਿਤ ਵਿਦਿਆਰਥੀਆਂ ਨੇ ਨਹੀਂ ਕੀਤਾ ਬਲਕਿ ਸਰਕਾਰ ਨੇ ਕੀਤਾ ਤੇ ਇਹ ਨਿੱਜੀਕਰਨ ਦਾ ਕੁਹਾੜਾ ਹੀ ਹੈ ਜੋ ਸਰਕਾਰੀ ਹਸਪਤਾਲਾਂ 'ਤੇ ਚੱਲ ਰਿਹਾ ਹੈ। ਨਿੱਜੀਕਰਨ ਰੋਕੇ ਬਗੈਰ ਸਰਕਾਰੀ ਸਿਹਤ ਸੇਵਾਵਾਂ ਨੂੰ ਪੈਰਾਂ ਸਿਰ ਕਰਨ ਦੀਆਂ ਗੱਲਾਂ ਕਰਨਾ ਸਰਕਾਰ ਦੀ ਡਰਾਮੇਬਾਜੀ ਤੋਂ ਵੱਧ ਕੁਝ ਨਹੀਂ ਹੈ।

ਹਰਿਆਣਾ ਦੀ ਸਰਕਾਰ ਇਹ ਕਿਉਂ ਨਹੀਂ ਸੋਚਦੀ ਹੈ ਕਿ ਜੇ ਕੋਈ ਸਰਕਾਰੀ ਨੌਕਰੀ ਕਰਨ ਤੋਂ ਭੱਜ ਰਿਹਾ ਹੈ ਤਾਂ ਜ਼ਰੂਰ ਇਸ ਪਿੱਛੇ ਕੋਈ ਵੱਡਾ ਕਾਰਨ ਹੋਵੇਗਾ। ਸਰਕਾਰ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਪ੍ਰਾਈਵੇਟ ਖੇਤਰ ਦੇ ਮੁਕਾਬਲੇ ਵੱਧ ਤਨਖਾਹਾਂ, ਭੱਤੇ, ਸਹੂਲਤਾਂ ਦੇ ਕੇ ਸਥਾਈ ਰੁਜ਼ਗਾਰ ਵਾਲਾ ਮਾਹੌਲ ਵਿਕਸਤ ਕਰੇ ਤਾਂ ਡਾਕਟਰ ਖੁਦ ਸਰਕਾਰੀ ਨੌਕਰੀ ਨੂੰ ਤਰਜੀਹ ਦੇਣ ਲੱਗਣਗੇ ਪਰ ਜਦ ਭਰਤੀ ਹੀ ਠੇਕਾ ਆਧਾਰਿਤ ਨਿਗੂਣੀਆਂ ਤਨਖਾਹਾਂ ਤਹਿਤ ਕਰਨੀ ਹੈ ਤਾਂ ਤੁਹਾਡੇ ਭਰਾਏ ਬਾਂਡ ਵੀ ਕਿਸੇ ਨੂੰ ਨਹੀਂ ਰੋਕ ਸਕਣਗੇ। ਬਾਂਡ ਨੀਤੀ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ 36.40 ਲੱਖ ਰੁਪਏ ਵਾਲੇ ਬਾਂਡ ਵਿਚ ਕਿਧਰੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਹੈ ਕਿ ਉਨ੍ਹਾਂ ਨੂੰ ਸੱਤ ਸਾਲ ਰੈਗੂਲਰ ਸਰਕਾਰੀ ਨੌਕਰੀ ਮਿਲੇਗੀ ਜਾਂ ਸਰਕਾਰੀ ਅਦਾਰਿਆਂ ਵਿਚ ਠੇਕੇ 'ਤੇ ਨਿਯੁਕਤੀ ਹੋਣ ਦੀ ਸੰਭਾਵਨਾ ਵਿਚ ਉਨ੍ਹਾਂ ਨੂੰ 'ਬਰਾਬਰ ਕੰਮ, ਬਰਾਬਰ ਤਨਖਾਹ' ਮਿਲੇਗੀ।

ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਡਾਕਟਰਾਂ ਨੂੰ ਸਰਕਾਰੀ ਨੌਕਰੀ ਕਰਨ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ ਤੇ ਡਾਕਟਰਾਂ ਦਾ ਵੀ ਇਹ ਸਮਾਜਿਕ ਫਰਜ਼ ਬਣਦਾ ਹੈ ਕਿ ਉਹ ਕੁਝ ਵਰ੍ਹੇ ਸਰਕਾਰੀ ਹਸਪਤਾਲਾਂ ਵਿਚ ਗਰੀਬ ਲੋਕਾਂ ਦੀ ਸੇਵਾ ਲਈ ਕਾਰਜ ਕਰਨ ਪਰ ਇਹ ਕਿਸੇ 'ਤੇ ਧੱਕੇ ਨਾਲ ਥੋਪਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਕਾਰਜ ਲਈ ਲੋਕ ਪੱਖੀ ਮਹੌਲ ਸਿਰਜਣਾ ਹੋਵੇਗਾ। ਦੂਸਰਾ ਇਹ ਕਿ ਨੁਕਸ ਵਿਦਿਆਰਥੀਆਂ/ਡਾਕਟਰਾਂ ਵਿਚ ਨਹੀਂ ਹੈ ਬਲਕਿ ਨੁਕਸ ਲਾਰਡ ਮੈਕਾਲੇ ਦੀ ਦੇਣ ਇਸ ਸਿੱਖਿਆ ਢਾਂਚੇ ਵਿਚ ਹੈ ਜਿਸ ਨੂੰ ਸ਼ਹੀਦ ਭਗਤ ਸਿੰਘ ਨੇ ਸਿਰਫ ਕਲਰਕ ਪੈਦਾ ਕਰਨ ਤੱਕ ਸੀਮਤ ਦੱਸਿਆ ਸੀ।

ਜਦ ਇਸ ਸਿੱਖਿਆ ਢਾਂਚੇ ਰਾਹੀਂ ਸਰਕਾਰ ਦਾ ਮਕਸਦ ਹੀ ਲੋਕ ਸੇਵਾ ਕਰਨ ਵਾਲੇ ਡਾਕਟਰ ਪੈਦਾ ਕਰਨਾ ਨਹੀਂ ਹੈ ਤਾਂ ਸਰਕਾਰ ਸਿਰਫ ਸਰਕਾਰੀ ਮੈਡੀਕਲ ਕਾਲਜਾਂ ਦੇ ਵਿਦਿਆਰਥੀਆਂ ਨਾਲ ਬੰਧੂਆ ਮਜ਼ਦੂਰਾਂ ਵਰਗਾ ਸਲੂਕ ਕਿਉਂ ਕਰ ਰਹੀ ਹੈ। ਸਰਕਾਰ ਦੇ ਰਵੱਈਏ ਤੋਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਸਰਕਾਰ ਆਪਣੇ ਮੈਡੀਕਲ ਕਾਲਜਾਂ ਵਿਚ ਪੜ੍ਹਾਈ ਕਰਵਾਉਣ ਬਦਲੇ ਡਾਕਟਰਾਂ ਤੋਂ 7 ਸਾਲ ਨਿਗੂਣੀ ਤਣਖਾਹ 'ਤੇ ਕੰਮ ਕਰਵਾਉਣਾ ਆਪਣਾ ਹੱਕ ਸਮਝ ਰਹੀ ਹੋਵੇ।

ਬਾਂਡ ਨੀਤੀ ਦਾ ਮਸਲਾ ਕੋਈ ਵਾਰ ਅਦਾਲਤਾਂ ਵਿਚ ਵੀ ਗਿਆ ਹੈ ਸੁਪਰੀਮ ਕੋਰਟ ਨੇ ਤਿੰਨ ਸਾਲ ਪਹਿਲਾਂ ਦਿੱਤੇ ਫੈਸਲੇ 'ਚ ਕੁਝ ਕੋਰਸਾਂ ਲਈ ਲਗਾਈ ਗਈ ਬਾਂਡ ਨੀਤੀ ਨੂੰ ਬਰਕਰਾਰ ਰੱਖਿਆ ਸੀ।

ਇਹ ਤੱਥ ਹੈ ਕਿ ਸਾਡਾ ਮੁਲਕ ਡਾਕਟਰਾਂ ਦੀ ਵੱਡੀ ਘਾਟ ਨਾਲ ਜੂਝ ਹੈ ਪਰ ਇਹ ਵੀ ਤੱਥ ਹੈ ਕਿ ਭਾਰਤ ਦੁਨੀਆ ਦਾ ਅਜਿਹਾ ਮੁਲਕ ਹੈ ਜਿੱਥੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਨੌਜਵਾਨਾਂ ਦੀ ਐਡੀ ਆਬਾਦੀ ਵਾਲੇ ਮੁਲਕ ਵਿਚ ਡਾਕਟਰਾਂ ਦੀ ਘਾਟ ਦਾ ਕਾਰਨ ਸਰਕਾਰ ਦਾ ਸਿਹਤ ਸਹੂਲਤਾਂ ਵੱਲ ਧਿਆਨ ਨਾ ਦੇਣਾ ਹੈ। ਬਜਟ ਵਿਚ ਰੱਖੀ ਨਿਗੂਣੀ ਰਾਸ਼ੀ ਨਾਲ ਸਿਹਤ ਢਾਂਚਾ ਸੁਧਾਰਿਆ ਨਹੀਂ ਜਾ ਸਕਦਾ ਹੈ। ਦੇਸ਼ ਵਿਚ ਵੱਡੀ ਗਿਣਤੀ ਮੈਡੀਕਲ ਕਾਲਜ, ਹਸਪਤਾਲ ਖੋਲ੍ਹਣ ਦੀ ਲੋੜ ਹੈ ਤਾਂ ਕਿ ਇਸ ਘਾਟ ਨੂੰ ਪੂਰਾ ਕੀਤਾ ਜਾ ਸਕੇ। ਮੈਡੀਕਲ ਕਾਲਜਾਂ ਵਿਚ ਸੀਟਾਂ ਦੀ ਘਾਟ ਕਾਰਨ ਭਾਰਤ ਤੋਂ ਹਜ਼ਾਰਾਂ ਵਿਦਿਆਰਥੀ ਯੂਕਰੇਨ, ਰੂਸ, ਚੀਨ ਵਿਚ ਮੈਡੀਕਲ ਸਿੱਖਿਆ ਹਾਸਲ ਕਰਨ ਲਈ ਜਾ ਰਹੇ ਹਨ। ਐਮ.ਬੀ.ਬੀ.ਐਸ. ਕਰਨ ਵਾਲਾ ਹਰ ਵਿਦਿਆਰਥੀ ਲੱਗਭੱਗ 30 ਲੱਖ ਰੁਪਏ ਯੂਕਰੇਨ ਵਰਗੇ ਮੁਲਕਾਂ ਨੂੰ ਦੇ ਰਿਹਾ ਹੈ ਤੇ ਜੇਕਰ ਭਾਰਤ ਦੇ ਮੈਡੀਕਲ ਕਾਲਜ ਖੋਲ੍ਹੇ ਜਾਣ ਤਾਂ ਇਹ ਪੈਸਾ ਵਿਦੇਸ਼ ਜਾਣ ਤੋਂ ਰੋਕਿਆ ਜਾ ਸਕਦਾ ਹੈ।

ਹਰਿਆਣਾ, ਪੰਜਾਬ ਉਹ ਸੂਬੇ ਹਨ ਜਿਨ੍ਹਾਂ ਦੀਆਂ ਸਰਕਾਰਾਂ ਨੇ ਮੈਡੀਕਲ ਕਾਲਜਾਂ ਵਿਚ ਐਨ.ਆਰ.ਆਈ. ਵਿਦਿਆਰਥੀਆਂ ਲਈ ਮਹਿੰਗੇ ਭਾਅ ਦੀਆਂ ਡੋਨੇਸ਼ਨਾਂ ਅਤੇ ਫੀਸਾਂ ਵਾਲੀਆਂ ਐਨ.ਆਰ.ਆਈ. ਸੀਟਾਂ ਰੱਖੀਆਂ ਹਨ। ਸਰਕਾਰ ਦਾ ਇਸ ਤਰ੍ਹਾਂ ਦੀਆਂ ਸੀਟਾਂ ਦਾ ਮੰਤਵ ਨਿਰੋਲ ਪੈਸਾ ਬਟੋਰਨਾ ਹੀ ਹੈ। ਇਹ ਸਰਕਾਰਾਂ ਆਪਣੇ ਸੂਬੇ/ਦੇਸ਼ ਦੇ ਵਿਦਿਆਰਥੀਆਂ ਨੂੰ ਡਾਕਟਰ ਬਣਾਉਣ ਦੀ ਬਜਾਇ ਪੈਸੇ ਦੇਣ ਵਾਲੇ ਐਨ.ਆਰ.ਆਈ. ਨੂੰ ਸੀਟ ਵੇਚਣਾ ਬਿਹਤਰ ਸਮਝਦੀਆਂ ਹਨ। ਜਦ ਸਰਕਾਰ ਮੁਨਾਫੇ ਲਈ ਸੀਟਾਂ ਵੇਚ ਰਹੀ ਹੈ ਤਾਂ ਉਹ ਕਿਸ ਨੈਤਿਕਤਾ ਨਾਲ ਮੈਡੀਕਲ ਵਿਦਿਆਰਥੀਆਂ ਤੋਂ ਇਹ ਆਸ ਕਰਦੀ ਹੈ ਕਿ ਉਹ ਇੱਥੇ ਕੰਮ ਕਰਨ ਨੂੰ ਤਰਜੀਹ ਦੇਣ।

ਬੇਰੁਜ਼ਗਾਰੀ, ਅਨਿਸ਼ਚਿਤ ਭਵਿੱਖ ਸਮੇਤ ਕਈ ਕਾਰਨਾਂ ਕਰ ਕੇ ਪੰਜਾਬ ਵਿਚ ਇਨ੍ਹੀਂ ਦਿਨੀਂ ਪਰਵਾਸ ਵੱਡਾ ਮੁੱਦਾ ਬਣ ਚੁੱਕਾ ਹੈ। ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਪਿਛਲੇ ਕਈ ਸਾਲਾਂ ਤੋਂ ਪੱਛਮੀ ਮੁਲਕਾਂ ਵਿਚ ਜਾਣ ਨੂੰ ਤਰਜੀਹ ਦੇ ਰਹੇ ਹਨ। 25 ਤੋਂ 30 ਲੱਖ ਰੁਪਏ ਫੀਸਾਂ/ਫੰਡਾਂ ਦੇ ਨਾਲ ਲੈ ਕੇ ਜਹਾਜ਼ ਚੜ੍ਹਨ ਵਾਲੇ ਇਹਨਾਂ ਨੌਜਵਾਨਾਂ ਦੀਆਂ ਸੇਵਾਵਾਂ ਇੱਥੇ ਲੈਣ ਲਈ ਸਰਕਾਰਾਂ ਕੋਈ ਯਤਨ ਨਹੀਂ ਕਰ ਰਹੀਆਂ।

ਪੰਜਾਬ ਸਮੇਤ ਦੇਸ਼ ਭਰ ਵਿਚੋਂ ਵੱਡੀ ਪੱਧਰ 'ਤੇ 'ਬਰੇਨ-ਡਰੇਨ' ਹੋ ਰਿਹਾ ਹੈ। ਨੌਜਵਾਨ ਪੀੜ੍ਹੀ ਦੀ ਜੋ ਲਿਆਕਤ, ਬੁੱਧੀ, ਹੁਨਰ ਸਾਡੇ ਲੋਕਾਂ/ਸਮਾਜ ਦੇ ਕੰਮ ਆਉਣੀ ਸੀ, ਉਹ ਵਿਦੇਸ਼ਾਂ ਵਿਚ ਕੰਮ ਆ ਰਹੀ ਹੈ। ਚਾਹੀਦਾ ਤਾਂ ਇਹ ਹੈ ਕਿ ਸਰਕਾਰਾਂ ਇੱਥੇ ਸਥਾਈ ਰੁਜ਼ਗਾਰ ਦਾ ਪ੍ਰਬੰਧ ਕਰਨ, ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ ਮੁਹੱਈਆ ਕਰਨ, ਲੋਕਾਂ ਨੂੰ ਸਹੂਲਤਾਂ ਵਾਲਾ ਪਾਰਦਰਸ਼ੀ ਢਾਂਚਾ ਵਿਕਸਤ ਕਰਨ ਤਾਂ ਕਿ ਨੌਜਵਾਨ ਇੱਥੇ ਕੰਮ ਕਰਨ ਨੂੰ ਤਰਜੀਹ ਦੇਣ ਪਰ ਸਰਕਾਰਾਂ ਦਾ ਰਵੱਈਆ ਇਸ ਤਰ੍ਹਾਂ ਪ੍ਰਤੀਤ ਨਹੀਂ ਹੋ ਰਿਹਾ ਹੈ। ਪ੍ਰਾਈਵੇਟ ਅਦਾਰਿਆਂ ਵਿਚ ਐਮ.ਬੀ.ਬੀ.ਐਸ. ਕਰਨ ਵਾਲੇ ਵਿਦਿਆਰਥੀਆਂ ਦੇ ਵਿਦੇਸ਼ ਜਾ ਕੇ ਸੇਵਾਵਾਂ ਦੇਣ ਨਾਲ ਵੀ ਸਾਡੇ ਸਮਾਜ ਨੂੰ ਘਾਟਾ ਪੈਂਦਾ ਹੈ ਪਰ ਉਸ ਦਾ ਕਿੱਧਰੇ ਕੋਈ ਜ਼ਿਕਰ ਨਹੀਂ ਕਰ ਰਹੀ।

ਹਕੀਕਤ ਇਹ ਹੈ ਕਿ ਇਸ ਸਮੇਂ ਸਾਡੇ ਦੇਸ਼ ਵਿਚ ਦੋ ਤਰ੍ਹਾਂ ਦੇ ਹਸਪਤਾਲ ਹਨ, ਗਰੀਬਾਂ ਲਈ ਹੋਰ ਹਸਪਤਾਲ ਹਨ ਤੇ ਅਮੀਰਾਂ ਲਈ ਹੋਰ ਹਸਪਤਾਲ ਹਨ। ਡਾਕਟਰਾਂ ਦੀ ਘਾਟ ਕਾਰਨ ਅਮੀਰਾਂ ਦੇ ਹਸਪਤਾਲ ਡਾਕਟਰਾਂ ਨੂੰ ਆਪਣੇ ਵੱਲ ਖਿੱਚ ਰਹੇ ਹਨ।

ਸੋ ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਹਸਪਤਾਲਾਂ ਤੇ ਇਹਨਾਂ ਸੰਸਥਾਵਾਂ ਵਿਚ ਕੰਮ ਕਰਦੇ ਸਟਾਫ ਨੂੰ ਤਨਖਾਹਾਂ ਸਮੇਤ ਬਣਦੀਆਂ ਸਹੂਲਤਾਂ ਮੁਹੱਈਆ ਕਰੇ ਤੇ ਨਿੱਜੀਕਰਨ ਦੀ ਨੀਤੀ ਨੂੰ ਬੰਦ ਕਰ ਕੇ ਇਕਸਾਰ ਸਿਹਤ ਸਹੂਲਤਾਂ ਦਾ ਪ੍ਰਬੰਧ ਕਰੇ। ਜੇਕਰ ਸਰਕਾਰ ਇਸ ਤਰ੍ਹਾਂ ਕਰੇਗੀ ਤਾਂ ਕਿਸੇ ਬਾਂਡ ਨੀਤੀ ਨੂੰ ਥੋਪਣ ਦੀ ਲੋੜ ਨਹੀਂ ਪਵੇਗੀ।

# ਸੰਵਿਧਾਨਕ ਹੱਕ ਤੇ ਅਦਾਲਤਾਂ ਦੇ ਫਰਜ਼

ਚਾਰ ਨਵੰਬਰ ਨੂੰ ਮੀਡੀਆ ਸੰਮੇਲਨ ਦੌਰਾਨ ਕੇਂਦਰੀ ਕਾਨੂੰਨ ਤੇ ਨਿਆਂ ਮੰਤਰੀ ਕਿਰਨ ਰਿਜਿਜੂ ਨੇ ਕੌਲਿਜੀਅਮ ਸਿਸਟਮ ਦੀ ਨੁਕਤਾਚੀਨੀ ਕੀਤੀ ਜਿਸ ਤਹਿਤ ਭਾਰਤ ਦੇ ਚੀਫ ਜਸਟਿਸ ਵਲੋਂ ਸਭ ਤੋਂ ਸੀਨੀਅਰ ਜੱਜਾਂ ਨਾਲ ਸਲਾਹ ਮਸ਼ਵਰਾ ਕਰ ਕੇ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ। ਕੇਂਦਰੀ ਮੰਤਰੀ ਦਾ ਕਹਿਣਾ ਹੈ ਕਿ ਕੌਲਿਜੀਅਮ ਸਿਸਟਮ 'ਅਸਪੱਸ਼ਟ' ਹੈ ਅਤੇ 'ਜਵਾਬਦੇਹ

**ਰੇਖਾ ਸ਼ਰਮਾ**
**ਫੋਨ: +91-98713-00025**

ਨਹੀਂ' ਹੈ। ਉਨ੍ਹਾਂ ਇਹ ਵੀ ਆਖਿਆ ਕਿ ਸੁਪਰੀਮ ਕੋਰਟ ਵਲੋਂ ਨੈਸ਼ਨਲ ਜੁਡੀਸ਼ਲ ਅਪਾਇੰਟਮੈਂਟ ਕਮਿਸ਼ਨ ਐਕਟ (ਐੱਨ.ਜੇ.ਏ.ਸੀ.)-2014 ਰੱਦ ਕਰ ਦੇਣ ਤੋਂ ਬਾਅਦ ਸਰਕਾਰ ਕੋਈ ਹੋਰ ਕਦਮ ਵੀ ਚੁੱਕ ਸਕਦੀ ਸੀ। ਇਸ ਨੇ ਸਰਬਉਚ ਅਦਾਲਤ ਦੇ ਫ਼ੈਸਲੇ ਦਾ ਸਤਿਕਾਰ ਕੀਤਾ ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਸਰਕਾਰ ਹਮੇਸ਼ਾ ਚੁੱਪ ਕਰ ਕੇ ਬੈਠੀ ਰਹੇਗੀ। ਅਜਿਹੇ ਵਕਤ ਜਦੋਂ ਬਹੁਤ ਸਾਰੇ ਸੁਤੰਤਰ ਅਦਾਰੇ ਦਬਾਓ ਹੇਠ ਹਨ ਤਾਂ ਇਸ ਕਿਸਮ ਦੀ ਬਿਆਨਬਾਜ਼ੀ ਬਾਰੇ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

ਸੰਵਿਧਾਨ ਤਹਿਤ ਕਿਸੇ ਕਾਨੂੰਨ ਦੀ ਨਿਆਂਇਕ ਸਮੀਖਿਆ ਦਾ ਅਧਿਕਾਰ ਸੁਪਰੀਮ ਕੋਰਟ ਕੋਲ ਹੈ। ਜਦੋਂ ਤੱਕ ਅਦਾਲਤ ਜਾਂ ਪਾਰਲੀਮੈਂਟ ਵਲੋਂ ਐੱਨ.ਜੇ.ਏ.ਸੀ. ਬਾਰੇ ਫ਼ੈਸਲੇ ਨੂੰ ਉਲਟਾ ਨਹੀਂ ਦਿੱਤਾ ਜਾਂਦਾ ਤਦ ਤੱਕ ਇਸ ਨੂੰ ਦਿਲੋਂ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਮਨ ਮਾਰ ਕੇ ਜਿਵੇਂ ਦੇਖਣ ਵਿਚ ਆਇਆ ਹੈ।

ਬਿਨਾ ਸ਼ੱਕ, ਕੌਲਿਜੀਅਮ ਸਿਸਟਮ ਵਿਚ ਸਭ ਕੁਝ ਗ਼ਲਤ ਮਲਤ ਨਹੀਂ ਸੀ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੀਤੇ ਸਮੇਂ ਵਿਚ ਹੋਈਆ ਕੁਝ ਤਰੱਕੀਆਂ 'ਤੇ ਕਈ ਲੋਕਾਂ ਨੂੰ ਹੈਰਾਨੀ ਹੋਈ ਸੀ। ਅਜਿਹੇ ਕੇਸ ਸਾਹਮਣੇ ਆਏ ਸਨ ਜਦੋਂ ਮੈਰਿਟ ਨੂੰ ਅੱਖੋਂ ਪਰੋਖੇ ਕਰ ਕੇ ਸੁਪਰੀਮ ਕੋਰਟ ਦੇ ਜੱਜਾਂ ਦੇ ਰਿਸ਼ਤੇਦਾਰਾਂ ਨੂੰ ਹਾਈ ਕੋਰਟ ਦੇ ਜੱਜ ਨਿਯੁਕਤ ਕੀਤਾ ਗਿਆ ਸੀ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਜਦੋਂ ਕੌਲਿਜੀਅਮ ਵੱਲੋਂ ਕਿਸੇ ਵਾਜਬ ਆਧਾਰ ਤੋਂ ਬਿਨਾ ਹੀ ਜੱਜਾਂ ਦੇ ਤਬਾਦਲੇ ਕੀਤੇ ਗਏ ਸਨ। ਕੋਈ ਨਹੀਂ ਜਾਣਦਾ ਕਿ ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਦੇ ਕਾਰਜਕਾਲ ਦੌਰਾਨ ਕਈ ਚੀਫ ਜਸਟਿਸਾਂ ਅਤੇ ਸੀਨੀਅਰ ਜੱਜਾਂ ਦੇ ਦਾਅਵਿਆਂ ਨੂੰ ਨਜ਼ਰਅੰਦਾਜ਼ ਕਰ ਕੇ ਹਾਈ ਕੋਰਟ ਦੇ ਦੋ ਜੱਜਾਂ ਜਿਨ੍ਹਾਂ ਦੇ ਨਾਂ ਕੁੱਲ ਹਿੰਦ ਸੀਨੀਆਰਤਾ ਸੂਚੀ ਵਿਚ 21ਵੇਂ ਤੇ 23ਵੇਂ ਨੰਬਰ 'ਤੇ ਸਨ, ਨੂੰ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਕੀਤਾ ਗਿਆ ਸੀ।

ਸਬਬ ਨਾਲ ਇਹ ਨਿਯੁਕਤੀਆਂ ਕਰਨ ਵਿਚ ਸਰਕਾਰ ਦਾ ਵੀ ਹੱਥ ਸੀ। ਸਰਕਾਰ ਇਹ ਪਤਾ ਕਰਾਉਣ ਲਈ ਇਨ੍ਹਾਂ ਜੱਜਾਂ ਦੀਆਂ ਫਾਈਲਾਂ ਕੌਲਿਜੀਅਮ ਨੂੰ ਵਾਪਸ ਭੇਜ ਸਕਦੀ ਸੀ ਕਿ ਇੰਨੇ ਵੱਡੇ ਪੱਧਰ 'ਤੇ ਸੀਨੀਆਰਤਾ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ। ਇਸੇ ਪ੍ਰਸੰਗ ਵਿਚ ਜਸਟਿਸ ਅਕੀਲ ਕੁਰੈਸ਼ੀ ਦੇ ਕੇਸ 'ਤੇ ਗ਼ੌਰ ਕਰੋ ਜੋ ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਸੇਵਾਮੁਕਤ ਹੋ ਗਏ ਪਰ ਉਨ੍ਹਾਂ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰਨ ਲਈ ਉਨ੍ਹਾਂ ਦੇ ਨਾਂ ਦੀ ਸਿਫ਼ਾਰਸ਼ ਨਹੀਂ ਕੀਤੀ ਗਈ ਹਾਲਾਂਕਿ ਉਹ ਕੁੱਲ ਹਿੰਦ ਸੀਨੀਆਰਤਾ ਸੂਚੀ ਵਿਚ ਸਭ ਤੋਂ ਉਪਰ ਸਨ; ਇਸ ਤੋਂ ਇਲਾਵਾ ਸੁਣਨ ਵਿਚ ਆਇਆ ਸੀ ਕਿ ਕੌਲਿਜੀਅਮ ਦੇ ਇਕ ਮੈਂਬਰ ਵੱਲੋਂ ਜਸਟਿਸ ਕੁਰੈਸ਼ੀ ਦਾ ਨਾਂ ਅੱਖੋਂ ਪਰੋਖੇ ਕੀਤੇ ਜਾਣ ਨੂੰ ਲੈ ਕੇ ਇਤਰਾਜ਼ ਕੀਤਾ ਗਿਆ ਸੀ।

ਸਰਕਾਰ ਨੇ ਇਸ 'ਤੇ ਕੋਈ ਉਜ਼ਰ ਨਹੀਂ ਕੀਤਾ ਤੇ ਨਾ ਹੀ ਕੋਈ ਸਪੱਸ਼ਟੀਕਰਨ ਮੰਗਿਆ ਕਿ ਆਖ਼ਿਰ ਜਸਟਿਸ ਕੁਰੈਸ਼ੀ ਦੇ ਨਾਂ ਦੀ ਸਿਫ਼ਾਰਸ਼ ਕਿਉਂ ਨਹੀਂ ਕੀਤੀ ਗਈ। ਇਸੇ ਤਰ੍ਹਾਂ ਦਿੱਲੀ ਹਾਈ ਕੋਰਟ ਦੇ ਜਸਟਿਸ ਮੁਰਲੀਧਰ ਨੂੰ ਰਾਤੋ-ਰਾਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਤਬਦੀਲ ਕਰ ਦਿੱਤਾ ਗਿਆ ਤੇ ਜਿਸ ਦਾ ਜ਼ਾਹਰਾ ਕਾਰਨ ਇਹ ਨਜ਼ਰ ਆ ਰਿਹਾ ਸੀ ਕਿ ਉਨ੍ਹਾਂ ਨਫ਼ਰਤੀ ਭਾਸ਼ਣ ਕਰਨ ਵਾਲੇ ਭਾਜਪਾ ਦੇ ਆਗੂਆਂ ਖਿਲਾਫ਼ ਐੱਫ.ਆਈ.ਆਰ. ਦਰਜ ਕਰਨ ਤੋਂ ਟਾਲਮਟੋਲ ਕਰ ਰਹੀ ਦਿੱਲੀ ਪੁਲੀਸ ਨੂੰ ਲੰਮੇ ਹੱਥੀਂ ਲਿਆ ਸੀ। ਉਨ੍ਹਾਂ ਦੇ ਤਬਾਦਲੇ ਦਾ ਨੋਟੀਫਿਕੇਸ਼ਨ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ। ਇਨ੍ਹਾਂ ਤੋਂ ਇਲਾਵਾ ਯੂ.ਆਰ. ਲਲਿਤ, ਆਰ.ਐੱਨ. ਅਗਰਵਾਲ, ਐੱਸ. ਰੰਗਰਾਜਨ, ਐੱਸ.ਐੱਚ. ਸੇਠ ਅਤੇ ਕਈ ਹੋਰ ਜੱਜਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਜਿਨ੍ਹਾਂ ਨੂੰ ਸਟੇਟ/ਰਿਆਸਤ ਦੇ ਹੁਕਮਾਂ 'ਤੇ ਅਤੇ ਸੁਪਰੀਮ ਕੋਰਟ ਦੀ ਕਮਜ਼ੋਰੀ ਕਰ ਕੇ ਸੰਤਾਪ ਝੱਲਣਾ ਪਿਆ ਪਰ ਉਹ ਆਪਣੇ ਅਹੁਦੇ ਦੇ ਹਲਫ਼ 'ਤੇ ਡਟ ਕੇ ਪਹਿਰਾ ਦਿੰਦੇ ਰਹੇ।

ਐੱਨ.ਜੇ.ਏ.ਸੀ. ਦਾ ਫ਼ੈਸਲਾ ਸੁਣਾਉਂਦੇ ਹੋਏ ਸੁਪਰੀਮ ਕੋਰਟ ਨੇ ਇਹ ਤੈਅ ਕੀਤਾ ਸੀ ਕਿ ਭਾਰਤ ਦੇ ਚੀਫ ਜਸਟਿਸ ਸੀਨੀਅਰ ਜੱਜਾਂ ਨਾਲ ਸਲਾਹ ਮਸ਼ਵਰਾ ਕਰ ਕੇ ਇਹ ਜਾਣਨ ਅਤੇ ਜਾਇਜ਼ਾ ਲੈਣ ਦੇ ਪੂਰੀ ਤਰ੍ਹਾਂ ਸਮੱਰਥ ਹਨ ਕਿ ਕੋਈ ਉਮੀਦਵਾਰ ਸੁਪਰੀਮ ਕੋਰਟ ਜਾਂ ਹਾਈ ਕੋਰਟ ਦਾ ਜੱਜ ਨਿਯੁਕਤ ਕਰਨ ਦੇ ਯੋਗ ਹੈ ਜਾਂ ਨਹੀਂ ਜਿਸ ਕਰ ਕੇ ਕੌਲਿਜੀਅਮ ਦੇ ਮੋਢਿਆਂ 'ਤੇ ਇਹ ਯਕੀਨੀ ਬਣਾਉਣ ਲਈ ਵੱਡਾ ਭਾਰ ਪੈ ਗਿਆ ਸੀ ਕਿ ਉਨ੍ਹਾਂ ਦੀਆਂ ਸਿਫਾਰਸ਼ਾਂ ਕਿਸੇ ਵੀ ਤਰ੍ਹਾਂ ਦੇ ਪੱਖਪਾਤ, ਦਵੈਸ਼ ਜਾਂ ਤਰਫ਼ਦਾਰੀ ਤੋਂ ਮੁਕਤ ਹੋਣ। ਇਸ ਗੱਲ ਦੀ ਸੁਹਿਰਦਤਾ ਨਾਲ ਉਮੀਦ ਕੀਤੀ ਗਈ ਸੀ ਕਿ ਕੌਲਿਜੀਅਮ ਵਧੇਰੇ ਪਾਰਦਰਸ਼ੀ ਢੰਗ ਨਾਲ ਕੰਮ ਕਰੇਗਾ।

ਇਹ ਵੀ ਪਤਾ ਲੱਗਿਆ ਹੈ ਕਿ ਕਾਨੂੰਨ ਮੰਤਰੀ ਨੇ ਇਹ ਵੀ ਪੁੱਛਿਆ ਹੈ ਕਿ ਸੁਪਰੀਮ ਕੋਰਟ ਜ਼ਮਾਨਤ ਅਰਜ਼ੀਆਂ ਦੇ ਮਾਮਲੇ ਵਿਚ ਕਿਉਂ ਉਲਝ ਰਹੀ ਹੈ ਜਦੋਂਕਿ ਸਰਕਾਰ ਨੇ ਇਹ ਆਖ ਦਿੱਤਾ ਸੀ ਕਿ ਉਹ ਦੇਸ਼ਧ੍ਰੋਹ ਬਾਰੇ ਧਾਰਾ ਦਾ ਜਾਇਜ਼ਾ ਲਵੇਗੀ ਤਾਂ ਕਿਉਂ ਇਸ ਨੇ ਦੇਸ਼ਧ੍ਰੋਹ ਦੇ ਕਾਨੂੰਨ ਉਪਰ ਰੋਕ ਲਗਾਈ ਸੀ। ਮੰਤਰੀ ਨੇ ਆਖਿਆ, "ਹਰ ਕਿਸੇ ਲਈ ਲਛਮਣ ਰੇਖਾ ਹੈ। ਰਾਸ਼ਟਰ ਹਿੱਤ ਵਿਚ ਲਛਮਣ ਰੇਖਾ ਦੀ ਉਲੰਘਣਾ ਨਾ ਕਰੋ।" ਮੰਤਰੀ ਜੀ ਸ਼ਾਇਦ ਇਹ ਭੁੱਲ ਗਏ ਹਨ ਕਿ ਸੰਵਿਧਾਨ ਵਿਚ ਲੋਕਾਂ ਦੇ ਸੰਵਿਧਾਨਕ ਹੱਕਾਂ ਖ਼ਾਸਕਰ ਧਾਰਾ 21 ਤਹਿਤ ਦਰਜ ਜੀਵਨ ਤੇ ਸੰਪਤੀ ਦੇ ਅਧਿਕਾਰ ਦੀ ਰਾਖੀ ਦਾ ਜ਼ਿੰਮਾ ਸੁਪਰੀਮ ਕੋਰਟ ਨੂੰ ਸੌਂਪਿਆ ਗਿਆ ਹੈ। ਅਜਿਹੇ ਸਮਿਆਂ ਵਿਚ ਜਦੋਂ ਕਿਸੇ ਸ਼ਖ਼ਸ ਵੱਲੋਂ ਕੋਈ ਵੀਡਿਓ ਸਾਂਝੀ ਕਰਨ 'ਤੇ ਐੱਫ.ਆਈ.ਆਰ. ਦਰਜ ਕਰ ਲਈ ਜਾਂਦੀ ਹੈ, 'ਜੈ ਸ੍ਰੀ ਰਾਮ' ਨਾ ਬੋਲਣ 'ਤੇ ਕਿਸੇ ਦੀ ਸ਼ਰੇਆਮ ਕੁੱਟਮਾਰ ਕਰ ਦਿੱਤੀ ਜਾਂਦੀ ਹੈ, ਸਰਕਾਰ ਖਿਲਾਫ਼ ਕਿਸੇ ਦੇ ਇਕ ਟਵੀਟ, ਬੋਲ ਜਾਂ ਲੇਖ ਨੂੰ ਦੇਸ਼ਧ੍ਰੋਹ ਦੀ ਸੰਗਿਆ ਦਿੱਤੀ ਜਾ ਰਹੀ ਹੈ ਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹੋਣ ਤਾਂ ਅਦਾਲਤਾਂ ਖ਼ਾਸਕਰ ਸੁਪਰੀਮ ਕੋਰਟ ਦਾ ਇਹ ਬੁਨਿਆਦੀ ਫਰਜ਼ ਬਣਦਾ ਹੈ ਕਿ ਉਹ ਲੋਕਾਂ ਦੇ ਬਚਾਓ ਲਈ ਅੱਗੇ ਆਉਣ। ਦਰਅਸਲ, ਸੁਪਰੀਮ ਕੋਰਟ ਨੂੰ ਪੀੜਤਾਂ ਨੂੰ ਮੋੜਨ (ਜਿਵੇਂ ਆਖਿਆ ਜਾ ਰਿਹਾ ਹੈ) ਦੀ ਬਜਾਇ ਜ਼ਮਾਨਤ ਅਰਜ਼ੀਆਂ 'ਤੇ ਸੁਣਵਾਈ ਕਰਨ ਲਈ ਹੋਰ ਜ਼ਿਆਦਾ ਸਰਗਰਮ ਹੋਣ ਦੀ ਲੋੜ ਹੈ।

ਸਮੇਂ ਦੀ ਮੰਗ ਹੈ ਕਿ ਨਿਆਂਪਾਲਿਕਾ ਆਪਣੇ ਪੈਰਾਂ 'ਤੇ ਖਲੋ ਕੇ ਇਨ੍ਹਾਂ ਹਮਲਿਆਂ ਦਾ ਜਵਾਬ ਦੇਵੇ ਜਦਕਿ ਸਾਨੂੰ ਨਾਗਰਿਕਾਂ ਨੂੰ ਇਹ ਆਸ ਅਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਕੋਈ ਵੀ ਸ਼ਕਤੀ ਸਾਡੇ ਨਾਗਰਿਕਾਂ ਦੀ ਰਾਖੀ ਕਰਨ ਵਾਲੇ ਇਸ ਇਕਮਾਤਰ ਅਦਾਰੇ ਨੂੰ ਆਪਣੀ ਧੁਰੀ ਤੋਂ ਹਿਲਾ ਨਾ ਸਕੇ।

# ਸਰਮਾਏ ਦਾ ਸਾਮਰਾਜ

ਸਵਰਾਜਬੀਰ

ਵਿਸ਼ਵੀਕਰਨ ਨੇ ਸਰਮਾਏ ਦਾ ਅਜਿਹਾ ਸਾਮਰਾਜ (ਐਂਪਾਇਰ) ਪੈਦਾ ਕੀਤਾ ਹੈ ਕਿ ਮਨੁੱਖਤਾ ਦੀ ਸਾਰੀ ਕਿਰਤ ਤੇ ਸਿਰਜਣ ਸ਼ਕਤੀ ਇਸ ਦੇ ਅਧੀਨ ਹੋ ਗਈ ਹੈ। ਇਸ ਸਾਮਰਾਜ ਵਿਚ ਮਨੁੱਖ ਬਹੁਤ ਤੇਜ਼ੀ ਨਾਲ ਟੁੱਟ ਰਿਹਾ ਹੈ। ਜਾਗੀਰਦਾਰੀ ਸਮਾਜ ਵਿਚ ਮਨੁੱਖ ਨੂੰ ਆਪਣੀ ਦਰਜਾ-ਬ-ਦਰਜਾ ਹੋਂਦ ਦਾ ਪਤਾ ਸੀ: ਦੱਬੇ-ਕੁਚਲੇ ਲੋਕ ਜਾਂ ਤਾਂ ਆਪਣੀ ਸਮਾਜਿਕ-ਆਰਥਿਕ ਸਥਿਤੀ ਸਵੀਕਾਰ ਕਰ ਲੈਂਦੇ ਜਾਂ ਉਸ ਵਿਰੁੱਧ ਲੜਦੇ ਜਾਂ ਦੁਚਿੱਤੀ ਵਿਚ ਰਹਿੰਦੇ ਸਨ। ਉੱਭਰ ਰਹੀ ਸਰਮਾਏਦਾਰੀ ਨੇ ਜਾਗੀਰਦਾਰੀ ਬੰਧਨ ਤੋੜੇ। ਨਵੇਂ ਨਿਜ਼ਾਮ ਵਿਚ ਮਨੁੱਖ ਕਿਤੇ ਵੀ ਕੰਮ ਕਰਨ ਅਤੇ ਆਪਣੀ ਕਿਰਤ-ਸ਼ਕਤੀ ਨੂੰ ਆਪਣੇ ਤਰੀਕੇ ਨਾਲ ਵੇਚਣ ਲਈ ਆਜ਼ਾਦ ਸੀ। ਆਜ਼ਾਦ ਹੋਈ ਕਿਰਤ-ਸ਼ਕਤੀ ਨੂੰ ਸਰਮਾਏਦਾਰ ਜਮਾਤ ਨੇ ਆਪਣਾ ਸਰਮਾਇਆ ਵਧਾਉਣ ਲਈ ਵਰਤਿਆ, ਵਿਗਿਆਨਕ ਖੋਜਾਂ ਹੋਈਆਂ, ਕਾਰਖਾਨੇ ਲੱਗੇ, ਕੋਲਾ, ਲੋਹਾ ਤੇ ਹੋਰ ਧਾਤਾਂ ਦਾ ਖਣਨ ਤੇਜ਼ੀ ਨਾਲ ਹੋਇਆ ਅਤੇ ਨਵੀਂ ਦੁਨੀਆ ਉਸਰੀ। ਵਿਕਾਸ ਵਿਚ ਵੱਡੀਆਂ ਛਾਲਾਂ ਮਾਰ ਗਏ ਦੇਸ਼ਾਂ ਦੀ ਕੁਦਰਤੀ ਖ਼ਜ਼ਾਨਿਆਂ ਲਈ ਭੁੱਖੀ ਸਰਮਾਏਦਾਰ ਜਮਾਤ ਨੇ ਏਸ਼ੀਆ ਤੇ ਅਫ਼ਰੀਕਾ ਦੇ ਦੇਸ਼ਾਂ ਨੂੰ ਗ਼ੁਲਾਮ ਬਣਾਇਆ। ਲੁੱਟ ਦੇ ਪੈਸੇ ਨਾਲ ਯੂਰਪ ਵਿਗਿਆਨਕ ਖੋਜ, ਸਨਅਤਾਂ, ਕਲਾ, ਸੱਭਿਆਚਾਰ ਅਤੇ ਸੋਚ-ਸਮਝ ਦਾ ਘਰ ਬਣ ਗਿਆ। ਉਨ੍ਹਾਂ ਸਮਿਆਂ ਵਿਚ ਇਹ ਸੋਚ ਵੀ ਉੱਭਰੀ ਕਿ ਸਨਅਤਾਂ ਵਿਚ ਕੰਮ ਕਰ ਰਹੀ ਮਜ਼ਦੂਰ ਜਮਾਤ ਮਨੁੱਖਤਾ ਨੂੰ ਸਰਮਾਏਦਾਰੀ ਨਿਜ਼ਾਮਾਂ ਤੋਂ ਆਜ਼ਾਦ ਕਰਵਾ ਲਵੇਗੀ। ਰੂਸ, ਚੀਨ ਤੇ ਹੋਰ ਦੇਸ਼ਾਂ ਵਿਚ ਹੋਏ ਇਨਕਲਾਬਾਂ ਨਾਲ ਇਹ ਸੁਪਨਾ ਪੂਰਾ ਹੁੰਦਾ ਵੀ ਦਿਸਿਆ ਪਰ ਸਰਮਾਏ ਦਾ ਸਾਮਰਾਜ ਏਨੀ ਤੇਜ਼ੀ ਨਾਲ ਵਧਿਆ ਕਿ ਇਨ੍ਹਾਂ ਦੇਸ਼ਾਂ ਵਿਚ ਪੈਦਾ ਹੋਈ ਸਾਂਝੀਵਾਲਤਾ ਅਤੇ ਸਮਾਜਿਕ ਤੇ ਆਰਥਿਕ ਬਰਾਬਰੀ ਦੇ ਸੁਪਨੇ ਖੇਰੂੰ-ਖੇਰੂੰ ਹੋ ਗਏ।

ਜਿਵੇਂ ਬਸਤੀਵਾਦੀ ਸਮਿਆਂ ਦੌਰਾਨ ਬਸਤੀਵਾਦ ਨੇ ਗ਼ੁਲਾਮ ਹੋਏ ਦੇਸ਼ਾਂ ਦੇ ਲੋਕਾਂ ਤੋਂ ਮਨੁੱਖਤਾ ਖੋਹ ਲਈ ਸੀ, ਉਸੇ ਤਰ੍ਹਾਂ ਸਰਮਾਏ ਦਾ ਮੌਜੂਦਾ ਸਾਮਰਾਜ ਸਾਰੀ ਦੁਨੀਆ ਦੇ ਲੋਕਾਂ ਨੂੰ ਮਨੁੱਖਤਾ ਤੋਂ ਵਿਛੁੰਨਿਆ ਕਰਨ ਦੇ ਰਾਹੇ ਪਿਆ ਹੋਇਆ ਹੈ। ਬਸਤੀਵਾਦ ਦੌਰਾਨ ਗ਼ੁਲਾਮ ਹੋਏ ਦੇਸ਼ਾਂ ਦੇ ਲੋਕਾਂ ਕੋਲ ਆਪਣੀ ਗ਼ੁਲਾਮੀ ਦਾ ਜੂਲਾ ਲਾਹ ਦੇਣ ਅਤੇ ਆਪਣੀ ਮਨੁੱਖਤਾ ਨੂੰ ਪੁਨਰ-ਸਿਰਜਣ ਦਾ ਸੁਪਨਾ ਸੀ ਪਰ ਸਰਮਾਏ ਦੇ ਅਜੋਕੇ ਸਾਮਰਾਜ ਨੇ ਮਨੁੱਖ ਨੂੰ ਧੁਰ ਅੰਦਰੋਂ ਤੋੜ ਕੇ ਅੰਤਾਂ ਦਾ ਇਕੱਲਾ ਕਰ ਦਿੱਤਾ ਹੈ, ਘਰ-ਪਰਿਵਾਰ, ਯਾਰੀਆਂ-ਦੋਸਤੀਆਂ, ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨਾਲ ਮਨੁੱਖ ਦਾ ਮੋਹ, ਭਾਈਚਾਰਕ ਸਾਂਝਾਂ, ਇਨ੍ਹਾਂ ਚੀਜ਼ਾਂ ਦੇ ਕੋਈ ਅਰਥ ਨਹੀਂ ਰਹੇ। ਇਸ ਸਾਮਰਾਜ ਦੇ ਅਰਥ ਕੁਝ ਸਿਖ਼ਰਲੇ ਅਮੀਰਾਂ ਲਈ ਪੈਸਾ ਅਤੇ ਬਾਕੀਆਂ ਲਈ ਪੈਸੇ ਰਾਹੀਂ ਕਾਇਮ ਕੀਤਾ ਗਿਆ ਅੱਖਾਂ ਚੁੰਧਿਆ ਦੇਣ ਵਾਲਾ ਇਕ ਅਜਿਹਾ ਹਕੀਕੀ ਦ੍ਰਿਸ਼ ਹੈ ਜਿਸ ਵਿਚ ਲੋਕਾਈ ਲਈ ਇਹ ਭਰਮ ਪੈਦਾ ਕੀਤਾ ਗਿਆ ਹੈ ਕਿ ਇਹ ਸਭ ਕੁਝ ਤੁਹਾਡਾ ਹੈ, ਜੇ ਤੁਸੀਂ ਸਮਰੱਥ ਹੋ ਤਾਂ ਇਸ ਦੀ ਸਿਖ਼ਰ 'ਤੇ ਪਹੁੰਚ ਸਕਦੇ ਹੋ ਅਤੇ ਕੁਝ ਵਿਅਕਤੀ ਸਿਖ਼ਰ 'ਤੇ ਪਹੁੰਚਦੇ ਵੀ ਹਨ ਪਰ ਲੋਕਾਈ ਦੇ ਬਹੁਤ ਵੱਡੇ ਹਿੱਸੇ ਨੂੰ ਹੱਡ-ਭੰਨਵੀਂ ਮਿਹਨਤ ਕਰਨ ਦੇ ਨਾਲ ਨਾਲ ਇੰਨਾ ਨਿਮਾਣਾ ਤੇ ਨਿਤਾਣਾ ਬਣਾ ਦਿੱਤਾ ਗਿਆ ਹੈ ਕਿ ਉਹ ਆਪਣੇ ਸਮਾਜਿਕ, ਸੱਭਿਆਚਾਰਕ ਤੇ ਮਨੁੱਖੀ ਵਾਸਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ।

ਇਹ ਸਾਮਰਾਜ ਸਭ ਦੇ ਸਾਹਮਣੇ ਹੈ; ਦੁਨੀਆ ਦੇ ਮਹਾਂਨਗਰਾਂ 'ਚ ਆਸਮਾਨ ਛੂੰਹਦੀਆਂ ਇਮਾਰਤਾਂ ਤੋਂ ਲੈ ਕੇ ਧਾਤਾਂ ਦੀਆਂ ਖਾਣਾਂ ਦੀ ਡੂੰਘਾਈ ਤਕ ਪਸਰਿਆ ਹੋਇਆ। ਜੇ ਇਹ ਸਰਮਾਇਆ ਸਾਰੀ ਲੋਕਾਈ ਵਿਚ ਨਿਆਂਪੂਰਨ ਢੰਗ ਨਾਲ ਵੰਡਿਆ ਜਾਵੇ ਤਾਂ ਹਰ ਮਨੁੱਖ ਨੂੰ ਮਾਣ-ਸਨਮਾਨ ਨਾਲ ਜਿਊਣ ਦੇ ਵਸੀਲੇ ਮਿਲ ਸਕਦੇ ਹਨ ਪਰ ਇਸ ਸਾਮਰਾਜ ਦੀ ਅਣਮਨੁੱਖਤਾ ਇਸ ਵਿਚਲੀ ਵਿਆਪਕ ਨਾ-ਬਰਾਬਰੀ ਵਿਚ ਪਈ ਹੈ। ਔਕਸਫੈਮ ਅਤੇ ਹੋਰ ਕਈ ਅੰਤਰਰਾਸ਼ਟਰੀ ਸੰਸਥਾਵਾਂ ਦੇ ਇਕੱਠੇ ਕੀਤੇ ਅੰਕੜੇ ਅਨੇਕ ਵਾਰ ਦੁਹਰਾਏ ਜਾ ਚੁੱਕੇ ਹਨ ਜਿਵੇਂ ਕਿ ਦੁਨੀਆ ਦੇ 10 ਫ਼ੀਸਦੀ ਸਿਖ਼ਰਲੇ ਅਮੀਰਾਂ ਕੋਲ ਸੰਸਾਰ ਦੇ ਕੁੱਲ ਸਰਮਾਏ ਦਾ 76 ਫ਼ੀਸਦੀ ਹਿੱਸਾ ਹੈ; 1995 ਤੋਂ ਬਾਅਦ ਕਮਾਈ ਗਈ ਦੌਲਤ ਦਾ ਇਕ-ਤਿਹਾਈ (33%) ਹਿੱਸਾ ਸਿਖ਼ਰਲੇ ਇਕ ਫ਼ੀਸਦੀ ਅਮੀਰਾਂ ਨੂੰ ਪ੍ਰਾਪਤ ਹੋਇਆ ਜਦੋਂਕਿ ਹੇਠਲੇ ਦਰਜੇ ਦੇ 50 ਫ਼ੀਸਦੀ ਨੂੰ ਇਸ 'ਚੋਂ ਸਿਰਫ਼ 2 ਫ਼ੀਸਦੀ ਹੀ ਮਿਲਿਆ ਹੈ। ਇਸ ਦੇ ਅਰਥ ਇਹ ਹਨ ਕਿ ਹੇਠਲੇ 50 ਫ਼ੀਸਦੀ ਲੋਕ ਚੰਗੇ ਘਰਾਂ ਦੇ ਨਿਰਮਾਣ, ਵਧੀਆ ਸਿਹਤ ਸਹੂਲਤਾਂ ਅਤੇ ਬੱਚਿਆਂ ਲਈ ਉੱਚ-ਪੱਧਰੀ ਵਿੱਦਿਆ ਬਾਰੇ ਸੋਚ ਹੀ ਨਹੀਂ ਸਕਦੇ। ਉਨ੍ਹਾਂ ਦੇ ਜੀਵਨ ਨੂੰ ਥੁੜ੍ਹਾਂ ਮਾਰੇ ਅਲਪ-ਜੀਵਨ ਵਿਚ ਬਦਲਿਆ ਜਾ ਰਿਹਾ ਹੈ।

ਯੂਰਪ ਦੇ ਦੇਸ਼ਾਂ ਵਿਚ ਨਾ-ਬਰਾਬਰੀ ਸਭ ਤੋਂ ਘੱਟ ਹੈ; ਉੱਥੇ ਸਿਖ਼ਰਲੇ 10 ਫ਼ੀਸਦੀ ਅਮੀਰਾਂ ਨੂੰ ਯੂਰਪ ਦੀ ਆਮਦਨ ਦਾ 36 ਫ਼ੀਸਦੀ ਹਿੱਸਾ ਮਿਲਦਾ ਹੈ ਜਦੋਂਕਿ 64 ਫ਼ੀਸਦੀ ਹਿੱਸਾ ਬਾਕੀ 90 ਫ਼ੀਸਦੀ ਵਿਚ ਵੰਡਿਆ ਜਾਂਦਾ ਹੈ। ਇਹ ਨਾ-ਬਰਾਬਰੀ ਉੱਤਰੀ ਅਫ਼ਰੀਕਾ ਅਤੇ ਮੱਧ-ਪੂਰਬ ਏਸ਼ੀਆ ਦੇ ਦੇਸ਼ਾਂ ਵਿਚ ਸਭ ਤੋਂ ਜ਼ਿਆਦਾ ਹੈ ਜਿੱਥੇ ਦੇਸ਼ ਦੇ ਸਿਖ਼ਰਲੇ 10 ਫ਼ੀਸਦੀ ਅਮੀਰ ਆਮਦਨ ਦੇ 58 ਫ਼ੀਸਦੀ ਹਿੱਸੇ 'ਤੇ ਕਾਬਜ਼ ਹੁੰਦੇ ਹਨ। ਭਾਰਤ ਵਿਚ ਵੀ ਕੁੱਲ ਆਮਦਨ ਦਾ 57 ਫ਼ੀਸਦੀ ਹਿੱਸਾ ਸਿਖ਼ਰਲੇ 10 ਫ਼ੀਸਦੀ ਅਮੀਰਾਂ ਨੂੰ ਮਿਲਦਾ ਹੈ ਜਦੋਂਕਿ ਹੇਠਲੇ 50 ਫ਼ੀਸਦੀ ਨੂੰ ਸਿਰਫ਼ 13 ਫ਼ੀਸਦੀ ਪ੍ਰਾਪਤ ਹੁੰਦਾ ਹੈ। ਕੋਈ ਵੀ ਦੇਸ਼ ਸਿਖ਼ਰਲੇ ਅਮੀਰਾਂ 'ਤੇ ਦੌਲਤ ਕਰ (ਵੈਲਥ ਟੈਕਸ) ਲਗਾਉਣ ਲਈ ਤਿਆਰ ਨਹੀਂ ਹੈ।


ਇਨ੍ਹਾਂ ਦਿਨਾਂ ਵਿਚ ਇਹ ਵਿਸ਼ਾ ਚਰਚਾ ਵਿਚ ਹੈ ਕਿ ਕਿਵੇਂ ਵਧ ਰਹੀ ਬੇਰੁਜ਼ਗਾਰੀ ਤੇ ਸਮਾਜਿਕ ਨਾ-ਬਰਾਬਰੀ ਲੋਕਾਂ ਦੇ ਸਿਆਸੀ ਨਿਜ਼ਾਮ ਤੇ ਅਰਥਚਾਰੇ ਵਿਚ ਯਕੀਨ ਨੂੰ ਠੇਸ ਪਹੁੰਚਾ ਕੇ ਰਿਆਸਤ/ਸਟੇਟ ਅਤੇ ਅਰਥਚਾਰਿਆਂ ਨੂੰ ਅਸਥਿਰਤਾ ਅਤੇ ਅਰਾਜਕਤਾ ਦੇ ਮਾਹੌਲ ਵੱਲ ਧੱਕ ਸਕਦੀਆਂ ਹਨ ਪਰ ਸਿਖ਼ਰਲੇ ਅਮੀਰਾਂ ਅਤੇ ਕਾਰਪੋਰੇਟ ਅਦਾਰਿਆਂ ਨੂੰ ਇਸ ਦੀ ਕੋਈ ਚਿੰਤਾ ਨਹੀਂ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲਨ ਮਸਕ ਦੀ ਕੰਟਰੋਲ ਹੇਠ ਆਈ ਕੰਪਨੀ ਟਵਿੱਟਰ ਵਿਚੋਂ 10,000 ਕਰਮਚਾਰੀਆਂ ਦੀ ਛੁੱਟੀ ਕੀਤੀ ਗਈ ਹੈ। ਇੰਟਰਨੈੱਟ 'ਤੇ ਕਾਰੋਬਾਰ ਕਰਨ ਵਾਲੀ ਕੰਪਨੀ ਐਮੇਜ਼ਨ ਨੇ 11,000 ਕਰਮਚਾਰੀ ਨੌਕਰੀ 'ਚੋਂ ਕੱਢੇ ਹਨ। ਜੇ ਸਿਰਫ਼ ਤਕਨੀਕੀ ਕੰਪਨੀਆਂ ਦੀ ਹੀ ਗੱਲ ਕੀਤੀ ਜਾਵੇ ਤਾਂ ਟਵਿੱਟਰ, ਐਮੇਜ਼ਨ, ਫੇਸਬੁੱਕ-ਵ੍ਹੱਟਸਐਪ (ਮੈਟਾ ਕੰਪਨੀ), ਗੂਗਲ, ਐਪਲ, ਮਾਈਕਰੋਸਾਫਟ ਆਦਿ ਨੇ ਇਸ ਸਾਲ ਕੁੱਲ ਮਿਲਾ ਕੇ 50 ਤੋਂ 60 ਹਜ਼ਾਰ ਕਰਮਚਾਰੀਆਂ ਦੀ ਛਾਂਟੀ ਕੀਤੀ ਹੈ। ਇਹ ਤਾਂ ਪੜ੍ਹੇ-ਲਿਖੇ ਅਤੇ ਸਾਧਨ-ਸੰਪੰਨ ਲੋਕਾਂ ਦੀ ਗੱਲ ਹੈ ਜਦੋਂਕਿ ਸਾਧਨ-ਵਿਹੂਣਿਆਂ ਕੋਲ ਤਾਂ ਗਵਾਉਣ ਲਈ ਵੀ ਕੁਝ ਨਹੀਂ ਜਿਹੜੇ ਰੋਜ਼ਾਨਾ ਦਿਹਾੜੀ 'ਤੇ ਨਿਰਭਰ ਹਨ।

ਕਦੇ ਇਹ ਉਮੀਦ ਰੱਖੀ ਜਾਂਦੀ ਸੀ ਕਿ ਸਨਅਤੀ ਕਾਮੇ ਸਰਮਾਏਦਾਰੀ ਨਿਜ਼ਾਮ ਨੂੰ ਪਲਟਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਉਣਗੇ। 2002 ਵਿਚ ਇਤਾਲਵੀ ਚਿੰਤਕਾਂ ਅੰਟੋਨੀਓ ਨੇਗਰੀ ਅਤੇ ਮਾਈਕਲ ਹਰਡਟ ਨੇ ਆਪਣੀ ਕਿਤਾਬ 'ਸਾਮਰਾਜ (ਐਂਪਾਇਰ)' ਵਿਚ ਇੰਟਰਨੈੱਟ ਅਤੇ ਗਿਆਨ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਨਵੇਂ ਤਰੀਕੇ ਦੀ ਪ੍ਰੋਲਤਾਰੀ ਕਹਿੰਦਿਆਂ ਉਨ੍ਹਾਂ ਨੂੰ ਮਲਟੀਚਿਊਡ ਦਾ ਨਾਂ ਦਿੱਤਾ। ਮਲਟੀਚਿਊਡ ਦੇ ਸ਼ਾਬਦਿਕ ਅਰਥ 'ਸਮੂਹ', 'ਇਕੱਠ', 'ਭੀੜ' ਆਦਿ ਹਨ। ਇਨ੍ਹਾਂ ਚਿੰਤਕਾਂ ਅਨੁਸਾਰ ਸਨਅਤੀ ਮਜ਼ਦੂਰਾਂ ਦੁਆਰਾ ਸਮਾਜ ਬਦਲਣ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਦੌਰ ਖ਼ਤਮ ਹੋ ਗਿਆ ਹੈ; ਹੁਣ ਇੰਟਰਨੈੱਟ ਅਤੇ ਗਿਆਨ-ਖੇਤਰ ਵਿਚ ਕੰਮ ਕਰ ਰਹੇ ਕਾਮਿਆਂ ਦਾ ਇਹ 'ਸਮੂਹ' ਸਮਾਜ ਬਦਲਣ ਵਿਚ ਅਹਿਮ ਭੂਮਿਕਾ ਨਿਭਾਏਗਾ। ਅਜਿਹੀ ਭਵਿੱਖਬਾਣੀ ਨਾਲ ਗਿਆਨ-ਖੇਤਰ ਦੇ ਕਾਮਿਆਂ ਦੁਆਰਾ ਸਮਾਜ ਵਿਚ ਤਬਦੀਲੀਆਂ ਲਿਆਉਣ ਵਾਲੀ ਭੂਮਿਕਾ ਨਿਭਾਉਣ ਬਾਰੇ ਆਸ ਤਾਂ ਬੱਝਦੀ ਹੈ ਪਰ ਇਹ ਆਉਣ ਵਾਲੇ ਦਿਨ ਹੀ ਦੱਸਣਗੇ ਕਿ ਇਹ ਕਾਮੇ ਕਿਸੇ ਜਥੇਬੰਦ ਢੰਗ ਨਾਲ ਆਪਣੇ 'ਤੇ ਹੋ ਰਹੇ ਹਮਲਿਆਂ ਦਾ ਸਾਹਮਣਾ ਕਰ ਸਕਦੇ ਹਨ ਜਾਂ ਨਹੀਂ। ਨੇਗਰੀ ਤੇ ਹਰਡਟ ਨੇ ਇਹ ਭਵਿੱਖਬਾਣੀ ਵੀ ਕੀਤੀ ਸੀ ਪਰਵਾਸੀ ਮਜ਼ਦੂਰ ਇਸ ਵਰਤਾਰੇ ਵਿਚ ਵੱਡੀ ਭੂਮਿਕਾ ਨਿਭਾਉਣਗੇ; ਉਨ੍ਹਾਂ ਲਿਖਿਆ ਸੀ, "ਸੰਸਾਰ 'ਤੇ ਹਊਆ ਮੰਡਰਾ ਰਿਹਾ ਹੈ ਤੇ ਉਹ ਹੈ ਪਰਵਾਸ ਦਾ ਹਊਆ।" ਨੇਗਰੀ ਤੇ ਹਰਡਟ ਨੇ ਇਹ ਧਾਰਨਾ ਵੀ ਦਿੱਤੀ ਸੀ ਕਿ ਸਰਮਾਏ ਦੇ ਸਾਮਰਾਜ ਵਿਚ ਰਿਆਸਤ/ਸਟੇਟ ਦੀ ਭੂਮਿਕਾ ਘਟ ਜਾਵੇਗੀ ਪਰ ਇਸ ਤੋਂ ਉਲਟ ਹਰ ਦੇਸ਼ ਵਿਚ ਰਿਆਸਤ/ਸਟੇਟ ਜ਼ਿਆਦਾ ਮਜ਼ਬੂਤ ਤੇ ਦਮਨਕਾਰੀ ਹੋਈ ਹੈ।

ਪ੍ਰਮੁੱਖ ਪ੍ਰਸ਼ਨ ਇਹ ਹੈ ਕਿ ਹੋਂਦਹੀਣੀ ਬਣਾਈ ਜਾ ਰਹੀ ਲੋਕਾਈ ਦੇ ਇਸ ਵੱਡੇ ਹਿੱਸੇ ਕੋਲ ਰਾਹ ਕੀ ਹੈ? ਜਦ ਕੋਈ ਰਾਹ ਦਿਖਾਈ ਨਹੀਂ ਦਿੰਦਾ ਤਾਂ ਲੋਕ ਪਿੱਛੇ ਵੱਲ ਪਰਤਦੇ ਹਨ; ਧਰਮ ਵੱਲ ਪਰਤਦੇ ਹਨ। ਧਰਮਾਂ ਦੀ ਮੁੱਢਲੀ ਸੋਚ ਤਾਂ ਮਨੁੱਖ ਦੀ ਬਾਂਹ ਫੜਨੀ ਸੀ ਪਰ ਹੁਣ ਲੋਕਾਈ ਸਾਹਮਣੇ ਧਰਮ ਨਹੀਂ, ਧਾਰਮਿਕ ਕੱਟੜਤਾ ਅਤੇ ਬੁਨਿਆਦਪ੍ਰਸਤੀ ਦਾ ਭੋਜਨ ਪਰੋਸਿਆ ਜਾਂਦਾ ਹੈ ਜਾਂ ਕਿਸੇ ਹੋਰ ਤਰ੍ਹਾਂ ਦੀ ਖੇਤਰੀ, ਜਾਤੀਵਾਦੀ, ਨਸਲੀ ਜਾਂ ਸਥਾਨਿਕ ਕੱਟੜਤਾ ਦਾ। ਅਜਿਹੀ ਕੱਟੜਤਾ ਸਰਮਾਏ ਦੇ ਸਾਮਰਾਜ ਵਿਰੁੱਧ ਜੰਗ ਦਾ ਮੁਹਾਜ਼ ਖੜ੍ਹਾ ਨਹੀਂ ਕਰ ਸਕਦੀ। ਇਹ ਮੁਹਾਜ਼ ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਤੇ ਸਹਿਣਸ਼ੀਲਤਾ ਲਈ ਲੜਨ ਵਾਲੀਆਂ ਤਾਕਤਾਂ ਨੇ ਖੜ੍ਹਾ ਕਰਨਾ ਹੈ।

ਇਹ ਸਵਾਲ ਵੀ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਕੀ ਹੋਂਦਹੀਣੀ ਬਣਾਈ ਜਾ ਰਹੀ ਲੋਕਾਈ ਆਪਣੇ ਆਪ ਨੂੰ ਅਜਿਹੀ ਜਮਾਤ ਵਿਚ ਬਦਲ ਸਕਦੀ ਹੈ ਜੋ ਸਾਂਝੀਵਾਲਤਾ ਅਤੇ ਸਮਾਜਿਕ ਤੇ ਆਰਥਿਕ ਬਰਾਬਰੀ ਪ੍ਰਾਪਤ ਕਰਨ ਲਈ ਸੰਘਰਸ਼ ਕਰ ਸਕੇ; ਜੋ ਹਰ ਤਰ੍ਹਾਂ ਦੀ ਕੱਟੜਤਾ ਦਾ ਸਾਹਮਣਾ ਕਰ ਸਕੇ। ਮਨੁੱਖਤਾ ਤੋਂ ਬੇਗਾਨਾ ਕੀਤਾ ਜਾ ਰਿਹਾ ਮਨੁੱਖ ਆਪਣੀ ਮਨੁੱਖਤਾ ਨੂੰ ਕਿਵੇਂ ਬਚਾ ਸਕਦਾ ਹੈ? ਭੇਤ ਇਹ ਹੈ ਕਿ ਅਜਿਹਾ ਬਚਾਅ ਉਸ ਨੇ ਹੀ ਕਰਨਾ ਹੈ, ਕਿਸੇ ਮਸੀਹਾ ਨੇ ਨਹੀਂ। ਸਾਂਝੀਵਾਲਤਾ ਦੀ ਸਿਰਜਣਾ ਬੀਤੇ, ਵਰਤਮਾਨ ਤੇ ਭਵਿੱਖ ਦੀ ਸਾਂਝ ਰਾਹੀਂ ਹੋਣੀ ਹੈ; ਅਤੀਤ ਵੱਲ ਪਰਤਣ ਨਾਲ ਨਹੀਂ।

ਇਤਿਹਾਸ ਦਾ ਅਜੋਕਾ ਬਾਬ ਮਨੁੱਖਤਾ ਦੇ ਇਤਿਹਾਸ ਦਾ ਅਜਿਹਾ ਬਾਬ ਹੈ ਜਿਸ ਵਿਚ ਓਨਾ ਲਹੂ ਦੇਸ਼ਾਂ, ਕੌਮਾਂ ਆਦਿ ਦੀਆਂ ਲੜਾਈਆਂ ਰਾਹੀਂ ਨਹੀਂ ਵਹਾਇਆ ਜਾ ਰਿਹਾ ਜਿੰਨਾ ਸਾਰੇ ਸੰਸਾਰ ਵਿਚ ਲੋਕਾਈ ਦੇ ਵੱਡੇ ਹਿੱਸੇ ਦਾ ਉਨ੍ਹਾਂ ਦੀ ਕਿਰਤ ਦੀ ਲਗਾਤਾਰ ਲੁੱਟ ਰਾਹੀਂ ਚੂਸਿਆ ਜਾ ਰਿਹਾ ਹੈ; ਪਲ-ਦਰ-ਪਲ, ਦਿਨ-ਬਦਿਨ, ਲੋਕਾਈ ਦੇ ਵੱਡੇ ਹਿੱਸੇ ਦੇ ਹਰ ਪਲ 'ਤੇ ਸਰਮਾਏ ਦੇ ਸਾਮਰਾਜ ਦਾ ਕਬਜ਼ਾ ਹੈ; ਮਨੁੱਖ ਨੇ ਏਨੀ ਵੱਡੀ ਪੱਧਰ 'ਤੇ ਮਾਨਸਿਕ ਗ਼ੁਲਾਮੀ ਪਹਿਲਾਂ ਕਦੇ ਨਹੀਂ ਸੀ ਦੇਖੀ। ਇਸ ਗ਼ੁਲਾਮੀ ਵਿਰੁੱਧ ਲੜਾਈ ਲੜਨ ਲਈ ਸਾਰੀਆਂ ਮਾਨਵਵਾਦੀ ਧਿਰਾਂ ਨੂੰ ਇਕ ਮੁਹਾਜ਼ 'ਤੇ ਇਕੱਠੇ ਹੋਣ ਦੀ ਲੋੜ ਹੈ।




*ਸਰਮਾਇਆ ਢਾਂਚੇ ਦੇ ਸਾਮਰਾਜ ਦਾ ਪਿਰਾਮਿਡ। ਇਹ ਸਕੈੱਚ 1911 ਵਿਚ 'ਇੰਡਸਟਰੀਅਲ ਵਰਕਰ' (ਕਲੀਵਲੈਂਡ, ਅਮਰੀਕਾ) ਵਿਚ ਛਪਿਆ ਸੀ।*

# ਬੇਗਰਜ਼ ਸਾਂਝਾਂ

ਸ਼ਵਿੰਦਰ ਕੌਰ
ਫੋਨ: +91-76260-63596

ਫੋਨ 'ਤੇ ਵੱਜ ਰਹੀ ਰਿੰਗ ਟੋਨ ਉਠ ਕੇ ਉਸ ਨੂੰ ਸੁਣਨ ਦਾ ਸੁਨੇਹਾ ਦੇ ਰਹੀ ਸੀ। ਹੈਲੋ ਕਹਿਣ 'ਤੇ ਅੱਗਿਓਂ ਮੋਹ ਭਿੱਜੀ ਆਵਾਜ਼ ਆਈ, "ਪਛਾਣਿਆ? ਮੈਂ ਤੇਰੀ ਕਿਹੜੀ ਭੈਣ ਬੋਲ ਰਹੀ ਹਾਂ?"

"ਭੈਣ ਬੀਰੀ।" ਮੈਂ ਚਾਅ ਨਾਲ ਪੁੱਛਦੀ ਹਾਂ।

"ਲੈ ਤੂੰ ਤਾਂ ਝੱਟ ਪਛਾਣ ਲਿਆ, ਮੈਨੂੰ ਤਾਂ ਲੱਗਦਾ ਸੀ ਕਿ ਹੁਣ ਤੱਕ ਤਾਂ ਸਾਨੂੰ ਭੁੱਲ ਗਈ ਹੋਵੇਂਗੀ।" ਉਹ ਹੱਸ ਕੇ ਕਹਿੰਦੀ ਹੈ। ਫਿਰ ਗੱਲਾਂ ਸ਼ੁਰੂ ਹੋ ਗਈਆਂ। ਬੱਚਿਆਂ ਤੋਂ ਸ਼ੁਰੂ ਕਰ ਕੇ ਸਾਡੇ ਪੇਕੇ ਪਰਿਵਾਰਾਂ ਤੋਂ ਲੈ ਕੇ ਉਨ੍ਹਾਂ ਦੇ ਬਾਕੀ ਰਿਸ਼ਤੇਦਾਰਾਂ ਦੇ ਜੀਆਂ ਨੂੰ ਯਾਦ ਕਰਦੀਆਂ ਹਾਂ। ਉਸ ਦੀਆਂ ਦੂਜੀਆਂ ਭੈਣਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਹੁਣ ਵਾਲੇ ਟਿਕਾਣਿਆਂ ਬਾਰੇ ਉਸ ਤੋਂ ਪੁੱਛਦੀ ਹਾਂ। ਉਹ ਦੱਸਦੀ ਹੈ ਕਿ ਦੋ ਭੈਣਾਂ ਤਾਂ ਆਪਣੇ ਬੱਚਿਆਂ ਕੋਲ ਕੈਨੇਡਾ, ਅਮਰੀਕਾ ਗਈਆਂ ਹੋਈਆਂ ਹਨ।

ਜਿਉਂ-ਜਿਉਂ ਉਹ ਬੀਤੇ ਸਮੇਂ ਦੀਆਂ ਮਿੱਠੀਆਂ ਯਾਦਾਂ ਦੇ ਪਲ ਸਾਂਝੇ ਕਰ ਰਹੀ ਸੀ, ਮੈਂ ਉਸ ਦੇ ਪਿਆਰ ਨਾਲ ਗੜੁੱਚ ਬੋਲ ਮੰਤਰ ਮੁਗਧ ਹੋ ਕੇ ਸੁਣ ਰਹੀ ਸੀ।... ਉਹ ਦੱਸਦੀ ਹੈ- ਭਲਾ ਹੋਵੇ ਇਸ ਡਾਕਟਰ ਮੁੰਡੇ ਦਾ ਜੋ ਸਾਡੀ ਬਿਮਾਰ ਮੱਝ ਦੇਖਣ ਆਇਆ ਸੀ। ਗੱਲਬਾਤ ਕਰਦਿਆਂ ਤੁਹਾਡੇ ਪਿੰਡ ਦਾ ਜ਼ਿਕਰ ਆ ਗਿਆ। ਜਦੋਂ ਤੇਰਾ ਤੇ ਬਾਈ ਦਾ ਨਾਂ ਲੈ ਕੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਤਾਂ ਮੇਰੇ ਚਾਚਾ ਜੀ ਤੇ ਚਾਚੀ ਜੀ ਹਨ ਤਾਂ ਮੈਂ ਉਸ ਨੂੰ ਤੁਹਾਡੇ ਨਾਲ ਗੱਲ ਕਰਾਉਣ ਲਈ ਕਿਹਾ। ਮੇਰੀ ਤਾਂ ਚਿਰੋਕਣੀ ਮਨ ਦੀ ਖਾਹਿਸ਼ ਪੂਰੀ ਹੋ ਗਈ। ਮਿਲਣ ਦਾ ਵਾਅਦਾ ਕਰ ਕੇ ਅਸੀਂ ਫੋਨ ਕੱਟ ਦਿੱਤਾ।

ਮਨ ਅਤੀਤ ਦੀਆਂ ਯਾਦਾਂ ਦਾ ਪੱਲਾ ਫੜ ਕੇ ਉਨ੍ਹਾਂ ਨੂੰ ਅੱਖਾਂ ਸਾਹਮਣੇ ਸਾਕਾਰ ਕਰਨ ਲੱਗ ਪਿਆ। ਅਧਿਆਪਕਾ ਵਜੋਂ ਮੇਰੀ ਪਹਿਲੀ ਨਿਯੁਕਤੀ ਇਸ ਭੈਣ ਦੇ ਪਿੰਡ ਹੋਈ ਸੀ। ਅਸੀਂ ਦੋ ਲੜਕੀਆਂ ਇੱਕੋ ਸਮੇਂ ਹੀ ਸਕੂਲ ਵਿਚ ਹਾਜ਼ਰ ਹੋਈਆਂ ਸੀ। ਸਕੂਲ ਦੇ ਸਟਾਫ ਨੇ ਸਾਡੇ ਰਹਿਣ ਦਾ ਪ੍ਰਬੰਧ ਇਸ ਭੈਣ ਦੇ ਘਰੇ ਕਰ ਦਿੱਤਾ ਸੀ। ਛੇ ਭੈਣਾਂ ਇਹ ਪਹਿਲਾਂ ਸਨ, ਦੋ ਅਸੀਂ ਹੋਰ ਵਿਚ ਜਾ ਰਲੀਆਂ। ਘਰ ਵਾਲਿਆਂ ਨੇ ਸਾਨੂੰ ਅੱਡ ਰੋਟੀ ਟੁੱਕ ਨਾ ਬਣਾਉਣ ਦਿੱਤਾ, ਧੀਆਂ ਬਣਾ ਕੇ ਰੱਖਿਆ। ਘਰ ਤੋਂ ਬਾਹਰ ਭਾਵੇਂ ਪਹਿਲੀ ਵਾਰ ਰਹਿਣ ਦਾ ਮੌਕਾ ਬਣਿਆ ਸੀ ਪਰ ਇਸ ਪਰਿਵਾਰ ਦੇ ਪਿਆਰ ਸਤਿਕਾਰ ਨੇ ਘਰੋਂ ਦੂਰ ਰਹਿਣ ਦਾ ਅਹਿਸਾਸ ਨਾ ਹੋਣ ਦਿੱਤਾ। ਬਦਲੀ ਹੋਣ 'ਤੇ ਅਸੀਂ ਆਪੋ-ਆਪਣੇ ਘਰ ਆ ਗਈਆਂ। ਕੁਝ ਸਮਾਂ ਆਉਣ ਜਾਣ ਰਿਹਾ। ਹੌਲੀ ਹੌਲੀ ਕਬੀਲਦਾਰੀ ਦੇ ਝਮੇਲਿਆਂ ਵਿਚ ਰੁਝ ਕੇ ਮੁੜ ਮਿਲਣ ਦਾ ਸਬਬ ਨਾ ਬਣਿਆ।

ਬੀਰੀ ਭੈਣ ਕੋਲ ਉਦੋਂ ਦੂਜਾ ਬੱਚਾ ਹੋਣ ਵਾਲਾ ਸੀ ਤੇ ਉਹ ਵੀ ਉੱਥੇ ਆਈ ਹੋਈ ਸੀ। ਮੈਂ ਤਾਂ ਅਜੇ ਪੜ੍ਹਾਈ ਖ਼ਤਮ ਕੀਤੀ ਸੀ। ਭਲਾ ਜ਼ਮਾਨਾ ਸੀ, ਨਾਲੋ-ਨਾਲ ਨੌਕਰੀ ਮਿਲ ਗਈ ਸੀ। ਅੱਜ ਭੈਣ ਨੇ ਪੋਤੇ ਪੋਤੀਆਂ ਵਿਆਹ ਲਏ ਹਨ। ਦਹਾਕੇ ਲੰਘ ਜਾਣ 'ਤੇ ਵੀ ਕਿੰਨੇ ਮੋਹ ਨਾਲ ਸੰਪਰਕ ਕੀਤਾ। ਉਸ ਨਾਲ ਗੱਲਾਂ ਕਰ ਕੇ ਸਕੂਨ ਮਿਲਿਆ। ਮਹਿਸੂਸ ਹੋ ਰਿਹਾ ਸੀ ਕਿ ਨਰੋਏ ਰਿਸ਼ਤੇ ਮਾਨਸਿਕ ਸਿਹਤ ਲਈ ਕਿੰਨੇ ਜ਼ਰੂਰੀ ਹਨ।

ਅੱਜ ਸਾਡੇ ਕੋਲ ਸਭ ਕੁਝ ਹੁੰਦਿਆਂ ਵੀ ਮਾਨਸਿਕ ਸ਼ਾਂਤੀ ਨਹੀਂ। ਸਰੀਰਕ, ਮਾਨਸਿਕ ਅਤੇ ਅਧਿਆਤਮਕ ਸਕੂਨ ਲਈ ਅਸੀਂ ਧਾਰਮਿਕ ਸਥਾਨਾਂ 'ਤੇ ਮੱਥੇ ਰਗੜਦੇ, ਦਰ ਦਰ ਭਟਕਦੇ ਫਿਰਦੇ ਹਾਂ। ਨਿਰਾਸ਼ ਤੇ ਉਦਾਸ ਮਨ ਆਪਣੀਆਂ ਹੀ ਸਮੱਸਿਆਵਾਂ ਵਿਚ ਉਲਝੇ ਮਾਨਸਿਕ ਰੋਗੀ ਬਣ ਰਹੇ ਹਨ ਜਦੋਂ ਕਿ ਕਿਸੇ ਆਪਣੇ ਦੀਆਂ ਮੋਹ ਭਰੀਆਂ ਗੱਲਾਂ ਵਾਲੇ ਕੁਝ ਪਲ ਹੀ ਖੁਸ਼ੀਆਂ ਦਾ ਖਜ਼ਾਨਾ ਹੋ ਨਿੱਬੜਦੇ ਹਨ। ਖੁਸ਼ ਮਿਜ਼ਾਜੀ ਅਤੇ ਜੀਵਨ ਪ੍ਰਤੀ ਆਸ਼ਾਵਾਦੀ ਨਜ਼ਰੀਆ ਸਾਡੇ ਸਰੀਰ ਅੰਦਰ ਹਾਰਮੋਨ ਰੈਗੂਲੇਟ ਕਰਨ ਵਿਚ ਮਦਦ ਕਰਦਾ ਹੈ; ਸਿੱਟੇ ਵਜੋਂ ਸਰੀਰ ਦੀ ਕੁਦਰਤੀ ਬਚਾਓ ਪ੍ਰਣਾਲੀ ਮਜ਼ਬੂਤ ਹੁੰਦੀ ਹੈ। ਵਿਗਿਆਨੀਆਂ ਨੇ ਇਹ ਗੱਲ ਸਾਬਤ ਵੀ ਕਰ ਦਿੱਤੀ ਹੈ।

ਵਹਿਣਾਂ ਵਿਚ ਵਿਚਰਦਾ ਮਨ ਅਚਨਚੇਤ ਉਸ ਦਿਨ 'ਤੇ ਆ ਅਟਕਦਾ ਹੈ ਜਿਸ ਦਿਨ ਮਨੋਰੋਗ ਹਸਪਤਾਲ ਵਿਚ ਡਾਕਟਰ ਕੋਲ ਬੈਠੀਆਂ ਉੱਚੀਆਂ ਲੰਮੀਆਂ ਸੋਹਣੀਆਂ ਸਨੁੱਖੀਆਂ ਦੋ ਨੌਜਵਾਨ ਭੈਣਾਂ ਨੂੰ ਤੱਕਿਆ ਸੀ। ਉਹ ਜੋਬਨ ਰੁੱਤੇ ਹੀ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਚੁੱਕੀਆਂ ਸਨ ਤੇ ਹੁਣ ਦਵਾਈਆਂ ਖਾ ਰਹੀਆਂ ਸਨ। ਡਾਕਟਰ ਦੇ ਕਮਰੇ ਵਿਚੋਂ ਬਾਹਰ ਆ ਕੇ ਆਪਣੀ ਵਾਰੀ ਦੀ ਉਡੀਕ ਵਿਚ ਬੈਠੇ ਮਰੀਜ਼ਾਂ ਵੱਲ ਧਿਆਨ ਮਾਰਿਆ ਤਾਂ ਉੱਥੇ ਵੀ ਬਹੁਤੇ ਨੌਜਵਾਨ ਬੈਠੇ ਸਨ। ਜ਼ਿੰਦਗੀ ਤਾਂ ਕੁਝ ਦਹਾਕੇ ਪਹਿਲਾਂ ਵੀ ਥੁੜ੍ਹਾਂ ਵਿਚ ਗੁਜ਼ਰਦੀ ਸੀ, ਸਾਡੇ ਕੋਲ ਸਹੂਲਤਾਂ ਵੀ ਨਾ-ਮਾਤਰ ਹੁੰਦੀਆਂ ਸਨ ਪਰ ਤਣਾਅ ਵਰਗੀ ਬਿਮਾਰੀ ਤੋਂ ਵਾਕਫ਼ ਨਹੀਂ ਸਾਂ।

ਸਾਡੇ ਆਲੇ-ਦੁਆਲੇ ਅਜਿਹਾ ਤਾਣਾ ਬੁਣ ਦਿੱਤਾ ਗਿਆ ਹੈ ਕਿ ਅਸੀਂ ਇੱਕ ਛੱਤ ਹੇਠਾਂ ਰਹਿੰਦੇ ਹੋਏ ਵੀ ਆਪਸੀ ਸੰਵਾਦ ਦੀ ਕਮੀ ਕਾਰਨ ਇਕੱਠੇ ਰਹਿ ਕੇ ਵੀ ਇਕੱਲਤਾ ਦੀ ਜੂਨ ਹੰਢਾਉਂਦੇ, ਮੋਹ ਵਿਹੂਣੇ ਰਿਸ਼ਤਿਆਂ ਦਾ ਭਾਰ ਢੋਂਹਦੇ ਅੰਦਰੋਂ ਖੋਖਲੇ ਹੋ ਰਹੇ ਹਾਂ। ਅਸੀਂ ਪੈਸੇ ਅਤੇ ਤਾਕਤ ਦੀ ਪ੍ਰਾਪਤੀ ਪਿੱਛੇ ਨੱਸਦੇ ਨੱਸਦੇ ਇਨਸਾਨੀ ਕਦਰਾਂ-ਕੀਮਤਾਂ, ਨਿੱਘੇ ਰਿਸ਼ਤਿਆਂ ਅਤੇ ਭਾਈਚਾਰਕ ਸਾਂਝਾਂ ਸਭ ਕੁਝ ਪਿੱਛੇ ਛੱਡ ਆਏ ਹਾਂ। ਇਸ ਪਦਾਰਥਵਾਦੀ ਯੁੱਗ ਵਿਚ ਆਪਣਿਆਂ ਦੇ ਪਿਆਰ ਤੋਂ ਵਿਰਵੇ ਹੋ ਅਸੀਂ ਆਪਣੀਆਂ ਪ੍ਰੇਸ਼ਾਨੀਆਂ ਨਾਲ ਇਕੱਲੇ ਘੁਲਦਿਆਂ ਤਣਾਅ ਦਾ ਸ਼ਿਕਾਰ ਹੋ ਰਹੇ ਹਾਂ। ਤਣਾਅ ਦੀ ਮਾਰ ਸਹਿ ਰਿਹਾ ਜਬਰਦਸਤ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਡੂੰਘੀ ਨਿਰਾਸ਼ਾ ਵਿਚ ਰਹਿਣ ਲੱਗਦਾ ਹੈ ਜਿਸ ਦਾ ਨਤੀਜਾ ਖ਼ੁਦ ਲਈ ਅਤੇ ਪਰਿਵਾਰ ਤੇ ਸਮਾਜ ਲਈ ਘਾਤਕ ਹੋ ਸਕਦਾ ਹੈ।

ਹੁਣ ਪਹਿਲਾ ਵਾਲਾ ਨੇੜ ਤੇ ਨਿੱਘ ਨਜ਼ਰ ਨਹੀਂ ਆਉਂਦਾ। ਆਪਸੀ ਭਾਈਚਾਰੇ ਦੀਆਂ ਤੰਦਾਂ ਜੇ ਟੁੱਟੀਆਂ ਨਹੀਂ ਤਾਂ ਸੁੰਗੜ ਜ਼ਰੂਰ ਗਈਆਂ ਹਨ। ਜਿਉਂ ਜਿਉਂ ਸਾਡੀਆਂ ਭਾਈਚਾਰਕ ਸਾਂਝਾਂ ਟੁੱਟ ਰਹੀਆਂ ਹਨ, ਸਾਡੇ ਅੰਦਰ ਵੰਡੀਆਂ ਪਾਉਣ ਅਤੇ ਪਈਆਂ ਵੰਡੀਆਂ ਨੂੰ ਗੂੜ੍ਹਾ ਕਰਨ ਦੀ ਸਿਆਸਤ ਤੇਜ਼ ਹੋ ਰਹੀ ਹੈ। ਆਮ ਆਦਮੀ ਦੀ ਆਰਥਿਕ, ਸਰੀਰਕ ਅਤੇ ਮਾਨਸਿਕ ਤੌਰ 'ਤੇ ਹੋ ਰਹੀ ਲੁੱਟ ਨੇ ਉਸ ਦਾ ਜਿਊਣਾ ਮੁਸ਼ਕਿਲ ਕੀਤਾ ਪਿਆ ਹੈ। ਉਂਝ, ਜਿਸ ਤਰ੍ਹਾਂ ਸਾਂਝੇ ਪਰਿਵਾਰਾਂ ਵਿਚ ਮਿਲਜੁਲ ਕੇ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾਂਦਾ ਸੀ, ਇਸ ਤਰ੍ਹਾਂ ਇਕਜੁੱਟ ਹੋ ਕੇ ਵਿਚਰਨ ਅਤੇ ਸਾਂਝੀ ਸਿਆਣਪ ਨਾਲ ਧੱਕੇਸ਼ਾਹੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਕਿਸਾਨ ਅੰਦੋਲਨ ਦੀ ਮਿਸਾਲ ਸਾਹਮਣੇ ਹੈ।

# ਕਿਰਤੀਆਂ ਦਾ ਕਵੀ ਸ਼ੈਲੇਂਦਰ

**ਸ਼ੈਲੇਂਦਰ ਨੇ ਮਜ਼ਦੂਰਾਂ ਦੇ ਜੀਵਨ ਸੰਘਰਸ਼ ਦੀਆਂ ਅਜਿਹੀਆਂ ਕਵਿਤਾਵਾਂ ਲਿਖੀਆਂ ਜਿਨ੍ਹਾਂ ਵਿਚ ਮਜ਼ਦੂਰਾਂ ਦੀ ਜ਼ਿੰਦਗੀ ਦੀਆਂ ਕਠਿਨ ਹਾਲਤਾਂ ਅਤੇ ਮਜਬੂਰੀ ਵਿਚੋਂ ਪੈਦਾ ਹੋਈਆਂ ਚਿੰਤਾਵਾਂ, ਪਰੇਸ਼ਾਨੀਆਂ ਅਤੇ ਬੇਚੈਨੀਆਂ ਪਰੋਈਆਂ ਹੋਈਆਂ ਹਨ। ਦੂਜੇ ਨੌਜਵਾਨ ਕਵੀਆਂ ਵਾਂਗ ਉਨ੍ਹਾਂ ਨੇ ਵੀ ਸ਼ੁਰੂ ਵਿਚ ਪ੍ਰੇਮ ਕਵਿਤਾਵਾਂ ਲਿਖੀਆਂ ਜਿਨ੍ਹਾਂ ਨੂੰ ਉਹ ਪ੍ਰੀਤ ਗੀਤ ਕਹਿੰਦੇ ਹਨ। ਬਾਅਦ ਵਿਚ ਆਪਣੇ ਸਮੇਂ, ਸਮਾਜ ਅਤੇ ਆਲੇ-ਦੁਆਲੇ ਦੀ ਜ਼ਿੰਦਗੀ ਦੀਆਂ ਅਸਲੀਅਤਾਂ ਨਾਲ ਦੋ-ਚਾਰ ਹੋਣ ਤੋਂ ਬਾਅਦ ਉਨ੍ਹਾਂ ਦੇ ਰਾਹ ਬਦਲ ਗਏ।**

**ਮੈਨੇਜਰ ਪਾਂਡੇ**
**ਅਨੁਵਾਦ: ਭਜਨਬੀਰ ਸਿੰਘ**
**ਫੋਨ: +91-98556-75724**

ਸ਼ੈਲੇਂਦਰ ਹਿੰਦੀ ਦੇ ਜਿੰਨੇ ਵੱਡੇ ਗੀਤਕਾਰ ਹਨ, ਓਨੇ ਹੀ ਵੱਡੇ ਕਵੀ ਵੀ ਹਨ। ਗੀਤਕਾਰ ਸ਼ੈਲੇਂਦਰ ਦੀ ਬਹੁਤ ਚਰਚਾ ਹੋਈ ਹੈ ਪਰ ਕਵੀ ਦੇ ਰੂਪ ਵਿਚ ਉਨ੍ਹਾਂ ਬਾਰੇ ਬਹੁਤ ਘੱਟ ਗੱਲ ਹੋਈ ਹੈ। ਅਸਲ ਵਿਚ ਜਦ ਤੋਂ ਹਿੰਦੀ ਕਵਿਤਾ ਦੀ ਆਲੋਚਨਾ ਵਿਚ ਜਟਿਲਤਾ ਨੂੰ ਸ਼੍ਰੇਸ਼ਟਤਾ ਦੀ ਕਸੌਟੀ ਮੰਨ ਲਿਆ ਗਿਆ ਹੈ ਤਦ ਤੋਂ ਉਨ੍ਹਾਂ ਸਮਕਾਲੀ ਕਵਿਤਾਵਾਂ ਦੀ ਅਣਦੇਖੀ ਹੋਣ ਲੱਗੀ ਜਿਹੜੀਆਂ ਹਰਮਨ ਪਿਆਰੀਆਂ ਸਨ।

ਸ਼ੈਲੇਂਦਰ ਨੇ ਤਿੰਨ ਰੂਪਾਂ ਵਿਚ ਕਵਿਤਾ ਲਿਖੀ ਹੈ- ਗੀਤ, ਛੰਦਯੁਕਤ ਅਤੇ ਛੰਦਮੁਕਤ। ਛੰਦਯੁਕਤ ਅਤੇ ਛੰਦਮੁਕਤ ਕਵਿਤਾਵਾਂ ਦਾ ਉਨ੍ਹਾਂ ਦਾ ਇੱਕੋ ਹੀ ਸੰਗ੍ਰਹਿ ਹੈ 'ਨਿਓਤਾ ਔਰ ਚੁਣੌਤੀ' (1955)। ਇਸ ਵਿਚ 1945 ਤੋਂ ਲੈ ਕੇ 1953 ਤੱਕ ਦੀਆਂ ਕਵਿਤਾਵਾਂ ਹਨ। ਸੰਗੀਤ ਉਨ੍ਹਾਂ ਦੀ ਕਵਿਤਾ ਵਿਚ ਉਸੇ ਤਰ੍ਹਾਂ ਰਚਿਆ-ਮਿਚਿਆ ਹੈ ਜਿਵੇਂ ਭਗਤੀ ਕਾਲ ਦੇ ਕਵੀਆਂ ਦੀ ਕਵਿਤਾ ਜਾਂ ਲੋਕ ਕਵਿਤਾ ਵਿਚ ਹੁੰਦਾ ਹੈ। ਸੰਗੀਤਆਤਮਿਕਤਾ ਸਿਰਫ਼ ਉਨ੍ਹਾਂ ਦੇ ਗੀਤਾਂ ਵਿਚ ਹੀ ਨਹੀਂ ਹੈ ਸਗੋਂ ਛੰਦਯੁਕਤ ਕਵਿਤਾਵਾਂ ਵਿਚ ਵੀ ਹੈ ਅਤੇ ਛੰਦਮੁਕਤ ਕਵਿਤਾਵਾਂ ਵਿਚ ਵੀ। ਉਹ ਸੰਗੀਤਆਤਮਿਕਤਾ ਸ਼ਬਦਾਂ, ਧੁਨੀਆਂ ਅਤੇ ਸਵਰਾਂ ਵਿਚ ਹੀ ਨਹੀਂ ਸਗੋਂ ਅਰਥਾਂ ਅਤੇ ਸੰਰਚਨਾਵਾਂ ਵਿਚ ਵੀ ਹੈ।

ਹਿੰਦੀ ਕਵਿਤਾ ਦੀ ਦੁਨੀਆਂ ਵਿਚ ਸ਼ੈਲੇਂਦਰ ਨੇ ਰੋਮਾਨੀ ਕਵੀ ਦੇ ਰੂਪ ਵਿਚ ਪ੍ਰਵੇਸ਼ ਕੀਤਾ ਸੀ। ਦੂਜੇ ਨੌਜਵਾਨ ਕਵੀਆਂ ਵਾਂਗ ਉਨ੍ਹਾਂ ਨੇ ਵੀ ਸ਼ੁਰੂ ਵਿਚ ਪ੍ਰੇਮ ਕਵਿਤਾਵਾਂ ਲਿਖੀਆਂ ਜਿਨ੍ਹਾਂ ਨੂੰ ਉਹ ਪ੍ਰੀਤ ਗੀਤ ਕਹਿੰਦੇ ਹਨ। ਅਜਿਹੀਆਂ ਚਾਰ ਪੰਜ ਕਵਿਤਾਵਾਂ 'ਨਿਓਤਾ ਔਰ ਚੁਣੌਤੀ' ਵਿਚ ਮੌਜੂਦ ਹਨ। ਬਾਅਦ ਦੇ ਦਿਨਾਂ ਵਿਚ ਆਪਣੇ ਸਮੇਂ, ਸਮਾਜ ਅਤੇ ਆਲੇ-ਦੁਆਲੇ ਦੀ ਜ਼ਿੰਦਗੀ ਦੀਆਂ ਅਸਲੀਅਤਾਂ ਨਾਲ ਮੁੱਠਭੇੜ ਤੋਂ ਬਾਅਦ ਸ਼ੈਲੇਂਦਰ ਲਈ ਰੋਮਾਨੀ ਕਵਿਤਾ ਲਿਖਣਾ ਸੰਭਵ ਨਹੀਂ ਸੀ, ਇਸ ਲਈ ਉਨ੍ਹਾਂ ਨੇ ਐਲਾਨ ਕੀਤਾ:

ਰੋਮਾਨੀ ਕਵਿਤਾ ਲਿਖਤਾ ਥਾ, ਸੋ ਅਬ ਲਿਖੀ ਨਾ ਜਾਏ।

ਸ਼ੈਲੇਂਦਰ ਦੀ ਕਵਿਤਾ ਨਾਲ ਮੇਰੀ ਪਹਿਲੀ ਜਾਣ-ਪਛਾਣ ਤਦ ਹੋਈ ਜਦ ਮੈਂ ਕਾਸ਼ੀ ਹਿੰਦੂ ਯੂਨੀਵਰਸਿਟੀ ਵਿਚ ਵਿਦਿਆਰਥੀ ਸੀ। ਉਨ੍ਹਾਂ ਦਿਨਾਂ ਵਿਚ ਮੈਂ ਵਿਦਿਆਰਥੀ ਅੰਦੋਲਨਾਂ ਵਿਚ ਹਿੱਸਾ ਲੈਂਦਾ ਸੀ, ਵਿਦਿਆਰਥੀਆਂ ਦੇ ਜਲੂਸ ਅਤੇ ਧਰਨਿਆਂ ਵਿਚ ਵੀ ਸ਼ਾਮਲ ਹੁੰਦਾ ਸੀ। ਹਰ ਜਲੂਸ ਵਿਚ ਵਿਦਿਆਰਥੀ ਇੱਕ ਗੀਤ ਵਾਰ-ਵਾਰ ਗਾਉਂਦੇ ਸਨ- 'ਹਰ ਜ਼ੋਰ ਜ਼ੁਲਮ ਕੀ ਟੱਕਰ ਮੇਂ, ਸੰਘਰਸ਼ ਹਮਾਰਾ ਨਾਅਰਾ ਹੈ।' ਮੈਂ ਨਹੀਂ ਸੀ ਜਾਣਦਾ ਕਿ ਗੀਤ ਕਿਸ ਦਾ ਲਿਖਿਆ ਹੋਇਆ ਹੈ। ਮੈਂ ਜਲੂਸ ਵਿਚ ਸ਼ਾਮਲ ਕਈ ਵਿਦਿਆਰਥੀਆਂ ਨੂੰ ਪੁੱਛਿਆ ਵੀ। ਕਿਸੇ ਨੂੰ ਪਤਾ ਨਹੀਂ ਸੀ ਪਰ ਸਭ ਉਸ ਨੂੰ ਅੰਦੋਲਨ ਦਾ ਗੀਤ ਮੰਨ ਕੇ ਬੜੇ ਉਤਸ਼ਾਹ ਨਾਲ ਗਾਉਂਦੇ ਸਨ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਗੀਤ ਸ਼ੈਲੇਂਦਰ ਦਾ ਹੈ ਅਤੇ ਉਸ ਗੀਤ ਦਾ ਮੂਲ ਰੂਪ ਇਹ ਹੈ- 'ਹਰ ਜ਼ੋਰ ਜ਼ੁਲਮ ਕੀ ਟੱਕਰ ਮੇਂ, ਹੜਤਾਲ ਹਮਾਰਾ ਨਾਅਰਾ ਹੈ।' ਜ਼ਾਹਿਰ ਹੈ ਕਿ ਇਹ ਗੀਤ ਮਜ਼ਦੂਰਾਂ ਦੇ ਅੰਦੋਲਨ ਲਈ ਲਿਖਿਆ ਗਿਆ ਸੀ ਜੋ ਬਾਅਦ ਵਿਚ ਹਰ ਅੰਦੋਲਨ ਦਾ ਗੀਤ ਬਣ ਗਿਆ। ਮਜ਼ਦੂਰਾਂ ਤੋਂ ਬਿਨਾਂ ਅੰਦੋਲਨਕਾਰੀਆਂ ਨੇ ਉਸ ਗੀਤ ਵਿਚ ਹੜਤਾਲ ਦੀ ਥਾਂ ਸੰਘਰਸ਼ ਰੱਖ ਕੇ ਉਸ ਦੇ ਪ੍ਰਭਾਵ ਅਤੇ ਪ੍ਰਯੋਜਨ ਨੂੰ ਹੋਰ ਜ਼ਿਆਦਾ ਵਿਆਪਕ ਬਣਾ ਦਿੱਤਾ।

'ਨਿਓਤਾ ਔਰ ਚੁਣੌਤੀ' ਦੀਆਂ ਜ਼ਿਆਦਾ ਕਵਿਤਾਵਾਂ ਮਜ਼ਦੂਰਾਂ ਦੇ ਜੀਵਨ ਦੀਆਂ ਸਥਿਤੀਆਂ ਅਤੇ ਮਜ਼ਦੂਰ ਅੰਦੋਲਨਾਂ ਤੋਂ ਪੈਦਾ ਹੋਈਆਂ ਕਵਿਤਾਵਾਂ ਹਨ। ਇਸ ਲਈ ਉਹ ਜਨ ਅੰਦੋਲਨ ਨੂੰ ਤਾਕਤ ਦੇਣ ਵਾਲੀਆਂ ਕਵਿਤਾਵਾਂ ਵੀ ਹਨ। ਉਸ ਵਿਚ ਕਿਤੇ ਮਜ਼ਦੂਰ ਅੰਦੋਲਨਾਂ ਦੀ ਗੂੰਜ ਹੈ ਤੇ ਕਿਤੇ ਮਜ਼ਦੂਰਾਂ ਦੀ ਯਾਤਨਾ ਦੀ ਅਭਿਵਿਅਕਤੀ, ਕਿਤੇ ਮਜ਼ਦੂਰਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦਾ ਯਤਨ। 'ਨਿਓਤਾ ਔਰ ਚੁਣੌਤੀ' ਦੇ ਸ਼ੁਰੂ ਵਿਚ ਸ਼ੈਲੇਂਦਰ ਦਾ ਅਤਿਅੰਤ ਜਾਨਦਾਰ ਅਤੇ ਹਰਮਨ ਪਿਆਰਾ ਗੀਤ ਇਹ ਹੈ:

ਤੂੰ ਜ਼ਿੰਦਾ ਹੈ ਤੋ ਜ਼ਿੰਦਗੀ ਕੀ ਜੀਤ ਮੇਂ ਯਕੀਨ ਕਰ,
ਅਗਰ ਕਹੀਂ ਹੈ ਸਵਰਗ ਤੋ ਉਤਾਰ ਲਾ ਜ਼ਮੀਨ ਪਰ,
ਯੇ ਗ਼ਮ ਕੇ ਔਰ ਚਾਰ ਦਿਨ ਸਿਤਮ ਕੇ ਔਰ ਚਾਰ ਦਿਨ,
ਯੇ ਦਿਨ ਭੀ ਗੁਜ਼ਰ ਜਾਏਂਗੇ, ਗੁਜ਼ਰ ਗਏ ਹਜ਼ਾਰ ਦਿਨ,
ਸੁਬਹ ਔ ਸ਼ਾਮ ਕੇ ਰੰਗੇ ਗਏ ਗਗਨ ਕੋ ਚੂਮ ਕਰ,
ਤੂੰ ਸੁਣ ਜ਼ਮੀਨ ਗਾ ਰਹੀ ਹੈ ਕਬ ਸੇ ਝੂਮ ਝੂਮ ਕਰ।

ਇਸ ਗੀਤ ਦਾ ਅੰਤਿਮ ਹਿੱਸਾ ਉਮੀਦ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਾਲਾ ਹੈ:

ਟਿਕੇ ਨਾ ਟਿਕ ਸਕੇਂਗੇ, ਭੂਖ ਰੋਗ ਕੇ ਸਵਰਾਜ ਯੇ
ਜ਼ਮੀਂ ਕੇ ਪੇਟ ਮੇਂ ਪਲੀ ਅਗਨ, ਪਲੇ ਹੈ ਜ਼ਲਜ਼ਲੇ,
ਬੁਰੀ ਹੈ ਆਗ ਪੇਟ ਕੀ, ਬੁਰੇ ਹੈਂ ਦਿਲ ਕੇ ਦਾਗ਼ ਯੇ
ਨਾ ਦਬ ਸਕੇਂਗੇ, ਏਕ ਦਿਨ ਬਨੇਂਗੇ, ਇਨਕਲਾਬ ਯੇ
ਗਿਰੇਂਗੇ ਜ਼ੁਲਮ ਕੇ ਮਹਿਲ, ਬਨੇਂਗੇ ਫਿਰ ਨਵੀਨ ਘਰ!

ਉਮੀਦ ਅਤੇ ਵਿਸ਼ਵਾਸ ਦੇ ਆਸਰੇ ਹੀ ਲੋਕ ਅੰਦੋਲਨ ਖੜ੍ਹੇ ਹੁੰਦੇ ਹਨ ਅਤੇ ਅੱਗੇ ਵਧਦੇ ਹਨ।



ਕਵੀ ਸ਼ੈਲੇਂਦਰ

ਹਿੰਦੀ ਵਿਚ ਕਿਸਾਨ ਜੀਵਨ ਦੇ ਅਨੇਕ ਕਵੀ ਹਨ ਪਰ ਮਜ਼ਦੂਰਾਂ ਦੇ ਜੀਵਨ ਦੇ ਯਥਾਰਥ, ਜਾਗਰਤੀ, ਸੰਘਰਸ਼ ਅਤੇ ਇੱਛਾਵਾਂ ਦੀਆਂ ਸੰਭਾਵਨਾਵਾਂ ਦੇ ਕਵੀ ਸਿਰਫ਼ ਸ਼ੈਲੇਂਦਰ ਹਨ। ਉਨ੍ਹਾਂ ਨੇ ਮਜ਼ਦੂਰਾਂ ਦੀ ਦ੍ਰਿਸ਼ਟੀ ਵਿਚ ਪੂੰਜੀਵਾਦੀ ਵਿਵਸਥਾ ਦੇ ਸ਼ੋਸ਼ਣ ਤੇ ਦਮਨ ਦੀ ਪ੍ਰਕਿਰਿਆ ਅਤੇ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਉਨ੍ਹਾਂ ਦੇ ਪ੍ਰਭਾਵ ਨੂੰ 'ਇਤਿਹਾਸ' ਨਾਂ ਦੀ ਕਵਿਤਾ ਵਿਚ ਪ੍ਰਗਟ ਕੀਤਾ ਹੈ। ਇਸ ਕਵਿਤਾ ਵਿਚ ਇੱਕ ਪਾਸੇ ਮਜ਼ਦੂਰਾਂ ਦੀ ਜ਼ਿੰਦਗੀ ਦਾ ਅਸਲੀ ਰੂਪ ਇਹ ਹੈ:

ਖੇਤੋਂ ਮੇਂ, ਖਲਿਆਨੋਂ ਮੇਂ, ਮਿਲ ਔਰ ਕਾਰਖਾਨੋਂ ਮੇਂ,
ਚਲ ਸਾਗਰ ਕੀ ਲਹਿਰੋਂ ਮੇਂ, ਉਸ ਉਪਜਾਊ ਧਰਤੀ ਕੇ
ਉਤਪਤ ਗਰਭ ਕੇ ਅੰਦਰ, ਕੀੜੋਂ ਸੇ ਰੇਂਗਾ ਕਰਤੇ ਵੇ ਖ਼ੂਨ ਪਸੀਨਾ ਕਰਤੇ!
ਵੇ ਅੰਨ ਅਨਾਜ ਉਗਾਤੇ, ਵੇ ਊਚੇ ਮਹਲ ਉਠਾਤੇ
ਕੋਇਲਾ ਲੋਹੇ ਸੋਨੇ ਸੇ ਧਰਤੀ ਪਰ ਸਵਰਗ ਬਸਾਤੇ
ਵੇ ਪੇਟ ਸਭੀ ਕਾ ਭਰਤੇ ਪਰ ਖ਼ੁਦ ਭੂਖੋਂ ਮਰਤੇ ਹੈਂ।

ਇਸ ਤੋਂ ਠੀਕ ਉਲਟ ਪੂੰਜੀਪਤੀਆਂ ਦੇ ਸੁਭਾਅ ਅਤੇ ਆਚਰਣ ਦਾ ਅਸਲ ਰੂਪ ਇਹ ਹੈ:

ਨਿਜ ਬਹੁਤ ਬੜੀ ਪੂੰਜੀ ਸੇ, ਛੋਟੀ ਪੂੰਜੀਆਂ ਹੜੱਪ ਕਰ
ਧੀਰੇ ਧੀਰੇ ਸਮਾਜ ਕੇ ਅਗੁਵਾ ਯੇ ਹੀ ਬਨ ਜਾਤੇ,
ਨੇਤਾ ਯੇ ਹੀ ਬਣ ਜਾਤੇ, ਸ਼ਾਸਕ ਯੇ ਹੀ ਬਨ ਜਾਤੇ!
ਸ਼ਾਸਨ ਕੀ ਭੂਖ ਨਾ ਮਿਟਤੀ
ਸ਼ੋਸ਼ਣ ਕੀ ਭੂਖ ਨਾ ਮਿਟਤੀ
ਯੇ ਭਿੰਨ-ਭਿੰਨ ਦੇਸ਼ੋ ਮੇਂ ਛਲ ਕੇ ਵਪਾਰ ਸਜਾਤੇ,
ਪੂੰਜੀ ਕੇ ਜਾਲ ਬਿਛਾਤੇ, ਵੇ ਔਰ ਔਰ ਬੜ ਜਾਤੇ!

ਕਵਿਤਾ ਵਿਚ ਪੂੰਜੀਵਾਦ ਦੇ ਨਿਰੰਤਰ ਵਿਸਤਾਰ ਦੀ ਪ੍ਰਕਿਰਿਆ, ਉਸ ਵਿਚ ਸ਼ਾਮਲ ਸਾਮਰਾਜਵਾਦ ਦੀ ਇੱਛਾ, ਯੁੱਧ ਅਤੇ ਆਰਥਿਕ ਮੰਦੀ ਦੀ ਵਾਸਤਵਿਕਤਾ ਅਤੇ ਇਨ੍ਹਾਂ ਸਾਰਿਆਂ ਦੇ ਨਤੀਜਿਆਂ ਦੀ ਪ੍ਰਭਾਵਸ਼ਾਲੀ ਅਤੇ ਬਿਓਰਾਵਾਰ ਵਿਅੰਜਨਾ ਹੈ। ਕਵਿਤਾ ਦੇ ਅੰਤ ਵਿਚ ਪੂੰਜੀਵਾਦ ਦੇ ਅੰਤ ਦੀ ਇੱਛਾ ਅਤੇ ਉਸ ਦੇ ਨਤੀਜਿਆਂ ਦੀ ਅਭਿਵਿਅਕਤੀ ਹੋਈ ਹੈ:

ਨਿਰਧਨ ਕੇ ਲਾਲ ਲਹੂ ਸੇ, ਲਿਖਾ ਕਠੋਰ ਘਟਨਾਕ੍ਰਮ
ਯੋਂ ਹੀ ਆਏ-ਜਾਏਗਾ ਜਬ ਤਕ ਪੀੜਤ ਧਰਤੀ ਸੇ
ਪੂੰਜੀਵਾਦੀ ਸ਼ਾਸਨ ਕਾ ਨਿਤ ਨਿਰਬਲ ਕੇ ਸ਼ੋਸ਼ਣ ਕਾ
ਯੇਹ ਦਾਗ ਨਾ ਧੁਲ ਜਾਏਗਾ, ਤਬ ਤਕ ਐਸਾ ਘਟਨਾਕ੍ਰਮ
ਯੂੰ ਹੀ ਆਏ ਜਾਏਗਾ, ਯੂੰ ਹੀ ਆਏ ਜਾਏਗਾ।

ਇਹ ਕਵਿਤਾ 1947 ਦੀ ਹੈ, ਦੂਜੀ ਆਲਮੀ ਜੰਗ ਤੋਂ ਬਾਅਦ ਦੀ ਲਿਖੀ ਹੋਈ ਹੋਵੇਗੀ, ਪਰ ਇਹ ਪੂੰਜੀਵਾਦ ਦੇ ਵਰਤਮਾਨ ਦੌਰ ਦੀਆਂ ਵਾਸਵਿਕਤਾਵਾਂ ਅਤੇ ਸੰਭਾਵਨਾਵਾਂ ਦੀ ਕਵਿਤਾ ਹੈ।

'ਨਿਓਤਾ ਔਰ ਚੁਣੌਤੀ' ਵਿਚ ਅਜਿਹੀਆਂ ਅਨੇਕਾਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਸੁਤੰਤਰਤਾ ਅੰਦੋਲਨ ਦੌਰਾਨ ਸਵਰਾਜ ਸਬੰਧੀ ਕਾਂਗਰਸ ਪਾਰਟੀ ਦੇ ਵਾਅਦਿਆਂ ਅਤੇ ਇਰਾਦਿਆਂ ਵੱਲ ਸੰਕੇਤ ਹੈ ਅਤੇ ਨਾਲ ਹੀ ਆਜ਼ਾਦੀ ਤੋਂ ਬਾਅਦ ਦੇਸ਼ ਦਾ ਸ਼ਾਸਨ ਸੰਭਾਲਣ ਤੋਂ ਬਾਅਦ ਕਾਂਗਰਸੀ ਰਾਜ ਵਿਚ ਜਨਤਾ ਦੇ ਜੀਵਨ ਦੀਆਂ ਤ੍ਰਾਸਦ ਵਾਸਤਵਿਕਤਵਾਂ ਦਾ ਚਿਤਰਣ ਵੀ ਹੈ। 'ਪੰਦਰਾਂ ਅਗਸਤ ਤੋਂ ਬਾਅਦ' ਕਵਿਤਾ ਵਿਚ ਸ਼ੈਲੇਂਦਰ ਕਾਂਗਰਸੀ ਰਾਜ ਦੇ ਸ਼ੁਰੂਆਤੀ ਦੌਰ ਦੇ ਅਸਲੀ ਰੂਪ ਨੂੰ ਇਸ ਤਰ੍ਹਾਂ ਦੇਖਦੇ ਹਨ:

ਰਾਮ ਰਾਜ ਦਾ ਢੋਲ ਵਜਾਇਆ
ਨੇਤਾ ਨੇ ਕੰਟਰੋਲ ਉਠਾਇਆ,
ਕਾਲੇ ਬਾਜ਼ਾਰੀ ਬਨੀਓ ਕੋ
ਦਿਲ ਮੇਂ, ਦਿੱਲੀ ਮੇਂ ਬੈਠਾਇਆ
ਖੁੱਲ੍ਹਮ ਖੁੱਲ੍ਹਾ ਲੂਟ ਮਚ ਗਈ
ਮਹਿੰਗਾਈ ਨੇ ਰੰਗ ਦਿਖਾਇਆ।
ਆਜ਼ਾਦੀ ਕੀ ਚਾਲ ਦੁਰੰਗੀ
ਘਰ-ਘਰ ਅੰਨ ਵਸਤਰ ਕੀ ਤੰਗੀ
ਤਰਸ ਦੂਧ ਕੋ ਬੱਚੇ ਗਏ,
ਨਿਰਧਨ ਕੀ ਔਰਤ ਅਧਨੰਗੀ
ਬੜਤੀ ਗਈ ਗ਼ਰੀਬੀ ਦਿਨ ਦਿਨ
ਬੇਕਾਰੀ ਨੇ ਮੂੰਹ ਫੈਲਾਇਆ

ਸ਼ੈਲੇਂਦਰ ਦੀਆਂ ਅਜਿਹੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਜੇ ਪਾਠਕਾਂ ਨੂੰ ਨਾਗਾਰੁਜਨ ਅਤੇ ਰਾਮਧਾਰੀ ਸਿੰਘ ਦਿਨਕਰ ਦੀਆਂ ਉਸ ਦੌਰ ਦੀਆਂ ਕਵਿਤਾਵਾਂ ਯਾਦ ਆਉਣ ਤਾਂ ਮੰਨਣਾ ਚਾਹੀਦਾ ਹੈ ਕਿ ਸ਼ੈਲੇਂਦਰ ਸੱਚਮੁੱਚ ਨਾਗਾਰੁਜਨ ਅਤੇ ਦਿਨਕਰ ਦੇ ਸਾਮਾਨਧਰਮੀ ਕਵੀ ਹਨ।

ਸ਼ੈਲੇਂਦਰ ਨੇ ਮਜ਼ਦੂਰਾਂ ਦੇ ਜੀਵਨ ਸੰਘਰਸ਼ ਦੀਆਂ ਅਜਿਹੀਆਂ ਕਵਿਤਾਵਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਮਜ਼ਦੂਰਾਂ ਦੀ ਜ਼ਿੰਦਗੀ ਦੀਆਂ ਕਠਿਨ-ਕਠੋਰ ਸਥਿਤੀਆਂ ਅਤੇ ਮਜਬੂਰੀ ਵਿਚੋਂ ਪੈਦਾ ਹੋਈਆਂ ਚਿੰਤਾਵਾਂ, ਪਰੇਸ਼ਾਨੀਆਂ ਅਤੇ ਬੇਚੈਨੀਆਂ ਦੀ ਅਭਿਵਿਅਕਤੀ ਹੁੰਦੀ ਹੈ। ਅਜਿਹੀ ਹੀ ਇੱਕ ਕਵਿਤਾ ਹੈ- 'ਨਈ ਨਈ ਸ਼ਾਦੀ ਹੈ'। ਮੁੰਬਈ ਵਿਚ ਕੰਮ ਕਰਨ ਵਾਲੇ ਇੱਕ ਮਜ਼ਦੂਰ ਦਾ ਪਿੰਡ ਵਿਚ ਵਿਆਹ ਹੋਇਆ ਹੈ। ਦੋ ਦਿਨ ਪਤਨੀ ਨਾਲ ਰਹਿਣ ਤੋਂ ਬਾਅਦ ਉਹ ਮੁੰਬਈ ਮੁੜਿਆ। ਸੋਚਿਆ ਕਿ ਕਿਤੇ ਇੱਕ ਕਮਰਾ ਕਿਰਾਏ ਤੇ ਲੈ ਕੇ ਦੋਵੇਂ ਇਕੱਠੇ ਰਹਿਣਗੇ ਪਰ ਪਗੜੀ, ਨਜ਼ਰਾਨਾ ਅਤੇ ਕਿਰਾਏ ਦੇ ਰੁਪਏ ਨਾ ਹੋਣ ਕਾਰਨ ਮਨ ਮਾਰ ਕੇ ਉਹ ਪਹਿਲਾਂ ਵਾਂਗ ਇਕੱਲਾ ਰਹਿਣ ਦਾ ਫ਼ੈਸਲਾ ਕਰਦਾ ਹੈ ਅਤੇ ਫਿਰ ਆਪਣੀ ਤਸੱਲੀ ਲਈ ਇਸ ਤਰ੍ਹਾਂ ਸੋਚਦਾ ਹੈ:

ਮੁਝ ਜੈਸੇ ਤੋ ਲਾਖੋਂ ਹੈ ਮੁੰਬਾ ਨਗਰੀ ਮੇਂ
ਨਿਪਠ ਨਿਰਾਸ਼ਯ ਕਾਟ ਰਹੇ ਹੈ
ਜੀਵਨ ਧੂਲ-ਭਰੀ ਡਗਰੀ ਮੇਂ!
ਘਰ ਛੋੜਾ ਹੈ, ਦਰ ਛੋੜਾ ਹੈ,
ਯਹਾਂ ਮਿੱਲੋਂ ਮੇਂ ਸਸਤੇ ਦਾਮੋਂ ਮੇਂ ਅਪਨਾ ਸਰਵਿਸ ਬੇਚਾ ਹੈ
ਦੂਰ ਛੂਟੇ ਬੀਵੀ ਔਰ ਬੱਚੇ ਕੇ ਜੀਵਨ ਸੇ
ਬੇਰੰਗ ਚਿੱਠੀ, ਮਨੀਆਰਡਰ, ਦੋ ਪੈਸੇ ਕੇ ਕਾਗਜ਼ ਸੇ ਹੀ
ਅਪਨੇ ਜੀਵਨ ਕੋ ਜੋੜਾ ਹੈ

ਸ਼ੈਲੇਂਦਰ ਤਿੱਖੀ ਰਾਜਨੀਤਿਕ ਚੇਤਨਾ ਦੇ ਕਵੀ ਹਨ। ਸ਼ੈਲੇਂਦਰ ਦੀ ਰਾਜਨੀਤਿਕ ਚੇਤਨਾ ਦੀ ਤੀਖਣਤਾ ਅਤੇ ਦੂਰਦਰਸ਼ਤਾ ਨੂੰ ਦੇਖਣਾ ਹੋਵੇ ਤਾਂ ਉਨ੍ਹਾਂ ਦੀ ਕਵਿਤਾ 'ਭਗਤ ਸਿੰਘ ਸੇ' ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

ਭਗਤ ਸਿੰਘ! ਇਸ ਬਾਰ ਨਾ ਲੇਨਾ ਕਾਇਆ ਭਾਰਤ ਵਾਸੀ ਕੀ,
ਦੇਸ਼ ਭਗਤੀ ਕੇ ਲੀਏ ਆਜ ਭੀ
ਸਜ਼ਾ ਮਿਲੇਗੀ ਫ਼ਾਂਸੀ ਕੀ!

ਕਵਿਤਾ ਦੇ ਇਸ ਅੰਸ਼ ਨੂੰ ਪੜ੍ਹਦਿਆਂ ਪ੍ਰੇਮ ਚੰਦ ਦਾ ਕਥਨ ਯਾਦ ਆਉਂਦਾ ਹੈ। ਪ੍ਰੇਮ ਚੰਦ ਨੇ 1930 ਵਿਚ 'ਆਹੂਤੀ' ਨਾਂ ਦੀ ਕਹਾਣੀ ਲਿਖੀ ਸੀ। ਉਸ ਕਹਾਣੀ ਦੀ ਨਾਇਕਾ ਕਹਿੰਦੀ ਹੈ ਕਿ 'ਘੱਟੋ-ਘੱਟ ਮੇਰੇ ਲਈ ਤਾਂ ਸਵਰਾਜ ਦਾ ਇਹ ਅਰਥ ਨਹੀਂ ਹੈ ਕਿ ਜਾਨ ਦੀ ਥਾਂ ਗੋਵਿੰਦ ਬੈਠ ਜਾਵੇ, ਮੈਂ ਅਜਿਹੀ ਵਿਵਸਥਾ ਦੇਖਣਾ ਚਾਹੁੰਦੀ ਹਾਂ ਜਿੱਥੇ ਘੱਟੋ-ਘੱਟ ਗ਼ਰੀਬ ਨੂੰ ਆਸਰਾ ਮਿਲ ਸਕੇ।' ਇਸੇ ਨਾਲ ਤੁਸੀਂ 2 ਫਰਵਰੀ 1931 ਨੂੰ ਲਿਖਿਆ ਭਗਤ ਸਿੰਘ ਦਾ ਇਕ ਵਾਕ ਪੜ੍ਹੋ ਜੋ ਇਸ ਪ੍ਰਕਾਰ ਹੈ, ''ਇਸ ਕਿਸਾਨ ਨੂੰ ਇਸ ਨਾਲ ਕੀ ਫ਼ਰਕ ਪਵੇਗਾ ਕਿ ਲਾਰਡ ਇਰਵਿਨ ਦੀ ਥਾਂ ਤੇਜ਼ ਬਹਾਦਰ ਸਪਰੂ ਆ ਜਾਵੇ।'' ਸ਼ੈਲੇਂਦਰ ਦੀ ਇਸ ਕਵਿਤਾ ਵਿਚ ਉਨ੍ਹਾਂ ਦੀ ਰਾਜਨੀਤਿਕ ਚੇਤਨਾ ਪ੍ਰੇਮ ਚੰਦ ਅਤੇ ਭਗਤ ਸਿੰਘ ਨਾਲ ਜੁੜੀ ਹੋਈ ਹੈ। ਇਹ ਕਵਿਤਾ 1948 ਵਿਚ ਲਿਖੀ ਗਈ ਸੀ। ਅੱਜ ਇਸ ਨੂੰ ਪੜ੍ਹੀਏ ਤਾਂ ਇਹ ਪਹਿਲਾਂ ਨਾਲੋਂ ਜ਼ਿਆਦਾ ਪ੍ਰਸੰਗਿਕ ਜਾਪੇਗੀ। ਇਹ ਸਾਬਿਤ ਕਰਦਾ ਹੈ ਕਿ ਉਹੀ ਰਚਨਾ ਅਮਰ ਹੁੰਦੀ ਹੈ ਜਿਹੜੀ ਸੱਚਮੁੱਚ ਸਮੇਂ ਤੋਂ ਪਾਰ ਦੀ ਗੱਲ ਕਰਦੀ ਹੈ। ਇਸ ਕਵਿਤਾ ਦੀ ਵਧਦੀ ਹੋਈ ਪ੍ਰਾਸੰਗਿਕਤਾ ਦੇ ਕਾਰਨ ਲੱਭਣ ਲਈ ਤੁਹਾਨੂੰ ਭਾਰਤ ਦੀ ਵਰਤਮਾਨ ਰਾਜ ਸੱਤਾ ਦੇ ਸਰੂਪ, ਉਸਦੇ ਦਮਨਕਾਰੀ ਰੂਪ ਅਤੇ ਅਮਰੀਕਾ ਦੀ ਸੱਤਾ ਨਾਲ ਉਸ ਦੇ ਗਠਜੋੜ ਨੂੰ ਪਛਾਣਨਾ ਪਵੇਗਾ।


ਅਜਿਹੀ ਇਤਿਹਾਸਕ ਚੇਤਨਾ ਦਾ ਕਵੀ ਜੇ ਸਮਾਜਿਕ-ਰਾਜਨੀਤਿਕ ਕ੍ਰਾਂਤੀ ਦੀ ਲੋੜ 'ਤੇ ਜ਼ੋਰ ਦੇਵੇ ਅਤੇ ਉਸ ਦਾ ਸੱਦਾ ਦੇਵੇ ਤਾਂ ਹੈਰਾਨੀ ਦੀ ਕੋਈ ਗੱਲ ਨਹੀਂ। ਉਨ੍ਹਾਂ ਨੇ ਕ੍ਰਾਂਤੀਕਾਰੀ ਅੰਦੋਲਨ ਲਈ ਇੱਕ ਗੀਤ ਵੀ ਲਿਖਿਆ ਹੈ:

ਕ੍ਰਾਂਤੀ ਕੇ ਲੀਏ ਉਠੇ ਕਦਮ
ਕ੍ਰਾਂਤੀ ਕੇ ਲੀਏ ਜਲੀ ਮਸ਼ਾਲ।
ਭੂਖ ਕੇ ਵਿਰੁੱਧ ਭਾਤ ਕੇ ਲੀਏ,
ਰਾਤ ਕੇ ਵਿਰੁੱਧ ਪ੍ਰਭਾਤ ਕੇ ਲੀਏ,
ਮਿਹਨਤੀ ਗ਼ਰੀਬ ਜਾਤ ਕੇ ਲੀਏ,
ਹਮ ਲੜੇਂਗੇ, ਹਮਨੇ ਲੀ ਕਸਮ!

ਸ਼ੈਲੇਂਦਰ ਗਹਿਰੇ ਵਿਅੰਗ ਦੇ ਪ੍ਰਭਾਵਸ਼ਾਲੀ ਕਵੀ ਵੀ ਹਨ। ਹਿੰਦੀ ਕਵਿਤਾ ਦੀ ਪ੍ਰੰਪਰਾ ਵਿਚ ਉਨ੍ਹਾਂ ਹੀ ਕਵੀਆਂ ਦੀਆਂ ਕਵਿਤਾਵਾਂ ਵਿਚ ਵਿਅੰਗ ਮਿਲਦਾ ਹੈ ਜਿਨ੍ਹਾਂ ਵਿਚ ਵਿਆਪਕ ਲੋਕ ਚੇਤਨਾ ਹੈ, ਕਿਉਂਕਿ ਵਿਅੰਗ ਦਾ ਮੂਲ ਸ੍ਰੋਤ ਲੋਕ ਜੀਵਨ ਹੀ ਹੈ। ਭਗਤੀ ਕਾਲ ਦੇ ਕਵੀਆਂ ਵਿਚ ਲੋਕ ਚੇਤਨਾ ਦੀ ਗਹਿਰਾਈ ਕਾਰਨ ਵਿਅੰਗ ਦੀ ਸਮਰੱਥਾ ਦਾ ਵਿਕਾਸ ਕਬੀਰ, ਸੂਰਦਾਸ ਅਤੇ ਤੁਲਸੀ ਦੀ ਕਵਿਤਾ ਵਿਚ ਹੈ ਤਾਂ ਆਧੁਨਿਕ ਕਾਲ ਵਿਚ ਨਿਰਾਲਾ, ਨਾਗਾਰੁਜਨ ਅਤੇ ਰਘਬੀਰ ਸਹਾਏ ਦੀ ਕਵਿਤਾ ਵਿਚ। ਸ਼ੈਲੇਂਦਰ ਉਸੇ ਪਰੰਪਰਾ ਦੇ ਕਵੀ ਹਨ।

'ਨਿਓਤਾ ਔਰ ਚੁਣੌਤੀ' ਦੀਆਂ ਦੋ ਕਵਿਤਾਵਾਂ 'ਦੀਵਾਲੀ ਤੋਂ ਬਾਅਦ' ਅਤੇ 'ਨੇਤਾਵਾਂ ਦਾ ਨਿਓਤਾ' ਵਿਚ ਵਿਅੰਗ ਦੀ ਧਾਰ ਜਿੰਨੀ ਤੇਜ਼ ਹੈ ਓਨੀ ਹੀ ਮਾਰਕ ਵੀ ਹੈ। ਪਹਿਲੀ ਕਵਿਤਾ ਵਿਚ ਵਿਅੰਗ ਵੇਦਨਾ ਵਿਚੋਂ ਪੈਦਾ ਹੋਇਆ ਹੈ ਅਤੇ ਦੂਜੀ ਕਵਿਤਾ ਵਿਚ ਰੋਹ ਵਿਚੋਂ। ਦੋਵੇਂ ਕਵਿਤਾਵਾਂ ਵਿਚ ਵਿਅੰਗ ਸਮਾਜਿਕ, ਰਾਜਨੀਤਿਕ ਆਲੋਚਨਾ ਦਾ ਹਥਿਆਰ ਹੈ।

ਸ਼ੈਲੇਂਦਰ ਮੱਧ ਵਰਗ ਦੇ ਬੁੱਧੀਜੀਵੀ ਦੀ ਭਾਸ਼ਾ ਵਿਚ ਮਜ਼ਦੂਰ ਦੀ ਜ਼ਿੰਦਗੀ ਦੀ ਕਵਿਤਾ ਨਹੀਂ ਲਿਖਦੇ। ਉਹ ਖ਼ੁਦ ਮਜ਼ਦੂਰ ਸਨ। ਇਸ ਲਈ ਮਜ਼ਦੂਰ ਜੀਵਨ ਵਿਵਹਾਰ ਵਿਚ ਵਰਤੀ ਜਾਂਦੀ ਸ਼ਬਦਾਵਲੀ, ਭਾਸ਼ਾ ਅਤੇ ਬੋਲਚਾਲ ਦੀ ਸ਼ੈਲੀ ਵਿਚ ਉਨ੍ਹਾਂ ਦੇ ਜੀਵਨ ਅਨੁਭਵਾਂ ਅਤੇ ਅਕਾਂਖਿਆਵਾਂ ਦੀ ਕਵਿਤਾ ਲਿਖਦੇ ਹਨ। ਇਹੀ ਕਾਰਨ ਹੈ ਕਿ ਸ਼ੈਲੇਂਦਰ ਮਜ਼ਦੂਰਾਂ ਦੇ ਆਪਣੇ ਕਵੀ ਹਨ।









ਕਵੀ ਸ਼ੈਲੇਂਦਰ ਬਾਰੇ ਕਿਤਾਬ ਦਾ ਮੁਖੜਾ, ਲਤਾ ਮੰਗੇਸ਼ਕਰ ਨਾਲ ਸ਼ੇਲੇਂਦਰ ਅਤੇ ਸ਼ੇਲੇਂਦਰ ਦੀ ਯਾਦ ਵਿਚ ਜਾਰੀ ਡਾਕ ਟਿਕਟ।

# ਬੱਬਰ ਅਕਾਲੀ ਲਹਿਰ ਬਾਰੇ ਨਵੇਂ ਸਿਰਿਓਂ ਚਰਚਾ

***ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ 1920ਵਿਆਂ ਦੌਰਾਨ ਚੱਲੀ ਬੱਬਰ ਅਕਾਲੀ ਲਹਿਰ ਦਾ ਬੜਾ ਅਹਿਮ ਯੋਗਦਾਨ ਹੈ। ਇਸ ਲਹਿਰ ਬਾਰੇ ਕੁਝ ਬੱਬਰਾਂ ਨੇ ਖੁਦ ਅਤੇ ਬਹੁਤ ਸਾਰੇ ਖੋਜੀਆਂ ਤੇ ਇਤਿਹਾਸਕਾਰਾਂ ਨੇ ਲਿਖਿਆ ਹੈ ਅਤੇ ਇਸ ਲਹਿਰ ਦੇ ਵੱਖ-ਵੱਖ ਪੱਖਾਂ ਬਾਰੇ ਪਰਖ-ਪੜਚੋਲ ਕੀਤੀ ਹੈ। ਹੁਣੇ-ਹੁਣੇ ਵਿਜੈ ਬੰਬੇਲੀ ਦੀ ਕਿਤਾਬ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਛਪ ਕੇ ਆਈ ਹੈ ਜਿਸ ਵਿਚ ਬੱਬਰ ਅਕਾਲੀ ਲਹਿਰ ਦੇ ਪਿਛੋਕੜ ਅਤੇ ਇਤਿਹਾਸ ਦੇ ਨਾਲ-ਨਾਲ ਕੁਝ ਅਣਗੌਲੇ ਰਹਿ ਗਏ ਪੱਖਾਂ ਬਾਰੇ ਵਿਚਾਰ ਕੀਤੀ ਗਈ ਹੈ। ਡਾ. ਹਰਜਿੰਦਰ ਸਿੰਘ ਅਟਵਾਲ (ਡਾ.) ਨੇ ਇਸ ਲਹਿਰ ਬਾਰੇ ਬੜਾ ਕੁਝ ਫਰੋਲਦੀ ਇਸ ਕਿਤਾਬ ਬਾਰੇ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***

ਲੰਘਿਆ ਵਰ੍ਹਾ 'ਬੱਬਰ ਅਕਾਲੀ ਲਹਿਰ' ਦਾ ਇਤਿਹਾਸਕ ਸ਼ਤਾਬਦੀ ਵਰ੍ਹਾ ਸੀ। ਸ਼ਤਾਬਦੀਆਂ ਤੇ ਕਿਸੇ ਲਹਿਰ, ਅੰਦੋਲਨ, ਵਿਅਕਤੀ ਜਾਂ ਕਿਸੇ ਵੀ ਹੋਰ ਖੇਤਰ ਨਾਲ ਜੁੜੀ ਵੱਡੀ ਇਤਿਹਾਸਕ ਘਟਨਾ ਬਾਰੇ ਪੁਨਰ-ਵਿਚਾਰ ਕੀਤੀ ਜਾਂਦੀ ਹੈ, ਇਹ ਕੀਤੀ ਜਾਣੀ ਜ਼ਰੂਰੀ ਵੀ ਹੁੰਦੀ ਹੈ। ਸਦੀ ਬੀਤਣ ਬਾਅਦ ਉਸ ਲਹਿਰ ਬਾਰੇ ਨਵੇਂ ਤੱਥ ਵੀ ਉਜਾਗਰ ਹੁੰਦੇ ਹਨ, ਉਸ ਲਹਿਰ ਨੂੰ ਦੇਖਣ/ਘੋਖਣ ਦੀ ਭਾਵੁਕਤਾ ਵੀ ਥੋੜ੍ਹੀ ਮੱਠੀ ਪਈ ਹੋਣ ਕਰ ਕੇ ਉਸ ਦਾ ਯਥਾਰਥਕ ਮੁਲੰਕਣ ਕਰਨ ਦੀ ਸੰਭਾਵਨਾ ਵੀ ਬਹੁਤ ਵਧ ਜਾਂਦੀ ਹੈ।

ਸ਼ਤਾਬਦੀਆਂ ਮਨਾਉਣ ਦੀ ਰਵਾਇਤ ਪੰਜਾਬੀਆਂ ਦੇ ਸੁਭਾਅ ਦਾ ਅਹਿਮ ਹਿੱਸਾ ਹੈ; ਮਿਸਾਲ ਵਜੋਂ ਗੁਰੂ ਨਾਨਕ ਜੀ ਦੀ ਪੰਜਵੀਂ ਸ਼ਤਾਬਦੀ ਸਮੇਂ ਵਿੱਦਿਆ ਦੇ ਖੇਤਰ ਵਿਚ ਕਾਫੀ ਕੁਝ ਅਹਿਮ ਹੁੰਦਾ ਹੈ। ਪੇਂਡੂ ਖੇਤਰਾਂ ਵਿਚ ਕਾਲਜ, ਪੰਜਾਬ ਦੀ ਵੱਡੀ ਯੂਨੀਵਰਸਿਟੀ ਅਤੇ ਹੋਰ ਬਹੁਤ ਕੁਝ ਹੋਂਦ ਵਿਚ ਆਉਂਦਾ ਹੈ। ਇਸ ਨਾਲ ਗੁਰੂ ਨਾਨਕ ਦੇ ਫਲਸਫੇ ਬਾਰੇ ਵੀ ਹੋਰ ਖੋਜ ਕਾਰਜ ਦੀ ਸੰਭਾਵਨਾ ਬਣੀ ਅਤੇ ਇਹ ਖੋਜ ਕਾਰਜ ਹੋ ਵੀ ਰਿਹਾ ਹੈ; ਭਾਵੇਂ ਉਸ ਪੱਧਰ ਦਾ ਨਾ ਹੋਵੇ ਜਿਸ ਦਾ ਅਸਲ ਵਿਚ ਹੋਣਾ ਚਾਹੀਦਾ ਸੀ ਜਾਂ ਗੁਰੂ ਨਾਨਕ ਦੇ ਫਲਸਫੇ ਨੂੰ ਮਨੁੱਖ ਜੀਵਨ ਜਾਚ

**ਹਰਜਿੰਦਰ ਸਿੰਘ ਅਟਵਾਲ (ਡਾ.)**
ਫੋਨ: +91-98721-73475

ਕਿਵੇਂ ਬਣਾਵੇ, ਇਸ ਬਾਰੇ ਗੱਲ ਬਹੁਤ ਹੀ ਘੱਟ ਹੋ ਰਹੀ ਹੈ, ਫਿਰ ਵੀ ਜੇ ਸ਼ਤਾਬਦੀ ਵਰ੍ਹਿਆਂ ਵਿਚ ਹੋਂਦ ਵਿਚ ਆਏ ਅਦਾਰਿਆਂ ਨੂੰ ਸੁਚਾਰੂ ਢੰਗ ਨਾਲ ਕਾਰਜਸ਼ੀਲ ਕੀਤਾ ਜਾਵੇ ਤਾਂ ਇਹ ਸਾਰਾ ਕੁਝ ਸੰਭਵ ਹੋ ਸਕਦਾ ਹੈ।

ਬੱਬਰ ਅਕਾਲੀ ਲਹਿਰ ਅਸਲ ਵਿਚ ਪੰਜਾਬ ਵਿਚੋਂ ਉੱਠੀਆਂ ਲਹਿਰਾਂ ਵਾਂਗ ਪੰਜਾਬੀਆਂ ਦੀ ਮਾਨਸਿਕਤਾ ਨੂੰ ਤੀਬਰ ਰੂਪ ਵਿਚ ਸਮੋਈ ਬੈਠੀ ਹੈ ਅਤੇ ਇਸ ਦੀ ਕਾਰਜਸ਼ੀਲਤਾ ਇਸ ਮਾਨਸਿਕਤਾ ਨੂੰ ਉਭਾਰਦੀ ਹੈ। ਇਸ ਨੂੰ ਸਮਝਣ ਲਈ ਇਸ ਨੂੰ ਮੌਕਾ ਮੇਲ ਕਹਿ ਲਵੋ ਜਾਂ ਪੰਜਾਬੀਆਂ ਦੇ ਸੁਭਾਅ ਵਿਚਲੀ ਮਰਨ ਮਿੱਟੀ ਕਹਿ ਲਵੋ, ਜਦੋਂ ਅਸੀਂ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਮਨਾ ਰਹੇ ਸੀ, ਉਦੋਂ ਹੀ ਪੰਜਾਬੀਆਂ ਦੀ ਮਰਨ ਮਿੱਟੀ ਉਨ੍ਹਾਂ ਨੇ ਆਪਣੇ ਘਰਾਂ ਤੋਂ ਉਖਾੜ ਕੇ ਮੁਲਕ ਦੀ ਰਾਜਧਾਨੀ (ਦਿੱਲੀ) ਦੇ ਦੁਆਲੇ ਉਨ੍ਹਾਂ ਹਾਕਮਾਂ ਦੀ ਘੇਰਾਬੰਦੀ ਕਰਨ ਲਈ ਪ੍ਰੇਰਦੀ ਹੈ ਜੋ ਕਿਸਾਨਾਂ (ਪੰਜਾਬੀ ਸੁਭਾਅ) ਦੇ ਹੱਕਾਂ 'ਤੇ ਡਾਕਾ ਮਾਰਨ ਦੀ ਤਾਕ ਵਿਚ ਬੈਠੇ ਸਨ। ਪੰਜਾਬੀਆਂ ਦਾ ਇਹ ਸੁਭਾਅ ਕੋਈ ਨਵਾਂ ਨਹੀਂ ਅਤੇ ਨਾ ਹੀ ਅਜੋਕੇ ਯੁੱਗ ਦਾ ਵਰਤਾਰਾ ਹੈ ਸਗੋਂ ਇਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਜਿਸ ਨੂੰ ਸਮੇਂ-ਸਮੇਂ ਗੁਰੂ ਨਾਨਕ, ਦੁੱਲਾ ਭੱਟੀ, ਭਗਤ ਸਿੰਘ ਤੇ ਉਸ ਦੇ ਸਾਥੀਆਂ ਅਤੇ ਹੋਰ ਸੂਰਬੀਰਾਂ ਵਲੋਂ ਪ੍ਰਗਟਾਇਆ ਜਾਂਦਾ ਰਿਹਾ ਹੈ।

ਬੱਬਰ ਅਕਾਲੀ ਲਹਿਰ ਨੂੰ ਉਸ ਦੇ ਸਹੀ ਪ੍ਰਸੰਗ ਵਿਚ ਸਮਝਣ/ਦੇਖਣ ਲਈ ਰੋਜ਼ਾਨਾ 'ਨਵਾਂ ਜ਼ਮਾਨਾ' ਦੇ 'ਐਤਵਾਰਤਾ' ਵਿਚ ਵਿਉਂਤ ਬਣਾਈ ਸੀ। ਇਸ ਵਿਚ ਮੇਰੇ ਨਾਲ ਗੁਰਮੀਤ (ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ) ਅਤੇ ਵਿਜੈ ਬੰਬੇਲੀ ਸਨ। ਅਸੀਂ ਸੋਚ ਵਿਚਾਰ ਕੇ ਇਸ ਕਾਰਜ ਦੀ ਜ਼ਿੰਮੇਵਾਰੀ ਵਿਜੈ ਬੰਬੇਲੀ ਨੂੰ ਵੀ ਦਿੱਤੀ ਕਿਉਂ ਜੋ ਉਹ ਪਿਛਲੇ ਲੰਮੇ ਸਮੇਂ ਤੋਂ 'ਐਤਵਾਰਤਾ' ਵਿਚ ਕਾਲਮ 'ਇਤਿਹਾਸ ਦੀਆਂ ਪੈੜਾਂ' ਲਿਖਦੇ ਆ ਰਹੇ ਸਨ। ਉਨ੍ਹਾਂ ਦੀ ਸਹਿਮਤੀ ਸਾਡੇ ਲਈ ਤਸੱਲੀ ਵਾਲੀ ਸੀ ਕਿਉਂ ਜੋ ਉਸ ਪਾਸੇ ਉਹ ਪਹਿਲਾਂ ਹੀ ਖੋਜ ਕਾਰਜ ਆਰੰਭ ਕਰ ਚੁੱਕੇ ਸਨ। ਇਤਿਹਾਸ ਖੋਜ ਕਾਰਜ ਦੀ ਬਹੁਤੀ ਵਾਰੀ ਸਮੱਸਿਆ ਇਹ ਬਣ ਜਾਂਦੀ ਹੈ ਕਿ ਖੋਜਾਰਥੀ ਕਈ ਵਾਰੀ ਆਪਣੇ ਪੂਰਵਲੇ ਖੋਜ ਕਾਰਜ ਨੂੰ ਤਰਕ ਦੇ ਆਧਾਰ 'ਤੇ ਰੱਦ ਕਰਨ ਦੀ ਬਜਾਇ ਉਂਝ ਹੀ ਰੱਦ ਕਰਨ ਵਲ ਰੁਚਿਤ ਹੋ ਜਾਂਦਾ ਹੈ ਜੋ ਬਹੁਤ ਵੱਡਾ ਦੋਸ਼ ਸਾਬਤ ਹੁੰਦਾ ਹੈ ਪਰ ਵਿਜੈ ਬੰਬੇਲੀ ਆਪਣੇ ਪੂਰਵਲੇ ਹੋਏ ਖੋਜ ਕਾਰਜ ਨੂੰ ਰੱਦ ਕਰਨ ਦੀ ਬਿਰਤੀ ਨੂੰ ਤਿਆਗਦੇ ਹੋਏ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਤੱਥਾਂ ਬਾਰੇ ਵਿਸਥਾਰ ਨਾਲ ਜ਼ਿਕਰ ਤਾਂ ਕਰਦੇ ਹਨ ਪਰ ਜਿਥੇ ਉਸ ਖੋਜ ਕਾਰਜਾਂ ਵਿਚ ਤਰਕ ਜਾਂ ਇਤਿਹਾਸਕ ਗਵਾਹੀ ਨਹੀਂ ਹੁੰਦੀ, ਕੇਵਲ ਉਸੇ ਨੂੰ ਹੀ ਰੱਦ ਕਰਦੇ ਹਨ ਪਰ ਉਨ੍ਹਾਂ ਦੀ ਰੁਚੀ ਪਹਿਲੇ ਖੋਜ ਕਾਰਜ ਨੂੰ ਰੱਦ ਕਰਨ ਦੀ ਬਜਾਇ ਨਵੇਂ ਤੱਥਾਂ ਨੂੰ ਉਭਾਰਨ ਦੀ ਹੁੰਦੀ ਹੈ, ਉਹ ਵੀ ਤਰਕਮਈ ਢੰਗ ਨਾਲ। 'ਐਤਵਾਰਤਾ' ਦੇ ਬਹੁਤੇ ਲੇਖਾਂ ਵਿਚ ਉਨ੍ਹਾਂ ਨੇ ਇਸ ਲਹਿਰ ਨਾਲ ਜੁੜੇ ਕਈ ਅਹਿਮ ਤੱਥ ਉਜਾਗਰ ਕੀਤੇ ਹਨ ਜਿਨ੍ਹਾਂ ਵੱਲੋਂ ਪਹਿਲੇ ਇਤਿਹਾਸਕਾਰ/ਖੋਜਾਰਥੀ ਅਵੇਸਲੇ ਨਜ਼ਰ ਆਉਂਦੇ ਸਨ।




ਕਿਤਾਬ ਦਾ ਮੁਖੜਾ

***ਗ਼ਦਰ ਲਹਿਰ ਨਾਲ ਜੁੜੇ ਲੋਕਾਂ ਬਾਰੇ ਵੀ ਆਮ ਲੋਕਾਂ ਵਿਚ ਇਹ ਧਾਰਨਾ ਪ੍ਰਚਲਿਤ ਸੀ ਕਿ ਬੱਬਰ ਅਕਾਲੀ ਲਹਿਰ ਨਾਲ ਜੁੜੇ ਲੋਕਾਂ ਦਾ ਗ਼ਦਰ ਲਹਿਰ ਨਾਲ ਕੋਈ ਨਾਤਾ ਨਹੀਂ ਸੀ ਪਰ ਇਸ ਪੁਸਤਕ ਦੇ ਲੇਖ 'ਗ਼ਦਰ ਲਹਿਰ ਦੀ ਨਿਰੰਤਰਤਾ ਸੀ ਬੱਬਰ ਅਕਾਲੀ ਲਹਿਰ' ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਅਸਲ ਵਿਚ ਇਹ ਲਹਿਰ ਗ਼ਦਰ ਲਹਿਰ ਦੀ ਵੀ ਪੂਰਕ ਸੀ ਕਿਉਂ ਜੋ ਕੁਝ ਬੱਬਰ ਪਹਿਲਾਂ ਗ਼ਦਰ ਲਹਿਰ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਰਹੇ ਸਨ। ਜਦੋਂ ਅਸੀਂ ਦੋਹਾਂ ਲਹਿਰਾਂ ਨੂੰ ਪੜ੍ਹਦੇ/ਵਾਚਦੇ ਹਾਂ ਤਾਂ ਸਾਹਮਣੇ ਆਉਂਦਾ ਹੈ ਕਿ ਦੋਵਾਂ ਲਹਿਰਾਂ ਦਾ ਬੜਾ ਕੁਝ ਸਾਂਝਾ ਸੀ।***



ਕਿਤਾਬ ਦੇ ਲੇਖਕ ਵਿਜੈ ਬੰਬੇਲੀ

ਹੁਣ ਵਿਜੈ ਬੰਬੇਲੀ ਦੀ ਕਿਤਾਬ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਛਪ ਕੇ ਆਈ ਹੈ। ਇਸ ਵਿਚ ਬੱਬਰ ਅਕਾਲੀ ਲਹਿਰ ਬਾਰੇ ਵਿਸਥਾਰ ਸਹਿਤ ਚਰਚਾ ਹੈ।

'ਐਤਵਾਰਤਾ' (ਨਵਾਂ ਜ਼ਮਾਨਾ) ਵਿਚ ਅਸੀਂ ਵਿਜੈ ਬੰਬੇਲੀ ਦਾ ਪਹਿਲਾ ਲੇਖ 4 ਜਨਵਰੀ 2021 ਨੂੰ 'ਹਿਆਤਪੁਰ ਰੁੜਕੀ 'ਚ ਜਲ ਪ੍ਰਵਾਹ ਹੋਈ ਸੀ ਬੱਬਰਾਂ ਦੀ ਸਫਰੀ ਪ੍ਰੈਸ' ਸਿਰਲੇਖ ਹੇਠ ਲਾਇਆ ਸੀ। ਇਸ ਦਾ ਉਪ-ਸਿਰਲੇਖ ਸੀ 'ਇਕ ਨਹੀਂ ਦੋ ਸਨ ਬੱਬਰਾਂ ਦੀਆਂ ਉਡਾਰੂ ਪ੍ਰੈਸਾਂ'। ਅਜੇ ਤਕ ਇਹੀ ਮੰਨਿਆ ਜਾਂਦਾ ਸੀ ਕਿ ਬੱਬਰਾਂ ਕੋਲ ਇਕ ਹੀ ਪ੍ਰੈਸ ਸੀ ਜਿਸ ਰਾਹੀਂ ਉਹ ਆਪਣੇ ਪ੍ਰਚਾਰ ਲਈ ਮੈਟਰ ਛਾਪ ਕੇ ਲੋਕਾਂ ਵਿਚ ਵੰਡਦੇ ਸਨ ਪਰ ਵਿਜੈ ਬੰਬੇਲੀ ਦੇ ਦੋ ਕਿਸ਼ਤਾਂ ਵਿਚ ਛਪੇ ਉਸ ਲੰਮੇ ਲੇਖ ਨਾਲ ਤੱਥਾਂ ਦੇ ਆਧਾਰ 'ਤੇ ਸਿੱਧ ਹੋ ਜਾਂਦਾ ਹੈ ਕਿ ਬੱਬਰਾਂ ਕੋਲ ਇਕ ਨਹੀਂ ਸਗੋਂ ਦੋ ਉਡਾਰੂ ਪ੍ਰੈਸਾਂ ਸਨ; ਇਕ ਜ਼ਬਤ ਹੋ ਜਾਂਦੀ ਹੈ ਜਦਕਿ ਦੂਜੀ ਨੂੰ ਕਿਸੇ ਡੂੰਘੇ ਛੱਪੜ ਵਿਚ ਸੁੱਟ ਦਿੱਤਾ ਗਿਆ। ਇਸ ਦਾ ਪਤਾ ਬਾਅਦ ਵਿਚ ਲਗਦਾ ਹੈ।

ਗ਼ਦਰ ਲਹਿਰ ਨਾਲ ਜੁੜੇ ਲੋਕਾਂ ਬਾਰੇ ਵੀ ਆਮ ਲੋਕਾਂ ਵਿਚ ਇਹ ਧਾਰਨਾ ਪ੍ਰਚਲਿਤ ਸੀ ਕਿ ਬੱਬਰ ਅਕਾਲੀ ਲਹਿਰ ਨਾਲ ਜੁੜੇ ਲੋਕਾਂ ਦਾ ਗ਼ਦਰ ਲਹਿਰ ਨਾਲ ਕੋਈ ਨਾਤਾ ਨਹੀਂ ਸੀ ਪਰ ਇਸ ਪੁਸਤਕ ਦੇ ਲੇਖ 'ਗ਼ਦਰ ਲਹਿਰ ਦੀ ਨਿਰੰਤਰਤਾ ਸੀ ਬੱਬਰ ਅਕਾਲੀ ਲਹਿਰ' ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਅਸਲ ਵਿਚ ਇਹ ਲਹਿਰ ਗ਼ਦਰ ਲਹਿਰ ਦੀ ਵੀ ਪੂਰਕ ਸੀ ਕਿਉਂ ਜੋ ਕੁਝ ਬੱਬਰ ਪਹਿਲਾਂ ਗ਼ਦਰ ਲਹਿਰ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਰਹੇ ਸਨ। ਜਦੋਂ ਅਸੀਂ ਦੋਹਾਂ ਲਹਿਰਾਂ ਨੂੰ ਪੜ੍ਹਦੇ/ਵਾਚਦੇ ਹਾਂ ਤਾਂ ਸਾਹਮਣੇ ਆਉਂਦਾ ਹੈ ਕਿ ਦੋਵਾਂ ਲਹਿਰਾਂ ਦਾ ਬੜਾ ਕੁਝ ਸਾਂਝਾ ਸੀ।

ਭਾਵੁਕਤਾ ਜਾਂ ਉਪਭਾਵੁਕਤਾ ਵਸ ਜਦੋਂ ਅਸੀਂ ਕਿਸੇ ਲਹਿਰ ਦਾ ਮੁਲੰਕਣ ਕਰਨ ਦਾ ਯਤਨ ਕਰਦੇ ਹਾਂ ਤਾਂ ਬਹੁਤੀ ਵਾਰੀ ਅਸੀਂ ਉਸ ਲਹਿਰ ਨਾਲ ਜੁੜੇ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕਰਦੇ ਹਾਂ ਜਿਨ੍ਹਾਂ ਨਾਲ ਲਹਿਰਾਂ ਅਤੇ ਉਨ੍ਹਾਂ ਦੇ ਵਿੱਢੇ ਕਾਰਜਾਂ ਨੂੰ ਧੱਕਾ ਲਗਦਾ ਰਿਹਾ ਹੁੰਦਾ ਹੈ। ਇਸ ਪੁਸਤਕ ਵਿਚਲੇ ਲੇਖ 'ਬੱਬਰ ਅਕਾਲੀ ਲਹਿਰ- ਨੁਕਸਾਨ 'ਆਪਣਿਆਂ' ਵੀ ਪਹੁੰਚਾਇਆ' ਵਿਚ ਵਿਜੈ ਬੰਬੇਲੀ ਸਪਸ਼ਟ ਕਰਨ ਦਾ ਯਤਨ ਕਰਦੇ ਹਨ ਕਿ ਕਿਵੇਂ ਇਸ ਲਹਿਰ ਨਾਲ ਜੁੜੇ ਲੋਕਾਂ ਵਿਚੋਂ ਵੀ ਕੁਝ ਅਜਿਹੇ ਸਨ ਜੋ ਕਿਸੇ ਡਰ-ਲਾਲਚ ਜਾਂ ਕਿਸੇ ਹੋਰ ਕਾਰਨ ਕਰ ਕੇ ਇਸ ਲਹਿਰ ਦੇ ਯੋਧਿਆਂ ਦੀਆਂ ਗ੍ਰਿਫਤਾਰੀਆਂ ਜੇਲ੍ਹਾਂ ਫਾਂਸੀਆਂ ਦਾ ਕਾਰਨ ਬਣੇ। ਉਂਝ ਜਦੋਂ ਅਸੀਂ ਬਹੁਤੀਆਂ ਖਾੜਕੂ ਲਹਿਰਾਂ ਦਾ ਇਤਿਹਾਸ ਪੜ੍ਹਦੇ ਹਾਂ ਤਾਂ ਅਜਿਹਾ ਅਕਸਰ ਵਾਪਰਦਾ ਹੈ ਜਿਸ ਨੂੰ ਉਜਾਗਰ ਕਰਨਾ ਇਤਿਹਾਸਕਾਰ/ਲੇਖਕ ਦਾ ਨੈਤਿਕ ਫਰਜ਼ ਹੁੰਦਾ ਹੈ। ਅੰਗਰੇਜ਼ਾਂ ਦੀ ਸਿੱਖਾਂ/ਪੰਜਾਬੀ ਕੌਮ ਨਾਲ ਹੋ ਰਹੀ ਗਹਿਗੱਚ ਲੜਾਈ ਵਿਚਲਾ 'ਪਹਾੜਾ ਸਿੰਘ' ਅਕਸਰ ਹਰ ਥਾਂ, ਹਰ ਲਹਿਰ ਵਿਚ ਹੀ ਹਾਜ਼ਰ ਹੁੰਦਾ ਹੈ ਜਿਸ ਤੋਂ ਲਹਿਰਾਂ ਨਾਲ ਜੁੜੇ ਆਗੂ ਅਵੇਸਲੇ ਹੋ ਜਾਂਦੇ ਹਨ। ਅਜਿਹਾ ਬੱਬਰ ਅਕਾਲੀ ਲਹਿਰ ਵਿਚ ਵੀ ਹੁੰਦਾ ਹੈ, ਕਈ 'ਪਹਾੜਾ ਸਿੰਘੀ' ਸੁਭਾਅ ਦੇ ਲੋਕ ਇਸ ਵਿਚ ਸ਼ਾਮਲ ਹੋ ਜਾਂਦੇ ਰਹੇ।

'ਐਤਵਾਰਤਾ' (ਨਵਾਂ ਜ਼ਮਾਨਾ) ਵਿਚ ਵਿਜੈ ਬੰਬੇਲੀ ਦਾ ਲੇਖ 'ਬੱਬਰਾਂ ਦੇ ਹਿੰਦੂ ਤੇ ਮੁਸਲਿਮ ਹਮਸਾਏ' ਛਾਪਿਆ ਤਾਂ ਅਨੇਕਾਂ ਪਾਠਕਾਂ ਦੇ ਫੋਨ ਅਤੇ ਖਤ ਆਏ। ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਜ ਤੱਕ ਇਹੀ ਸਮਝਦੇ ਰਹੇ ਸੀ ਕਿ ਬੱਬਰ ਅਕਾਲੀ ਲਹਿਰ ਕੇਵਲ ਤੇ ਕੇਵਲ 'ਸਿੱਖ ਲਹਿਰ' ਹੀ ਸੀ ਪਰ ਇਸ ਲੇਖ ਨਾਲ ਅਸੀਂ ਆਪਣੀ ਜਾਣਕਾਰੀ ਅਤੇ ਸਮਝ ਵਿਚ ਇਹ ਸਿਫਤੀ ਵਾਧਾ ਕੀਤਾ ਹੈ ਕਿ ਇਹ ਲਹਿਰ ਤਾਂ ਸਮੁੱਚੀ ਪੰਜਾਬੀ ਕੌਮ ਦੀ ਸਰਬ ਸਾਂਝੀ ਲਹਿਰ ਸੀ। ਇਹ ਲੇਖ ਬਾਅਦ ਵਿਚ ਪੰਜਾਬ ਵਿਚ ਛਪਦੇ ਪਰਚਿਆਂ ਵਿਚ ਹੀ ਨਹੀਂ, ਦੇਸ਼-ਵਿਦੇਸ਼ ਤੋਂ ਛਪਦੇ ਪੰਜਾਬੀ ਪਰਚਿਆਂ ਨੇ ਵੀ ਛਾਪ ਕੇ ਮਾਣ ਮਹਿਸੂਸ ਕੀਤਾ। ਇਸ ਲਹਿਰ ਦਾ ਇਹ ਨਵਾਂ ਸਰੂਪ ਸੀ ਜੋ ਵਿਜੈ ਬੰਬੇਲੀ ਦੇ ਇਸ ਲੇਖ ਨਾਲ ਪਾਠਕਾਂ ਦੀ ਉਸ ਲਹਿਰ ਨੂੰ ਦੇਖਣ/ਘੋਖਣ ਦੀ ਧਾਰਨਾ ਬਦਲਦਾ ਹੈ। ਵਿਜੈ ਬੰਬੇਲੀ ਉਥੇ ਹੀ ਨਹੀਂ ਰੁਕਿਆ, ਇਸ ਲੇਖ ਦੇ ਪ੍ਰਕਾਸ਼ਤ ਹੋਣ ਉਪਰੰਤ ਉਸ ਨੇ ਕੁਝ ਹੋਰ ਨਾਮ ਵੀ ਇਸ ਵਿਚ ਸ਼ਾਮਿਲ ਕੀਤੇ ਹਨ ਜੋ ਇਸ ਪੁਸਤਕ ਦੇ ਇਸੇ ਸਿਰਲੇਖ ਹੇਠ ਛਪੇ ਲੇਖ 'ਚ ਦਰਜ ਹੋਏ ਹਨ।

ਬੱਬਰ ਅਕਾਲੀ ਲਹਿਰ ਦੀ ਪਿਠਭੂਮੀ ਤੇ ਇਤਿਹਾਸ, ਬੱਬਰ ਅਕਾਲੀ ਦੋਆਬਾ ਦੇ ਦੋ ਘੱਟ ਪੰਜਾਹ ਸ਼ਹੀਦਾਂ ਸਮੇਤ ਅਤੇ ਇਸ ਲਹਿਰ ਦੇ ਆਖਰੀ ਪੜਾਅ 'ਯੁਗ ਪਲਟਾਊ ਦਲ' ਦਾ ਵੀ ਜ਼ਿਕਰ ਉਸ ਨੇ ਕੀਤਾ ਹੈ। ਕਿਹਾ ਜਾਂਦਾ ਹੈ ਕਿ ਸ਼ਹੀਦ ਊਧਮ ਸਿੰਘ ਵੀ ਇਸ ਯੁਗ ਪਲਟਾਊ ਦਲ ਨਾਲ ਜੁੜਿਆ ਰਿਹਾ ਸੀ ਜਿਸ ਨੂੰ ਇਕ-ਦੋ ਹੋਰ ਲੇਖਕਾਂ ਨੇ ਵੀ ਆਪਣੇ ਢੰਗ ਨਾਲ ਉਜਾਗਰ ਕੀਤਾ ਸੀ। ਬੱਬਰ ਅਕਾਲੀਆਂ ਦੇ ਸਰਕਾਰੀ ਧਾੜਾਂ ਨਾਲ ਹੋਏ ਗਹਿਗਚ ਮੁਕਾਬਲੇ, ਬੱਬਰਾਂ ਦੇ ਪਿੰਡ ਅਤੇ ਹੋਰ ਬੇਸ਼ਕੀਮਤੀ ਜਾਣਕਾਰੀ ਇਸ ਕਿਤਾਬ ਦਾ ਹਿੱਸਾ ਬਣੀ ਹੈ। ਇਹ ਵੀ ਕਿ ਪਰਚੇ 16 ਨਹੀਂ, 19 ਛਾਪੇ ਗਏ ਸਨ।

ਬੱਬਰ ਅਕਾਲੀ ਲਹਿਰ ਵਿਚ ਭਾਗ ਲੈਣ ਵਾਲੇ ਯੋਧਿਆਂ ਵਿਚੋਂ ਰਤਨ ਸਿੰਘ ਰੱਕੜਾਂ ਬੇਟ ਦਾ ਖਾਸ ਜ਼ਿਕਰ ਹੈ। ਇਸ ਪੁਸਤਕ ਦੀ ਅੰਤਿਕਾ-4 ਵਿਚ ਉਨ੍ਹਾਂ ਨੇ ਉਨ੍ਹਾਂ 47 ਫੌਜੀਆਂ (ਸਾਬਕਾ) ਦੇ ਨਾਮ ਪਿੰਡਾਂ ਦੇ ਨਾਵਾਂ ਸਮੇਤ ਦਰਜ ਕੀਤੇ ਹਨ ਜੋ ਸਮੇਂ-ਸਮੇਂ ਤੇ ਇਸ ਲਹਿਰ ਵਿਚ ਕਾਰਜਸ਼ੀਲ ਰਹੇ ਅਤੇ ਨਾਲ ਹੀ 14 ਅਜਿਹੇ ਸਾਬਕਾ ਫੌਜੀਆਂ ਦੇ ਨਾਮ ਵੀ ਸ਼ਾਮਲ ਕੀਤੇ ਹਨ ਜੋ ਬਾਅਦ ਵਿਚ ਵਾਅਦਾ ਮੁਆਫ ਗਵਾਹ ਬਣੇ।

ਬੱਬਰ ਅਕਾਲੀ ਲਹਿਰ ਨਾਲ ਬਾਵਾਸਤਾ ਪੁਸਤਕਾਂ ਦਾ ਵੀ ਜ਼ਿਕਰ ਉਹ ਕਰਦੇ ਹਨ ਅਤੇ ਉਨ੍ਹਾਂ ਦਾ ਸੰਖੇਪ ਵੇਰਵਾ ਦਿੰਦੇ ਹਨ ਤੇ ਆਪਣੇ ਲੇਖਾਂ ਵਿਚਲੇ ਕੁਝ ਤੱਥਾਂ ਨੂੰ ਤਰਕਮਈ ਢੰਗ ਨਾਲ ਰੱਦ ਕਰਦੇ ਹਨ। ਤਾਰੀਖ ਅਨੁਸਾਰ ਕੁਝ ਮੁੱਖ ਸਰਗਰਮੀਆਂ ਦਾ ਜ਼ਿਕਰ ਉਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਿਰਜਣਾ ਕਰਨ ਤੋਂ ਆਰੰਭ ਕਰਦੇ ਹਨ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜ਼ੁਲਮ ਅਤੇ ਜਬਰ ਦਾ ਵਿਰੋਧ ਕਰਨ ਲਈ ਉਤਸ਼ਾਹ ਅਤੇ ਹੌਸਲਾ ਪੰਜਾਬੀਆਂ ਨੂੰ ਉਸ ਤੋਂ ਵੀ ਮਿਲਦਾ ਹੈ। ਇਹ ਅਤੇ ਅਜਿਹੀਆਂ ਕਈ ਹੋਰ ਘਟਨਾਵਾਂ ਹਨ ਜਿਹੜੀਆਂ ਪੰਜਾਬੀਆਂ ਦੇ ਸੁਭਾਅ ਵਿਚਲੀ ਮਰਨ ਮਿੱਟੀ ਨੂੰ ਉਭਾਰਦੀਆਂ ਹਨ। ਇਸ ਦੇ ਨਾਲ ਹੀ ਬੱਬਰਾਂ ਦੇ ਮੁਕੱਦਮੇ, ਸਜ਼ਾਵਾਂ ਆਦਿ ਦਾ ਵਿਸਥਾਰ ਪੂਰਵਕ ਜ਼ਿਕਰ ਹੈ। ਵਿਜੈ ਬੰਬੇਲੀ ਦੀ ਇਹ ਪੁਸਤਕ ਬੱਬਰ ਅਕਾਲੀ ਲਹਿਰ ਨੂੰ ਇਸ ਦੇ ਇਤਿਹਾਸਕ ਪ੍ਰਸੰਗ ਵਿਚ ਸਮਝਦੀ ਹੋਈ, ਇਸ ਦੇ ਵਰਤਮਾਨ ਪ੍ਰਸੰਗ ਤਕ ਲੈ ਕੇ ਆਉਂਦੀ ਹੈ। ਇਹ ਅਤੇ ਅਜਿਹੀਆਂ ਹੋਰ ਲਹਿਰਾਂ ਹੀ 'ਬਾਬਾਣੀਆਂ' ਬਣ ਕੇ ਪੁੱਤ ਸੁਪੁੱਤ ਕਰੇਨਿ ਦਾ ਕਾਰਜ ਨਿਭਾਉਂਦੀਆਂ ਹਨ।

ਇਸ ਪੁਸਤਕ ਦੀ ਇਕ ਹੋਰ ਮਹੱਤਵਪੂਰਨ ਅਤੇ ਖੂਬਸੂਰਤ ਗੱਲ ਇਹ ਹੈ ਕਿ ਇਸ ਦੀ ਭਾਸ਼ਾ ਅਸਲ ਵਿਚ ਲੋਕ-ਭਾਸ਼ਾ ਹੈ। ਕਈ ਵਾਰ ਸਾਡੇ ਖੋਜੀ, ਇਤਿਹਾਸਕਾਰ ਜਿਨ੍ਹਾਂ ਦਾ ਲੋਕ-ਭਾਸ਼ਾ ਨਾਲ ਬਹੁਤਾ ਵਾਹ ਨਹੀਂ ਹੁੰਦਾ, ਅਜਿਹੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਜੋ ਜਨ-ਸਾਧਾਰਨ ਲਈ ਸਮਝਣੀ ਔਖੀ ਹੋ ਜਾਂਦੀ ਹੈ ਪਰ ਵਿਜੈ ਬੰਬੇਲੀ ਨੇ ਪਾਠਕਾਂ ਨੂੰ ਧਿਆਨ ਵਿਚ ਰੱਖਦਿਆਂ ਸਾਦ-ਮੁਰਾਦੀ ਅਤੇ ਪੇਂਡੂ ਲਹਿਜੇ ਵਾਲੀ ਬੋਲੀ ਵਰਤਦਿਆਂ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਹੈ। ਇਸ ਲਹਿਰ ਨਾਲ ਜੁੜੇ ਆਮ ਲੋਕਾਂ ਦਾ ਇਹ ਇਤਿਹਾਸ ਜਦੋਂ ਉਨ੍ਹਾਂ ਦੀ ਲੋਕ-ਭਾਸ਼ਾ ਵਿਚ ਉਨ੍ਹਾਂ ਲੋਕਾਂ ਤੱਕ ਅਪੜਦਾ ਹੈ ਤਾਂ ਉਹ ਪ੍ਰੇਰਤ ਵੀ ਹੁੰਦੇ ਹਨ ਅਤੇ ਨਾਲ ਹੀ ਪ੍ਰਭਾਵਤ ਵੀ।

ਇਕ ਗੱਲ ਹੋਰ, ਕਿਉਂ ਜੋ ਇਹ ਸਾਰਾ ਖੋਜ ਕਾਰਜ ਵਿਸ਼ੇਸ਼ ਲਹਿਰ ਨਾਲ ਸੰਬੰਧਿਤ ਹੋਣ ਕਰ ਕੇ ਪਾਠਕ ਨੂੰ ਕਿਤੇ-ਕਿਤੇ ਦੁਹਰਾਅ ਅੱਖੜੇ ਪਰ ਜਦੋਂ ਕੋਈ ਵਿਦਵਾਨ ਕਿਸੇ ਇਕ ਵਿਸ਼ੇਸ਼ ਲਹਿਰ, ਵਿਅਕਤੀ, ਘਟਨਾ ਆਦਿ ਬਾਰੇ ਕੋਈ ਪੁਸਤਕ ਲਿਖਦਾ ਹੈ ਤਾਂ ਕਈ ਵਾਰ ਅਜਿਹਾ ਵਾਪਰ ਜਾਂਦਾ ਹੈ, ਉਹ ਇਸ ਕਰ ਕੇ ਕਿਉਂਕਿ ਲੇਖਕ ਨੇ ਹਰ ਲੇਖ ਵਿਚ ਉਸ ਲਹਿਰ ਦੀਆਂ ਘਟਨਾਵਾਂ ਦੀ ਲੜੀ ਜੋੜਨੀ ਹੁੰਦੀ ਹੈ, ਲੜੀ ਜੋੜਦਿਆਂ ਇਸ ਪੁਸਤਕ ਦੇ ਲੇਖਾਂ ਵਿਚ ਕਿਤੇ-ਕਿਤੇ ਦੁਹਰਾਅ ਆਇਆ ਲੱਗ ਸਕਦਾ ਹੈ ਪਰ ਇਸ ਤੋਂ ਬਚਿਆ ਨਹੀਂ ਸੀ ਜਾ ਸਕਦਾ। ਇਸ ਕਰ ਕੇ ਵੀ ਕਿਉਂਕਿ ਹਰ ਲੇਖ ਆਪਣੇ-ਆਪ ਵਿਚ ਸੁਤੰਤਰ ਲੇਖ ਵਜੋਂ ਵੀ ਲਿਖਿਆ ਗਿਆਹੈ। ਵੈਸੇ ਵਿਜੈ ਬੰਬੇਲੀ ਨੇ ਸੁਚੇਤ ਪੱਧਰ 'ਤੇ ਇਸ ਤੋਂ ਬਚਣ ਦਾ ਯਤਨ ਕੀਤਾ ਹੈ।

ਸੋ ਇਹ ਖੋਜ-ਪੂਰਕ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਬੱਬਰ ਅਕਾਲੀ ਲਹਿਰ ਬਾਰੇ ਆਮ ਪਾਠਕਾਂ ਦੀ ਸਮਝ ਨੂੰ ਸਹੀ, ਇਤਿਹਾਸਕ ਸੂਝ ਵਾਲੀ ਜਾਗ ਵੀ ਲਾਉਂਦੀ ਹੈ ਅਤੇ ਉਨ੍ਹਾਂ ਵਿਚ ਜਾਗਰਤੀ ਵੀ ਲਿਆਉਂਦੀ ਹੈ। ਅਜਿਹੀ ਪੁਸਤਕ ਜਿਸ ਨੂੰ ਪ੍ਰਕਾਸ਼ਤ ਕਰਨ ਦਾ ਮਾਣ ਨਵਯੁਗ ਪਬਲਿਸ਼ਰਜ਼ ਨੇ ਪ੍ਰਾਪਤ ਕੀਤਾ ਹੈ, ਨੂੰ ਪੰਜਾਬੀ ਜੀ-ਆਇਆਂ ਕਹਿਣਗੇ।

***ਇਸ ਪੁਸਤਕ ਦੀ ਇਕ ਹੋਰ ਮਹੱਤਵਪੂਰਨ ਅਤੇ ਖੂਬਸੂਰਤ ਗੱਲ ਇਹ ਹੈ ਕਿ ਇਸ ਦੀ ਭਾਸ਼ਾ ਅਸਲ ਵਿਚ ਲੋਕ-ਭਾਸ਼ਾ ਹੈ। ਕਈ ਵਾਰ ਸਾਡੇ ਖੋਜੀ, ਇਤਿਹਾਸਕਾਰ ਜਿਨ੍ਹਾਂ ਦਾ ਲੋਕ-ਭਾਸ਼ਾ ਨਾਲ ਬਹੁਤਾ ਵਾਹ ਨਹੀਂ ਹੁੰਦਾ, ਅਜਿਹੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਜੋ ਜਨ-ਸਾਧਾਰਨ ਲਈ ਸਮਝਣੀ ਔਖੀ ਹੋ ਜਾਂਦੀ ਹੈ ਪਰ ਵਿਜੈ ਬੰਬੇਲੀ ਨੇ ਪਾਠਕਾਂ ਨੂੰ ਧਿਆਨ ਵਿਚ ਰੱਖਦਿਆਂ ਸਾਦ-ਮੁਰਾਦੀ ਅਤੇ ਪੇਂਡੂ ਲਹਿਜੇ ਵਾਲੀ ਬੋਲੀ ਵਰਤਦਿਆਂ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਹੈ। ਇਸ ਲਹਿਰ ਨਾਲ ਜੁੜੇ ਆਮ ਲੋਕਾਂ ਦਾ ਇਹ ਇਤਿਹਾਸ ਜਦੋਂ ਉਨ੍ਹਾਂ ਦੀ ਲੋਕ-ਭਾਸ਼ਾ ਵਿਚ ਉਨ੍ਹਾਂ ਲੋਕਾਂ ਤੱਕ ਅਪੜਦਾ ਹੈ ਤਾਂ ਉਹ ਪ੍ਰੇਰਤ ਵੀ ਹੁੰਦੇ ਹਨ ਅਤੇ ਪ੍ਰਭਾਵਤ ਵੀ।...ਇਹ ਖੋਜ-ਪੂਰਕ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਬੱਬਰ ਅਕਾਲੀ ਲਹਿਰ ਬਾਰੇ ਆਮ ਪਾਠਕਾਂ ਦੀ ਸਮਝ ਨੂੰ ਸਹੀ, ਇਤਿਹਾਸਕ ਸੂਝ ਵਾਲੀ ਜਾਗ ਵੀ ਲਾਉਂਦੀ ਹੈ ਅਤੇ ਉਨ੍ਹਾਂ ਵਿਚ ਜਾਗਰਤੀ ਵੀ ਲਿਆਉਂਦੀ ਹੈ।***

# ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਉੱਤੇ ਟਿਕੀਆਂ ਨਜ਼ਰਾਂ


## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਨਵੰਬਰ ਦੇ ਆਖਰੀ ਹਫਤੇ ਤੱਕ ਕੋਈ ਵੀ ਇਹ ਅੰਦਾਜ਼ਾ ਲਾਉਣ ਵਾਲਾ ਨਹੀਂ ਮਿਲਿਆ ਕਿ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਨਤੀਜਾ ਕਿੱਦਾਂ ਦਾ ਆਵੇਗਾ! ਉਹ ਵੱਡੇ ਵਿਸ਼ਲੇਸ਼ਣਕਾਰ ਵੀ ਇਸ ਵਾਰ ਆਪਣਾ ਖਿਆਲ ਪੇਸ਼ ਕਰਨ ਤੋਂ ਅਚਾਨਕ ਝਿਜਕਦੇ ਵੇਖੇ ਹਨ, ਜਿਹੜੇ ਨਵੰਬਰ ਦੇ ਅੱਧ ਤੱਕ ਬੜਾ ਜ਼ੋਰ ਦੇ ਕੇ ਆਖਦੇ ਸਨ ਕਿ ਦੋਵਾਂ ਰਾਜਾਂ ਵਿਚ ਇਸ ਵਾਰ ਵੀ ਭਾਜਪਾ ਦੇ ਮਜ਼ਬੂਤ ਕਿਲ੍ਹੇ ਨੂੰ ਕਿਸੇ ਤੋਂ ਸੰਨ੍ਹ ਨਹੀਂ ਲਾਈ ਜਾ ਸਕਣੀ। ਹਿਮਾਚਲ ਪ੍ਰਦੇਸ਼ ਬਾਰੇ ਪਹਿਲੇ ਦਿਨਾਂ ਵਿਚ ਮਾਹਿਰਾਂ ਵਿਚੋਂ ਕੁਝ ਦੀ ਇਹ ਰਾਏ ਸੀ ਕਿ ਓਥੇ ਮੁਕਾਬਲਾ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਬਣ ਸਕਦਾ ਹੈ ਅਤੇ ਜਿੱਦਾਂ ਦਿੱਲੀ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਰੈਲੀਆਂ ਵਿਚ ਭੀੜ ਜੁੜਦੀ ਰਹੀ ਹੈ, ਉਹ ਕੋਈ ਕ੍ਰਿਸ਼ਮਾ ਵੀ ਦਿਖਾ ਸਕਦੇ ਹਨ। ਛੇਤੀ ਬਾਅਦ ਸਪੱਸ਼ਟ ਸੰਕੇਤ ਮਿਲਣ ਲੱਗ ਪਏ ਕਿ ਓਥੇ ਆਮ ਆਦਮੀ ਪਾਰਟੀ ਦੇ ਪੈਰ ਨਹੀਂ ਜੰਮ ਸਕੇ ਅਤੇ ਮੁਕਾਬਲਾ ਫਿਰ ਦੋ ਰਿਵਾਇਤੀ ਵਿਰੋਧੀ ਧਿਰਾਂ ਭਾਜਪਾ ਅਤੇ ਕਾਂਗਰਸ ਵਿਚਾਲੇ ਹੀ ਰਹਿਣਾ ਹੈ। ਉਸ ਰਾਜ ਵਿਚ ਬੈਠੇ ਦੋਸਤਾਂ ਦਾ ਕਹਿਣਾ ਹੈ ਕਿ ਭਾਜਪਾ ਵਿਰੋਧੀ ਸੋਚ ਕਾਰਨ ਓਥੋਂ ਦੇ ਲੋਕਾਂ ਵਿਚ ਆਮ ਰਾਏ ਨੂੰ ਪ੍ਰਭਾਵਿਤ ਕਰਨ ਵਾਲਿਆਂ ਨੇ ਇਹ ਸੁਰ ਚੁੱਕ ਲਈ ਸੀ ਕਿ ਭਾਜਪਾ ਨਾਲ ਵਿਰੋਧ ਵਾਲੀਆਂ ਵੋਟਾਂ ਵੰਡੀਆਂ ਜਾਣ ਨਾਲ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ, ਇਸ ਲਈ ਲੋਕ ਇਨ੍ਹਾਂ ਦੋਵਾਂ ਧਿਰਾਂ ਵਿਚੋਂ ਹੀ ਕਿਸੇ ਇੱਕ ਨੂੰ ਚੁਣਨ ਲਈ ਮਨ ਬਣਾਉਣ ਤਾਂ ਚੰਗਾ ਰਹੇਗਾ। ਇਹ ਸੁਰ ਬਾਅਦ ਵਿਚ ਭਾਰੂ ਹੋ ਗਈ ਸੀ।

ਇਸ ਦੇ ਬਾਅਦ ਜਿਸ ਦਿਨ ਉਸ ਰਾਜ ਵਿਚ ਪੋਲਿੰਗ ਹੋਈ, ਉਸ ਤੋਂ ਅਗਲੇ ਦਿਨ ਇਹ ਕਿਹਾ ਜਾਣ ਲੱਗ ਪਿਆ ਸੀ ਕਿ ਮੁਕਾਬਲਾ ਦੋਵਾਂ ਧਿਰਾਂ ਵਿਚਾਲੇ ਹੀ ਰਿਹਾ ਹੈ, ਜਿਸ ਦੇ ਦੋ ਕਾਰਨ ਹਨ ਤੇ ਦੋਵੇਂ ਕਾਰਨ ਭਾਜਪਾ ਵਿਰੋਧੀ ਦੱਸੇ ਜਾ ਰਹੇ ਸਨ। ਪਹਿਲਾ ਇਹ ਕਿ ਵੱਡੇ ਪੂੰਜੀਪਤੀ ਗੌਤਮ ਅਡਾਨੀ ਦੀ ਕੰਪਨੀ ਦੇ ਸੀਲੋ ਪਲਾਂਟਾਂ ਨੇ ਸੇਬਾਂ ਦੀ ਜ਼ਖੀਰੇਬਾਜ਼ੀ ਕਰ ਕੇ ਉਸ ਰਾਜ ਦੇ ਸੇਬ ਬੀਜਣ ਵਾਲੇ ਕਿਸਾਨਾਂ ਨੂੰ ਜਿਹੜਾ ਝਟਕਾ ਦਿੱਤਾ ਸੀ, ਉਸ ਕਾਰਨ ਓਥੋਂ ਦੀਆਂ ਕਿਸਾਨੀ ਵੋਟਾਂ ਦਾ ਵੱਡਾ ਹਿੱਸਾ ਭਾਜਪਾ ਦੇ ਖ਼ਿਲਾਫ ਹੋ ਗਿਆ ਸੀ। ਦੂਸਰਾ ਇਹ ਕਿ ਉਸ ਰਾਜ ਵਿਚ ਹਰ ਪਿੰਡ ਤੋਂ ਹਰ ਘਰ ਦਾ ਕੋਈ ਨਾ ਕੋਈ ਜੀਅ ਜਾਂ ਉਨ੍ਹਾਂ ਦਾ ਕੋਈ ਨੇੜਲਾ ਰਿਸ਼ਤੇਦਾਰ ਫੌਜ ਵਿਚ ਭਰਤੀ ਹੁੰਦਾ ਸੀ ਤੇ ਓਥੋਂ ਦੇ ਬਹੁਤ ਸਾਰੇ ਲੋਕਾਂ ਨੇ ਦੇਸ਼ ਲਈ ਸ਼ਹੀਦੀਆਂ ਵੀ ਦਿੱਤੀਆਂ ਹੋਈਆਂ ਸਨ। ਭਾਰਤ ਸਰਕਾਰ ਦੀ ਨਵੀਂ ਅਗਨੀਵੀਰ ਸਕੀਮ ਕਾਰਨ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਚਾਰ ਸਾਲ ਲਾਉਣ ਪਿੱਛੋਂ ਜਦੋਂ ਉਨ੍ਹਾਂ ਦੇ ਬੱਚੇ ਛੋਟੀ ਉਮਰੇ ਫੌਜ ਦੀ ਨੌਕਰੀ ਛੁਡਾ ਕੇ ਘਰੀਂ ਭੇਜ ਦਿੱਤੇ ਗਏ ਤਾਂ ਉਨ੍ਹਾਂ ਦਾ ਭਵਿੱਖ ਕੋਈ ਨਹੀਂ ਰਹਿ ਜਾਣਾ, ਇਸ ਲਈ ਉਹ ਲੋਕ ਭਾਜਪਾ ਸਰਕਾਰ ਵਿਰੁੱਧ ਗੁੱਸੇ ਨਾਲ ਭਰੇ ਹੋਏ ਸਨ। ਇਹ ਗੁੱਸਾ ਭਾਜਪਾ ਵਿਰੁੱਧ ਕਾਂਗਰਸ ਵੱਲ ਉਨ੍ਹਾਂ ਦੇ ਖਿਸਕਣ ਦਾ ਕਾਰਨ ਹੋ ਸਕਦਾ ਸੀ, ਉਂਜ ਭਾਵੇਂ ਕਾਂਗਰਸੀਆਂ ਦਾ ਆਪਣਾ ਵਿਹਾਰ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਥਾਂ ਆਪਸੀ ਧੜੇਬੰਦੀ ਵਿਚ ਫਸੇ ਰਹਿਣ ਕਾਰਨ ਪਹਿਲਾਂ ਤੋਂ ਵੀ ਇਸ ਵਾਰ ਵੱਧ ਮਾੜਾ ਹੋ ਚੁੱਕਾ ਸੀ। ਇਸ ਕਾਰਨ ਓਥੋਂ ਦੀ ਚੋਣ ਚੋਖੀ ਦਿਲਚਸਪ ਬਣ ਗਈ ਹੈ।



ਜਿੱਥੋਂ ਤੱਕ ਗੁਜਰਾਤ ਦਾ ਸੰਬੰਧ ਹੈ, ਭਾਰਤ ਸਰਕਾਰ ਦੀ ਫੌਜੀਆਂ ਬਾਰੇ ਅਗਨੀਵੀਰ ਸਕੀਮ ਦਾ ਵਿਰੋਧ ਓਥੇ ਵੀ ਬਥੇਰਾ ਹੈ, ਪਰ ਉਸ ਰਾਜ ਵਿਚ ਭਾਜਪਾ ਦੇ ਆਪਣੇ ਅੰਦਰਲੀ ਧੜੇਬੰਦੀ ਤੇ ਹੱਦੋਂ ਬਾਹਲੇ ਭ੍ਰਿਸ਼ਟਾਚਾਰ ਨੇ ਵੀ ਲੋਕਾਂ ਨੂੰ ਬਹੁਤ ਜ਼ਿਆਦਾ ਦੁਖੀ ਕਰ ਰੱਖਿਆ ਸੁਣੀਂਦਾ ਹੈ। ਓਥੋਂ ਦੇ ਜਿਹੜੇ ਲੋਕਾਂ ਨਾਲ ਫੋਨ ਉੱਤੇ ਗੱਲਬਾਤ ਹੁੰਦੀ ਹੈ, ਉਹ ਇਹ ਕਹਿਣ ਨੂੰ ਤਿਆਰ ਨਹੀਂ ਕਿ ਭਾਜਪਾ ਇਸ ਵਾਰ ਉਸ ਰਾਜ ਵਿਚ ਚੋਣ ਜਿੱਤ ਸਕੇਗੀ, ਇਹ ਕਹਿੰਦੇ ਹਨ ਕਿ ਜੇ ਭਾਜਪਾ ਦੇ ਵਿਰੋਧ ਦੀਆਂ ਵੋਟਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚ ਵੰਡੀਆਂ ਜਾਣ ਦਾ ਲਾਭ ਭਾਜਪਾ ਨੂੰ ਮਿਲ ਵੀ ਗਿਆ ਤਾਂ ਉਸ ਦੀ ਜਿੱਤ ਦਾ ਫਰਕ ਬਹੁਤ ਛੋਟਾ ਰਹਿ ਸਕਦਾ ਹੈ। ਭਾਜਪਾ ਆਗੂ ਬੇਸ਼ੱਕ ਇਹ ਕਹੀ ਜਾਂਦੇ ਹਨ ਕਿ ਓਥੇ ਉਨ੍ਹਾਂ ਦੀ ਪਾਰਟੀ ਨੂੰ ਕੋਈ ਖਤਰਾ ਨਹੀਂ, ਪਰ ਮੀਡੀਆ ਜਿਹੜੀਆਂ ਖਬਰਾਂ ਲਿਆ ਰਿਹਾ ਹੈ, ਉਹ ਭਾਜਪਾ ਲੀਡਰਾਂ ਦੇ ਬਿਆਨਾਂ ਤੋਂ ਉਲਟ ਪ੍ਰਭਾਵ ਦੇਣ ਵਾਲੀਆਂ ਹਨ। ਇਸ ਲਈ ਓਥੇ ਇਸ ਵਾਰ ਕੁਝ ਵੀ ਹੋ ਸਕਦਾ ਹੈ, ਕੁਝ ਵੀ।

ਪਿਛਲੇ ਦਿਨਾਂ ਵਿਚ ਜਿਹੜੀਆਂ ਤਾਜ਼ਾ ਘਟਨਾਵਾਂ ਹੋਈਆਂ ਹਨ, ਮੋਰਬੀ ਸ਼ਹਿਰ ਵਿਚ ਮੱਛੂ ਨਦੀ ਉੱਤੇ ਬਣਿਆ ਪੁਲ ਢਹਿਣ ਨਾਲ ਡੇਢ ਸੌ ਦੇ ਕਰੀਬ ਲੋਕ ਜਿੰਦਾਂ ਮਾਰੇ ਗਏ ਹਨ, ਉਸ ਨਾਲ ਆਮ ਲੋਕਾਂ ਵਿਚ ਗੁਜਰਾਤ ਸਰਕਾਰ ਦਾ ਅਕਸ ਹੋਰ ਖਰਾਬ ਹੁੰਦਾ ਵੇਖਿਆ ਗਿਆ ਹੈ। ਇਸ ਕੇਸ ਬਾਰੇ ਹਾਈ ਕੋਰਟ ਵਿਚ ਵੀ ਸਰਕਾਰ ਦੀ ਮੁੜ-ਮੁੜ ਬੇਇੱਜ਼ਤੀ ਹੋਈ ਅਤੇ ਸੁਪਰੀਮ ਕੋਰਟ ਵਿਚ ਵੀ ਕੇਂਦਰ ਅਤੇ ਰਾਜ ਸਰਕਾਰ ਦੇ ਵਕੀਲਾਂ ਨੂੰ ਜਵਾਬ ਦੇਣਾ ਔਖਾ ਹੋ ਗਿਆ ਸੀ। ਜਦੋਂ ਪੁਲ ਟੁੱਟ ਗਿਆ ਤਾਂ ਅਗਲੇਰੇ ਦਿਨ ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਜਿਵੇਂ ਜ਼ਖਮੀਆਂ ਦੇ ਇਲਾਜ ਨਾਲੋਂ ਵੱਧ ਜ਼ੋਰ ਇਸ ਗੱਲ ਉੱਤੇ ਲਾਇਆ ਗਿਆ ਕਿ ਹਸਪਤਾਲ ਵਿਸ਼ਵ ਪੱਧਰ ਦਾ ਰਾਤੋ-ਰਾਤ ਬਣਾ ਦਿੱਤਾ ਜਾਵੇ, ਗਿੱਲੇ ਪੇਂਟ ਉੱਤੇ ਖੜੇ ਪੈਰ ਬੱਚਿਆਂ ਦੀਆਂ ਖ਼ੂਬਸੂਰਤ ਤਸਵੀਰਾਂ ਬਣਵਾਈਆਂ, ਉਸ ਨਾਲ ਸਰਕਾਰ ਬਾਰੇ ਮਾੜੀ ਰਾਏ ਬਣੀ ਹੈ। ਪਹਿਲਾਂ ਕੋਵਿਡ ਦੀ ਬਿਮਾਰੀ ਦੇ ਦਿਨਾਂ ਵਿਚ ਜਦੋਂ ਸਾਰੇ ਦੇਸ਼ ਵਿਚ ਮੌਤਾਂ ਦਾ ਅੰਕੜਾ ਘਟਾ ਕੇ ਪੇਸ਼ ਕੀਤਾ ਜਾ ਰਿਹਾ ਸੀ, ਓਦੋਂ ਗੁਜਰਾਤ ਵਿਚ ਬਾਕੀ ਰਾਜਾਂ ਨਾਲੋਂ ਵੱਧ ਪਰਦਾਪੋਸ਼ੀ ਹੁੰਦੀ ਰਹੀ ਸੀ ਤੇ ਹਸਪਤਾਲ ਵਿਚ ਕੋਵਿਡ ਨਾਲ ਹੋਈਆਂ ਮੌਤਾਂ ਤੇ ਸ਼ਮਸ਼ਾਨਘਾਟ ਵਿਚ ਪੀ ਪੀ ਈ ਕਿੱਟ ਵਾਲੀਆਂ ਲਾਸ਼ਾਂ ਦੇ ਅੰਤਮ ਸੰਸਕਾਰ ਦੇ ਅੰਕੜੇ ਮਿਲਦੇ ਨਹੀਂ ਸਨ। ਸੰਸਾਰ ਭਰ ਦੇ ਮੀਡੀਏ ਵਿਚ ਓਦੋਂ ਇਹ ਗੱਲ ਚੱਲਦੀ ਰਹੀ ਸੀ ਕਿ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਵਿਚ ਹੋਈਆਂ ਮੌਤਾਂ ਵਾਲੇ ਅੰਕੜੇ ਛਿਪਾਉਣ ਦਾ ਕੰਮ ਕਿਸੇ ਵੀ ਹੋਰ ਰਾਜ ਤੋਂ ਵੱਧ ਹੋ ਰਿਹਾ ਹੈ। ਜਿਹੜੀ ਗੱਲ ਸਾਰੇ ਸੰਸਾਰ ਵਿਚ ਚਰਚਾ ਦਾ ਵਿਸ਼ਾ ਬਣਦੀ ਰਹੀ ਸੀ, ਉਸ ਦਾ ਅਸਰ ਇਨ੍ਹਾਂ ਚੋਣਾਂ ਮੌਕੇ ਉਸ ਰਾਜ ਦੇ ਲੋਕਾਂ ਦੀ ਬਹਿਸ ਵਿਚ ਫਿਰ ਦਿਖਾਈ ਦਿੱਤਾ ਹੈ। ਇਹ ਚਰਚਾ ਵੋਟਾਂ ਦੇ ਐਨ ਨੇੜੇ ਜਾ ਕੇ ਦੋਬਾਰਾ ਉੱਠਣ ਦਾ ਮਤਲਬ ਕਿਸੇ ਨੂੰ ਵੀ ਸਮਝ ਆ ਸਕਦਾ ਹੈ।

ਅਸੀਂ ਲਿਖਤ ਦੇ ਸ਼ੁਰੂ ਵਿਚ ਇਹ ਕਿਹਾ ਸੀ ਕਿ ਚੋਣਾਂ ਬਾਰੇ ਆਮ ਤੌਰ ਉੱਤੇ ਬਹੁਤ ਖੁੱਲ੍ਹ ਕੇ ਚਰਚਾ ਕਰਨ ਵਾਲੇ ਵੱਡੇ ਧਨੰਤਰ ਵੀ ਇਸ ਵਾਰ ਇਨ੍ਹਾਂ ਦੋਵਾਂ ਰਾਜਾਂ ਬਾਰੇ ਕੁਝ ਕਹਿਣ ਤੋਂ ਝਿਜਕ ਰਹੇ ਹਨ ਤਾਂ ਅਸੀਂ ਵੀ ਇਸ ਮਾਮਲੇ ਵਿਚ ਕੋਈ ਭਵਿੱਖਬਾਣੀ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਜਿਹੜੀ ਗੱਲ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਇਸ ਵਾਰੀ ਭਾਜਪਾ ਲੀਡਰਸ਼ਿਪ ਮੂੰਹੋਂ ਮੰਨੇ ਜਾਂ ਨਾ ਮੰਨੇ, ਦੋਵਾਂ ਰਾਜਾਂ ਦੀਆਂ ਚੋਣਾਂ ਦੌਰਾਨ ਆਪਣੇ ਆਪ ਨੂੰ ਫਸਿਆ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦੀ। ਇੱਕ ਗੱਲ ਜਿਹੜੀ ਚੋਣਾਂ ਦੇ ਵੱਡੇ ਮਾਹਿਰ ਖੁੱਲ੍ਹ ਕੇ ਕਹਿੰਦੇ ਹਨ, ਉਹ ਇਹ ਹੈ ਕਿ ਫਸੇ ਹੋਣਗੇ ਤਾਂ ਭਾਜਪਾ ਲੀਡਰ ਹੀ ਫਸੇ ਹੋਣਗੇ, ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਨੂੰ ਇੱਕ ਚੋਣ ਮੈਚ ਵਾਲੇ ਰੌਂਅ ਵਿਚ ਲੈ ਰਹੀ ਹੈ, ਕਿਉਂਕਿ ਜਿੱਤਣ ਜਾਂ ਹਾਰਨ, ਉਨ੍ਹਾਂ ਕੋਲ ਦੋਵਾਂ ਰਾਜਾਂ ਵਿਚ ਗੁਆਉਣ ਨੂੰ ਕੁਝ ਨਹੀਂ ਤੇ ਜਿੰਨੀਆਂ ਵੀ ਸੀਟਾਂ ਜਿੱਤਣਗੇ, ਉਨ੍ਹਾਂ ਨੇ ਕੁਝ ਕਦਮ ਅੱਗੇ ਹੀ ਜਾਣਾ ਹੈ। ਸਭ ਤੋਂ ਮੰਦੀ ਹਾਲਤ ਕਾਂਗਰਸ ਵਾਲੀ ਧਿਰ ਦੀ ਹੈ, ਜਿਹੜੀ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਹੀ ਜਾਪਦੀ ਹੈ ਅਤੇ ਏਦਾਂ ਦੇ ਮੌਕੇ ਵੀ ਉਸ ਦੇ ਆਗੂ ਆਪਸ ਵਿਚ ਇੱਕ ਦੂਸਰੇ ਨਾਲ ਮਿਲ ਕੇ ਚੱਲਣ ਨੂੰ ਤਿਆਰ ਨਹੀਂ ਹੋ ਸਕੇ। ਨਤੀਜਾ ਕਿਸੇ ਵੀ ਸਿਆਸੀ ਧਿਰ ਦੇ ਪੱਖ ਵਿਚ ਚਲਾ ਜਾਵੇ, ਇਸ ਵਾਰੀ ਇਨ੍ਹਾਂ ਦੋਵਾਂ ਰਾਜਾਂ ਵਿਚ ਹੋਈ ਚੋਣ ਭਾਰਤ ਦੇ ਭਵਿੱਖ ਨੂੰ ਇੱਕ ਨਵੀਂ ਲੀਹ ਉੱਤੇ ਪਾਉਣ ਵਾਲੀ ਬਣ ਸਕਦੀ ਹੈ। ਦਿੱਲੀ ਵਿਚ ਪਹਿਲੀ ਵਾਰੀ ਆਮ ਆਦਮੀ ਪਾਰਟੀ ਅੱਗੇ ਵਧੀ, ਪਰ ਬਹੁ-ਸੰਮਤੀ ਨਹੀਂ ਸੀ ਲੈ ਸਕੀ ਤੇ ਦੂਸਰੀ ਵਾਰੀ ਜ਼ੋਰਦਾਰ ਬਹੁ-ਸੰਮਤੀ ਨਾਲ ਛਾ ਗਈ ਸੀ। ਪੰਜਾਬ ਵਿਚ ਵੀ ਪਹਿਲੀ ਚੋਣ ਵਿਚ ਵੀਹ ਸੀਟਾਂ ਜਿੱਤਣ ਦੇ ਬਾਅਦ ਅਗਲੀ ਵਾਰੀ ਜੋ ਕੁਝ ਹੋਇਆ ਸੀ, ਸਭ ਨੂੰ ਪਤਾ ਹੈ। ਗੁਜਰਾਤ ਵਿਚ ਕੀ ਹੋਣ ਵਾਲਾ ਹੈ, ਅਸੀਂ ਕੁਝ ਨਹੀਂ ਕਹਿ ਸਕਦੇ।

# ਮੇਰੇ ਚੇਤਿਆਂ ਵਾਲਾ ਅੰਡੇਮਾਨ ਤੇ ਨਿੱਕੋਬਾਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਏਸ ਮਹੀਨੇ ਦੀਆਂ ਮਾੜੀਆਂ ਖ਼ਬਰਾਂ ਵਿਚ ਅੰਡੇਮਾਨ ਤੇ ਨਿਕੋਬਾਰ ਦੀ ਇੱਕ ਲੜਕੀ ਨਾਲ ਜਬਰ-ਜਨਾਹ ਦੀ ਖ਼ਬਰ ਵੀ ਸ਼ਾਮਲ ਹੈ। ਮੈਂ ਉੱਥੋਂ ਦੇ ਆਦਿਵਾਸੀਆਂ ਤੇ ਹੋਰ ਵਸਨੀਕਾਂ ਦੇ ਚਲਨ ਤੋਂ ਜਾਣੂ ਹਾਂ। 1973 ਦੇ ਅਪ੍ਰੈਲ ਮਹੀਨੇ ਮੈਂ ਉੱਥੇ ਤਿੰਨ ਹਫਤੇ ਰਹਿ ਕੇ ਆਇਆ ਹਾਂ। ਉਸ ਥਾਂ ਜਿਸਨੂੰ ਕਾਲੇ ਪਾਣੀਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਮੇਰੇ ਉੱਥੇ ਰਹਿਣ ਤੱਕ ਉੱਥੋਂ ਦੀ ਧਰਤੀ 'ਤੇ ਨਾ ਬਹੁਤੀ ਸਰਦੀ, ਨਾ ਗਰਮੀ, ਨਾ ਧੂੜ, ਨਾ ਭਿਖਾਰੀ, ਨਾ ਚੋਰ, ਨਾ ਚਕਾਰੀ ਤੇ ਨਾ ਹੀ ਬਲਾਤਕਾਰ ਤੇ ਜਬਰ-ਜਨਾਹ ਹੁੰਦਾ ਸੀ। ਲੋਕਾਈ ਸੁਸਤ ਵੀ ਸੀ ਤੇ ਮੱਠੀ ਵੀ, ਰੱਜ ਕੇ ਭੋਲੀ। ਬਦਫੈਲੀ ਤੋਂ ਮੁਕਤ। ਉਹ ਆਪਣੀਆਂ ਵਾਸਨਾਈ ਭਾਵਨਾਵਾਂ ਦੀ ਤ੍ਰਿਪਤੀ ਲਈ ਅੰਤਰਜਾਤੀ ਵਿਆਹ ਰਚਾ ਲੈਂਦੇ। ਅੰਤਰ-ਰਾਜੀ ਸ਼ਾਦੀਆਂ ਵੀ। ਉਥੋਂ ਦੇ ਬੰਗਾਲੀ ਨੂੰ ਦੂਰ ਦੁਰੇਡੇ ਤਾਮਿਲੀਅਨ ਨਾਲ ਰਾਬਤਾ ਕਰਨ ਦੀ ਕੋਈ ਝਿਜਕ ਨਹੀਂ ਸੀ। ਉਨ੍ਹਾਂ ਨੇ ਇਹ ਭਾਵਨਾ ਉੱਥੋਂ ਦੇ ਕੈਦੀਆਂ ਤੋਂ ਗ੍ਰਹਿਣ ਕੀਤੀ ਸੀ ਜਿਹੜੇ ਵਾਸਨਾ ਪੂਰਤੀ ਲਈ ਉਮਰ ਭਰ ਲਈ ਇੱਕ ਦੂਜੇ ਦੇ ਹੋ ਜਾਂਦੇ ਸਨ। ਇਹ ਵੇਖੇ ਬਿਨਾ ਕਿ ਕੋਈ ਲਾਹੌਰ ਜਾਂ ਪੇਸ਼ਾਵਰ ਤੋਂ ਸੀ ਜਾਂ ਮਦਰਾਸੀ ਤੇ ਪਾਂਡੀਚਰੀ ਤੋਂ। ਜਬਰ-ਜਨਾਹ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ।

ਉਹ ਬਣੇ ਜੀਵਨ ਸਾਥੀਆਂ ਤੇ ਸਾਥਣਾਂ ਨੂੰ ਆਪਣੇ ਅੰਗ-ਸੰਗ ਰੱਖਦੇ ਸਨ। ਜੇ ਮੈਂ ਨਿੱਜੀ ਪ੍ਰਮਾਣ ਦੇਣਾ ਹੋਵੇ ਤਾਂ ਮੇਰਾ ਮਿੱਤਰ ਮਹਿੰਦਰ ਸਿੰਘ ਢਿੱਲੋਂ ਉੱਥੇ ਨੌਕਰੀ ਕਰਨ ਸਮੇਂ ਆਪਣੀ ਪਤਨੀ ਗੁਰਦਰਸ਼ਨ ਕੌਰ ਨੂੰ ਨਾਲ ਲੈ ਕੇ ਗਿਆ ਸੀ। ਭਾਵੇਂ ਉਸਦਾ ਮੂਲ ਮੰਤਵ ਕਾਲੇ ਪਾਣੀ ਦੀ ਉਸ ਧਰਤੀ ਨੂੰ ਵੇਖਣਾ ਸੀ, ਜਿੱਥੇ ਉਸਦਾ ਪਿਤਾ ਦੀਵਾਨ ਸਿੰਘ ਕਾਲੇ ਪਾਣੀ ਅੰਗਰੇਜ਼ਾਂ ਨੂੰ ਸਿਹਤ ਸਹੂਲਤਾਂ ਦਿੰਦਿਆਂ ਜਪਾਨੀਆਂ ਵਲੋਂ ਸ਼ਹੀਦ ਕੀਤਾ ਗਿਆ ਸੀ।

ਉੱਥੋਂ ਦੇ ਸਾਬਕਾ ਮੁੱਖ ਸਕੱਤਰ, ਜਤਿੰਦਰ ਨਾਰਾਇਣ, ਉਸਦੇ ਸਾਥੀ ਵਪਾਰੀ ਸੰਦੀਪ ਸਿੰਘ ਰਿੰਕੂ ਤੇ ਅੰਡੇਮਾਨ ਦੇ ਮੁਅੱਤਲ ਹੋਏ ਲੇਬਰ ਕਮਿਸ਼ਨਰ ਆਰ ਐਲ ਰਿਸ਼ੀ ਵਲੋਂ ਉੱਥੋਂ ਦੀ 21 ਸਾਲਾ ਮੁਟਿਆਰ ਨਾਲ ਜਬਰ-ਜਨਾਹ ਦੀਆਂ ਖ਼ਬਰਾਂ ਤੋਂ ਜਾਪਦਾ ਹੈ ਕਿ ਉਸ ਵਿਚਾਰੀ ਨੂੰ ਨੌਕਰੀ ਦਾ ਝਾਂਸਾ ਦੇ ਕੇ ਭੁਚਲਾ ਲਿਆ ਗਿਆ ਹੋਵੇਗਾ। ਲੱਗਦਾ ਹੈ ਉਥੋਂ ਦੀ ਧਰਤੀ ਉੱਤੇ ਵੀ ਏਥੇ ਵਾਲਾ ਮਿਆਰ ਆ ਗਿਆ ਹੈ।

### *ਪਰਵਾਸੀ ਮਿੱਤਰ ਸ਼ਮੀਲ ਦਾ ਕਾਵਿ-ਸੰਗ੍ਰਹਿ 'ਰੱਬ ਦਾ ਸੁਰਮਾ'*

ਸੁਸ਼ੀਲ ਮੈਥੋਂ ਛੋਟਾ ਹੈ। ਬਹੁਤ ਛੋਟਾ। ਉਹ ਮੇਰੇ ਕੋਲੋਂ ਪੜ੍ਹਿਆ ਵੀ ਹੈ ਤੇ ਮੇਰੇ ਨਾਲ 'ਦੇਸ਼ ਸੇਵਕ' ਅਖ਼ਬਾਰ ਵਿਚ ਸਹਿ-ਕਰਮੀ ਵੀ ਰਿਹਾ ਹੈ। ਉਦੋਂ ਉਹ ਜਸਬੀਰ ਸ਼ਮੀਲ ਹੁੰਦਾ ਸੀ। ਹੁਣ ਉਸਨੇ ਜਸਬੀਰ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਸ਼ਮੀਲੀ ਜਾਮਾ ਪਹਿਨਾ ਲਿਆ ਹੈ। ਸਧਾਰਨਤਾ ਤਿਆਗ ਕੇ ਅਸਧਾਰਨ ਹੋ ਗਿਆ ਹੈ। ਮੈਂ ਨਹੀਂ ਸੀ ਜਾਣਦਾ ਕਿ ਉਹ ਕਵਿਤਾ ਵੀ ਰਚਦਾ ਹੈ, ਮੈਨੂੰ ਉਸਦੇ ਚਿੰਤਨ ਦਾ ਗਿਆਨ ਸੀ। ਫ਼ੁਰਤੀਲੇ ਚਿੰਤਨ ਦਾ। ਉਸਦੀ ਕਵਿਤਾ ਫ਼ੁਰਤੀਲੇ ਚਿੰਤਨ ਦੀ ਉਪਜ ਹੈ।

'ਰੱਬ ਦਾ ਸੁਰਮਾ' ਦੀਆਂ ਕਵਿਤਾਵਾਂ ਕਾਇਨਾਤ ਦੀ ਬਾਤ ਪਾਉਂਦੀਆਂ ਹਨ। ਰੱਬੀ ਕਾਇਨਾਤ ਦੀ। ਰੱਬੀ ਸੁਰਮੇ ਦੀ। ਇਨ੍ਹਾਂ ਵਿਚ ਮੇਲ ਮਿਲਾਪ ਵੀ ਹੈ, ਅਪਣੱਤ ਵੀ ਤੇ ਜੀਣ ਦਾ ਫਲਸਫਾ ਵੀ। ਸਿਰਜਕ ਫਲਸਫਾ। ਉਸਨੇ ਆਪਣੇ ਸ਼ਬਦ ਹਿਜਰ ਵਿਚ ਭਿਓਂ ਰੱਖੇ ਹਨ ਤੇ ਇਨ੍ਹਾਂ ਨੂੰ ਕਿਧਰੇ ਵੀ ਵਰਤੇ ਕਵਿਤਾ ਬਣ ਜਾਂਦੇ ਹਨ। ਉਹ ਹਿਜਰ ਦੀ ਭਾਵਨਾ ਨੂੰ ਗੈਰ ਹਾਜ਼ਰੀ ਦੇ ਤੁਲ ਸਮਝਦਾ ਹੈ।

ਸਿਤਾਰਾ ਵਜਦਾ। ਹੌਲੀ ਹੌਲੀ
ਦਰਦ ਚੱਲਦਾ/ਹੌਲੀ ਹੌਲੀ
ਕੋਈ ਗੈਰ ਹਾਜ਼ਰੀ ਗੁਣਗੁਣਾ ਰਹੀ
ਹੌਲੀ ਹੌਲੀ।

ਉਸਦੇ ਚਿੰਤਨ ਵਿਚ ਗੈਰ ਹਾਜ਼ਰੀ ਗੁਣਗੁਣਾਉਂਦੀ ਹੈ। ਰੱਬ ਦੇ ਸੁਰਮੇ ਵਾਂਗ। ਕਵਿਤਾ ਦੇ ਇਨਸਾਨ ਦੀ ਆਵਾਜ਼ ਬਣਨ ਵਾਂਗ। ਇਹ ਗੁਣ ਰੱਬ ਕੋਲ ਹਨ ਜਾਂ ਇਨਸਾਨ ਕੋਲ। ਸ਼ਮੀਲ ਅਨੁਸਾਰ ਦੁਨੀਆਂ ਨੂੰ ਨਿਰਾ ਬਲੈਕ ਤੇ ਵ੍ਹਾਈਟ ਹੋਣ ਤੋਂ ਬਚਾਉਣ ਲਈ ਰੱਬ ਨੇ ਡੁੱਬਦੇ ਸੂਰਜ ਦੀ ਮਤਾਬੀ ਰੋਸ਼ਨੀ ਬੰਦੇ ਦੀ ਅੱਖ ਵਿਚ ਪਾ ਦਿੱਤੀ ਹੈ। ਇਸਨੂੰ ਆਪਾਂ ਰੱਬ ਦਾ ਸੁਰਮਾ ਵੀ ਕਹਿ ਸਕਦੇ ਹਾਂ ਤੇ ਉਸਦੀ ਕਾਇਨਾਤ ਵੀ।



ਸ਼ਬਦ ਮੇਰੇ ਜਗ ਪਏ ਰੌਸ਼ਨੀਆਂ ਵਾਂਗ
ਤੇਰੀ ਆਮਦ ਤੇ/ਤੇਰੇ ਸਨਮਾਨ ਵਿਚ
ਛੂਹ ਤੇਰੀ ਨਾਲ ਪੁੰਗਰ ਪਏ।
***
ਸ਼ਬਦ ਤਾਂ ਇੰਝ
ਜਿਵੇਂ ਚਿਮਟੀ ਨਾਲ ਮਨ ਪਕੜਨ ਲੱਗੀਏ
ਜਾਂ ਪਾਣੀ 'ਚ ਤੇਰਾ ਨਾਂ ਲਿਖੀਏ
ਮੁੱਠੀਆਂ ਨਾਲ ਹਵਾ ਢੋਈਏ
ਸ਼ਬਦ ਤਾਂ ਮੇਰੇ ਮਨ ਦਾ ਸਹਾਰਾ ਬੱਸ।
***
ਮੈਂ ਤਣ ਦਿੰਦਾ ਸ਼ਬਦਾਂ ਨੂੰ/
ਤੇਰੇ ਲਈ ਕਮਾਨ ਵਾਂਗ
ਵਿੰਨ੍ਹ ਦਿੰਦਾ ਆਕਾਸ਼ ਨੂੰ
ਕਿ ਬੱਦਲ ਫੜਫੜਾਉਂਦੇ/
ਤੇਰੇ ਸਿਰ 'ਤੇ ਆ ਬੈਠਣ
ਮੈਂ ਇਨ੍ਹਾਂ ਕਬੂਤਰਾਂ ਨੂੰ ਛੇੜਾਂ/
ਹਵਾ ਦੀ ਇੱਕ ਲਹਿਰ ਛਿੜ ਪਏ ਤੇ ਤੂੰ/
ਵਾਦੀਆਂ ਵਿੱਚ ਉਡਦੀ ਚੁੰਨੀ ਵਾਂਗ
ਮੇਰੇ ਮੂੰਹ 'ਤੇ ਆ ਪਏਂ
ਤੇ ਮੈਂ ਇੰਝ ਹੀ/ ਰੱਬ ਨਾਲ ਖੇਡਦਾ ਹੋਇਆ
ਸੌਂ ਜਾਵਾਂ।
***
ਜੇ ਮੇਰੇ ਕੋਲ ਕਵਿਤਾ ਨਾ ਹੁੰਦੀ/
ਤਾਂ ਹਾਰ ਜਾਂਦਾ
ਮੁੜ ਜਾਂਦਾ/ਬਿਨਾਂ ਬੋਲਿਆਂ ਹੀ
***
ਕਿਉਂ ਛੇੜਨੀ ਫੇਰ/ ਉਹੀ ਪੁਰਾਣੀ ਕਥਾ
ਇਸਦੇ ਸਭ ਮੋੜ/ਸਭ ਸਿਖਰ
ਮੈਂ ਦੇਖ ਚੁੱਕਾਂ
ਵਾਰ ਵਾਰ ਉਹੀ ਦਰਦ
ਉਹੀ ਚੀਸ/ਉਡੀਕ/ਵਿਯੋਗ
ਇਨ੍ਹਾਂ ਸਭ ਮੋੜਾਂ ਤੋਂ/ਹੁਣ ਡਰ ਲਗਦਾ
ਸਭ ਕਹਾਣੀਆਂ ਦਾ ਇੱਕ ਹੀ ਵਿਸ਼ਾ/ਜ਼ਿੰਦਗੀ
ਜ਼ਿੰਦਗੀ ਦੀ ਇੱਕੋ ਭਟਕਣ/ਤਲਾਸ਼
ਤਲਾਸ਼ ਦਾ ਇੱਕੋ ਰਾਹ/ਦਰਦ
ਦਰਦ ਦੀ ਇੱਕੋ ਮੰਜ਼ਲ/ਵੈਰਾਗ
ਵੈਰਾਗ ਦਾ ਇੱਕੋ ਅੰਤ/
ਰਾਕਟ ਦੀ ਤਰ੍ਹਾਂ ਸੜ ਜਾਣਾ
ਮੇਰੇ ਕੋਲ ਬਥੇਰਾ ਵੈਰਾਗ ਪਹਿਲਾਂ ਹੀ
ਗੁਰੂਤਾ ਦੇ ਘੇਰੇ ਨੂੰ/ਤੋੜਨ ਲਈ
ਉਹੀ ਕਹਾਣੀ ਹੁਣ ਫੇਰ ਨਾ ਛੇੜ।

ਸ਼ਮੀਲ ਦੂਰ ਦੁਹੇਰਾ ਕੈਨੇਡਾ ਵਿਚ ਰਹਿੰਦਾ ਦਿਸਹੱਦਿਆਂ ਦੀ ਗੱਲ ਕਰਦਾ ਹੈ। ਆਕਾਸ਼ ਦੀ। ਉਪਰ ਕਿਧਰੇ ਵਸਦੇ ਰੱਬ ਦੀ। ਰੱਬ ਦੇ ਸੁਰਮੇ ਦੀ। ਉਸਦੀ ਕਾਇਨਾਤ ਦੀ। ਸ਼ਮੀਲ ਦਾ ਕਵੀ ਮਨ ਆਕਾਸ਼ ਤੋਂ ਉੱਤੇ ਵੱਸਦਾ ਹੈ। ਮਿਰਜ਼ਾ ਗਾਲਿਬ ਦੇ ਕਥਨ ਅਨੁਸਾਰ:

ਮੰਜ਼ਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ
ਕਾਸ਼ ਕਿ ਇਧਰ ਹੋਤਾ ਅਰਸ਼ ਸੇ ਮਕਾਂ ਅਪਨਾ

ਸ਼ਮੀਲ ਇਹ ਗੱਲ ਕਹਿੰਦਾ ਨਹੀਂ, ਆਪਣੀ ਕਵਿਤਾ ਰਾਹੀਂ ਵਿਚਰਦਾ ਹੈ। ਉਸਦੇ ਸ਼ਬਦਾਂ 'ਚ ਮੁਸਾਫ਼ਰੀ ਹੈ। ਉਸਦੀ ਕਾਵਿ ਸ਼ਬਦਾਵਲੀ ਨਦੀ ਦੇ ਪਾਣੀ ਵਾਂਗ ਵਹਿੰਦੀ ਤੇ ਰੇਲਗੱਡੀ ਵਾਂਗ ਭੱਜਦੀ ਹੈ।

ਕਾਹਲੀ ਵਿੱਚ ਦੌੜਦੇ ਲੋਕ/
ਤੇਜ਼ ਰਫਤਾਰ ਕਾਰਾਂ
ਸੜਕਾਂ 'ਤੇ ਚਲਦੀਆਂ ਰੋਸ਼ਨੀਆਂ
ਸਾਰਿਆਂ ਦੇ ਪਿੱਛੇ/
ਥੋੜਾ ਥੋੜਾ ਦਰਦ ਧੜਕੇ।
***
ਕਾਗਜ਼ 'ਤੇ ਲਿਖੇ ਸ਼ਬਦ/ਤਿਲ੍ਹਕ ਜਾਂਦੇ
ਧਰਤੀ 'ਤੇ ਮਿਲਦੇ ਲੋਕ/ਵਿਛੜ ਜਾਂਦੇ
ਤੂੰ ਮੈਨੂੰ ਕਿਸੇ ਹੋਰ ਸਤਹ 'ਤੇ ਮਿਲ।
***
ਦਿਲ ਦੀ ਪੀੜ ਘਟਦੀ ਥੋੜ੍ਹੀ ਥੋੜ੍ਹੀ।
ਤੁਰਨ ਨਾਲ ਦੁੱਖ ਕੁਝ ਥੰਮਦਾ
ਦੁਖਦਾ ਹੋਵੇਗਾ ਧਰਤੀ ਦਾ ਵੀ ਕੁੱਝ
ਤਦ ਹੀ ਦੌੜੀ ਫਿਰਦੀ ਵਿਚਾਰੀ।

ਸ਼ਮੀਲ ਦੀ ਕਵਿਤਾ ਨੇ ਪੰਜਾਬੀ ਕਵਿਤਾ ਦਾ ਵਿਹੜਾ ਵੱਡਾ ਕੀਤਾ ਹੈ। ਉਸਦਾ ਰੰਗ ਨਵੇਲਾ ਹੈ। ਮੈਂ ਖ਼ੁਸ਼ ਹਾਂ। ਉਸਦੇ ਮਾਣ ਨਾਲ ਮੇਰਾ ਮਾਣ ਵਧਦਾ ਹੈ। ਮੇਰੀ ਉਹਦੇ ਨਾਲ ਅਪਣੱਤ ਦਾ।

**ਅੰਤਿਕਾ**

—ਹਰਿਭਜਨ ਸਿੰਘ—

ਪੈਰ ਹੇਠਾਂ ਬੁਝ ਗਿਆ ਅੰਗਿਆਰ ਏਨਾ ਆਖ ਕੇ
**ਵੰਡ ਦੇ ਦੁਨੀਆਂ ਨੂੰ ਤੜਪਾਂ ਮੈਂ ਤਾਂ ਹੁਣ ਬੇਨੂਰ ਹਾਂ।**

# ਖ਼ੁਦਕੁਸ਼ੀ ਕਿਉਂ ਕਰਦੇ ਹਨ ਲੋਕ?

## ਵਿਚਾਰਨਯੋਗ ਮਸਲਾ

ਰਵਿੰਦਰ ਚੋਟ
ਫੋਨ-98726-73703

ਹਰ ਰੋਜ਼ ਅਖਬਾਰਾਂ ਦੇ ਪੰਨੇ ਖ਼ੁਦਕੁਸ਼ੀਆਂ ਦੇ ਖ਼ੂਨ ਨਾਲ ਲਾਲ ਹੁੰਦੇ ਹਨ। ਸਵੇਰੇ ਹੀ ਮਨ ਦੁੱਖ ਤੇ ਸੋਗ ਨਾਲ ਭਰ ਜਾਂਦਾ ਹੈ। ਪੁਰਾਣੇ ਸਮੇਂ ਬਜ਼ੁਰਗਾਂ ਤੋਂ ਸੁਣਦੇ ਸਾਂ ਕਿ ਫਲਾਣੇ ਕਾਤਲ ਨੂੰ ਫਾਹੇ ਲਾਇਆ ਗਿਆ ਸੀ, ਪਰ ਦੋਸ਼ੀ ਵਲੋਂ ਫਾਹਾ ਆਪ ਲੈਣਾ ਜਾਂ ਖ਼ੁਦਕੁਸ਼ੀ ਕਰ ਲੈਣਾ ਅਜੋਕੇ ਸਮੇਂ ਦਾ ਖਤਰਨਾਕ ਰੁਝਾਨ ਬਣ ਗਿਆ ਹੈ। ਕਾਰਨ ਭਾਵੇਂ ਕੋਈ ਵੀ ਹੋਵੇ ਪਰ ਆਪਣਾ ਆਪ ਹੀ ਜੱਜ ਬਣ ਕੇ, ਆਪ ਹੀ ਫੈਸਲਾ ਕਰ ਕੇ, ਆਪਣੇ ਆਪ ਨੂੰ ਸਜ਼ਾ ਦੇ ਦੇਣਾ ਜਾਂ ਜਾਨ ਗੁਆ ਲੈਣਾ-ਕਾਨੂੰਨ ਅਤੇ ਸਮਾਜਿਕ ਪ੍ਰਸਥਿਤੀਆਂ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਖ਼ੁਦਕੁਸ਼ੀ ਗੈਰ-ਕੁਦਰਤੀ ਮੌਤ ਹੁੰਦੀ ਹੈ। ਇਸ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਖ਼ੁਦਕੁਸ਼ੀ ਦਾ ਕੋਈ ਖਾਸ ਕਾਰਨ ਬਣਿਆ ਹੋਵੇ ਅਤੇ ਮਰਨ ਵਾਲੇ ਦੇ ਮਨ ਵਿਚ ਮਰਨ ਦੀ ਇੱਛਾ ਪੈਦਾ ਹੋ ਗਈ ਹੋਵੇ, ਭਾਵੇਂ ਉਹ ਕਿਸੇ ਵੀ ਕਾਰਨ ਜਾਂ ਮਾਨਸਿਕ ਬੀਮਾਰੀ ਕਾਰਨ ਹੋਈ ਹੋਵੇ ਤਾਂ ਹੀ ਇਸ ਮੌਤ ਨੂੰ ਖ਼ੁਦਕੁਸ਼ੀ ਮੰਨਿਆ ਜਾਂਦਾ ਹੈ। ਮੌਤ ਬਾਰੇ ਲਿਖੇ ਨੋਟ ਨੂੰ ਵੀ ਕੇਸ ਲਈ ਮਹੱਤਤਾ ਦਿੱਤੀ ਜਾਂਦੀ ਹੈ। ਜੇਕਰ ਇਸ ਸਵਾਲ ਦੇ ਸੰਦਰਭ ਵਿਚ ਆਮ ਆਦਮੀ, ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਵਿਦਿਆਰਥੀਆਂ ਵਲੋਂ ਹੋ ਰਹੀਆਂ ਖ਼ੁਦਕੁਸ਼ੀਆਂ ਦੇ ਅਸਲ ਨੂੰ ਸਮਝ ਕੇ ਇਨ੍ਹਾਂ ਦੇ ਹੱਲ ਵਲ ਤੁਰਿਆ ਜਾਵੇ ਤਾਂ ਸ਼ਾਇਦ ਇਸ ਖਤਰਨਾਕ ਲੜੀ ਦਾ ਕੋਈ ਤੰਦ ਫੜਿਆ ਜਾ ਸਕੇ। ਅੱਜ-ਕੱਲ੍ਹ ਕਈ ਕਾਲਜਾਂ, ਯੂਨੀਵਰਸਿਟੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਵਲੋ ਹੋਈਆਂ ਖ਼ੁਦਕੁਸ਼ੀਆਂ ਨੇ ਵੀ ਆਮ ਲੋਕਾਂ ਅਤੇ ਚਿੰਤਕਾਂ ਦਾ ਧਿਆਨ ਖਿੱਚਿਆ ਹੈ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ 2021 ਦੀ ਰਿਪੋਰਟ ਮੁਤਾਬਕ ਸਾਰੇ ਦੇਸ਼ ਵਿਚ ਲਗਪਗ 1,64,033 ਆਤਮ ਹੱਤਿਆਵਾਂ ਹੋਈਆਂ ਜਿਨ੍ਹਾਂ ਵਿਚੋਂ 30446 (18.6%) ਲੋਕਾਂ ਨੇ ਕਿਸੇ ਗੰਭੀਰ ਬੀਮਾਰੀ ਦੇ ਦੁੱਖ ਨੂੰ ਸਹਿਣ ਨਾ ਕਰ ਸਕਣ ਕਾਰਨ ਹੋਈਆਂ। ਪੰਜਾਬ ਵਿਚ ਵੀ ਇਹ ਰੁਝਾਨ ਵੇਖਣ ਨੂੰ ਮਿਲਿਆ। ਪੰਜਾਬ ਵਿਚ 2021 ਵਿਚ ਲਗਪਗ 2600 ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚੋਂ 1164 ਖ਼ੁਦਕੁਸ਼ੀ ਦੇ ਕੇਸ ਕਿਸੇ ਗੰਭੀਰ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਕਾਰਨ ਹੋਏ, ਜੋ ਕੌਮੀ ਰਿਕਾਰਡ ਨਾਲੋਂ ਢਾਈ ਗੁਣਾ ਵੱਧ ਹਨ। ਇਨ੍ਹਾਂ ਖ਼ੁਦਕੁਸ਼ੀਆਂ ਦਾ ਮੁੱਢ ਸੱਤਰਵਿਆਂ ਵਿਚ ਹਰੀ ਕਰਾਂਤੀ ਨੇ ਬੰਨ੍ਹ ਦਿਤਾ ਸੀ। ਪੰਜਾਬ ਅਨਾਜ ਅਤੇ ਖਾਧ ਪਦਾਰਥਾਂ ਦੀ ਟੋਕਰੀ ਤਾਂ ਪਹਿਲਾਂ ਹੀ ਸੀ ਪਰ ਇਸ ਨੂੰ ਸਾਰੇ ਦੇਸ਼ ਦੀ ਭੁੱਖ ਮਿਟਾਉਣ ਲਈ, ਖਾਧ ਪਦਾਰਥਾਂ ਦਾ ਵੱਡਾ ਟੋਕਰਾ ਬਣਾਉਣ ਲਈ ਬੀਮਾਰ ਤੇ ਅਪਾਹਜ ਬਣਾ ਦਿੱਤਾ ਗਿਆ। ਗੰਭੀਰ ਬੀਮਾਰੀਆਂ ਪੰਜਾਬ ਲਈ ਲੋੜ ਤੋਂ ਵੱਧ ਵਰਤੀਆਂ ਗਈਆਂ ਰਸਾਇਣਕ ਖਾਦਾਂ, ਕੀਟਨਾਸ਼ਕ ਤੇ ਊਲੀ ਨਾਸ਼ਕ ਆਦਿ ਹੀ ਲੈ ਕੇ ਆਏ। ਦੂਸਰੇ ਪਾਸੇ ਉਦਯੋਗਾਂ ਦੇ ਰਸਾਇਣ ਭਰਪੂਰ ਪਾਣੀ ਨੇ ਨਦੀਆਂ ਤੇ ਦਰਿਆਵਾਂ ਦੇ ਪਾਣੀ ਨੂੰ ਵੀ ਦੂਸ਼ਿਤ ਕਰ ਦਿੱਤਾ। ਕੈਂਸਰ, ਹੱਡੀਆਂ ਅਤੇ ਚਮੜੀ ਦੇ ਅਨੇਕਾਂ ਰੋਗਾਂ ਨੇ ਬਹੁਤ ਸਾਰੇ ਪੰਜਾਬੀਆਂ ਦੀਆਂ ਜਾਨਾਂ ਲਈਆਂ। ਇਨ੍ਹਾਂ ਬੀਮਾਰੀਆਂ ਤੋਂ ਡਰ ਕੇ ਵੀ ਬਹੁਤ ਲੋਕ ਖ਼ੁਦਕੁਸ਼ੀਆਂ ਕਰਦੇ ਰਹੇ। ਇਸ ਹਰੀ ਕਰਾਂਤੀ ਨੇ ਮਜ਼ਦੂਰਾਂ ਤੇ ਕਿਸਾਨਾਂ ਲਈ ਹੁਣ ਕਾਲੀ ਕਰਾਂਤੀ ਬਣ ਕੇ ਹਨੇਰ ਪਾ ਦਿੱਤਾ। ਪੰਜਾਬ ਦੀ ਜ਼ਮੀਨ ਵੀ ਨਸ਼ੇ 'ਤੇ ਲੱਗ ਗਈ ਤੇ ਜਵਾਨੀ ਵੀ ਨਸ਼ੇ ਦੇ ਦਰਿਆ ਵਿਚ ਹੜ੍ਹ ਗਈ। ਜਿਸ ਨਾਲ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਕਰਜ਼ਾ ਤਕਰੀਬਨ 40% ਹੋਰ ਵਧ ਗਿਆ ਜੋ ਕਿ ਖ਼ੁਦਕੁਸ਼ੀਆਂ ਦਾ ਇਕ ਵੱਡਾ ਕਾਰਨ ਬਣ ਰਿਹਾ ਹੈ। ਭਾਵੇਂ ਕਿ ਕਰਜ਼ੇ ਕਿਸੇ ਆਮਦਨ ਦੇ ਸਾਧਨ ਵਧਾਉਣ ਲਈ ਲਏ ਜਾਂਦੇ ਹਨ ਪਰ ਇਨ੍ਹਾਂ ਦੀ ਦੁਰਵਰਤੋਂ ਵੀ ਖ਼ੁਦਕੁਸ਼ੀਆਂ ਲਈ ਵਿਚ ਵੱਡਾ ਰੋਲ ਅਦਾ ਕਰ ਰਹੀ ਹੈ।

ਇਹ ਵੀ ਵੇਖਿਆ ਗਿਆ ਕਿ ਸਾਰੀ ਦੁਨੀਆਂ ਵਿਚ ਔਰਤਾਂ ਵੱਲੋਂ ਹੋ ਰਹੀਆਂ ਖ਼ੁਦਕੁਸ਼ੀਆਂ ਦਾ 40% ਸਿਰਫ ਸਾਡੇ ਦੇਸ਼ ਵਿਚ ਹੋ ਰਹੀਆਂ ਹਨ। ਇਕ ਅੰਦਾਜ਼ੇ ਮੁਤਾਬਕ ਔਰਤਾਂ ਵਲੋਂ 23178 ਖ਼ੁਦਕੁਸ਼ੀਆਂ ਹੋਈਆਂ, ਜਿਨ੍ਹਾਂ ਵਿਚ ਬਹੁਤੀਆਂ ਆਮ ਘਰੇਲੂ ਔਰਤਾਂ ਸਨ। ਘਰੇਲੂ ਕਲੇਸ਼ ਅਤੇ ਘਰੇਲੂ ਕੁੱਟ-ਮਾਰ ਦੇ ਕਾਰਨ ਬਹੁਤੀਆਂ ਔਰਤਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਕੰਮ-ਕਾਜੀ ਔਰਤਾਂ ਦੇ ਵੀ ਕੇਸ ਹੋ ਸਕਦੇ ਹਨ ਪਰ ਬਹੁਤੇ ਘਰੇਲੂ ਔਰਤਾਂ ਜਿਹੜੀਆਂ ਕਿ ਘਰ ਦੀ ਚਾਰ-ਦੀਵਾਰੀ ਵਿਚ ਬੰਦ ਰਹਿੰਦੀਆਂ ਹਨ ਤੇ ਉਹ ਆਪਣੇ ਦੁੱਖਾਂ-ਕਲੇਸ਼ਾਂ ਨੂੰ ਕਿਸੇ ਨਾਲ ਸਾਂਝਾ ਨਹੀਂ ਕਰ ਪਾਉਂਦੀਆਂ। ਉਨ੍ਹਾਂ ਵਿਚ ਇਹ ਰੁਝਾਨ ਵੱਧ ਵੇਖਿਆ ਗਿਆ। ਮਾਨਸਿਕ ਬੀਮਾਰੀਆਂ ਵੀ ਉਨ੍ਹਾਂ ਨੂੰ ਹੀ ਜ਼ਿਆਦਾ ਘੇਰਦੀਆਂ ਹਨ ਜੋ ਕਿ ਖ਼ੁਦਕੁਸ਼ੀ ਦਾ ਕਾਰਨ ਬਣਦੀਆਂ ਹਨ।

ਭਾਵੇਂ ਕਿਸੇ ਵਿਆਕਤੀ ਦੇ ਆਰਥਿਕ, ਸਮਾਜਿਕ ਅਤੇ ਘਰੇਲੂ ਹਾਲਾਤ ਖ਼ੁਦਕੁਸ਼ੀ ਦਾ ਕਾਰਨ ਬਣੇ ਹੋਣ ਪਰ ਇਨ੍ਹਾਂ ਸਭ ਹਾਲਤਾਂ ਵਿਚ ਮਨੋਵਿਗਿਆਨਕ ਕਾਰਨ ਵੀ ਨਾਲ ਨਾਲ ਚਲਦੇ ਹਨ। ਕਈ ਵਾਰੀ ਤਾਂ ਖ਼ੁਦਕੁਸ਼ੀ ਦਾ ਕਾਰਨ ਨਿਰੋਲ ਮਨੋਵਿਗਿਆਨਕ ਹੀ ਹੁੰਦਾ ਹੈ। ਪਿਛਲੇ ਸਮੇਂ ਵਿਚ ਜਦੋਂ ਜ਼ਿੰਦਗੀ ਸਿਧੀ-ਸਾਦੀ ਸੀ, ਘੱਟ ਕਮਾਈ ਸੀ, ਘੱਟ ਹੀ ਖਰਚ ਸੀ, ਪਰ ਮਨ 'ਤੇ ਬੋਝ ਵੀ ਘੱਟ ਹੁੰਦਾ ਸੀ। ਖ਼ੁਦਕੁਸ਼ੀਆਂ ਵੀ ਨਾ ਮਾਤਰ ਹੀ ਹੁੰਦੀਆਂ ਸਨ। ਹੁਣ ਜ਼ਿੰਦਗੀ ਵਿਚ ਮਾਨਸਿਕ ਉਦਾਸੀ ਬਹੁਤ ਵਧ ਗਈ ਹੈ। ਮਾਨਸਿਕ ਤੌਰ 'ਤੇ ਲੋਕ ਪਹਿਲਾਂ ਨਾਲੋਂ ਬਹੁਤ ਕਮਜ਼ੋਰ ਹੋਏ ਹਨ। ਪੰਜਾਬ ਦੇ ਸਕੂਲਾਂ-ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪਿਛਲੇ ਕੁਝ ਸਮੇਂ ਵਿਚ ਹੀ ਵਿਦਿਆਰਥੀਆਂ ਵਲੋਂ ਕੀਤੀਆਂ ਖ਼ੁਦਕੁਸ਼ੀਆਂ ਇਨ੍ਹਾਂ ਦੇ ਕਾਰਨਾਂ ਬਾਰੇ ਸੋਚਣ 'ਤੇ ਮਜਬੂਰ ਕਰਦੀਆਂ ਹਨ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਨੇ ਦੱਸਿਆ ਹੈ ਕਿ ਸਾਡੇ ਦੇਸ਼ ਵਿਚ ਇਕ ਘੰਟੇ ਵਿਚ ਇਕ ਵਿਦਿਆਰਥੀ ਖ਼ੁਦਕੁਸ਼ੀ ਕਰਦਾ ਹੈ ਅਤੇ ਹਰ ਰੋਜ਼ ਤਕਰੀਬਨ 28 ਵਿਦਿਆਰਥੀ ਖ਼ੁਦਕੁਸ਼ੀ ਕਰਦੇ ਹਨ। ਸੰਨ 2020 ਵਿਚ ਤਕਰੀਬਨ 12526 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਅਤੇ ਇਹ ਗਿਣਤੀ 2021 ਵਿਚ ਵਧ ਕੇ 13098 ਹੋ ਗਈ। ਸਭ ਤੋਂ ਵੱਧ ਦੁਰਘਟਨਾਵਾਂ ਮਹਾਂਰਾਸ਼ਟਰ ਵਿਚ ਵਾਪਰੀਆਂ, ਇਸ ਤੋਂ ਅੱਗੇ ਮੱਧ ਪ੍ਰਦੇਸ਼, ਤਾਮਿਲਨਾਡੂ ਆਦਿ ਬਾਕੀ ਸੂਬਿਆਂ ਦਾ ਨੰਬਰ ਆਉਂਦਾ ਹੈ। ਪੰਜਾਬ ਵਿਚ ਵੀ ਕਈ ਦੁੱਖਦਾਈ ਘਟਨਾਵਾਂ ਵਾਪਰੀਆਂ ਹਨ। ਇਹ ਬੜਾ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ ਕਿ ਵਿਦਿਆਰਥੀ ਇਸ ਪਾਸੇ ਕਿਉਂ ਜਾਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਨੌਜਵਾਨਾਂ ਨੂੰ ਆਪਣਾ ਭਵਿੱਖ ਹਨੇਰਾ ਨਜ਼ਰ ਆਉਂਦਾ ਹੈ, ਕਿਉਂਕਿ ਸਰਕਾਰਾਂ ਰੁਜ਼ਗਾਰ ਦੇ ਲੋੜੀਂਦੇ ਸਾਧਨ ਪੈਦਾ ਨਹੀਂ ਕਰ ਸਕੀਆਂ।

ਜੇਕਰ ਮਨੋਵਿਗਿਆਨੀਆਂ ਦੀ ਸੁਣੀਏ ਤਾਂ ਉਹ ਦਸਦੇ ਹਨ ਕਿ ਸਾਡੇ ਦੇਸ਼ ਵਿਚ ਮਾਂ-ਪਿਓ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਫੈਸਲਾ ਕਰ ਲੈਂਦੇ ਹਨ ਕਿ ਅਸੀਂ ਇਸ ਨੂੰ ਡਾਕਟਰ, ਇੰਜੀਨੀਅਰ, ਜਾ ਆਈ.ਏ.ਐਸ/ਪੀ.ਸੀ.ਐਸ ਬਣਾਉਣਾ ਹੈ। ਬੱਚੇ ਦੇ ਮਾਨਸਿਕ ਪੱਧਰ, ਉਸ ਦੀਆਂ ਰੁਚੀਆਂ (Atittude and apittude) ਦਾ ਅਧਿਐਨ



ਕੀਤੇ ਬਗੈਰ ਕੀਤੇ ਗਏ ਫੈਸਲੇ ਉਸ ਨੂੰ ਜ਼ਿੰਦਗੀ ਵਿਚ ਅਸਫਲਤਾ ਵੱਲ ਲੈ ਜਾਂਦੇ ਹਨ ਜਿਸ ਕਾਰਨ ਉਸ ਨੂੰ ਕਈ ਵਾਰੀ ਖ਼ੁਦਕੁਸ਼ੀ ਵਰਗੀ ਦੁੱਖਦਾਈ ਪ੍ਰਸਥਿਤੀ ਵਿਚੋਂ ਲੰਘਣਾ ਪੈਂਦਾ ਹੈ। ਮਾਪੇ ਉਸ 'ਤੇ ਆਪਣੇ ਫੈਸਲੇ ਠੋਸਦੇ ਹਨ। ਦੂਸਰੇ ਪਾਸੇ ਸਾਡੇ ਸਕੂਲਾਂ ਵਿਚ ਮਨੋਵਿਗਿਆਨੀ ਦੀ ਕੋਈ ਪੋਸਟ ਨਹੀਂ ਹੁੰਦੀ ਜਿਹੜਾ ਕਿ ਹਰ ਬੱਚੇ ਦੇ ਮਨ, ਯੋਗਤਾ ਅਤੇ ਰੁਚੀਆਂ ਨੂੰ ਪਛਾਣ ਕੇ ਉਸ ਨੂੰ ਆਪਣਾ ਪ੍ਰੋਫੈਸ਼ਨ ਚੁਣਨ ਵਿਚ ਮਦਦ ਕਰ ਸਕੇ। ਮਾਪਿਆਂ ਵਲੋਂ ਬੱਚੇ ਨੂੰ ਵਿਖਾਏ ਗਏ ਅਧਾਰਹੀਣ ਸੁਪਨੇ ਪੂਰੇ ਕਰਨ ਦਾ ਮਾਨਸਿਕ ਦਬਾਅ ਵੀ ਕਿਸੇ ਵਿਦਿਆਰਥੀ ਦੀ ਯੋਗਤਾ ਨੂੰ ਅਸਤ-ਵਿਅਸਤ ਕਰ ਦਿੰਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਬਹੁਤ ਸੰਵੇਦਨਸ਼ੀਲ ਹੈ, ਉਸ ਨੂੰ ਮਾਪਿਆਂ, ਸਮਾਜ, ਅਧਿਆਪਕਾਂ ਅਤੇ ਸਾਥੀਆਂ ਵਲੋਂ ਪਿਆਰ ਤੇ ਸਨੇਹ ਭਰਪੂਰ ਵਤੀਰੇ ਦੀ ਲੋੜ ਹੈ। ਸ਼ਾਇਦ ਇਸ ਵਤੀਰੇ ਦੀ ਅਣਹੋਂਦ ਹੀ ਉਸ ਦੇ ਅੰਦਰਲੀ ਮਾਨਵਤਾ ਨੂੰ ਤੋੜ ਰਹੀ ਹੈ। ਇਸੇ ਕਾਰਨ ਵਿਦਿਅਰਥੀਆਂ ਵਿਚ ਅਸਹਿਣਸ਼ੀਲਤਾ ਤੇ ਆਤਮਵਿਸ਼ਵਾਸ ਦੀ ਘਾਟ ਪੈਦਾ ਹੋ ਰਹੀ ਹੈ। ਜ਼ਿੰਦਗੀ ਵਿਚ ਆਈਆਂ ਵਿਰੋਧੀ ਪ੍ਰਸਥਿਤੀਆਂ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਦਾ ਹੱਲ ਲੱਭਣ ਵਿਚ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕਰਦੇ ਹਨ। ਪਿਛਲੇ ਸਮੇਂ ਵਿਚ ਬਹੁਤ ਸਾਰੀਆਂ ਉਦਾਹਰਣਾਂ ਅਖਬਾਰਾਂ ਵਿਚ ਪੜ੍ਹਨ ਨੂੰ ਮਿਲੀਆਂ। ਇਕ 19 ਸਾਲ ਦੀ ਲੜਕੀ ਨੇ ਇਸ ਲਈ ਆਤਮਹੱਤਿਆ ਕਰ ਲਈ ਕਿ ਉਹ ਆਪਣੀ ਤੇ ਮਾਪਿਆਂ ਦੀ ਬਾਹਰ ਜਾਣ ਦੀ ਇੱਛਾ ਪੂਰੀ ਨਹੀਂ ਕਰ ਸਕੀ, ਪੜ੍ਹਾਈ ਦਾ ਦਬਾਅ ਨਾ ਸਹਾਰਦੇ ਹੋਏ ਇਕ ਫਿਜ਼ੀਓਥੈਰੇਪਿਸਟ ਵਿਦਿਆਰਥੀ ਨੇ ਆਪਣੀ ਜਾਨ ਗੁਆ ਲਈ, ਇਕ ਸਕੂਲ ਪੜ੍ਹਦੀ ਲੜਕੀ ਨੇ ਆਪਣੇ ਅਧਿਆਪਕ ਦੇ ਵਿਹਾਰ ਤੋਂ ਤੰਗ ਆ ਕੇ ਆਪਣਾ ਅੰਤ ਕਰ ਲਿਆ, ਇਕ 13 ਸਾਲ ਦੇ ਬੱਚੇ ਨੇ ਇਸ ਕਰਕੇ ਜਾਨ ਗੁਆਈ ਕਿ ਉਸਦੀ ਮਾਂ ਨੇ ਉਸ ਨੂੰ ਮੋਬਾਈਲ ਨਹੀਂ ਦਿੱਤਾ ਅਤੇ ਇਕ ਨੌਜਵਾਨ ਨੇ ਆਪਣੇ ਪ੍ਰੋਫੈਸਰ ਦੇ ਵਤੀਰੇ ਤੋਂ ਤੰਗ ਆ ਕੇ ਆਤਮਹੱਤਿਆ ਕਰ ਲਈ। ਕਈ ਵਾਰੀ ਇਹ ਵੀ ਨੋਟ ਕੀਤਾ ਗਿਆ ਕਿ ਕਿਸੇ ਵਿਦਿਆਥੀ ਨੇ ਆਪਣੇ ਸਾਥੀਆਂ ਵਲੋਂ ਕੀਤੀ ਗਈ ਰੈਗਿੰਗ ਨਾ ਸਹਾਰਦੇ ਹੋਏ ਵੀ ਆਤਮਹੱਤਿਆ ਵਲ ਕਦਮ ਪੁੱਟ ਲਿਆ।

ਮਨੋਵਿਗਿਆਨੀਆਂ ਨੇ ਨੋਟ ਕੀਤਾ ਹੈ ਕਿ ਜ਼ਿੰਦਗੀ ਵਿਚ ਮਾਨਸਿਕ ਕਸ਼ਟ, ਅਖੌਤੀ ਮਾਨ ਮਰਯਾਦਾ, ਜਜ਼ਬਾਤੀ ਅਸਾਵਾਂਪਨ, ਆਪਣੇ ਫੈਸਲੇ ਆਪ ਨਾ ਲੈ ਸਕਣਾ ਆਦਿ ਵਰਤਾਰੇ ਖ਼ੁਦਕੁਸ਼ੀ ਦੀ ਰੁਚੀ ਨੂੰ ਵਧਾਉਂਦੇ ਹਨ। ਆਤਮਹੱਤਿਆ ਦਾ ਫੈਸਲਾ ਇਕ ਦੋ ਪਲ ਵਿਚ ਨਹੀਂ ਹੁੰਦਾ ਸਗੋਂ ਇਸ ਦੇ ਪਿਛੇ ਮਹੀਨਿਆਂ, ਸਾਲਾਂ ਦੇ ਲੰਬੇ ਅਰਸੇ ਦੌਰਾਨ ਝੱਲੀ ਮਾਨਸਿਕ ਪੀੜਾ ਹੁੰਦੀ ਹੈ ਜੋ ਉਸ ਸ਼ਖਸ ਨੂੰ ਸਮਾਜ ਤੋਂ, ਮਾਪਿਆਂ ਤੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਤੋਂ ਮਿਲੀ ਹੁੰਦੀ ਹੈ। ਕਈ ਵਾਰੀ ਇਹ ਰੁਚੀ ਸਾਨੂੰ ਸਾਡੇ ਵੱਡੇ-ਵਡੇਰਿਆਂ ਤੋਂ ਵੀ ਮਿਲੀ ਹੁੰਦੀ ਹੈ। ਇਹ ਵੀ ਨੋਟ ਕੀਤਾ ਗਿਆ ਹੈ ਕਿ ਖ਼ੁਦਕੁਸ਼ੀ ਕਰਨ ਵਾਲਾ ਸ਼ਖਸ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਦੇ ਇਕ ਦੋ ਮਹੀਨਿਆਂ ਦੌਰਾਨ ਇਸ ਦਾ ਖੁਲਾਸਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪਣੇ ਮਾਪਿਆਂ, ਅਧਿਆਪਕਾਂ ਜਾਂ ਆਪਣੇ ਦੋਸਤਾਂ-ਮਿੱਤਰਾਂ ਨਾਲ ਜ਼ਰੂਰ ਕਰਦਾ ਹੈ। ਤਕਰੀਬਨ 50% ਤੋਂ 75% ਲੋਕ ਇਹ ਇਜ਼ਹਾਰ ਜ਼ਰੂਰ ਕਰਦੇ ਹਨ। ਜੇਕਰ ਕੋਈ ਖ਼ੁਦਕੁਸ਼ੀ ਬਾਰੇ ਗੱਲ ਕਰਦਾ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਸੋਚ ਕੇ ਕੋਈ ਸਾਰਥਕ ਕਦਮ ਉਠਾਉਣਾ ਚਾਹੀਦਾ ਹੈ। ਜ਼ਿਆਦਾ ਅਲਕੋਹਲ ਜਾਂ ਕੋਈ ਹੋਰ ਨਸ਼ਾ ਲੈਣ ਵਾਲਿਆਂ ਵਿਚ ਇਹ ਵਰਤਾਰਾ ਜ਼ਿਆਦਾ ਵਾਪਰਦਾ ਹੈ, ਕਿਉਂਕਿ ਨਸ਼ੇ ਦੀ ਲੋਰ ਵਿਚ ਉਨ੍ਹਾਂ ਤੋਂ ਆਪਣੇ ਅੰਦਰਲੀ ਗੱਲ ਛੁਪਾਈ ਨਹੀਂ ਜਾਂਦੀ। ਜਿਸ ਮਨੁੱਖ ਵਿਚ ਇਹ ਰੁਚੀ ਪੈਦਾ ਹੋ ਜਾਂਦੀ ਹੈ ਤਾਂ ਉਹ ਇਕੱਲਾ ਰਹਿਣਾ ਪਸੰਦ ਕਰਦਾ ਹੈ। ਉਸ ਦੀ ਨੀਂਦ ਘੱਟ ਜਾਂ ਬਹੁਤ ਵਧ ਜਾਂਦੀ ਹੈ। ਉਸ ਦੀ ਭੁੱਖ ਵੀ ਘਟ ਜਾਂਦੀ ਹੈ। ਉਸ ਦੀ ਸੁੱਧ-ਬੁੱਧ ਉਸ ਦੇ ਕੰਟਰੋਲ ਵਿਚ ਨਹੀਂ ਰਹਿੰਦੀ। ਉਹ ਘੋਰ ਉਦਾਸੀ (ਡਿਪਰੈਸ਼ਨ) ਵੱਲ ਚਲਿਆ ਜਾਂਦਾ ਹੈ। ਉਸ ਦੇ ਮੂਡ ਵਿਚ ਪਲ ਪਲ ਬਦਲਾਅ ਆਉਂਦੇ ਹਨ। ਉਸ ਦੇ ਚਿਹਰੇ ਦੇ ਹਾਵ-ਭਾਵ ਬਦਲਦੇ ਰਹਿੰਦੇ ਹਨ। ਉਹ ਆਪਣੇ ਆਪ ਨੂੰ ਦੂਸਰਿਆਂ 'ਤੇ ਭਾਰ ਮਹਿਸੂਸ ਕਰਨ ਲੱਗਦਾ ਹੈ। ਉਸ ਨੂੰ ਕਿਧਰੇ ਵੀ ਕੋਈ ਆਸ ਦੀ ਕਿਰਨ ਨਹੀਂ ਦਿਸਦੀ ਅਤੇ ਉਹ ਹਰ ਕੰਮ ਵਿਚ ਭਾਂਜਵਾਦੀ ਨੀਤੀ ਅਪਣਾਉਣ ਲੱਗਦਾ ਹੈ। ਕਦੀ ਕਦੀ ਉਹ ਬਿਲਕੁਲ ਸ਼ਾਂਤ ਹੋ ਜਾਂਦਾ ਹੈ, ਆਪਣੇ ਵੀ ਪਰਾਏ ਲੱਗਣ ਲੱਗ ਪੈਂਦੇ ਹਨ। ਉਸ ਦੇ ਵਿਅਕਤੀਤਵ ਦੇ ਉਲਟ ਉਹ ਕਈ ਵਾਰੀ ਬਹੁਤ ਗੁੱਸੇ ਵਾਲਾ ਵਰਤਾਰਾ ਕਰਦਾ ਹੈ ਅਤੇ ਭੰਨ-ਤੋੜ ਵੀ ਕਰਦਾ ਹੈ। ਆਪਣੇ ਆਪ ਨੂੰ ਵੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰੀ ਇਹ ਅਲਾਮਤਾਂ ਆਪਣੀ ਜ਼ਿੰਦਗੀ ਤੋਂ ਤੰਗ ਆਏ ਬਜ਼ੁਰਗਾਂ ਵਿਚ ਵੀ ਨੋਟ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਗੱਲਾਂ ਦਾ ਅੰਦਾਜ਼ਾ ਨੇੜੇ ਰਹਿਣ ਵਾਲੇ ਲੋਕ ਅਸਾਨੀ ਨਾਲ ਲਗਾ ਸਕਦੇ ਹਨ। ਜੇਕਰ ਉਪਰੋਕਤ ਅਲਾਮਤਾਂ ਕਿਸੇ ਵਿਅਕਤੀ ਵਿਚ ਮਹਿਸੂਸ ਹੋਣ ਤਾਂ ਉਸ ਨੂੰ ਇਕੱਲਾ ਨਹੀਂ ਛੱਡਣਾ ਚਾਹੀਦਾ। ਉਸ ਦੇ ਕਮਰੇ ਦੀ, ਉਸ ਦੀਆਂ ਚੀਜ਼ਾਂ ਦੀ ਛਾਣਬੀਣ ਕਰ ਲੈਣੀ ਚਾਹੀਦੀ ਹੈ। ਉਸ ਦੇ ਨੇੜੇ ਕੋਈ ਵੀ ਤੇਜ਼ਧਾਰ ਹਥਿਆਰ ਜਾਂ ਤਿੱਖੀਆਂ ਚੀਜ਼ਾਂ, ਰੱਸੇ-ਲੰਬੇ ਕੱਪੜੇ ਨਹੀਂ ਰਹਿਣ ਦੇਣੇ ਚਾਹੀਦੇ। ਕੋਈ ਨਸ਼ੇ ਵਾਲੀਆਂ ਡਰੱਗਜ਼ ਜਾਂ ਵਸਤੂਆਂ ਵੀ ਉਸ ਤੋਂ ਦੂਰ ਰੱਖਣੀਆਂ ਚਾਹੀਦੀਆਂ ਹਨ। ਜੇਕਰ ਪਹਿਲਾਂ ਹੀ ਉਸਦੀ ਕਿਸੇ ਮਾਨਸਿਕ ਬੀਮਾਰੀ ਦੀ ਦਵਾਈ ਕਿਸੇ ਡਾਕਟਰ ਜਾਂ ਮਨੋ-ਚਕਿਤਸਿਕ ਕੋਲ ਚੱਲ ਰਹੀ ਹੈ ਤਾਂ ਉਸ ਦੇ ਸਾਰੇ ਹਾਲਾਤ ਬਾਰੇ ਦੱਸ ਕੇ ਉਸ ਤੋਂ ਸਲਾਹ ਲੈਣੀ ਚਾਹੀਦੀ ਹੈ। ਇਸ ਪ੍ਰਭਾਵਿਤ ਵਿਅਕਤੀ ਨੂੰ ਹਮੇਸ਼ਾਂ ਖੁਸ਼ ਅਤੇ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸੇ ਮਨੋ-ਚਕਿਤਸਿਕ ਜਾਂ ਮਨੋ-ਵਿਗਿਆਨੀ ਕੋਲੋਂ ਵਾਰ-ਵਾਰ ਉਸ ਦੀ ਕੌਂਸਲਿੰਗ ਕਰਵਾਉਣੀ ਬਹੁਤ ਜ਼ਰੂਰੀ ਹੈ। ਇਨ੍ਹਾਂ ਗੱਲਾਂ ਦਾ ਧਿਆਨ ਕਰ ਕੇ ਕਿਸੇ ਵਿਅਕਤੀ ਦੀ ਜ਼ਿੰਦਗੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਉਂਜ ਤਾਂ ਹਰ ਜਾਨ ਬਹੁਤ ਕੀਮਤੀ ਹੁੰਦੀ ਹੈ, ਅਜਾਈਂ ਨਹੀਂ ਜਾਣੀ ਚਾਹੀਦੀ ਪਰ ਨੌਜਵਾਨ ਪੀੜ੍ਹੀ-ਜਿਸ ਨੇ ਭਵਿੱਖ ਦੀ ਵਾਗ-ਡੋਰ ਸੰਭਾਲਣੀ ਹੈ-ਵੱਲ ਦੇਸ਼ ਤੇ ਸਮਾਜ ਦੇ ਆਗੂਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦੇ ਉਜਲੇ ਭਵਿੱਖ ਲਈ ਹਰ ਬਣਦਾ ਹੀਲਾ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸੁਹਾਵਣੀ ਪਰਵਾਜ਼ ਮਿਲਣੀ ਚਾਹੀਦੀ ਹੈ ਨਹੀਂ ਤਾਂ ਸਮਾਂ ਮੁਆਫ ਨਹੀਂ ਕਰੇਗਾ। ਉਰਦੂ ਦੇ ਵੱਡੇ ਸ਼ਇਰ ਸ. ਪੰਛੀ ਦੇ ਸ਼ਿਅਰ ਨਾਲ ਆਪਣੀ ਗੱਲ ਨੂੰ ਵਿਰਾਮ ਦਿੰਦਾ ਹਾਂ:

ਆਗ ਖ਼ੁਆਬੋਂ ਮੇਂ ਲਗੀ ਤੋ ਆਨੇ ਵਾਲੇ ਕਲ ਜਲੇ,
ਗੁਲ ਜਲੇ, ਕਲੀਆਂ ਜਲੀ, ਆਂਸੂ ਜਲੇ ਕਾਜ਼ਲ ਜਲੇ,
ਜਲ ਰਹੀ ਹੈ ਸਾਰੀ ਨਗਰੀ ਆਗ ਯਿਹ ਕੈਸੇ ਬੁਝੇ
ਅਪਨੀ ਅਪਨੀ ਆਗ ਮੇ ਜਬ ਸਬ ਕੇ ਸਬ ਜਲੇ।

---

# ਜ਼ਿੰਦਗੀ ਅਤੇ ਸੋਚ

ਆਤਮਜੀਤ ਕੌਰ 'ਆਤਮ'
ਫੋਨ: 79867-44676

ਟਾਹਣੀ ਦੇ ਪੱਤਿਆਂ ਤੋਂ ਜ਼ਿੰਦਗੀ ਦਾ ਰਾਜ ਜੇਕਰ ਪੁੱਛਿਆ ਜਾਏ ਤਾਂ ਉਹ ਬਿਨ-ਜ਼ੁਬਾਨੋਂ ਆਪਣੀ ਦਾਸਤਾਨ ਦੇ ਪ੍ਰਤੱਖ ਬੋਲ ਬੋਲਦੇ ਹਨ। ਜ਼ਿੰਦਗੀ ਦੀਆਂ ਟਾਹਣੀਆਂ ਨੂੰ ਮਜ਼ਬੂਤ ਹੋਣ ਲੱਗਿਆਂ ਪੂਰੀ ਉਮਰ ਵੀ ਕਈ ਵਾਰ ਥੋੜ੍ਹੀ ਹੈ ਤੇ ਕਈ ਵਾਰ ਇੱਕ ਪਲ ਵੀ ਬਹੁਤ ਜ਼ਿਆਦਾ ਹੈ। ਰਾਹਾਂ ਇੰਨੀਆਂ ਆਸਾਨ ਵੀ ਨਹੀਂ ਕਿ ਮੰਜ਼ਿਲ ਮਿੱਥੀ ਤੇ ਤੁਰ ਪਏ ਤੇ ਹਾਸਲ ਹੋ ਗਈ। ਇਸ ਲਈ ਕਈ ਵਾਰ ਦਰੱਖ਼ਤ ਦੇ ਪੱਤਿਆਂ ਵਾਂਗ ਪੀਲਾ ਪੈਣਾ ਪੈਂਦਾ ਹੈ, ਝੜਨਾ ਪੈਂਦਾ ਹੈ, ਮਿੱਟੀ 'ਚ ਰੁਲਣਾ ਪੈਂਦਾ ਹੈ, ਫਿਰ ਜਾ ਕੇ ਬਸੰਤ ਦੇ ਮੌਸਮ 'ਚ ਉਨ੍ਹਾਂ ਦੇ ਮਨਾਂ 'ਚ, ਰੂਹਾਂ 'ਚ ਜਾ ਕੇ ਹਰਿਆਲੀ ਦਸਤਕ ਦਿੰਦੀ ਹੈ। ਜਿਵੇਂ ਬਹਾਰ ਬਦਲਣ ਨਾਲ ਮੌਸਮ ਦੇ ਨਜ਼ਾਰੇ ਬਦਲ ਜਾਂਦੇ ਹਨ, ਉਸੇ ਤਰ੍ਹਾਂ ਵਕਤ ਬਦਲਣ ਨਾਲ ਜ਼ਿੰਦਗੀ ਦੇ ਨਜ਼ਾਰੇ ਵੀ ਬਦਲ ਜਾਂਦੇ ਹਨ। ਜੀਣ ਦੇ ਢੰਗ, ਜੀਣ ਦੇ ਮਾਅਨੇ ਗੱਲ ਕੀ ਸਭ ਕੁੱਝ।


ਜ਼ਿੰਦਗੀ ਅਨੇਕਾਂ ਰੰਗਾਂ ਨਾਲ ਭਰੀ ਹੈ-ਖ਼ੁਸ਼ੀ ਦੇ, ਗ਼ਮੀ ਦੇ, ਛੋਟੀਆਂ-ਛੋਟੀਆਂ ਮੁਸਕਰਾਹਟਾਂ ਦੇ, ਛਲਕਦੇ ਪਾਣੀਆਂ ਦੇ ਪਲ ਬਹੁਤ ਹੀ ਵਧੀਆ ਯਾਦ ਹੋ ਨਿਬੜਦੇ ਹਨ। ਜ਼ਿੰਦਗੀ ਦੇ ਛੋਟੇ-ਛੋਟੇ ਪਲ ਹੀ ਜ਼ਿੰਦਗੀ ਨੂੰ ਪੂਰਾ ਕਰ ਦਿੰਦੇ ਹਨ। ਲੋੜ ਹੈ ਤਾਂ ਜ਼ਿੰਦਗੀ ਨੂੰ ਵਧੀਆ ਬਣਾਉਣ ਵਾਸਤੇ ਉਸਨੂੰ ਤਰਾਸ਼ਣ ਦੀ ਜਿਵੇਂ ਇੱਕ ਮੂਰਤੀਕਾਰ ਮੂਰਤੀ ਤਿਆਰ ਕਰਨ ਸਮੇਂ ਪੱਥਰ ਵਿਚਲੇ ਫਾਲਤੂ ਟੁਕੜਿਆਂ ਨੂੰ ਹਟਾ ਕੇ ਇੱਕ ਬਹੁਤ ਹੀ ਖ਼ੂਬਸੂਰਤ ਮੂਰਤੀ ਦਾ ਨਿਰਮਾਣ ਕਰ ਦਿੰਦਾ ਹੈ, ਉਸੇ ਤਰ੍ਹਾਂ ਸਾਡੇ ਵਿੱਚ ਹਰੇਕ ਨੂੰ ਆਪਣੀ ਜ਼ਿੰਦਗੀ ਨੂੰ ਇੱਕ ਬਹੁਤ ਹੀ ਖ਼ੂਬਸੂਰਤ ਮੂਰਤੀ ਵਿਚ ਤਰਾਸ਼ਣ ਦੀ ਕਲਾ ਆਪਣੇ ਅੰਦਰ ਸਮੋਈ ਹੁੰਦੀ ਹੈ, ਜੋ ਹਰ ਕੋਈ ਵਕਤ-ਵਕਤ 'ਤੇ ਆਪ ਹੀ ਤਰਾਸ਼ ਕੇ ਇੱਕ ਸੋਹਣੀ ਤਸਵੀਰ ਦੇ ਰੂਪ ਵਿਚ ਦੂਸਰਿਆਂ ਸਾਹਮਣੇ ਪੇਸ਼ ਕਰਦਾ ਹੈ।

ਜੇਕਰ ਜ਼ਿੰਦਗੀ ਦਾ ਕੋਈ ਪਲ ਬੁਰਾ ਹੋਵੇ ਤਾਂ ਇਸਦਾ ਮਤਲਬ ਇਹ ਨਹੀਂ ਕਿ ਅੱਗੋਂ ਵੀ ਹਮੇਸ਼ਾ ਹੀ ਬੁਰਾ ਹੋਵੇਗਾ ਜਾਂ ਉਸ ਬੁਰੇ ਪਲ ਨੂੰ ਭੁਲਾਇਆ ਨਹੀਂ ਜਾ ਸਕਦਾ। ਜੇ ਬੁਰੇ ਪਲਾਂ ਨੂੰ ਜ਼ਿੰਦਗੀ ਤੋਂ ਉਖਾੜ ਕੇ ਸੁੱਟ (ਫੇਂਕ) ਦਿੱਤਾ ਜਾਵੇ ਤਾਂ ਸਾਨੂੰ ਸਬਕ ਸਿਖਾਉਂਦੇ ਹਨ। ਸਾਨੂੰ ਝੂਠ ਜਾਂ ਸੱਚ ਦੀ ਸੋਝੀ ਦਿੰਦੇ ਹਨ ਤੇ ਸਹੀ ਅਤੇ ਗ਼ਲਤ ਦੀ ਪਰਖ ਕਰਨਾ ਸਿਖਾਉਂਦੇ ਹਨ। ਜ਼ਿੰਦਗੀ ਵੀ ਤਾਂ ਉਸ ਫ਼ਸਲ ਦੀ ਤਰ੍ਹਾਂ ਹੀ ਹੈ, ਜਿਸ'ਤੇ ਕਦੇ ਬਹੁਤ ਜ਼ਿਆਦਾ ਝਾੜ ਮਿਲਦਾ ਹੈ ਤੇ ਕਦੇ ਕੁੱਝ ਵੀ ਨਹੀਂ। ਪਰ ਇਸਦਾ ਮਤਲਬ ਇਹ ਬਿਲਕੁਲ ਵੀ ਨਹੀਂ ਕਿ ਉਸ ਨੂੰ ਛੱਡ ਦਿੱਤਾ ਜਾਵੇ ਜਾਂ ਖ਼ਤਮ ਕਰ ਦਿੱਤਾ ਜਾਵੇ। ਬਲਕਿ ਉਸ 'ਚ ਰਹਿ ਕੇ, ਉਸ ਨੂੰ ਸਮਝ ਕੇ ਤੇ ਲੋੜ ਅਨੁਸਾਰ ਉਸ ਨੂੰ ਦਵਾਈ ਜਾਂ ਖਾਦ ਦੇ ਕੇ ਨਵੀਂ ਆਸ ਨਾਲ ਬਚਾਉਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਤੋਂ ਬਾਅਦ ਨਤੀਜੇ ਵੀ ਚੰਗੇ ਮਿਲਦੇ ਹਨ ਤੇ ਇਸ ਤੋਂ ਮਿਲਣ ਵਾਲੀ ਖ਼ੁਸ਼ੀ, ਜੋ ਕਿ ਮਿਹਨਤ ਦੀ ਹੁੰਦੀ ਹੈ, ਅਨਮੋਲ ਤੇ ਅਸੀਮ ਹੁੰਦੀ ਹੈ।

ਬਸ ਲੋੜ ਤਾਂ ਸੋਚ ਬਦਲਣ ਦੀ ਹੈ, ਇੱਕ ਵਾਰੀ ਸੋਚ ਨੂੰ ਬਦਲਿਆ ਜਾਵੇ ਤਾਂ ਜ਼ਿੰਦਗੀ ਦਾ ਹਰੇਕ ਪਲ ਹਲਕਾ ਤੇ ਆਨੰਦ ਦੇਣ ਵਾਲਾ ਹੀ ਲੱਗੇਗਾ। ਆਪਣੇ ਮਨ ਦੀ ਖ਼ੁਸ਼ੀ ਲਈ ਦੂਸਰਿਆਂ ਦੇ ਦੁੱਖਾਂ ਨੂੰ ਵੰਡਣ ਵਾਲਾ ਲੱਗੇਗਾ, ਬਸ ਰਫ਼ਤਾਰ ਕਾਇਮ ਰੱਖਣ ਦੀ ਗੱਲ ਹੈ, ਕਿਉਂਕਿ ਜ਼ਿੰਦਗੀ ਤੇ ਪਾਣੀ ਦੋਨੋਂ ਵਹਿੰਦੇ ਹੀ ਚੰਗੇ ਲੱਗਦੇ ਹਨ। ਅਹਿਸਾਸਾਂ ਦੇ ਵਹਾਅ ਨੂੰ ਰੋਕ ਲੱਗਣ ਨਾਲ ਇਹ ਪੀਲੇ ਪੱਤਿਆਂ ਵਾਂਗ ਮੁਰਝਾ ਜਾਂਦੇ ਹਨ, ਬਦਬੂ ਮਾਰਨ ਲੱਗ ਜਾਂਦੇ ਹਨ ਪਰ ਵਹਾਅ ਨਾਲ ਇਸ ਦੀਆਂ ਟਾਹਣੀਆਂ ਤੇ ਜੜ੍ਹਾਂ ਨੂੰ ਹੋਰ ਮਜ਼ਬੂਤੀ ਮਿਲਦੀ ਹੈ।

# ਕਵਿਤਾ ਦੀ ਜ਼ਰਖ਼ੇਜ਼ ਜ਼ਮੀਨ ’ਤੇ ਲਿਖਿਆ ‘ਜ਼ਰਦ ਰੁੱਤ ਦਾ ਹਲਫ਼ੀਆ ਬਿਆਨ’

ਹਰਮੀਤ ਨੇ ਆਪਣੇ ਨਾਂ ਨਾਲ ‘ਵਿਦਿਆਰਥੀ’ ਸ਼ਬਦ ਜੋੜਿਆ ਹੈ, ਪਰ ਕਵਿਤਾ ਦੇ ਖੇਤਰ ਦਾ ਉਹ ਵਿਦਿਆਰਥੀ ਨਾ ਹੋ ਕੇ ਕੋਈ ਉਸਤਾਦ ਲੱਗਦਾ ਹੈ। ਦੇਖਣ ਨੂੰ ਉਸ ਦਾ ਜੁੱਸਾ ਪਹਿਲਵਾਨਾਂ ਵਾਲਾ ਹੈ, ਪਰ ਉਸ ਦੀਆਂ ਕਵਿਤਾਵਾਂ ਵਿਚ ਕੋਮਲ ਭਾਵੀ ਸ਼ਬਦਾਂ ਦਾ ਸਾਗਰ ਵਗਦਾ ਹੈ। ਉਸ ਦਾ ਕਾਵਿ-ਸੰਗ੍ਰਿਹ ‘ਜ਼ਰਦ ਰੁੱਤ ਦਾ ਹਲਫ਼ੀਆ ਬਿਆਨ’ ਦੇ ਆਧਾਰ ’ਤੇ ਮੈਂ ਉਸ ਦੀ ਕਾਵਿ-ਕਲਾ ਸੰਬੰਧੀ ਕੁਝ ਸਿੱਟੇ ਕੱਢੇ ਹਨ। ਉਸ ਨੂੰ ਭਲੀ ਭਾਂਤ ਪਤਾ ਹੈ ਕਿ ਪਾਠਕਾਂ ਦੀ ਲੋਕ ਕਚਹਿਰੀ ਵਿਚ ਪ੍ਰਵਾਨ ਚੜ੍ਹਨ ਲਈ ਕਵੀ ਦੀ ਕਵਿਤਾ ਵਿਚ ਕਾਵਿਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਦੇਖਣ ਵਾਲੀ ਗੱਲ ਇਹ ਨਹੀਂ ਕਿ ਕਵਿਤਾ



**ਰਵਿੰਦਰ ਸਿੰਘ ਸੋਢੀ**
**ਫੋਨ: 604-369-2371**


ਦਾ ਰੂਪਕ ਪੱਖ ਖੁੱਲ੍ਹੀ ਜਾਂ ਆਜ਼ਾਦ ਕਵਿਤਾ ਵਾਲਾ ਹੈ, ਤੋਲ-ਤੁਕਾਂਤ ਦਾ ਧਿਆਨ ਰੱਖਿਆ ਗਿਆ ਹੈ ਜਾਂ ਨਹੀਂ, ਗੀਤ ਲਿਖਿਆ ਜਾ ਰਿਹਾ ਹੈ ਜਾਂ ਗ਼ਜ਼ਲ। ਕਈ ਵਾਰ ਵਾਰਤਕ ਨੁਮਾ ਕਵਿਤਾ ਵਿਚੋਂ ਵੀ ਸੰਗੀਤ ਦੀਆਂ ਧੁਨਾਂ ਜਾ ਛਣਕਾਟਾ ਪੈਦਾ ਹੋ ਸਕਦਾ ਹੈ ਅਤੇ ਇਸ ਦੇ ਉਲਟ ਕਈ ਗੀਤ ਵੀ ਲੈਅਬੱਧ ਨਹੀਂ ਹੁੰਦੇ। ਤੋਲ-ਤੁਕਾਂਤ ਵਾਲੀ ਕਵਿਤਾ ਜਾਂ ਗ਼ਜ਼ਲ ਪੜ੍ਹ ਕੇ ਵੀ ਇਹ ਮਹਿਸੂਸ ਹੁੰਦੈ ਕਿ ਧੱਕੇ ਨਾਲ ਹੀ ਕਾਫ਼ੀਆ ਮਿਲਾਇਆ ਗਿਆ ਹੈ।

ਇਹ ਪੁਸਤਕ ਪੜ੍ਹਦੇ ਹੋਏ ਮੈਂ ਮਹਿਸੂਸ ਕੀਤਾ ਹੈ ਕਿ ਹਰਮੀਤ ਕਵਿਤਾ ਦਾ ਨਵਾਂ ਮੁਹਾਵਰਾ ਸਿਰਜਣ ਦੀ ਕਲਾ ਦਾ ਉਸਤਾਦ ਹੈ, ਉਸ ਦੀਆਂ ਕਾਵਿ ਤੁਕਾਂ ਵਿਚ ਮਿਕਨਾਤਿਸੀ ਖਿੱਚ ਹੈ, ਉਹ ਕਵਿਤਾ ਨੂੰ ਨਾਹਰਾ ਨਹੀਂ ਬਣਾਉਂਦਾ ਸਗੋਂ ਇਕ ਸੂਖਮ ਕਲਾ ਦੇ ਤੌਰ ‘ਤੇ ਲੈਂਦਾ ਹੈ। ਜਦੋਂ ਲੋੜ ਪੈਂਦੀ ਹੈ ਤਾਂ ਕਿਤੇ ਸੂਖ਼ਮ ਅਤੇ ਕਿਤੇ ਤਕੜਾ ਵਿਅੰਗ ਵੀ ਕਰ ਜਾਂਦਾ ਹੈ। ਉਸ ਦਾ ਵਿਅੰਗ ਪਾਠਕ ਨੂੰ ਝੰਜੋੜਦਾ ਵੀ ਹੈ ਅਤੇ ਆਪਣਾ ਮੰਤਵ ਵੀ ਪੂਰਾ ਕਰਦਾ ਹੈ, ਮਸਲਨ ਅਜੋਕੇ ਪੰਜਾਬੀ ਸਾਹਿਤਕ ਪਿੜ ਦੀ ਅਵਸਥਾ ਬਹੁਤੀ ਸੰਤੋਸ਼ਜਨਕ ਨਹੀਂ ਕਹੀ ਜਾ ਸਕਦੀ। ਕੁਝ ਵਿਦਵਾਨ ਸਾਹਿਤਕ ਪ੍ਰਦੂਸ਼ਨ, ਮਿਆਰ ਤੋਂ ਊਣੇ ਸਾਹਿਤ ਜਾਂ ਸਾਹਿਤਕ ਪਿੜ ਵਿਚ ਆਪਣੀ ਹਾਜ਼ਰੀ ਲਵਾਉਣ ਲਈ ਹੀ ਲਿਖਣ ਵੱਲ ਰੁਚਿਤ ਹੁੰਦੇ ਹਨ। ਸਾਹਿਤਕ ਖੇਤਰ ਵਿਚ ਵੀ ਕੁਝ ਵਿਅਕਤੀ ਵਿਸ਼ੇਸ਼ ਜਾਂ ਕਾਰੋਬਾਰੀ ਰੁਚੀਆਂ ਵਾਲੀਆਂ ਸਾਹਿਤਕ ਸੰਸਥਾਵਾਂ ਵੱਲੋਂ ਵੱਡੇ ਹੋਟਲਾਂ ਵਿਚ ਸਮਾਗਮ ਰਚਾਉਣ ਦੇ ਰੁਝਾਨ ਸੰਬੰਧੀ ਉਸ ਦੀ ਕਵਿਤਾ ‘ਅੱਜ ਕੱਲ੍ਹ’ ਦੀਆਂ ਇਹ ਤੁਕਾਂ ਵਿਚਾਰਨ ਯੋਗ ਹਨ; “ਕਵਿਤਾ ਫੈਸ਼ਨ ਵਜੋਂ ਲਿਖਦਾ ਹਾਂ/ ਕਿਸੇ ਵਧੀਆ ਹੋਟਲ ਵਿਚ ਸਮਾਗਮ ਹੋਵੇ/ ਜਾ ਆਉਂਦਾ ਹਾਂ।” ਇਸੇ ਕਵਿਤਾ ਵਿਚ ਹੀ ਉਹ ਕੁਝ ‘ਦਿਓ ਕੱਦ’ ਸਾਹਿਤਕ ਗੈਂਗਸਟਰਾਂ ਅਤੇ ਇਨਾਮਾਂ, ਸਨਮਾਨਾਂ ਲਈ ਭੱਜ-ਦੌੜ ਦੀ ਪ੍ਰਕਿਰਿਆ ਨੂੰ ਵੀ ਨੰਗਾ ਕਰਦਾ ਹੈ। (ਜੁਗਤ ਸਿੱਖ ਰਿਹਾ ਹਾਂ/ ਦਿਓ ਕੱਦ ਦਿਸਦੇ/ ਬੌਣਿਆਂ ਦੀ ਨਿਗਾਹ ਵਿਚ ਕੱਦਵਾਰ ਬਣੇ ਰਹਿਣ ਦੀ; ਸਨਮਾਨਾਂ ਲਈ/ਹਰ ਕਿਸਮ ਦੀ/ਜ਼ਿੱਲਤ ਸਹਿਣ ਦੀ/ਤੇ ਹਰ ਹੀਲੇ/ਜੋ ਮੈਂ ਨਹੀਂ ਹਾਂ/ਉਹ ਦਿਸਦੇ ਰਹਿਣ ਦੀ।)

ਇਸ ਦੇ ਵਿਪਰੀਤ ਉਹ ਕਵਿਤਾ ਦੇ ਮੰਤਵ ਦੀ ਗੱਲ ਕਰਦਾ ਲਿਖਦਾ ਹੈ, “ਜਦੋਂ ਜਜ਼ਬਾ ਸੁੱਚਾ/ ਸਿਦਕ ਮੁਕੰਮਲ/ਬੰਦਾ ਨਿਰਭਓ ਨਿਰਵੈਰ ਹੋਵੇ/ ਉਦੋਂ/ਕਵਿਤਾ/ਕਾਗਜ਼/ਕਲਮ/ਤੇ ਲਫ਼ਜ਼ਾਂ ਦੀ ਮੁਥਾਜ ਕਦ ਹੁੰਦੀ ਹੈ।”(ਲਿਖੀ ਜਾ ਰਹੀ ਹੈ ਕਵਿਤਾ)

ਹਰਮੀਤ ਕੋਲ ਹਰ ਵਰਤਾਰੇ ਨੂੰ ਦੇਖਣ ਦਾ ਆਪਣਾ ਅੰਦਾਜ਼ ਹੈ। ਉਸ ਨੇ ਕਿਸਾਨ ਅੰਦੋਲਨ ਨੂੰ ਇਕ ਨਵੇਂ ਜ਼ਾਵੀਏ ਤੋਂ ਪੇਸ਼ ਕੀਤਾ ਹੈ, ਜੋ ਪਾਠਕਾਂ ਦੇ ਦਿਲ ਨੂੰ ਛੂਹਣ ਵਾਲਾ ਹੈ। ਉਸ ਨੇ ਇਸ ਅੰਦੋਲਨ ਦੀ ਗੱਲ ਕਰਦੇ ਹੋਏ ਨਾ ਤਾਂ ਸਰਕਾਰੀ ਪੱਖ ਦੀ ਗੱਲ ਛੇੜੀ ਹੈ ਅਤੇ ਨਾ ਹੀ ਕਿਸਾਨਾਂ ਦੇ ਪੱਖ ਨੂੰ ਪੂਰਿਆ ਹੈ। ਇਹ ਅੰਦੋਲਨ ਕਿਵੇਂ ਲੋਕ ਲਹਿਰ ਦਾ ਰੂਪ ਅਖਤਿਆਰ ਕਰ ਗਿਆ, ਉਸ ਦਾ ਕਲਾਤਮਕ ਪ੍ਰਗਟਾਅ ਕੀਤਾ ਹੈ: “ਭੱਤਾ ਹੁਣ ਖੇਤਾਂ ਵਿਚ ਕੰਮ ਕਰਦੇ/ਕਿਰਤੀਆਂ ਲਈ ਨਹੀਂ/...ਫਰਕਦੇ ਡੌਲਿਆਂ/ਤੇ ਲਲਕਾਰਦੀਆਂ ਆਵਾਜ਼ਾਂ ਕੋਲ/ਜੀ ਟੀ ਰੋਡ ’ਤੇ ਲੈ ਕੇ ਜਾਂਦੀਆਂ ਨੇ ਸਵਾਣੀਆਂ। ਇਸੇ ਸੰਦਰਭ ਵਿਚ ਇਹ ਤੁਕਾਂ ਵੀ ਧਿਆਨ ਦੀ ਮੰਗ ਕਰਦੀਆਂ ਹਨ, “ਹਰੀਆਂ ਕਚੂਰ ਲੰਗਰਾਂ ਵਰਗੇ ਮੁੰਡੇ ਕੁੜੀਆਂ/ਆਪਣੀਆਂ ਜਮਾਤਾਂ ਲੈ ਆਏ ਹਨ/ਚੌਂਕ ਚੌਰਾਹਿਆਂ ’ਤੇ...। ਇਹ ਕਵਿਤਾ ਕਿਸਾਨ ਅੰਦੋਲਨ ਸੰਬੰਧੀ ਲਿਖੀਆਂ ਕਵਿਤਾਵਾਂ ਵਿਚੋਂ ਵਧੀਆ ਕਵਿਤਾਵਾਂ ਵਿਚ ਸ਼ੁਮਾਰ ਕੀਤੀ ਜਾ ਸਕਦੀ ਹੈ।

ਹਰਮੀਤ ਦੀਆਂ ਕਵਿਤਾਵਾਂ ਦੀ ਇਕ ਹੋਰ ਖ਼ੂਬੀ ਵੀ ਹੈ ਕਿ ਉਹ ਕੁਝ ਸ਼ਬਦਾਂ ਰਾਹੀਂ ਹੀ ਵੱਡੀ ਗੱਲ ਕਹਿਣ ਅਤੇ ਸ਼ਬਦੀ ਚਿੱਤਰ ਉਲੀਕਣ ਦੀ ਮੁਹਾਰਤ ਰੱਖਦਾ ਹੈ। ‘ਮੈਂ ਪੰਜਾਬ ਹਾਂ’ ਕਵਿਤਾ ਵਿਚ ਜਦੋਂ ਉਹ ਲਿਖਦਾ ਹੈ, “ਨਸਾਂ ਵਿਚ ਸਰਿੰਜ/ ਛਾਤੀ ਵਿਚ ਤੀਰ/ਪਿੱਠ ਵਿਚ ਖ਼ੰਜਰ” ਤਾਂ ਇਨ੍ਹਾਂ ਨੌ ਸ਼ਬਦਾਂ ਰਾਹੀਂ ਉਸਨੇ ਅਜੋਕੀ ਪੰਜਾਬੀ ਪੀੜ੍ਹੀ





ਦਾ ਨਸ਼ੇ ਵਿਚ ਗਲਤਾਨ ਹੋਣਾ, ਪੰਜਾਬੀਆਂ ਦੀ ਬਹਾਦਰੀ ਅਤੇ ਪੰਜਾਬੀਆਂ ਨਾਲ ਹੁੰਦੀ ਗੱਦਾਰੀ ਵਰਗੇ ਤਿੰਨ ਪਹਿਲੂਆਂ ਦਾ ਖਾਕਾ ਉਲੀਕ ਦਿੱਤਾ ਹੈ, ਪਰ ਇਸ ਦੇ ਨਾਲ ਹੀ ਉਸ ਨੂੰ ਇਹ ਵੀ ਪਤਾ ਹੈ ਕਿ ਪੰਜਾਬੀ ਕੁਕਨੂਸ ਦੀ ਤਰ੍ਹਾਂ ਆਪਣੀ ਰਾਖ ਵਿਚੋਂ ਹੀ ਮੁੜ ਜਨਮ ਲੈਣ ਵਾਂਗ ਸਮਾਂ ਬੀਤਣ ’ਤੇ ਫੇਰ ਆਪਣੇ ਪੈਰਾਂ ’ਤੇ ਖੜ੍ਹੇ ਹੋਣ ਦੇ ਸਮਰੱਥ ਹੋ ਜਾਂਦੇ ਹਨ। ‘ਕੁਕਨੂਸ’ ਕਵਿਤਾ ਵਿਚ ਉਹ ਲਿਖਦਾ ਹੈ “ਹਰ ਵਾਰ ਆਪਣੀ ਰਾਖ ‘ਚੋਂ ਉਦੇ ਹੁੰਦਾ ਹਾਂ/ ਹਾਂ ਹਾਂ/ ਮੈਂ ਪੰਜਾਬ ਹਾਂ।” ਪਰ ਆਪਣੀ ਇਸ ਵਿਚਾਰਧਾਰਾ ਦੇ ਉਲਟ ਜਾਂਦਾ ਹੋਇਆ ‘ਡੈਡ ਐਂਡ ਤੋਂ ਪਾਰ’ ਵਿਚ ਲਿਖਦਾ ਹੈ “ਕਿ ਹਾਰੇ ਰਾਜਿਆਂ ਨੂੰ/ਮਹਿਲਾਂ ਦੇ ਸੁਪਨੇ ਆਉਣਾ/ਕੋਈ ਚੰਗੀ ਗੱਲ ਨਹੀਂ ਹੁੰਦੀ।”

ਉਹ ਸਮੇਂ ਅਨੁਸਾਰ ਚੱਲਣ ਲਈ ਕਹਿੰਦਾ ਹੈ, ‘ਵਕਤ ਜਿੱਦਾਂ ਦਾ ਵੀ ਹੈ/ਹਾਲ ਦੀ ਘੜੀ/ ਗੁਜ਼ਰਨ ਦਾ ਵੱਲ ਸਿੱਖ”, ਪਰ ਇਸ ਦੇ ਨਾਲ ਹੀ ਉਹ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਵੱਲ ਇਸ਼ਾਰਾ ਵੀ ਕਰਦਾ ਹੈ “ਸਫ਼ਰ ਜੇ ਦੁਸ਼ਵਾਰ ਹੈ, ਤਾਂ ਕਿਸੇ ਗੀਤ ਨੂੰ ਹਮਸਫਰ ਬਣਾ ਲਈਏ, ਕੁਝ ਤੁਰ ਲਈਏ, ਕੁਝ ਗਾ ਲਈਏ।” ਅਜਿਹੀ ਆਸ਼ਾਵਾਦੀ ਸੋਚ ਨਾਲ ਹੀ ਜ਼ਿੰਦਗੀ ਜਿਉਣ ਦਾ ਰਾਹ ਲੱਭਣਾ ਚਾਹੀਦਾ ਹੈ। ਇਸੇ ਹੀ ਤਰ੍ਹਾਂ ਦੀ ਇਕ ਹੋਰ ਕਵਿਤਾ ਦੀਆਂ ਸਤਰਾਂ ਹਨ,

ਪੱਤੇ ਝੜਨ ਨਾਲ ਰੁੱਖ ਖਤਮ ਨਹੀਂ ਹੁੰਦਾ,
ਬੀਜ ਵੀ ਡਿੱਗਦੇ ਨੇ
ਕੋਈ ਨਾ ਕੋਈ ਬੀਜ ਪੁੰਗਰ ਹੀ ਪੈਂਦਾ ਹੈ
ਨਵਾਂ ਰੁੱਖ ਬਣਨ ਲਈ।

ਜਿਵੇਂ ਉਪਰ ਕਿਹਾ ਸੀ ਕਿ ਹਰਮੀਤ ਦੀ ਕਵਿਤਾ ਵਿਚ ਕਾਵਿਕਤਾ ਦੀ ਭਰਮਾਰ ਹੈ। ਇਸ ਪੱਖੋਂ ਇਸ ਕਾਵਿ-ਸੰਗ੍ਰਿਹ ਦੀ ਕਵਿਤਾ ‘ਰੂਹ ਦਾ ਚੋਲਾ’ ਪੜ੍ਹਨ ਯੋਗ ਹੈ। ਇਹ ਭਾਵੇਂ ਖੁੱਲ੍ਹੀ ਕਵਿਤਾ ਦੀ ਸ਼੍ਰੇਣੀ ਵਿਚ ਆਉਂਦੀ ਹੈ, ਪਰ ਇਸ ਵਿਚ ਲੈਅ ਵੀ ਹੈ, ਸੰਗੀਤ ਵੀ ਹੈ ਅਤੇ ਗੀਤ ਵਰਗੀ ਰਵਾਨੀ ਵੀ। ਜਿਵੇਂ ਕਿਸੇ ਨਾਚ ਵਿਚ ਨਚਾਰਾਂ ਦੀ ਚਾਲ ਮੁੱਢ ਵਿਚ ਹੌਲੀ ਹੁੰਦੀ ਹੈ, ਪਰ ਜਿਵੇਂ ਜਿਵੇਂ ਸੰਗੀਤ ਦੀ ਲੈਅ ਤੇਜ਼ ਹੁੰਦੀ ਜਾਂਦੀ ਹੈ, ਨਚਾਰਾਂ ਦੇ ਪੈਰ ਦੀ ਗਤੀ ਵਿਚ ਵੀ ਲੋਹੜੇ ਦੀ ਤੇਜ਼ੀ ਆ ਜਾਂਦੀ ਹੈ। ਇਹ ਕਵਿਤਾ ਪੜ੍ਹਦੇ ਹੋਏ ਵੀ ਇਹੋ ਮਹਿਸੂਸ ਹੁੰਦਾ ਹੈ।

ਇਸ ਕਾਵਿ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚੋਂ ਕਵੀ ਦੀਆਂ ਕਈ ਕਾਵਿ ਉਡਾਰੀਆਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ:

1. ਘਰ ਦੀਆਂ ਮਹਿਫੂਜ਼ ਕਿੱਲੀਆਂ ‘ਤੇ
ਟੰਗੇ ਰਹਿਣ ਦੇਈਏ
ਰੂਹਾਂ ਜ਼ਮੀਰਾਂ ਨੂੰ। (ਚਲੋ ਇੰਝ ਹੀ ਸਹੀ)
2. ਸ਼ਬਦ ਸਿਲੇ
ਖਿਆਲ ਬੋਦੇ
ਤਕਰੀਰ ਜਰਜ਼ਰੀ (ਖੜੋਤ ਤੋਂ ਬਾਅਦ)
3. ਕਾਨਸ ‘ਤੇ ਪਏ ਸਨਮਾਨ ਚਿੰਨ੍ਹਾਂ ਨਾਲ
ਢੂਈ ਖੁਰਕੀ (ਖੜੋਤ ਤੋਂ ਬਾਅਦ)
4. ਵਸਤਾਂ ਨਾਲ ਭਰੇ ਘਰਾਂ ਵਿਚ
ਥੋਥੇ ਜਿਸਮ ਰਹਿੰਦੇ ਨੇ
(ਪਾਪਾ ਮੈਂ ਕੈਨੇਡਾ ਜਾਣੈ)
5. ਅੱਖਾਂ ‘ਚੋਂ ਅੱਥਰੂਆਂ ਦੀ ਤਤੀਰੀ ਫੁੱਟੀ
ਵਗਦੇ ਵਗਦੇ ਬੁੱਲ੍ਹਾਂ ਤਕ ਆਏ
ਅੱਥਰੂ ਮੂੰਹ ‘ਚ ਗਿਆ
ਰੋਜ਼ਾ ਖੁੱਲ੍ਹ ਗਿਆ। (ਰੋਜ਼ਾ)
6. ਯਾਦਾਂ ਦੀ ਮੇਜ਼ ‘ਤੇ
ਰੀਝਾਂ ਦਾ ਕੇਕ ਟਿਕਾਇਆ
ਜ਼ਮਾਨੇ ਦੀ ਛੁਰੀ ਨਾਲ
ਕੇਕ ‘ਚ ਭਰੇ ਸੁਪਨਿਆਂ ਨੂੰ ਕੱਟਿਆ
(ਇਸ਼ਕ ਦੀ ਸਾਲ ਗਰਾਹ)
7. ਜੇ ਇਹ ਜਗ ਤੇਰਾ ਹੈ
ਤਾਂ ਇਕ ਗੱਲ ਸਮਝ ਲੈ
ਫਕੀਰੀ ਦਾ ਘਰ
ਤੇਰੇ ਤੋਂ ਬਹੁਤ ਦੂਰ ਹੈ। (ਹੁਜਰਾ)

ਵੈਸੇ ਤਾਂ ਇਸ ਕਾਵਿ-ਸੰਗ੍ਰਹਿ ਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਹੀ ਪਾਠਕਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਹਨ, ਪਰ ‘ਮਕਤੂਲ ਬੋਲਦਾ ਹੈ’, ‘ਮੈਂ ਉਹ ਰਾਮ ਨਹੀਂ’, ‘ਸਭ ਤੋਂ ਵੱਡੀ ਅਦਾਕਾਰੀ’, ਕੁਝ ਅਜਿਹੀਆਂ ਕਵਿਤਾਵਾਂ ਹਨ ਜੋ ਸਮੇਂ ਦੀ ਪਕੜ ਤੋਂ ਬਾਹਰ ਸਦਾ ਬਹਾਰ ਕਵਿਤਾਵਾਂ ਹਨ। ਸਮੁੱਚੇ ਰੂਪ ਵਿਚ ਹਰਮੀਤ ਵਿਦਿਆਰਥੀ ਦਾ ‘ਜ਼ਰਦ ਰੁੱਤ ਦਾ ਹਲਫ਼ੀਆ ਬਿਆਨ’ ਕਾਵਿ-ਸੰਗ੍ਰਹਿ ਪੜ੍ਹਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਜਿਸ ਤਰ੍ਹਾਂ ਤਰੇਲ ਧੋਤੇ ਫੁੱਲਾਂ ’ਤੇ ਸੂਰਜ ਦੀ ਰੌਸ਼ਨੀ ਨਾਲ ਜੋ ਸਤਰੰਗੀ ਵਰਗੀ ਆਭਾ ਲਿਸ਼ਕਾਰੇ ਮਾਰਦੀ ਹੈ, ਜੋ ਸੱਜਰੇ ਫੁੱਲਾਂ ਦੀ ਮਹਿਕ ਹੁੰਦੀ ਹੈ, ਉਹੀ ਆਭਾ, ਉਹੀ ਮਹਿਕ ਇਸ ‘ਹਲਫ਼ੀਆ ਬਿਆਨ’ ਦੀ ਹੈ। ਹੁਣ ਤਕ ਉਸ ਦੇ ਚਾਰ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਕ ਸੰਗ੍ਰਹਿ ਸ਼ਾਹਮੁਖੀ ਵਿਚ ਲਾਹੌਰ ਤੋਂ ਵੀ ਪ੍ਰਕਾਸ਼ਿਤ ਹੋਇਆ ਹੈ। ਹਰਮੀਤ ਵਿਦਿਆਰਥੀ ਦੀ ਕਲਮ ਪੰਜਾਬੀ ਕਾਵਿ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕਰਨ ਦੇ ਸਮਰੱਥ ਹੈ।

# ਸਧਾਰਨ ਬੰਦਿਆਂ ਵਿਚੋਂ ਅਸਧਾਰਨਤਾ ਤਲਾਸ਼ ਕਰਦੇ ਤਨਜ਼ੀਆ ਸ਼ਬਦ ਚਿੱਤਰ - ਹੱਡੀਂ ਰਚੇ ਬੰਦੇ

ਲੇਖਕ: ਬਲਜੀਤ ਸਿੰਘ ਸਿੱਧੂ
ਪੰਨੇ-144 ਮੁੱਲ-200 ਰੁਪਏ
ਕੁਕਨੁਸ ਪ੍ਰਕਾਸ਼ਨ ਜਲੰਧਰ


ਪੰਜਾਬ ਪੁਲਿਸ ਲੋਕਾਂ ਦੇ ਹੱਡ ਸੇਕਣ ਵਿਚ ਤਾਂ ਵਿਸ਼ਵ ਪੱਧਰ ਦੀ ਪ੍ਰਸਿੱਧੀ ਰੱਖਦੀ ਹੈ ਪਰ ਸੇਵਾ ਮੁਕਤ ਐਸ.ਪੀ. ਬਲਜੀਤ ਸਿੱਧੂ ਵਰਗੇ ਚੋਣਵੇਂ ਹੀ ਪੁਲਿਸ ਅਫਸਰ ਹਨ ਜੋ ਆਪਣੀ ਮਾਨਵੀ ਸੋਚ ਤੇ ਕਿਰਦਾਰ ਸਦਕਾ ਲੋਕਾਂ ਦੇ ਹੱਡਾਂ ਵਿਚ ਰਚ ਵੀ ਜਾਂਦੇ ਹਨ ਤੇ ਪਿੰਡਾਂ ਦੇ ਆਲ਼ੇ ਭੋਲ਼ੇ ਲੋਕਾਂ ਨੂੰ ਆਪਣੇ ਹੱਡਾਂ ਵਿਚ ਰਚਾ ਵੀ ਲੈਂਦੇ ਹਨ।

**ਪੁਸਤਕ ਚਰਚਾ**

**ਨਿਰੰਜਣ ਬੋਹਾ**
**ਫੋਨ: 91-89682-82700**

ਐਸ.ਪੀ. ਰੈਂਕ ਦੇ ਇਸ ਸਾਬਕਾ ਪੁਲਿਸ ਅਧਿਕਾਰੀ ਕੋਲ ਸੱਚਮੁੱਚ ਹੀ ਅਜਿਹੀ ਤਫਤੀਸ਼ੀ ਪੁਲਸੀਆ ਨਜ਼ਰ ਹੈ ਜੋ ਸਿਰਫ ਅਪਰਾਧੀਆਂ ਦਾ ਹੀ ਨਹੀਂ ਸਗੋਂ ਭੋਲ਼ੇ ਭਾਲ਼ੇ ਸੱਜਣ ਲੋਕਾਂ ਦੇ ਅੰਦਰਲੇ ਬੰਦੇ ਦਾ ਐਕਸਰੇਅ ਕਰਨਾ ਵੀ ਜਾਣਦੀ ਹੈ ਤੇ ਉਨ੍ਹਾਂ ਨੂੰ ਆਪਣੀਆਂ ਲਿਖਤਾਂ ਦੇ ਪਾਤਰ ਵੀ ਬਣਾਉਂਦੀ ਹੈ। ਆਪਣੀ ਇਸ ਪੁਸਤਕ ਦੇ ਜ਼ਰੀਏ ਉਹ ਖੁੱਲ੍ਹੇ ਦਿਲ ਨਾਲ ਸਵੀਕਾਰਦਾ ਹੈ ਕਿ ਕਿਸੇ ਪੁਲਿਸ ਅਫਸਰ ਨੂੰ ਸਲਾਮਾਂ ਮੁਫ਼ਤ ਵਿਚ ਨਹੀਂ ਹੁੰਦੀਆਂ ਸਗੋਂ ਕੰਡਿਆਂ ਦਾ ਤਾਜ ਪਹਿਨਣ ਵਾਂਗ ਉਸਨੂੰ ਇਸਦਾ ਮਹਿੰਗਾ ਮੁੱਲ ਤਾਰਨਾ ਪੈਂਦਾ ਹੈ। ਪੁਸਤਕ ਜਾਣਕਾਰੀ ਦਿੰਦੀ ਹੈ ਕਿ ਚੌਵੀ ਘੰਟੇ ਦੀ ਤਣਾਓ ਭਰਪੂਰ ਨੌਕਰੀ ਵਿਚੋਂ ਹਾਸੇ ਰੂਪੀ ਮਾਨਸਿਕ ਖੁਰਾਕ ਦੀ ਪ੍ਰਾਪਤੀ ਲਈ ਪੁਲਿਸ ਮੁਲਾਜ਼ਮਾਂ ਨੂੰ ਕਿਸ ਤਰ੍ਹਾਂ ਨਾਲ ਉਚੇਚੇ ਯਤਨ ਕਰਨੇ ਪੈਂਦੇ ਹਨ। ਬਲਜੀਤ ਸਿੱਧੂ ਆਪਣੇ ਸਮਾਜਿਕ ਚੁਗਿਰਦੇ ਦੇ ਲੋਕਾਂ ਦੀਆਂ ਆਦਤਾਂ, ਬੋਲ ਬਾਲਿਆਂ ਤੇ ਵਿਲੱਖਣਤਾਵਾਂ ਨੂੰ ਪਹਿਲਾਂ ਨੀਝ ਨਾਲ ਵਾਚਦਾ ਹੈ ਤੇ ਫਿਰ ਉਨ੍ਹਾਂ ਵਿਚ ਛੁਪੀ ਰੋਚਿਕਤਾ ਤਲਾਸ਼ ਕਰ ਕੇ ਆਪਣੀਆਂ ਲਿਖਤਾਂ ਰਾਹੀਂ ਉਨ੍ਹਾਂ ਨੂੰ ਆਮ ਤੋਂ ਖਾਸ ਬਣਾ ਦਿੰਦਾ ਹੈ। ਇਹ ਸੱਚ ਹੈ ਕਿ ਹਰੇਕ ਸਧਾਰਨ ਤੋਂ ਸਧਾਰਨ ਬੰਦੇ ਵਿਚ ਵੀ ਕੋਈ ਨਾ ਕੋਈ ਅਸਧਾਰਨਤਾ ਛੁਪੀ ਹੁੰਦੀ ਹੈ ਪਰ ਇਸਨੂੰ ਫੜਨ ਵਾਲੀ ਅੱਖ ਸਿੱਧੂ ਵਰਗੇ ਕਿਸੇ ਵਿਰਲੇ ਲੇਖਕ ਕੋਲ ਹੀ ਹੁੰਦੀ ਹੈ।

ਪੁਲਿਸ ਦੀ ਨੌਕਰੀ ਦੌਰਾਨ ਅਜਿਹਾ ਬਹੁਤ ਕੁਝ ਵਾਪਰਦਾ ਹੈ ਜੋ ਕਿਸੇ ਪੁਲਿਸ ਮੁਲਾਜ਼ਮ ਜਾਂ ਅਧਿਕਾਰੀ ਲਈ ਸਹਿਜ ਤੇ ਸੁਖਾਵਾਂ ਨਹੀਂ ਹੁੰਦਾ। ਆਪਣੀ ਨੌਕਰੀ ਦੌਰਾਨ ਵਾਪਰਦੇ ਬਹੁਤ ਸਾਰੇ ਸਮਾਜਿਕ ਤੇ ਰਾਜਨੀਤਕ ਵਰਤਾਰੇ ਉਸਨੂੰ ਮਾਨਸਿਕ ਤਣਾਉ ਦਾ ਸ਼ਿਕਾਰ ਵੀ ਬਣਾਉਂਦੇ ਹਨ ਤੇ ਉਸਦੀ ਸਹਿਣਸ਼ੀਲਤਾ ਦਾ ਇਮਤਿਹਾਨ ਵੀ ਲੈਂਦੇ ਹਨ। ਇਹ ਬਲਜੀਤ ਸਿੱਧੂ ਅੰਦਰਲੀ ਜ਼ਿੰਦਾਦਿਲੀ ਦੀ ਨਿਸ਼ਾਨੀ ਹੈ ਕਿ ਉਹ ਆਪਣੇ ਬੀਤੇ ਸਮੇਂ ਦੇ ਅਸਹਿਜ ਵਰਤਾਰਿਆਂ ਵਿਚੋਂ ਵੀ ਪਾਠਕਾਂ ਦੇ ਨਾਲ ਆਪਣੇ ਆਪ ਨੂੰ ਵੀ ਹਸਾਉਣ ਵਾਲੀਆਂ ਗੱਲਾਂ ਦੀ ਘਾੜਤ ਘੜ ਲੈਂਦਾ ਹੈ। ਪੁਲਿਸ ਵਿਭਾਗ ਵਿਚ ਨੌਕਰੀ ਕਰਦੇ ਹੇਠਲੇ ਤੇ ਉਪਰਲੇ ਰੈਂਕ ਦੇ ਕਰਮਚਾਰੀਆਂ ਦੀਆਂ ਕੁਝ ਵਿਸ਼ੇਸ਼ ਕਿਸਮ ਦੀਆਂ ਆਦਤਾਂ, ਹਾਜ਼ਰ ਜੁਆਬੀਆਂ, ਗੱਲਾਂ ਦਾ ਕੜਾਹ ਬਣਾਉਣ ਵਾਲੀਆਂ ਕਲਾਕਾਰੀਆਂ, ਚੁਸਤੀਆਂ ਚਲਾਕੀਆਂ ਤੇ ਨੰਬਰ ਬਣਾਉਣ ਦੀਆਂ ਦਿਲਚਸਪ ਖੇਡਾਂ ਨੂੰ ਉਹ ਸਿਰਫ ਨੋਟ ਹੀ ਨਹੀਂ ਕਰਦਾ ਸਗੋਂ ਹੋਰ ਮਿਰਚ ਮਸਾਲਾ ਲਾ ਕੇ ਜ਼ਾਇਕੇਦਾਰ ਵੀ ਬਣਾਉਂਦਾ ਹੈ। ਗੱਲ ਨੂੰ ਮਟਕਾਉਣ ਦੀ ਇਸੇ ਮੁਹਾਰਤ ਕਾਰਨ ਥਾਣੇਦਾਰ ਸ਼ਿੰਗਾਰਾ ਕੌਤਕੀ, ਮਾੜਾ ਸਿੰਘ ਹੌਲਦਾਰ, ਹੌਲਦਾਰ ਤਾਰਾ ਸਕੀਮੀ, ਨਿਪਾਲੀ ਖਾਨਸਾਮਾ ਤੇ ਘੋਲਾ ਡਰਾਈਵਰ ਆਦਿ ਪਾਤਰ ਉਸਦੇ ਨਾਲ ਪਾਠਕਾਂ ਦਾ ਵੀ ਦਿਲ ਲਵਾਉਣ ਵਾਲੇ ਬਣ ਜਾਂਦੇ





ਹਨ। ਜਦੋਂ ਉਹ ਆਪਣੇ ਪਿੰਡ ਜਾਂ ਚੁਗਿਰਦੇ ਦਾ ਹਿੱਸਾ ਬਣੇ ਗਾਮੇ ਸਿੰਗਰ, ਲਾਲੀ, ਉਸੇ ਡੈਡੀ, ਬੋਘੜ, ਨਰਾਤੇ ਦੋਧੀ, ਵੈਦ ਤਾਰਾ ਚੰਦ, ਪੋਹਲਾ ਜਗਾਧਰੀ, ਦਾਰਾ ਗਾਲੜ੍ਹੀ, ਗੋਰਾ ਬਾਬਾ, ਫੁੱਫੜ, ਜੰਟਾ ਜਖੇਪਲ ਤੇ ਡਾਕਟਰ ਬਿੱਲੀ ਕੁੱਟ ਵਰਗੇ ਪਾਤਰਾਂ ਅੰਦਰਲੀਆਂ ਵਿਲੱਖਣਤਾਵਾਂ ਨੂੰ ਦਿਲਚਸਪ ਅੰਦਾਜ਼ ਵਿਚ ਪੇਸ਼ ਕਰਦਾ ਹੈ ਤਾਂ ਪਾਠਕ ਮਹਿਸੂਸ ਕਰਦੇ ਹਨ ਕਿ ਨਿੱਤ ਦਿਹਾੜੀ ਉਨ੍ਹਾਂ ਦੇ ਆਸ ਪਾਸ ਵਿਚਰਨ ਵਾਲੇ ਅਜਿਹੇ ਲੋਕਾਂ ਨੂੰ ਨਜ਼ਰ-ਅੰਦਾਜ਼ ਕਰਨਾ ਉਨ੍ਹਾਂ ਲਈ ਕਿੰਨੀ ਘਾਟੇ ਵਾਲੀ ਗੱਲ ਹੈ।

ਇਕ ਪੁਲਿਸ ਅਧਿਕਾਰੀ ਵਜੋਂ ਉਸਦਾ ਵਾਹ ਵਾਸਤਾ ਹਰ ਰੋਜ਼ ਸੈਂਕੜੇ ਲੋਕਾਂ ਨਾਲ ਪੈਂਦਾ ਰਿਹਾ ਹੈ। ਭਾਵੇਂ ਉੱਚ ਪੁਲਿਸ ਰੁਤਬੇ ਵਾਲੇ ਅਧਿਕਾਰੀ ਆਮ ਲੋਕਾਂ ਨਾਲ ਮੇਲ ਮਿਲਾਪ ਵਧਾਉਣ ਦੇ ਮਾਮਲੇ ਵਿਚ ਵਿਸ਼ੇਸ਼ ਪ੍ਰਕਾਰ ਦੇ ਜ਼ਾਬਤੇ ਵਿਚ ਬੱਝੇ ਹੁੰਦੇ ਹਨ ਪਰ ਕਿਸੇ ਵੇਲੇ ਉਨ੍ਹਾਂ ਦਾ ਦਿਲ ਵੀ ਆਪਣੇ ਸਕੂਲ/ਕਾਲਜ ਦੀ ਪੜ੍ਹਾਈ ਦੌਰਾਨ ਮਾਣੀਆਂ ਮੌਜਾਂ ਤੇ ਖੁੱਲ੍ਹਾਂ ਵਾਲਾ ਜੀਵਨ ਫਿਰ ਤੋਂ ਜਿਉਂ ਸਕਣ ਤੇ ਸਧਾਰਨ ਬੰਦਿਆਂ ਵਾਂਗ ਖੁੱਲ੍ਹ ਕੇ ਹੱਸ ਸਕਣ ਨੂੰ ਕਰਦਾ ਹੈ। ਪੁਸਤਕ ਵਿਚਲੇ ਕੁਝ ਰੇਖਾ ਚਿੱਤਰ ‘ਕਭੀ ਤੋ ਹਮ ਜੁਆਨ ਥੇ’ ਦੇ ਤਰਜ਼ ਦੇ ਵੀ ਹਨ। ਜਦੋਂ ਉਹ ਜਾਨੇ ਕਹਾਂ ਗਏ ਵੋਹ ਦਿਨ, ਜੱਜ ਸਾਹਿਬ, ਬੇਬੇ ਦਾ ਖੂੰਡਾ ਤੇ ‘ਜੁੰਡਲੀ’ ਵਰਗੀਆਂ ਹਾਸ ਵਿਅੰਗੀ ਲਿਖਤਾਂ ਰਾਹੀਂ ਆਪਣੇ ਕਾਲਜ ਦੇ ਦਿਨਾਂ ਦੇ ਯਾਰ ਬੇਲੀਆਂ ਸੰਗ ਕੀਤੀਆਂ ਮਸਤੀਆਂ ਨੂੰ ਯਾਦ ਕਰਦਾ ਹੈ ਤਾਂ ਉਸਦੇ ਨਾਲ ਪਾਠਕਾਂ ਦੇ ਬੁੱਲ੍ਹਾਂ ‘ਤੇ ਵੀ ਮਿੱਠੀ ਮੁਸਕਰਾਹਟ ਆ ਜਾਂਦੀ ਹੈ। ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਜਦੋਂ ਉਸਦਾ ਜਮਾਤੀ ਰਿਹਾ ਸਿਵਲ ਜੱਜ ਆਖਦਾ ਹੈ, “ਉਏ, ਉਦੋਂ ਸਾਲੀਆਂ ਨੂੰ ਪਤਾ ਨਹੀਂ ਸੀ ਮੈਂ ਜੱਜ ਲੱਗ ਜਾਣਾ, ਪਤਾ ਹੁੰਦਾ ਤਾਂ ਇਕ ਦੂਜੇ ਦੇ ਉੱਤੋਂ ਹੋ ਕੁ ਡਿੱਗਦੀਆਂ” ਤਾਂ ਇਸ ਗੱਲ ਦਾ ਸਹਿਜ ਖੁਲਾਸਾ ਹੁੰਦਾ ਹੈ ਕਿ ਵੱਡੇ ਰੁਤਬਿਆਂ ਵਾਲੇ ਲੋਕ ਵੀ ਆਪਣੇ ਅਤੀਤ ਨਾਲ ਸਧਾਰਨ ਬੰਦਿਆਂ ਵਾਂਗ ਹੀ ਜੁੜੇ ਹੁੰਦੇ ਹਨ।

ਭਾਵੇਂ ਪੁਸਤਕ ਵਿਚ ਲੇਖਕ ਨੇ ਬਹੁਤ ਸਾਰੇ ਲੋਕਾਂ ਦੇ ਰੇਖਾ ਚਿੱਤਰ ਆਪਣੇ ਹੀ ਅੰਦਾਜ਼ ਵਿਚ ਲਿਖੇ ਨੇ ਪਰ ਇਸ ਪੁਸਤਕ ਦੇ ਪਾਠ ਉਪਰੰਤ ਪਾਠਕਾਂ ਦੇ ਜ਼ਿਹਨ ਵਿਚ ਉਸਦੇ ਆਪਣੇ ਸ਼ਖ਼ਸੀ ਅਕਸ ਨੂੰ ਸਾਫ਼ ਤੇ ਸਪੱਸ਼ਟ ਰੂਪ ਵਿਚ ਚਿਤਰਨ ਵਾਲਾ ਰੇਖਾ ਚਿੱਤਰ ਵੀ ਉਭਰਦਾ ਹੈ। ਪਾਠਕ ਉਸਦੇ ਤਨਜ਼ੀਆ ਤੇ ਖੁੱਲ੍ਹੇ ਡੁੱਲ੍ਹੇ ਸੁਭਾਅ ਤੋਂ ਜਾਣੂ ਹੋਣ ਦੇ ਨਾਲ ਉਸਦੀਆਂ ਦੋਸਤੀ ਦੇ ਦਾਇਰੇ ਵਿਚ ਆਉਣ ਵਾਲੇ ਆਮ ਤੇ ਖਾਸ ਬੰਦਿਆਂ ਨਾਲ ਵੀ ਆਪਣੀ ਸਾਂਝ ਪਾਉਂਦੇ ਹਨ ਤੇ ਸਾਹਿਤ ਤੇ ਸਾਹਿਤਕਾਰਾਂ ਨਾਲ ਉਸਦੀ ਨੇੜਤਾ ਤੋਂ ਵੀ ਜਾਣੂ ਹੁੰਦੇ ਹਨ। ਜਦੋਂ ਉਹ ਕਥਾਕਾਰ ਗੁਰਦੇਵ ਰੁਪਾਣਾ ਨੂੰ ਆਪਣਾ ਸਾਹਿਤਕ ਗੁਰਦੇਵ ਆਖਦਾ ਹੈ ਤਾਂ ਉਸਦੀ ਅੰਦਰਲੀ ਨਿਰਮਾਨਤਾ ਦੀ ਝਲਕ ਮਿਲਦੀ ਹੈ ਤੇ ਜਦੋਂ ਉਹ ਆਪਣੇ ਦੋਸਤ ਲਾਲੀ ਤੇ ਉਸਦੇ ਡੈਡੀ ਨਾਲ ਇਕੋਂ ਸਮੇ ਦੋਸਤੀ ਦਾ ਨਿੱਘ ਮਾਣਦਾ ਹੈ ਤਾਂ ਉਸਦੇ ਮਿਲਣਸਾਰ ਸੁਭਾਅ ਦਾ ਖੁਲਾਸਾ ਹੁੰਦਾ ਹੈ। ਆਪਣੇ ਡਰਾਈਵਰਾਂ ਤੇ ਖਾਨਸਾਮਿਆਂ ਨਾਲ ਉਸ ਦਾ ਹਾਸਾ ਮਜ਼ਾਕ ਸਾਬਤ ਕਰਦਾ ਹੈ ਕਿ ਉਸ ਆਪਣੇ ਅੰਦਰਲੇ ਆਮ ਬੰਦੇ ਨੂੰ ਅਜੇ ਤਕ ਜਿਉਂਦਾ ਰੱਖਿਆ ਹੋਇਆ ਹੈ।

ਇਸ ਪੁਸਤਕ ਦੇ ਹਲਕੀ ਫੁਲਕੀ ਤਨਜ਼ੀਆ ਸ਼ੈਲੀ ਵਿਚ ਲਿਖੇ ਕੁਝ ਸ਼ਬਦ ਚਿੱਤਰ ਮੇਰੇ ਜ਼ਿਲ੍ਹਾ ਮਾਨਸਾ ਨਾਲ ਵੀ ਸਬੰਧਤ ਹਨ, ਇਸ ਲਈ ਮੇਰੀ ਇਨ੍ਹਾਂ ਵਿਚ ਵਿਸ਼ੇਸ਼ ਦਿਲਚਸਪੀ ਹੈ। ਹਾਸ ਵਿਅੰਗ ਵਿਧਾ ਨੂੰ ਰੂਪ ਤੇ ਸ਼ੈਲੀ ਵਜੋਂ ਬਹੁਤ ਸਾਰੇ ਨਵੇਂ ਵਿਸਥਾਰ ਦਿੰਦੀ ਇਹ ਪੁਸਤਕ ਹਰ ਉਸ ਪਾਠਕ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ, ਜਿਹੜਾ ਜੀਵਨ ਦੇ ਸਾਰੇ ਅਕੇਵਿਆਂ ਥਕੇਵਿਆਂ ਨੂੰ ਭੁੱਲ ਕੇ ਤਰੋ-ਤਾਜ਼ਾ ਹੋਣ ਲਈ ਖੁੱਲ੍ਹ ਕੇ ਹੱਸਣਾ ਚਾਹੁੰਦਾ ਹੈ। ਉਸਦੀ ਮੁਹਾਵਰੇਦਾਰ ਭਾਸ਼ਾ ਪੁਸਤਕ ਪਾਠ ਵਿਚ ਪਾਠਕਾਂ ਦੀ ਹੋਰ ਦਿਲਚਸਪੀ ਵਧਾਉਣ ਵਾਲੀ ਹੈ। ਬਹੁਤ ਘੱਟ ਪੁਸਤਕਾਂ ਹੁੰਦੀਆਂ ਹਨ, ਜਿਹੜੀਆਂ ਪਾਠਕ ਨੂੰ ਮਜਬੂਰ ਕਰ ਦਿੰਦੀਆਂ ਹਨ ਕਿ ਹੋਰ ਸਾਰੇ ਕੰਮ ਛੱਡ ਕੇ ਪਹਿਲਾਂ ਮੈਨੂੰ ਪੜ੍ਹ। ਕੁਕਨੁਸ ਪ੍ਰਕਾਸ਼ਨ ਵਲੋਂ ਛਾਪੀ ਇਹ ਕਿਤਾਬ ਉਨ੍ਹਾਂ ਹੀ ਚੋਣਵੀਆਂ ਕਿਤਾਬਾਂ ਵਿਚੋਂ ਇਕ ਹੈ।

# ਗ੍ਰਹਿ ਮੰਤਰੀ ਦਾ ਦੋ ਦਿਨਾਂ 'ਚਿੰਤਨ ਸ਼ਿਵਰ'

## ਦੇਸ਼ ਦੀ ਸੁਰੱਖਿਆ ਦੇ ਨਾਮ ਉੱਪਰ ਕਾਨੂੰਨੀ ਪ੍ਰਬੰਧ ਹੋਰ ਜਾਬਰ ਬਣਾਉਣ ਦੀ ਤਿਆਰੀ!

ਬੀਤੀ 27-28 ਅਕਤੂਬਰ ਨੂੰ ਫਰੀਦਾਬਾਦ (ਹਰਿਆਣਾ) ਦੇ ਸੂਰਜਕੁੰਡ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਭ ਸੂਬਿਆਂ ਦੇ ਗ੍ਰਹਿ ਮੰਤਰੀਆਂ ਨਾਲ਼ 'ਚਿੰਤਨ ਸ਼ਿਵਰ' ਦੇ ਨਾਮ ਹੇਠ ਦੋ ਦਿਨਾਂ ਦੀ ਬੈਠਕ ਕੀਤੀ ਗਈ। ਇਸ ਵਿਚ ਭਾਜਪਾ ਦੀ ਸਰਕਾਰ ਵਾਲ਼ੇ ਸਭ ਸੂਬਿਆਂ ਦੇ ਗ੍ਰਹਿ ਮੰਤਰੀ ਤੇ ਹੋਰ ਅਧਿਕਾਰੀ ਸ਼ਾਮਲ ਸਨ। ਗੈਰ-ਭਾਜਪਾ ਸਰਕਾਰ ਵਾਲ਼ੇ ਸੂਬਿਆਂ ਵਿਚੋਂ ਸਿਰਫ ਪੰਜਾਬ ਤੇ ਕੇਰਲ ਸ਼ਾਮਲ ਹੋਏ। ਇਉਂ ਕੇਂਦਰ ਸਰਕਾਰ ਤੋਂ ਬਿਨਾਂ ਇਸ ਵਿਚ 10 ਸੂਬਿਆਂ ਦੇ



**ਗੁਰਪ੍ਰੀਤ**
**ਫੋਨ: 98887-89421**

ਗ੍ਰਹਿ ਮੰਤਰੀ ਤੇ ਹੋਰ ਉੱਚ ਅਧਿਕਾਰੀ ਸ਼ਾਮਲ ਹੋਏ। ਕੇਂਦਰ ਸਰਕਾਰ ਮੁਤਾਬਕ ਇਹ ਬੈਠਕ ਸਾਈਬਰ ਜੁਰਮਾਂ, ਜੁਰਮਾਂ ਵਿਚ ਵਧ ਰਹੀ ਸੂਚਨਾ ਤਕਨੀਕ ਦੀ ਵਰਤੋਂ, ਔਰਤਾਂ ਦੀ ਸੁਰੱਖਿਆ, ਸਰਹੱਦੀ ਸੁਰੱਖਿਆ ਤੇ ਮੁਲਕ ਦੀ ਅੰਦਰੂਨੀ ਸੁਰੱਖਿਆ ਦੇ ਮਸਲੇ ਵਿਚਾਰਨ ਲਈ ਸੀ। ਇਸਨੂੰ ਪ੍ਰਧਾਨ ਮੰਤਰੀ ਮੋਦੀ ਨੇ ਵੀ ਸੰਬੋਧਨ ਕੀਤਾ ਪਰ ਅਸਲ ਵਿਚ ਇਹ ਬੈਠਕ ਲੋਕਾਂ ਉੱਪਰ ਸੱਤਾ ਦਾ ਸ਼ਿਕੰਜਾ ਕੱਸਣ, ਹਕੂਮਤੀ ਜਬਰ ਦੇ ਸੰਦ ਹੋਰ ਤਿੱਖੇ ਕਰਨ ਤੇ ਸੂਬਿਆਂ ਦੇ ਉੱਤੋਂ ਦੀ ਹੋ ਕੇ ਕੇਂਦਰ ਸਰਕਾਰ ਨੂੰ ਹੋਰ ਵੱਧ ਤਾਕਤਾਂ ਸੌਂਪਣ ਲਈ ਸੀ। ਇਸ ਬੈਠਕ ਦੇ ਨਤੀਜੇ ਵਜੋਂ ਅਗਲੇ ਸਮਿਆਂ ਵਿਚ ਪੁਲਿਸ ਹੱਥ ਹੋਰ ਵੱਧ ਤਾਕਤਾਂ ਦੇਣ, ਕੌਮੀ ਜਾਂਚ ਏਜੰਸੀ ਅਤੇ ਯੂ.ਏ.ਪੀ.ਏ. ਦੀ ਦੁਰਵਰਤੋਂ ਅਤੇ ਨਕਸਲਵਾਦ ਨਾਲ਼ ਲੜਾਈ ਦੇ ਨਾਮ ਉੱਪਰ ਜਮਹੂਰੀ ਕਾਰਕੁਨਾਂ ਨੂੰ ਜੇਲ੍ਹ ਡੱਕਣ ਜਿਹੀਆਂ ਕਾਰਵਾਈਆਂ ਵਧਣਗੀਆਂ। ਮੋਦੀ ਤੇ ਅਮਿਤ ਸ਼ਾਹ ਵੱਲੋਂ ਕੀਤੀ ਚਰਚਾ ਇਨ੍ਹਾਂ ਮਸਲਿਆਂ ਉੱਪਰ ਹੀ ਵੱਧ ਕੇਂਦਰਤ ਰਹੀ ਹੈ।

ਇਸ ਵਿਚ ਪਹਿਲਾ ਮਸਲਾ ਕੌਮੀ ਜਾਂਚ ਏਜੰਸੀ ਦਾ ਹੈ। ਇਸ ਬੈਠਕ ਵਿਚ ਦੇਸ਼ ਦੀ ਸੁਰੱਖਿਆ ਦੇ ਨਾਮ ਉੱਪਰ ਕੌਮੀ ਜਾਂਚ ਏਜੰਸੀ ਦੀ ਭੂਮਿਕਾ ਨੂੰ ਨਾ ਸਿਰਫ ਸਲਾਹਿਆ ਗਿਆ ਹੈ ਸਗੋਂ ਇਸਨੂੰ ਹੋਰ ਵੱਧ ਖੂੰਖਾਰ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ ਹਨ। ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਲਈ ਸੂਬਿਆਂ ਤੇ ਕੇਂਦਰ ਨੂੰ ਰਲ਼ ਕੇ ਕੰਮ ਕਰਨ ਦੀ ਲੋੜ ਹੈ, ਇਸ ਕਰਕੇ 2024 ਤੱਕ ਕੌਮੀ ਜਾਂਚ ਏਜੰਸੀ ਦੇ ਦਫਤਰ ਸਭ ਸੂਬਿਆਂ ਵਿਚ ਖੋਲ੍ਹੇ ਜਾਣਗੇ। ਕੌਮੀ ਜਾਂਚ ਏਜੰਸੀ ਇਕ ਬਦਨਾਮ ਅਦਾਰਾ ਹੈ। ਬਹੁਤ ਸਾਰੇ ਕਾਨੂੰਨ ਮਾਹਿਰ ਤੇ ਜਮਹੂਰੀ ਕਾਰਕੁਨ ਇਸਨੂੰ ਸੂਬਿਆਂ ਦੇ ਸੰਵਿਧਾਨਕ ਹੱਕਾਂ ਤੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਉੱਪਰ ਹਮਲਾ ਮੰਨਦੇ ਹਨ। ਇਹ ਕਾਂਗਰਸ ਵੱਲੋਂ 2008 ਵਿਚ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਨੂੰ ਖਤਰਾ ਬਣਨ ਵਾਲ਼ੇ ਮਾਮਲਿਆਂ ਵਿਚ ਜਾਂਚ ਤੇ ਕਾਨੂੰਨੀ ਕਾਰਵਾਈ ਲਈ ਬਣਾਈ ਗਈ ਸੀ। ਪਰ ਇਨ੍ਹਾਂ ਮਾਮਲਿਆਂ ਵਿਚ ਪਹਿਲਾਂ ਹੀ ਸਭ ਸੂਬਿਆਂ ਵਿਚ ਪੁਲਿਸ ਤੇ ਹੋਰ ਸੁਰੱਖਿਆ ਅਦਾਰੇ ਮੌਜੂਦ ਸਨ। ਸੰਵਿਧਾਨ ਮੁਤਾਬਕ ਵੀ ਛਾਣਬੀਣ, ਨਿਆਂਇਕ ਜਾਂਚ ਤੇ ਕਾਨੂੰਨੀ ਪ੍ਰਕਿਰਿਆ ਸੂਬਿਆਂ ਦੇ ਹੱਕਾਂ ਵਿਚ ਆਉਂਦੀ ਹੈ। ਇਸ ਤੋਂ ਬਿਨਾਂ ਕੇਂਦਰ ਸਰਕਾਰ ਅਧੀਨ ਆਉਂਦੀ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਵੀ ਮੌਜੂਦ ਸੀ। ਇਸ ਕਰਕੇ ਕੌਮੀ ਜਾਂਚ ਏਜੰਸੀ ਬਣਾਉਣ ਦਾ ਮਕਸਦ ਕੇਂਦਰ ਸਰਕਾਰ ਅਧੀਨ ਅਜਿਹੀ ਪੁਲਸੀਆ ਤਾਕਤ ਦੇਣਾ ਸੀ ਜੋ ਸੂਬਿਆਂ ਦੀ ਮਨਜ਼ੂਰੀ ਜਾਂ ਦਖਲ-ਅੰਦਾਜ਼ੀ ਤੋਂ ਬਿਨਾਂ ਤੇ ਉਨ੍ਹਾਂ ਦੇ ਉੱਪਰੋਂ ਦੀ ਕੰਮ ਕਰੇ।

2014 ਤੱਕ ਇਸਦੀ ਵਰਤੋਂ ਬਹੁਤ ਸੀਮਤ ਸੀ ਪਰ 2014 ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸਦੀ ਵਰਤੋਂ ਬਹੁਤ ਵਧ ਗਈ ਹੈ। ਭਾਜਪਾ ਨੇ ਇਸਨੂੰ ਗਿਣ-ਮਿੱਥ ਕੇ ਆਪਣੇ ਵਿਰੋਧੀਆਂ ਤੇ ਜਮਹੂਰੀ-ਸਿਆਸੀ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਹੈ। ਇਹ ਹੁਣ ਪੂਰੀ ਤਰ੍ਹਾਂ ਭਾਜਪਾ ਦੇ ਸਿਆਸੀ ਟੀਚਿਆਂ ਲਈ ਹੱਥਠੋਕੇ ਦੀ ਭੂਮਿਕਾ ਨਿਭਾ ਰਹੀ ਹੈ। ਭਾਜਪਾ ਨੇ ਇਸ ਰਾਹੀਂ ਇਸਨੇ ਆਪਣੇ ਨੇੜਲਿਆਂ ਨੂੰ ਬਰੀ ਵੀ ਕਰਵਾਇਆ ਹੈ। ਜੂਨ 2016 ਵਿਚ ਇਕ ਵਕੀਲ ਰੋਹਿਣੀ ਸਾਲਿਆਨ ਨੇ ਖੁਲਾਸਾ ਕੀਤਾ ਸੀ ਕਿ 2008 ਦੇ ਮਾਲੇਗਾਂਉ ਬੰਬ ਧਮਾਕਿਆਂ ਦੀ ਜਾਂਚ ਵਿਚ 2014 ਵਿਚ ਸਰਕਾਰ ਬਦਲਣ ਤੋਂ ਬਾਅਦ ਕੌਮੀ ਜਾਂਚ ਏਜੰਸੀ ਦਾ ਰਵੱਈਆ ਬਿਲਕੁਲ ਬਦਲ ਗਿਆ ਜਿਸ ਕਰਕੇ ਸਾਧਵੀ ਪ੍ਰੱਗਿਆ ਠਾਕੁਰ ਤੇ ਹੋਰ ਦੋਸ਼ੀ ਬਰੀ ਹੋਏ। ਇਸੇ ਤਰ੍ਹਾਂ ਅਜਮੇਰ ਸ਼ਰੀਫ ਦਰਗਾਹ ਦੇ ਬੰਬ ਧਮਾਕੇ, ਸਮਝੌਤਾ ਐਕਸਪ੍ਰੈੱਸ ਬੰਬ ਧਮਾਕੇ ਤੇ ਹੈਦਰਾਬਾਦ ਦੀ ਮੱਕਾ ਮਸਜਿਦ ਦੇ ਬੰਬ ਧਮਾਕਿਆਂ ਵਿਚ ਵੀ ਕੌਮੀ ਜਾਂਚ ਏਜੰਸੀ ਦੀ ਕਾਰਗੁਜ਼ਾਰੀ ਸ਼ੱਕੀ ਤੇ ਦੋਸ਼ੀਆਂ ਨੂੰ ਬਰੀ ਕਰਨ ਵਾਲ਼ੀ ਰਹੀ ਹੈ।



ਦੂਜੇ ਪਾਸੇ ਇਸ ਨਾਲ਼ ਜਮਹੂਰੀ ਕਾਰਕੁਨਾਂ, ਲੋਕ-ਪੱਖੀ ਬੁੱਧੀਜੀਵੀਆਂ, ਪੱਤਰਕਾਰਾਂ ਤੇ ਸੰਘ-ਭਾਜਪਾ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2019 ਵਿਚ ਭਾਜਪਾ ਨੇ ਇਸ ਵਿਚ ਸੋਧਾਂ ਕਰਦਿਆਂ ਇਸ ਅਧੀਨ ਆਉਂਦੇ ਮਸਲਿਆਂ ਦਾ ਘੇਰਾ ਹੋਰ ਵਿਸ਼ਾਲ ਕਰ ਦਿੱਤਾ ਹੈ ਜਿਸ ਮਗਰੋਂ ਇਸਦੀ (ਦੁਰ) ਵਰਤੋਂ ਹੋਰ ਵੀ ਵਧ ਗਈ ਹੈ। ਮਿਸਾਲ ਵਜੋਂ 2018 ਵਿਚ ਹੋਏ ਭੀਮਾ ਕੋਰੇਗਾਂਵ ਕਾਂਡ ਦੀ ਜਾਂਚ ਮਹਾਂਰਾਸ਼ਟਰ ਪੁਲਿਸ ਕਰ ਰਹੀ ਸੀ। ਉਦੋਂ ਤੱਕ ਉੱਥੇ ਭਾਜਪਾ ਦੀ ਸਰਕਾਰ ਸੀ। 2019 ਦੀਆਂ ਚੋਣਾਂ ਵਿਚ ਭਾਜਪਾ ਜਦੋਂ ਸੱਤਾ ਵਿਚ ਨਾ ਰਹੀ ਤਾਂ 2020 'ਚ ਇਸ ਮਾਮਲੇ ਦੀ ਜਾਂਚ ਵੀ ਮਹਾਂਰਾਸ਼ਟਰ ਪੁਲਿਸ ਤੋਂ ਲੈ ਕੇ ਕੌਮੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ ਗਈ। ਇਸ ਜਾਂਚ ਦੇ ਨਾਮ ਹੇਠ ਵਰਵਰਾ ਰਾਓ, ਸੁਧਾ ਭਾਰਦਵਾਜ, ਰੋਨਾ ਵਿਲਸਨ, ਆਨੰਦ ਤੇਲਤੁੰਬੜੇ, ਪ੍ਰੋ. ਸਾਈਬਾਬਾ, ਰੋਨਾ ਵਿਲਸਨ ਤੇ ਵਰਨੋਨ ਗੋਂਜ਼ਾਲਵੇਸ ਜਿਹੇ ਕਈ ਬੁੱਧੀਜੀਵੀਆਂ ਨੂੰ ਝੂਠੇ ਦੋਸ਼ ਮੜ੍ਹ ਕੇ ਜੇਲ੍ਹ ਵਿਚ ਡੱਕ ਦਿੱਤਾ ਹੈ। ਪਿਛਲੇ ਸਾਲ ਵੀ ਜਦੋਂ ਕੇਂਦਰ ਦੇ ਖੇਤੀ ਕਾਨੂੰਨਾਂ ਖ਼ਿਲਾਫ ਲੋਕ ਘੋਲ ਸਿਖਰ 'ਤੇ ਸੀ ਤਾਂ ਉਦੋਂ ਵੀ ਕੌਮੀ ਜਾਂਚ ਏਜੰਸੀ ਨੇ ਇਸ ਘੋਲ਼ ਦੀ ਹਮਾਇਤ ਕਰਨ ਵਾਲ਼ੇ ਬੁੱਧੀਜੀਵੀਆਂ ਨੂੰ ਨੋਟਿਸ ਕੱਢੇ ਸਨ। ਕਸ਼ਮੀਰ ਵਿਚ ਵੀ ਇਸ ਏਜੰਸੀ ਦੀ ਅੰਨ੍ਹੀ ਵਰਤੋਂ ਕੀਤੀ ਜਾ ਰਹੀ ਹੈ। ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ ਸੰਘਰਸ਼ ਕਰਨ ਵਾਲ਼ੇ ਕਈ ਕਾਰਕੁਨਾਂ ਨੂੰ ਵੀ ਕੌਮੀ ਜਾਂਚ ਏਜੰਸੀ ਨੇ ਫਰਜ਼ੀ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਸੀ।

ਕੌਮੀ ਜਾਂਚ ਏਜੰਸੀ ਵੱਲੋਂ ਸਭ ਤੋਂ ਵੱਧ ਮਾਮਲੇ ਗ਼ੈਰ-ਕਾਨੂੰਨੀ ਸਰਗਰਮੀ ਰੋਕੂ ਕਾਨੂੰਨ (ਯੂਏਪੀਏ) ਤਹਿਤ ਦਰਜ ਕੀਤੇ ਜਾ ਰਹੇ ਹਨ। ਇਸ ਕਰਕੇ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੈ ਕਿ ਅਮਿਤ ਸ਼ਾਹ ਤੇ ਮੋਦੀ ਵੱਲੋਂ ਇਸ ਬੈਠਕ ਵਿਚ ਵੀ ਯੂਏਪੀਏ ਦੇ ਕਸੀਦੇ ਪੜ੍ਹੇ ਗਏ ਹਨ। ਇਸ ਗੈਰ-ਜਮਹੂਰੀ ਕਾਨੂੰਨ ਦੀ ਵੈਧਤਾ ਉੱਪਰ ਸਰਵਉੱਚ ਅਦਾਲਤ ਵਿਚ ਮਾਮਲਾ ਚੱਲ ਰਿਹਾ ਹੈ। ਇਹ ਵੀ ਕੋਈ ਇਤਫਾਕ ਨਹੀਂ ਹੈ ਕਿ 2019 ਵਿਚ ਹੀ ਕੌਮੀ ਜਾਂਚ ਏਜੰਸੀ ਦੇ ਨਾਲ਼-ਨਾਲ਼ ਯੂਏਪੀਏ ਵਿਚ ਵੀ ਭਾਜਪਾ ਹਕੂਮਤ ਵੱਲੋਂ ਸੋਧ ਕੀਤੀ ਗਈ ਹੈ। ਇਹ ਕਾਨੂੰਨ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਅਤਿਵਾਦੀ ਐਲਾਨ ਸਕਦਾ ਹੈ। ਇਸਦੀ ਦੁਰਵਰਤੋਂ ਖ਼ਿਲਾਫ ਵੀ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੈ।

ਕੌਮੀ ਜਾਂਚ ਏਜੰਸੀ ਦੇ ਬਣਨ ਤੋਂ ਲੈ ਕੇ 12 ਅਗਸਤ, 2022 ਤੱਕ ਇਸ ਕੋਲ਼ 456 ਮਾਮਲੇ ਦਰਜ ਹੋਏ ਹਨ ਜਿਨ੍ਹਾਂ ਵਿਚ 357 ਮਾਮਲੇ (78 ਫੀਸਦੀ) ਯੂਏਪੀਏ ਤਹਿਤ ਦਰਜ ਕੀਤੇ ਗਏ ਹਨ। ਇਨ੍ਹਾਂ 357 ਮਾਮਲਿਆਂ ਵਿਚੋਂ ਵੀ 80 ਫੀਸਦੀ ਮਾਮਲੇ 2014 ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਦਰਜ ਕੀਤੇ ਗਏ ਹਨ। ਯੂਏਪੀਏ ਦੀ ਦੁਰਵਰਤੋਂ ਕਿੰਨੇ ਵੱਡੇ ਪੱਧਰ 'ਤੇ ਹੋ ਰਹੀ ਹੈ ਇਸਨੂੰ ਦੱਸਣ ਲਈ ਇੱਕ ਤੱਥ ਹੀ ਕਾਫੀ ਹੈ। 2015 ਤੋਂ 2020 ਦਰਮਿਆਨ 8371 ਲੋਕਾਂ ਉੱਤੇ ਯੂਏਪੀਏ ਤਹਿਤ ਪਰਚਾ ਦਰਜ ਕੀਤਾ ਗਿਆ। ਅਦਾਲਤੀ ਕਾਰਵਾਈ ਤੋਂ ਬਾਅਦ ਇਨ੍ਹਾਂ ਵਿਚੋਂ 8136 ਜਣੇ ਬੇਦੋਸ਼ ਸਾਬਿਤ ਹੋਏ, ਮਤਲਬ 3 ਫੀਸਦੀ ਤੋਂ ਵੀ ਘੱਟ ਲੋਕ ਦੋਸ਼ੀ ਪਾਏ ਗਏ। ਮਤਲਬ ਹਰੇਕ ਦੋਸ਼ੀ ਪਿੱਛੇ 32-33 ਬੇਦੋਸ਼ੇ ਯੂਏਪੀਏ ਤਹਿਤ ਜੇਲ੍ਹਾਂ ਵਿਚ ਸੁੱਟੇ ਜਾ ਰਹੇ ਹਨ। ਇਹ ਹੈ ਯੂਏਪੀਏ ਦੀ ਹਕੀਕਤ ਜਿਸਦਾ ਮੋਦੀ ਨੇ ਗ੍ਰਹਿ ਮੰਤਰੀਆਂ ਦੀ ਇਸ ਬੈਠਕ ਵਿਚ ਅਤਿਵਾਦ ਖ਼ਿਲਾਫ ਲੜਾਈ ਨੂੰ ਹੱਲਾਸ਼ੇਰੀ ਦੇਣ ਲਈ ਗੁਣਗਾਣ ਕੀਤਾ ਹੈ।

ਮੋਦੀ ਨੇ ਆਪਣੇ ਭਾਸ਼ਣ ਵਿਚ 'ਇੱਕ ਦੇਸ਼ ਇੱਕ ਵਰਦੀ' ਦਾ ਵੀ ਨਾਅਰਾ ਦਿੱਤਾ ਹੈ, ਭਾਵ ਪੂਰੇ ਭਾਰਤ ਵਿਚ ਪੁਲਿਸ ਦੀ ਵਰਦੀ ਇੱਕੋ-ਜਿਹੀ ਹੋਵੇ। ਮੋਦੀ ਨੇ ਕਿਹਾ ਕਿ ਉਹ ਇੱਕ ਸੁਝਾਅ ਹੀ ਪੇਸ਼ ਕਰ ਰਿਹਾ ਹੈ ਇਹ ਕਿਸੇ ਉੱਪਰ ਥੋਪਿਆ ਨਹੀਂ ਜਾ ਰਿਹਾ। ਪਰ ਇਹ ਮਹਿਜ਼ ਸੁਝਾਅ ਨਹੀਂ ਹੈ ਸਗੋਂ ਪੁਲਿਸ ਨੂੰ ਲੈ ਕੇ ਭਾਜਪਾ ਦੀਆਂ ਜਾਬਰ ਖਾਹਿਸ਼ਾਂ ਦਾ ਛੋਟਾ ਜਿਹਾ ਸੰਕੇਤ ਹੈ। ਭਾਜਪਾ ਦੀ ਅਸਲ ਇੱਛਾ ਸਿਰਫ ਇੱਕ ਵਰਦੀ ਦੀ ਨਹੀਂ ਸਗੋਂ ਪੂਰੇ ਭਾਰਤ ਵਿਚ ਪੁਲਿਸ ਨੂੰ ਇੱਕ ਪ੍ਰਣਾਲੀ ਵਿਚ ਬੰਨ੍ਹਣਾ ਹੈ ਜਿਸਦਾ ਕੰਟਰੋਲ ਕੇਂਦਰ ਹੱਥ ਹੋਵੇ। ਅਗਲੇ ਸਮਿਆਂ ਵਿਚ ਭਾਜਪਾ ਦੇ ਅਜਿਹੇ ਮਨਸੂਬੇ ਹੋਰ ਵੀ ਖੁੱਲ੍ਹੇ ਰੂਪ ਵਿਚ ਜ਼ਾਹਿਰ ਹੋਣਗੇ।

ਮੋਦੀ ਨੇ ਇਹ ਵੀ ਕਿਹਾ ਹੈ ਕਿ ਕਲਮ ਤੇ ਬੰਦੂਕ ਦੇ ਰੂਪ ਵਿਚ ਚੱਲ ਰਹੇ ਨਕਸਲਵਾਦ ਨੂੰ ਜੜ੍ਹੋਂ ਪੱਟਣ ਦੀ ਲੋੜ ਹੈ। ਉਸਦਾ ਕਹਿਣਾ ਹੈ ਕਿ ਨਕਸਲਵਾਦੀਆਂ ਦੇ ਬੁੱਧੀਜੀਵੀ ਸ਼ਹਿਰਾਂ ਵਿਚ ਹਨ ਤੇ ਆਪਣੇ ਵਿਚਾਰ ਫੈਲਾ ਰਹੇ ਹਨ। ਕੌਮੀ ਜਾਂਚ ਏਜੰਸੀ ਤੇ ਯੂਏਪੀਏ ਵਾਂਗ ਨਕਸਲਵਾਦ ਦਾ ਠੱਪਾ ਵੀ ਅਜਿਹੀ ਚੀਜ਼ ਹੈ ਜਿਸਦੀ ਭਾਜਪਾ ਨੇ ਦੱਬ ਕੇ ਦੁਰਵਰਤੋਂ ਕੀਤੀ ਹੈ। ਭਾਜਪਾ ਨਕਸਲਵਾਦ ਨੂੰ ਨਾ ਸਿਰਫ ਖੂੰਖਾਰ ਦਹਿਸ਼ਤਗਰਦੀ ਦੇ ਰੂਪ ਵਿਚ ਪੇਸ਼ ਕਰਦੀ ਹੈ ਸਗੋਂ ਆਪਣੇ ਖ਼ਿਲਾਫ ਉੱਠਣ ਵਾਲ਼ੀ ਹਰ ਆਵਾਜ਼ ਨੂੰ ਹੀ ਨਕਸਲਵਾਦ ਗਰਦਾਨ ਕੇ ਉਸਦੀ ਸੰਘੀ ਘੁੱਟਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ। 'ਦੇਸ਼ਧ੍ਰੋਹੀ', 'ਨਕਸਲਵਾਦੀ', 'ਭੜਕਾਊ ਤੱਤ', 'ਅਮਨ ਕਾਨੂੰਨ ਲਈ ਖਤਰਾ', 'ਦੇਸ਼ ਦੀ ਅਖੰਡਤਾ ਦੇ ਦੁਸ਼ਮਣ' ਇਹ ਕੁੱਝ ਅਜਿਹੇ ਲਕਬ ਹਨ ਜਿਹੜੇ ਭਾਜਪਾ ਥੋਕ ਵਿਚ ਵੰਡ ਰਹੀ ਹੈ। ਜਿਹੜਾ ਵੀ ਸੰਘ-ਭਾਜਪਾ ਦੀਆਂ ਫਾਸ਼ੀਵਾਦੀ ਨੀਤੀਆਂ ਦਾ ਵਿਰੋਧ ਕਰਦਾ ਹੈ ਉਨ੍ਹਾਂ ਨੂੰ ਅਜਿਹੇ ਲਕਬਾਂ ਨਾਲ ਨਿਵਾਜ ਕੇ ਸਮੁੱਚੇ ਲੋਕਾਂ ਦੇ ਦੁਸ਼ਮਣ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਹ ਜੋ ਕੁੱਝ ਵੀ ਹੋ ਰਿਹਾ ਹੈ ਇਹ ਕੋਈ ਅਚਨਚੇਤ ਜਾਂ ਅਣਕਿਆਸਾ ਨਹੀਂ ਹੈ। ਸੰਸਾਰ ਸਰਮਾਏਦਾਰਾ ਪ੍ਰਬੰਧ ਦੇ ਨਾਲ਼-ਨਾਲ਼ ਭਾਰਤ ਵੀ ਆਰਥਿਕ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦੌਰ ਵਿਚੋਂ ਇੱਥੋਂ ਦੀ ਵੱਡੀ ਸਰਮਾਏਦਾਰ ਜਮਾਤ ਨੇ ਫਾਸ਼ੀਵਾਦੀ ਰਾਸ਼ਟਰੀ ਸਵੈਸੇਵਕ ਸੰਘ ਤੇ ਉਸਦੇ ਸਿਆਸੀ ਵਿੰਗ ਭਾਜਪਾ ਨੂੰ ਆਪਣੀ ਸੇਵਾ ਲਈ ਚੁਣਿਆ ਹੈ। ਇਸ ਹਕੂਮਤ ਦਾ ਪਹਿਲਾ ਕੰਮ ਹੈ ਦੇਸੀ ਵਿਦੇਸ਼ੀ ਸਰਮਾਏਦਾਰਾਂ ਦੇ ਹੱਕ ਵਿਚ ਨੀਤੀਆਂ ਬਣਾਉਣਾ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਉੱਪਰ ਕਟੌਤੀ ਕਰਕੇ ਸਰਕਾਰੀ ਖਜ਼ਾਨੇ ਦਾ ਮੂੰਹ ਉਨ੍ਹਾਂ ਲਈ ਖੋਲ੍ਹਣਾ। ਦੂਜਾ ਕੰਮ ਹੈ ਲੋਕਾਂ ਨੂੰ ਧਰਮ ਦੇ ਨਾਮ ਉੱਪਰ ਆਪਸ ਵਿਚ ਲੜਾਉਣਾ ਜਿਸਦੇ ਲਈ ਹਿੰਦੂਤਵ ਦਾ ਜਨੂੰਨ ਖੜ੍ਹਾ ਕੀਤਾ ਜਾ ਰਿਹਾ ਹੈ ਤੇ ਮੁਸਲਮਾਨਾਂ ਸਮੇਤ ਸਭ ਧਾਰਮਿਕ ਘੱਟ-ਗਿਣਤੀਆਂ ਨੂੰ ਦੁਸ਼ਮਣਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਤੀਜਾ ਕੰਮ ਹੈ ਲੋਕਾਂ ਵਿਚੋਂ ਵਿਰੋਧ ਦੀ ਉੱਠਣ ਵਾਲ਼ੀ ਹਰ ਆਵਾਜ਼ ਨੂੰ ਕੁਚਲਣਾ। ਇਸਦੇ ਲਈ ਜਮਹੂਰੀ ਹੱਕਾਂ ਦੇ ਘੇਰਾ ਸੁੰਗੇੜਿਆ ਜਾ ਰਿਹਾ ਹੈ, ਜਾਬਰ ਕਾਨੂੰਨ ਬਣਾਏ ਜਾ ਰਹੇ ਹਨ, ਪੁਲਿਸ ਤੇ ਸੁਰੱਖਿਆ ਏਜੰਸੀਆਂ ਨੂੰ ਅੰਨ੍ਹੀਆਂ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ ਜਿਹਨਾਂ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਸੂਬਿਆਂ ਉੱਪਰ ਮਨਮਰਜ਼ੀ ਲਈ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਮੀਡੀਆ, ਅਦਾਲਤਾਂ, ਨਿਆਂਇਕ ਪ੍ਰਬੰਧ ਆਦਿ ਨੂੰ ਹੱਥਠੋਕੇ ਬਣਾਇਆ ਜਾ ਰਿਹਾ ਹੈ। ਇਉਂ ਸਾਡਾ ਸਾਹਮਣਾ ਫਾਸ਼ੀਵਾਦੀ ਉਭਾਰ ਨਾਲ਼ ਹੋ ਰਿਹਾ ਹੈ ਜਿਸਨੂੰ ਇੱਥੋਂ ਦੀ ਵੱਡੀ ਸਰਮਾਏਦਾਰੀ ਨੇ ਆਪਣੀ ਸੇਵਾ ਲਈ ਚੁਣਿਆ ਹੈ।

ਇਉਂ ਗ੍ਰਹਿ ਮੰਤਰੀ ਦਾ ਇਹ 'ਚਿੰਤਨ ਸ਼ਿਵਰ' ਕੋਈ ਦੇਸ਼ ਦੀ ਸੁਰੱਖਿਆ ਲਈ ਨਹੀਂ ਸੀ ਸਗੋਂ ਇਸਦਾ ਮਕਸਦ ਆਪਣੇ ਉਪਰੋਕਤ ਫਾਸ਼ੀਵਾਦੀ ਏਜੰਡੇ ਨੂੰ ਅੱਗੇ ਵਧਾਉਣਾ ਸੀ। ਇਸ ਸੰਕਟ ਦੇ ਦੌਰ ਵਿਚ ਹਾਕਮ ਜਮਾਤਾਂ ਫਾਸ਼ੀਵਾਦ ਦੇ ਰੂਪ ਵਿਚ ਆਪਣਾ ਬਦਲ ਚੁਣ ਲਿਆ ਹੈ ਤੇ ਇਹ ਫਾਸ਼ੀਵਾਦ ਲੋਕਾਂ ਉੱਪਰ ਆਪਣਾ ਸ਼ਿਕੰਜਾ ਕੱਸਣ ਲਈ ਨਿੱਤ ਨਵੀਆਂ ਵਿਉਂਤਾਂ ਘੜਨ ਲੱਗਿਆ ਹੋਇਆ ਹੈ। ਇਸ ਘੜੀ ਵਿਚ ਕਿਰਤੀ ਲੋਕਾਂ ਦੀ ਵੀ ਇਹ ਅਣਸਰਦੀ ਲੋੜ ਹੈ ਕਿ ਉਹ ਇਸ ਫਾਸ਼ੀਵਾਦੀ ਉਭਾਰ ਦੇ ਟਾਕਰੇ ਲਈ ਆਪਣੀ ਯੁੱਧਨੀਤੀ ਘੜਨ, ਮਜ਼ਬੂਤ ਜਥੇਬੰਦੀਆਂ ਦੇ ਰੂਪ 'ਚ ਆਪਣੀਆਂ ਫੌਜਾਂ ਜਥੇਬੰਦ ਕਰਨ, ਸੰਘਰਸ਼ਾਂ ਦੇ ਰੂਪ 'ਚ ਆਪਣਾ ਅਸਲਾਖਾਨਾ ਤਿਆਰ ਕਰਨ। ਨੇੜ ਭਵਿੱਖ ਵਿਚ ਇਨ੍ਹਾਂ ਫਾਸ਼ੀਵਾਦੀਆਂ ਤੇ ਕਿਰਤੀ ਲੋਕਾਂ ਦੀ ਆਹਮੋ-ਸਾਹਮਣੀ ਟੱਕਰ ਅਟੱਲ ਹੈ। ਫਾਸ਼ੀਵਾਦੀ ਹਾਕਮ ਆਪਣੀ ਤਿਆਰੀ ਕਰ ਰਹੇ ਹਨ, ਆਉ ਅਸੀਂ ਵੀ ਆਪਣੀ ਤਿਆਰੀ ਕਰੀਏ।

***-ਵਿਦਿਆਰਥੀ ਆਗੂ ਤੇ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦਾ ਪ੍ਰਧਾਨ***

# ਸਾਡੇ ਮੁਲਕ ਦੇ ਲੋਕ ਭਾਣਾ ਮੰਨ ਕੇ ਜੀਵੀ ਜਾਂਦੇ ਹਨ

**ਦਲੀਪ ਸਿੰਘ ਵਾਸਨ, ਐਡਵੋਕੇਟ**

ਜੇ ਅਸੀਂ ਆਪਣੇ ਮਿਥਿਹਾਸ ਉਤੇ ਨਜ਼ਰ ਮਾਰਦੇ ਹਾਂ ਤਾਂ ਉਦੋਂ ਵੀ ਗਰੀਬ ਸੁਦਾਮਾ ਹਾਜ਼ਰ ਸੀ ਅਤੇ ਇਹ ਗਰੀਬ ਸੁਦਾਮਿਆਂ ਦੀ ਗਿਣਤੀ ਸਾਡੇ ਮੁਲਕ ਦੇ ਇਤਿਹਾਸ ਦੇ ਵਕਤਾਂ ਵਿਚ ਮੁਸਲਮਾਨੀ ਗ਼ੁਲਾਮੀ ਦੇ ਦਿਨਾਂ ਵਿਚ ਅਤੇ ਫਿਰ ਅੰਗਰੇਜ਼ਾਂ ਦੇ ਵਕਤਾਂ ਵਿਚ ਵੀ ਕਾਇਮ ਹੀ ਨਹੀਂ ਰਹੀ ਬਲਕਿ ਵਧਦੀ ਹੀ ਰਹੀ ਹੈ। ਇਹ ਗੱਲ ਸਾਡੇ ਸਾਹਮਣੇ ਸਾਬਤ ਹੋ ਚੁੱਕੀ ਹੈ ਕਿ ਜਿਹੜਾ ਵੀ ਪਰਿਵਾਰ ਇਕ ਵਾਰੀ ਗ਼ਰੀਬ ਹੋ ਜਾਂਦਾ ਹੈ ਫਿਰ ਉਸ ਪਰਿਵਾਰ ਦੀਆਂ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਹੋਈ ਜਾਂਦੀਆਂ ਹਨ ਅਤੇ ਸੁਦਾਮਿਆਂ ਦਾ ਸਾਡਾ ਮਿਥਿਹਾਸ, ਸਾਡਾ ਆਪਣਾ ਇਤਿਹਾਸ ਅਤੇ ਫਿਰ ਗੁਲਾਮੀ ਦੇ ਸਮਿਆਂ ਵਿਚ ਗ਼ਰੀਬਾਂ ਦੀ ਇਹ ਗਿਣਤੀ ਵਧਦੀ ਹੀ ਰਹੀ ਹੈ। ਅਸੀਂ ਆਜ਼ਾਦ ਵੀ ਹੋ ਗਏ ਹਾਂ ਅਤੇ ਪਰਜਾਤੰਤਰ ਵੀ ਅਪਨਾ ਲਿਆ ਹੈ ਪਰ ਹਾਲਾਂ ਵੀ ਗ਼ਰੀਬਾਂ ਦੀ ਗਿਣਤੀ ਉਸੇ ਸਿਧਾਂਤ ਨਾਲ ਵਧਦੀ ਹੀ ਆ ਰਹੀ ਹੈ। ਅਸੀਂ ਇਹ ਵੀ ਸੁਣਦੇ ਆ ਰਹੇ ਹਾਂ ਕਿ ਸਾਡੇ ਮੁਲਕ ਦੀ ਆਰਥਿਕ ਹਾਲਤ ਬਹੁਤ ਹੀ ਮਜ਼ਬੂਤੀ ਨਾਲ ਅੱਗੇ ਵਧਦੀ ਜਾ ਰਹੀ ਹੈ, ਅਤੇ ਸਾਡੇ ਪ੍ਰਧਾਨ ਮੰਤਰੀ ਜੀ ਇਹ ਆਖ ਰਹੇ ਹਨ ਕਿ ਅੱਜ ਅਸੀਂ ਮੁਲਕ ਦੀ ਕੁਲ ਆਬਾਦੀ 130 ਵਿਚੋਂ ਕੋਈ 81 ਕਰੋੜ ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਦੇ ਕੇ ਜਿਉਂਦਾ ਰੱਖ ਰਹੇ ਹਾਂ, ਇਹ ਗੱਲਾਂ ਸੁਣ ਕੇ ਅਤੇ ਦੇਖ ਕੇ ਇਹੀ ਲਗਦਾ ਹੈ ਕਿ ਸਾਡੇ ਮੁਲਕ ਦੇ ਲੋਕਾਂ ਦਾ ਰੱਬ ਵਿਚ ਪੱਕਾ ਵਿਸ਼ਵਾਸ ਹੈ ਅਤੇ ਇਹ ਰੱਬ ਦਾ ਭਾਣਾ ਮੰਨਣ ਵਾਲੇ ਹਨ ਅਤੇ ਕਦੀ ਵੀ ਸ਼ਿਕਾਇਤ ਜਾਂ ਸ਼ਿਕਵਾ ਨਹੀਂ ਕਰਦੇ। ਇਹ ਤਾਂ ਹਾਲਾਂ ਵੀ ਇਹੀ ਵਿਸ਼ਵਾਸ ਰੱਖੀ ਬੈਠੇ ਹਨ ਕਿ ਜੇ ਸਾਡਾ ਮਿਥਿਹਾਸ ਗਿਆ, ਇਤਿਹਾਸ ਗਿਆ, ਗ਼ੁਲਾਮੀਆਂ ਗਈਆਂ ਤਾਂ ਇਹ ਜਿਹੜੇ ਮਾੜੇ ਦਿਨ ਇਸ ਆਜ਼ਾਦੀ ਅਤੇ ਇਸ ਪਰਜਾਤੰਤਰ ਵਿਚ ਵੀ ਆ ਬਣੇ ਹਨ, ਇੱਕ ਦਿਨ ਇਹ ਵੀ ਖ਼ਤਮ ਹੋ ਜਾਣਗੇ ਅਤੇ ਰੱਬ ਮਿਹਰ ਕਰੇਗਾ, ਲੋਕਾਂ ਦਾ ਜੀਵਨ ਇਸ ਮੁਲਕ ਵਿਚ ਵੀ ਖ਼ੁਸ਼ਹਾਲ ਹੋ ਜਾਵੇਗਾ।

ਇਸ ਮੁਲਕ ਵਿਚ ਆਜ਼ਾਦੀ ਤੋਂ ਬਾਅਦ ਕਈ ਰਾਜਸੀ ਪਾਰਟੀਆਂ ਹੋਂਦ ਵਿਚ ਆਈਆਂ ਹਨ ਅਤੇ ਬਹੁਤ ਕੁਝ ਕਰਨ ਦਾ ਵਾਅਦਾ ਵੀ ਕਰਦੀਆਂ ਰਹੀਆਂ ਹਨ ਅਤੇ ਲੋਕਾਂ ਨੂੰ ਇਕੱਠਾ ਕਰ ਕੇ ਕੈਸੀਆਂ-ਕੈਸੀਆਂ ਗੱਲਾਂ ਵੀ ਕਰਦੇ ਰਹੇ ਹਨ, ਪਰ ਅੱਜ ਤਕ ਕਿਸੇ ਵੀ ਰਾਜਸੀ ਪਾਰਟੀ ਨੇ ਇਹ ਵਾਅਦਾ ਨਹੀਂ ਕੀਤਾ ਕਿ ਜੇ ਉਹ ਜਿੱਤ ਕੇ ਸਰਕਾਰ ਬਣਾ ਲੈਂਦੀ ਹੈ ਤਾਂ ਮੁਲਕ ਵਿਚੋਂ ਇਹ ਗੁਰਬਤ ਵਾਲਾ ਧੱਬਾ ਖਤਮ ਕਰ ਦੇਵੇਗੀ। ਸਪੱਸ਼ਟ ਹੈ ਕਿ ਇਹ ਰਾਜਸੀ ਲੋਕ ਜਾਣਦੇ ਹਨ ਕਿ ਇਹ ਗ਼ਰੀਬ ਹੀ ਹਨ ਜਿਹੜੇ ਵੋਟਾਂ ਪਾਈ ਜਾਂਦੇ ਹਨ ਅਤੇ ਜੇ ਇਨ੍ਹਾਂ ਗ਼ਰੀਬਾਂ ਦੀ ਗਿਣਤੀ ਹੀ ਖ਼ਤਮ ਹੋ ਗਈ ਤਾਂ ਫ਼ਿਰ ਵੋਟਾਂ ਕੌਣ ਪਾਇਆ ਕਰੇਗਾ। ਇਹ ਵੀ ਗੱਲ ਸਾਫ ਹੈ ਕਿ ਰਾਜਸੀ ਲੋਕਾਂ ਨੇ ਇਹ ਗੁਰਬਤ ਕਦੀ ਵੀ ਖ਼ਤਮ ਨਹੀਂ ਕਰਨੀ ਅਤੇ ਇਹ ਗੱਲ ਮੁਲਕ ਦੇ ਗ਼ਰੀਬਾਂ ਦੀ ਸਮਝ ਵਿਚ ਆ ਗਈ ਹੈ ਅਤੇ ਉਹ ਇਸ ਕਰਕੇ ਚੁੱਪ ਹਨ ਕਿ ਕਦੀ ਤਾਂ ਰੱਬ ਆਪ ਹੀ ਮਿਹਰ ਕਰੇਗਾ ਅਤੇ ਜਿਵੇਂ ਰਾਜ ਬਦਲਦੇ ਰਹੇ ਹਨ, ਕਦੀ ਐਸਾ ਰਾਜ ਆਪ ਹੀ ਆ ਜਾਵੇਗਾ, ਜਦ ਇਹ ਗੁਰਬਤ ਖ਼ਤਮ ਹੋ ਜਾਵੇਗੀ। ਇਹ ਭਾਣਾ ਮੰਨਣ ਵਾਲੇ ਭਾਰਤੀ ਲੋਕ ਉਸ ਦਿਨ ਦੀ ਉਡੀਕ ਕਰ ਰਹੇ ਹਨ।



# ਜੂਹੀ ਦਾ ਫੈਸਲਾ ਤੇ ਫਿਲਮੀ ਦੁਨੀਆ

ਅਦਾਕਾਰਾ ਜੂਹੀ ਚਾਵਲਾ ਨੇ ਹਾਲ ਹੀ ਵਿਚ ਆਪਣਾ 55ਵਾਂ ਜਨਮ ਦਿਨ ਮਨਾਇਆ। ਜੂਹੀ ਨੇ ਨੱਬੇ ਦੇ ਦਹਾਕੇ ਵਿਚ ਫਿਲਮ ਸਨਅਤ ਵਿਚ ਰਾਜ ਕੀਤਾ ਸੀ ਤੇ ਉਸ ਦੀਆਂ ਕਈ ਫਿਲਮਾਂ ਹਿੱਟ ਰਹੀਆਂ ਸਨ। ਜੂਹੀ ਨੇ ਦੋ ਫਿਲਮਫੇਅਰ ਐਵਾਰਡਾਂ ਸਣੇ 1984 ਵਿਚ ਮਿਸ ਇੰਡੀਆ ਦਾ ਖਿਤਾਬ ਵੀ ਹਾਸਲ ਕੀਤਾ।

ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਜੂਹੀ ਨੇ ਆਪਣੀ ਪਹਿਲੀ ਫਿਲਮ 'ਕਿਆਮਤ ਸੇ ਕਿਆਮਤ ਤਕ' ਲਈ ਮਸ਼ਹੂਰ ਸੀਰੀਅਲ 'ਮਹਾਭਾਰਤ' ਵਿਚ ਅਹਿਮ ਰੋਲ ਛੱਡ ਦਿੱਤਾ ਸੀ। ਉਸ ਵੇਲੇ ਬੀ.ਆਰ. ਚੋਪੜਾ ਨੇ 'ਮਹਾਭਾਰਤ' ਲਈ 15000 ਜਣਿਆਂ ਦੇ ਅਡੀਸ਼ਨ ਲਏ ਸਨ ਤੇ ਉਨ੍ਹਾਂ ਜੂਹੀ ਚਾਵਲਾ ਦਾ ਦਰੋਪਦੀ ਦੇ ਕਿਰਦਾਰ ਲਈ ਨਾਂ ਤੈਅ ਕਰ ਲਿਆ ਸੀ ਪਰ ਉਸ ਵੇਲੇ ਜੂਹੀ ਨੂੰ ਫਿਲਮ 'ਕਿਆਮਤ ਸੇ ਕਿਆਮਤ ਤਕ' ਵਿਚ ਕੰਮ ਦੀ ਪੇਸ਼ਕਸ਼ ਮਿਲੀ ਤਾਂ ਜੂਹੀ ਨੇ 'ਮਹਾਭਾਰਤ' ਨੂੰ ਛੱਡ ਕੇ ਫਿਲਮ ਸਨਅਤ ਨੂੰ ਚੁਣਿਆ। ਜੂਹੀ ਇਸ ਵੇਲੇ ਵਾਤਾਵਰਨ ਦੀ ਸੰਭਾਲ ਲਈ ਆਪਣਾ ਯੋਗਦਾਨ ਪਾ ਰਹੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਜੂਹੀ ਨੇ 5 ਜੀ ਤਕਨਾਲੋਜੀ ਖਿਲਾਫ ਅਦਾਲਤ ਦਾ ਵੀ ਰੁਖ਼ ਕੀਤਾ ਸੀ। ਉਸ ਨੇ ਕਿਹਾ ਸੀ ਕਿ 5 ਜੀ ਦੀਆਂ ਕਿਰਨਾਂ ਮਨੁੱਖਾਂ ਤੇ ਜਾਨਵਰਾਂ ਲਈ ਨੁਕਸਾਨਦਾਇਕ ਹਨ ਹਾਲਾਂਕਿ ਬਾਅਦ ਵਿਚ ਇਹ ਕੇਸ ਖਾਰਜ ਕਰ ਦਿੱਤਾ ਗਿਆ ਸੀ।

# ਅਦਾਕਾਰ ਦਿਲੀਪ ਕੁਮਾਰ ਦੀ ਜਨਮ ਸ਼ਤਾਬਦੀ

ਫਿਲਮੀ ਦੁਨੀਆ ਦੇ ਉਮਦਾ ਅਦਾਕਾਰ ਮਰਹੂਮ ਦਿਲੀਪ ਕੁਮਾਰ (ਜਿਨ੍ਹਾਂ ਦਾ ਅਸਲ ਨਾਂ ਮੁਹੰਮਦ ਯੂਸਫ ਖਾਨ ਸੀ) ਦੀ ਜਨਮ ਸ਼ਤਾਬਦੀ ਮੌਕੇ ਫਿਲਮ ਹੈਰੀਟੇਜ ਫਾਊਂਡੇਸ਼ਨ ਦੋ ਰੋਜ਼ਾ ਫਿਲਮ ਮੇਲਾ ਲਾ ਰਹੀ ਹੈ। ਇਸ ਫਿਲਮ ਮੇਲੇ ਦਾ ਨਾਂ 'ਦਿਲੀਪ ਕੁਮਾਰ – ਹੀਰੋ ਆਫ ਹੀਰੋਜ਼' (ਨਾਇਕਾਂ ਦਾ ਨਾਇਕ) ਰੱਖਿਆ ਗਿਆ ਹੈ ਅਤੇ ਇਹ 10 ਅਤੇ 11 ਦਸੰਬਰ ਨੂੰ ਭਾਰਤ ਭਰ ਵਿਚ ਮਨਾਇਆ ਜਾਵੇਗਾ। ਇਸ ਕਾਰਜ ਲਈ ਉਚੇਚੇ ਤੌਰ 'ਤੇ 20 ਸ਼ਹਿਰਾਂ ਦੀ ਚੋਣ ਕੀਤੀ ਗਈ ਹੈ ਜਿਸ ਵਿਚ ਦਿਲੀਪ ਕੁਮਾਰ ਦੀਆਂ 4 ਫਿਲਮਾਂ ਦਿਖਾਈਆਂ ਜਾਣਗੀਆਂ। ਇਹ ਫਿਲਮਾਂ ਹਨ: 'ਆਨ' (1952), 'ਦੇਵਦਾਸ' (1955), 'ਰਾਮ ਔਰ ਸ਼ਾਮ' (1967) ਅਤੇ ''ਸ਼ਕਤੀ' (1982)।

ਫਿਲਮ ਹੈਰੀਟੇਜ ਫਾਊਂਡੇਸ਼ਨ ਦੇ ਡਾਇਰੈਕਟਰ ਸ਼ਿਵੇਂਦਰ ਸਿੰਘ ਡੂੰਗਰਪੁਰ ਨੇ ਦੱਸਿਆ ਕਿ 20 ਸ਼ਹਿਰਾਂ ਵਿਚ ਇਹ ਫਿਲਮਾਂ ਦਿਖਾਉਣ ਦਾ ਮਕਸਦ ਦਿਲੀਪ ਸਾਹਿਬ ਦੇ 100 ਸਾਲਾ ਜਨਮ ਦਿਵਸ ਮੌਕੇ ਜਸ਼ਨ ਮਨਾਉਣਾ ਹੈ। ਉਨ੍ਹਾਂ ਕਿਹਾ, "ਦਿਲੀਪ ਸਾਹਿਬ ਸਹੀ ਮਾਇਨਿਆਂ ਵਿਚ 'ਨਾਇਕਾਂ ਦੇ ਨਾਇਕ' (ਹੀਰੋ ਆਫ ਹੀਰੋਜ਼) ਸਨ। ਅੱਜ ਵੀ ਉਹ ਓਨੇ ਹੀ ਮਕਬੂਲ ਹਨ ਜਿੰਨੇ ਆਪਣੇ ਦੌਰ ਵਿਚ ਸਨ। ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਬਹਾਨੇ ਅਸੀਂ ਇਸ ਉਮਦਾ ਅਦਾਕਾਰ ਨੂੰ ਯਾਦ ਕਰ ਰਹੇ ਹਾਂ ਅਤੇ ਉਸ ਦੀ ਕਲਾ ਦਾ ਜਸ਼ਨ ਮਨਾ ਰਹੇ ਹਾਂ ਜਿਸ ਨੂੰ ਉਸ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਕਮਾਇਆ ਸੀ।"

ਯਾਦ ਰਹੇ ਕਿ ਫਿਲਮ ਮੇਲੇ ਵਿਚ ਦਿਖਾਈਆਂ ਜਾ ਰਹੀਆਂ ਫਿਲਮਾਂ ਭਾਵੇਂ ਕਈ ਦਹਾਕੇ ਪਹਿਲਾਂ ਬਣਾਈਆਂ ਗਈਆਂ ਸਨ ਪਰ ਇਨ੍ਹਾਂ ਦੀ ਅਪੀਲ ਅੱਜ ਵੀ ਪਹਿਲਾਂ ਵਾਂਗ ਹੀ ਹੈ। ਇਹੀ ਦਿਲੀਪ ਕੁਮਾਰ ਦੀ ਅਦਾਕਾਰੀ ਦੀ ਖ਼ੂਬਸੂਰਤੀ ਹੈ।

ਦਿਲੀਪ ਕੁਮਾਰ ਦਾ ਜਨਮ 11 ਦਸੰਬਰ 1922 ਨੂੰ ਹੋਇਆ ਸੀ। ਉਸ ਵਕਤ ਉਨ੍ਹਾਂ ਦਾ ਪਰਿਵਾਰ ਪੇਸ਼ਾਵਰ ਦੇ ਗੁਆਂਢ ਵਿਚ 'ਕਿੱਸਾ ਖਵਾਨੀ ਬਾਜ਼ਾਰ' ਵਿਚ ਰਹਿੰਦਾ ਸੀ। 1944 ਵਿਚ ਆਈ ਫਿਲਮ 'ਜਵਾਰ ਭਾਟਾ' ਨਾਲ ਉਸ ਨੇ ਫਿਲਮੀ ਦੁਨੀਆ ਅੰਦਰ ਪ੍ਰਵੇਸ਼ ਕੀਤਾ ਸੀ ਪਰ ਇਹ ਫਿਲਮ ਬਹੁਤੀ ਚੱਲੀ ਨਹੀਂ ਅਤੇ ਨਾ ਹੀ ਕਿਸੇ ਨੇ ਦਿਲੀਪ ਕੁਮਾਰ ਦਾ ਨੋਟਿਸ ਲਿਆ। ਇਸ ਪਿੱਛੋਂ ਦੋ ਹੋਰ ਫਲਾਪ ਫਿਲਮਾਂ ਤੋਂ ਬਾਅਦ 1947 ਵਿਚ ਦਿਲੀਪ ਕੁਮਾਰ ਦੀ ਫਿਲਮ 'ਜੁਗਨੂੰ' ਆਈ ਤਾਂ ਉਹ ਬੁਲੰਦੀਆਂ ਵੱਲ ਵਧਣ ਲੱਗ ਪਿਆ। ਇਸ ਫਿਲਮ ਵਿਚ ਉਹਦੇ ਨਾਲ ਨੂਰ ਜਹਾਂ ਸੀ। ਫਿਰ ਉਸ ਨੇ ਕਦੀ ਪਿਛਾਂਹ ਮੁੜ ਕੇ ਨਹੀਂ ਦੇਖਿਆ। ***–ਆਮਨਾ ਕੌਰ***





***ਅਦਾਕਾਰ ਦਿਲੀਪ ਕੁਮਾਰ ਅਤੇ (ਸੱਜੇ) ਆਪਣੀ ਬੇਗਮ ਸਾਇਰਾ ਬਾਨੋ ਨਾਲ।***

# ਗੁਰੂ ਦੱਤ ਦੀ ਆਖਰੀ ਰਾਤ

**ਸੱਤਿਆ ਸਰਨ**

9 ਅਕਤੂਬਰ 1964 ਸ਼ੁੱਕਰਵਾਰ ਦਾ ਦਿਨ ਸੀ। ਉਸ ਦਿਨ ਗੁਰੂ ਦੱਤ ਸਾਹਿਬ ਨਟਰਾਜ ਸਟੂਡੀਓ ਵਿਚ ਪੂਰਾ ਦਿਨ ਗੁਜ਼ਾਰਨ ਬਾਅਦ ਸ਼ਾਮ ਨੂੰ ਆਪਣੇ ਫਲੈਟ ਵਿਚ ਵਾਪਸ ਆ ਗਏ ਸਨ। ਦਸ ਸਾਲਾਂ ਤੋਂ ਦੱਤ ਸਾਹਿਬ ਨਾਲ ਸਾਰੀਆਂ ਹੀ ਫਿਲਮਾਂ ਵਿਚ ਕੰਮ ਕਰਨ ਵਾਲੇ ਉਨ੍ਹਾਂ ਦੇ ਪੁਰਾਣੇ ਸਾਥੀ ਅਬਰਾਰ ਅਲਵੀ ਪਿਛਲੇ ਕੁਝ ਦਿਨਾਂ ਤੋਂ ਲੇਖ ਟੰਡਨ ਦੀ ਸਕ੍ਰਿਪਟ 'ਤੇ ਵੀ ਕੰਮ ਕਰ ਰਹੇ ਸਨ ਜਿਸ ਲਈ ਉਹ ਨਜ਼ਦੀਕ ਹੀ ਨੇਪੀਅਨ-ਸੀ ਰੋਡ ਸਥਿੱਤ ਫਲੈਟ 'ਤੇ ਜਾ ਕੇ ਦਿਨ ਭਰ ਕੰਮ ਕਰਦੇ ਅਤੇ ਸ਼ਾਮੀ ਦੱਤ ਸਾਹਿਬ ਕੋਲ ਆ ਕੇ ਉਨ੍ਹਾਂ ਨਾਲ ਸਕਰਿਪਟ 'ਤੇ ਕੰਮ ਕਰਦੇ ਸਨ। ਅਬਰਾਰ ਅਲਵੀ ਅਤੇ ਦੱਤ ਸਾਹਿਬ ਆਪਣੀ ਰੋਜ਼ਾਨਾ ਰੁਟੀਨ ਮੁਤਾਬਕ ਹਰ ਸ਼ਾਮ ਨੂੰ ਇਕੱਠੇ ਵਕਤ ਬਿਤਾਉਂਦੇ ਸਨ।

ਉਸ ਦਿਨ ਅਬਰਾਰ ਅਲਵੀ ਸਾਹਿਬ ਪੈਡਰ ਰੋਡ 'ਤੇ ਆਰਕ ਰਾਇਲ ਅਪਾਰਟਮੈਂਟ ਗੁਰੂ ਦੱਤ ਸਾਹਿਬ ਦੇ ਘਰ ਡਰਾਇੰਗ ਰੂਮ ਵਿਚ ਦੱਤ ਸਾਹਿਬ ਕੋਲ ਬੈਠੇ ਇੱਕ ਸੀਨ 'ਤੇ ਕੰਮ ਕਰ ਰਹੇ ਸਨ। ਘਰ ਦੀਆਂ ਖਿੜਕੀਆਂ ਵਿਚੋਂ ਗੁਜ਼ਰਦੀ ਰਮਕਣੀ ਹਵਾ ਪਰਦਿਆਂ ਨੂੰ ਉਡਾ ਰਹੀ ਸੀ। ਉਸ ਸ਼ਾਮ ਅਲਵੀ ਸਾਹਿਬ ਨੂੰ ਕੰਮ ਬਾਰੇ ਚਰਚਾ ਕਰਦੇ ਦੱਤ ਸਾਹਿਬ ਦਾ ਮੂਡ ਖਾਸ ਤੌਰ 'ਤੇ ਉਦਾਸ ਲੱਗ ਰਿਹਾ ਸੀ। ਦੱਤ ਸਾਹਿਬ ਦੇ ਉੱਖੜੇ ਮੂਡ ਨੇ ਮਿਥਿਆ ਹੋਇਆ ਟੀਚਾ ਦੁੱਗਣਾ ਮੁਸ਼ਕਿਲ ਕਰ ਦਿੱਤਾ ਸੀ। ਅਲਵੀ ਸਾਹਿਬ ਦਸਦੇ ਹਨ ਕਿ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਸੀ ਕਿ ਦੱਤ ਸਾਹਿਬ ਕਿੰਨੇ ਸਮੇਂ ਤੋਂ ਪੀ ਰਹੇ ਸਨ। ਮੈਂ ਸ਼ੁੱਕਰਵਾਰ ਦੀ ਉਸ ਸ਼ਾਮ ਦੱਤ ਸਾਹਿਬ ਦੇ ਖਾਸ ਬੰਦੇ 'ਰਤਨ' ਨੂੰ ਪੁੱਛ ਹੀ ਲਿਆ ਕਿ 'ਦੱਤ ਸਾਹਿਬ ਦਾ ਦਿਨ ਕਿਹੋ ਜਿਹਾ ਰਿਹਾ?' ਤਾਂ ਰਤਨ ਨੇ ਜਵਾਬ ਦਿੱਤਾ– 'ਉਹ ਅੱਜ ਸ਼ਾਮ ਸਾਢੇ ਪੰਜ ਵਜੇ ਤੋਂ ਪੀ ਰਹੇ ਹਨ।' ਮੈਂ ਦੱਤ ਸਾਹਿਬ ਦਾ ਮੂਡ ਹਲਕਾ ਕਰਨ ਦੀ ਕੋਸ਼ਿਸ਼ ਕਰਦੇ ਪੁੱਛਿਆ, "ਕਿਸ ਗੱਲ ਦਾ ਦੁੱਖ ਹੈ... ਦੁੱਖ ਦਾ ਕਾਰਨ ਕਿੱਥੇ ਹੈ...?" ਪਰ ਦੱਤ ਸਾਹਿਬ ਅਟੱਲ ਸਨ, ਉਹਨਾਂ ਆਪਣੀ ਆਦਤ ਮੁਤਾਬਿਕ ਸਿਰਫ ਅੱਧੀ ਮੁਸਕਰਾਹਟ ਦਿੰਦੇ ਹੋਏ ਆਪਣੇ ਆਪ ਲਈ ਇੱਕ ਹੋਰ ਡਰਿੰਕ ਪਾਉਣ ਲੱਗ ਪਏ। ਮੈਂ ਆਪਣਾ ਧਿਆਨ ਫੇਰ ਸੀਨ ਲਿਖਣ ਵੱਲ ਕੇਂਦਰਤ ਕਰ ਲਿਆ। ਉਸੇ ਵਕਤ ਦੱਤ ਸਾਹਿਬ ਦਾ ਇੱਕ ਦੋਸਤ 'ਗੇਅਲ' ਜੋ ਇਨਕਮ-ਟੈਕਸ ਅਫਸਰ ਸੀ, ਦੱਤ ਸਾਹਿਬ ਕੋਲ ਘਰ ਆ ਗਿਆ। ਮੈਂ ਗੇਅਲ ਨਾਲ ਇਹ ਸਭ ਬਾਰੇ ਥੋੜ੍ਹੀ ਗੱਲਬਾਤ ਕੀਤੀ ਅਤੇ ਗੇਅਲ ਆਪ ਵੀ ਦੱਤ ਸਾਹਿਬ ਨਾਲ ਪੀਣ ਵਿਚ ਰੁਝ ਗਿਆ। ਮੇਰੇ ਹੱਥ ਵਿਚ ਜੋ ਸੀਨ ਸੀ, ਮੈਂ ਇਕੱਲਾ ਹੀ ਉਸ ਨਾਲ ਜੂਝਣ ਲੱਗ ਪਿਆ। ਗੁਰੂ ਦੱਤ ਅਤੇ ਗੇਅਲ ਕਿਸੇ ਡਿਸਟ੍ਰੀਬਿਊਟਰ ਦੇ ਘਰ ਫੋਨ 'ਤੇ ਗੱਲ ਕਰਨ ਲਈ ਉਸ ਦੇ ਫਲੈਟ ਵਿਚ ਜਾਣ ਲਈ ਹੇਠਾਂ ਪੌੜੀਆਂ ਉੱਤਰ ਗਏ। ਮੈਂ ਪੱਕੇ ਤੌਰ 'ਤੇ ਕਹਿ ਸਕਦਾ ਹਾਂ ਕਿ ਜਦੋਂ ਉਹ ਡਿਸਟ੍ਰੀਬਿਊਟਰ ਦੇ ਫਲੈਟ ਵਿਚ ਸਨ ਤਾਂ ਡਿਸਟ੍ਰੀਬਿਊਟਰ ਨੂੰ ਕੰਪਨੀ ਦੇਣ ਲਈ ਉਹਨਾਂ ਕਈ ਡ੍ਰਿੰਕ ਹੋਰ ਵੀ ਪੀਤੇ ਹੋਣਗੇ। ਫਿਰ ਉਹ ਦੋਵੇਂ ਉੱਪਰ ਆ ਗਏ ਅਤੇ ਬੈਠ ਕੇ ਗੱਲਾਂ ਕਰਦੇ ਪੀਂਦੇ ਰਹੇ।

ਰਾਤ ਕਾਫੀ ਹੋ ਚੁੱਕੀ ਸੀ। ਮੈਂ ਉਨ੍ਹਾਂ ਨੂੰ ਕਿਹਾ, "ਮੈਂ ਸੀਨ ਖਤਮ ਕਰ ਕੇ ਹੀ ਖਾਣਾ ਖਾਵਾਂਗਾ, ਤੁਸੀਂ ਖਾਣਾ ਖਾ ਲਵੋ" ਪਰ ਦੱਤ ਸਾਹਿਬ ਇਸ ਤਰ੍ਹਾਂ ਦੇ ਨਹੀਂ ਸਨ। ਉਨ੍ਹਾਂ ਜਵਾਬ ਦਿੱਤਾ, "ਮੈਂ ਤੁਹਾਡਾ ਇੰਤਜ਼ਾਰ ਕਰਾਂਗਾ" ਅਤੇ ਦੱਤ ਸਾਹਿਬ ਇੱਕ ਹੋਰ ਫੋਨ ਕਾਲ ਕਰਨ ਲਈ ਚਲੇ ਗਏ। ਦੱਤ ਸਾਹਿਬ ਦਾ ਮੂਡ ਹੋਰ ਵਿਗੜ ਰਿਹਾ ਸੀ। ਗੀਤਾ (ਉਨ੍ਹਾਂ ਦੀ ਅਲੱਗ ਹੋ ਚੁੱਕੀ ਪਤਨੀ) ਨਾਲ ਕਿਸੇ ਤਰ੍ਹਾਂ ਦਾ ਝਗੜਾ ਚੱਲ ਰਿਹਾ ਸੀ। ਦੱਤ ਸਾਹਿਬ ਦੇ ਕਹਿਣ 'ਤੇ ਵੀ ਗੀਤਾ ਨੇ ਉਨ੍ਹਾਂ ਦੀ ਬੱਚੀ ਨੂੰ ਦੱਤ ਸਾਹਿਬ ਵੱਲ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ। ਦੱਤ ਸਾਹਿਬ ਗੁੱਸੇ ਵਿਚ ਬੱਚੀ ਨੂੰ ਭੇਜਣ ਲਈ ਕਹਿ ਰਹੇ ਸਨ ਤਾਂ ਜੋ ਉਹ ਬੱਚੀ ਨਾਲ ਸਮਾਂ ਬਿਤਾ ਸਕਣ। ਹਰ ਇੱਕ ਕਾਲ ਨਾਲ ਦੱਤ ਸਾਹਿਬ ਦਾ ਗੁੱਸਾ ਵਧ ਰਿਹਾ ਸੀ। ਆਖਰਕਾਰ ਦੱਤ ਸਾਹਿਬ ਨੇ ਅਲਟੀਮੇਟਮ ਦਿੱਤਾ, "ਬੱਚੇ ਨੂੰ ਭੇਜ ਦਿਓ, ਨਹੀਂ ਤਾਂ ਮੇਰੀ ਲਾਸ਼ ਦੇਖੋਗੇ...।" ਤੇ ਫਿਰ ਗੁੱਸੇ ਵਿਚ ਉਨ੍ਹਾਂ ਦੀ ਜ਼ਬਾਨ ਕਾਬੂ ਤੋਂ ਬਾਹਰ ਹੋ ਗਈ ਅਤੇ ਉਹ ਕਾਫੀ ਕੁਝ ਬੋਲੇ।

ਫਿਰ ਉਨ੍ਹਾਂ ਰਾਜ ਕਪੂਰ ਨੂੰ ਕੀਤੀ ਇੱਕ ਕਾਲ ਬਾਰੇ ਕਹਿਣਾ ਸ਼ੁਰੂ ਕਰ ਦਿੱਤਾ ਕਿ "ਸ਼ਾਇਦ ਮੈਨੂੰ ਰਾਜ ਕਪੂਰ ਨੂੰ ਕਾਲ ਕਰ ਕੇ ਆਉਣ ਲਈ ਨਹੀਂ ਕਹਿਣਾ ਚਾਹੀਦਾ ਸੀ... ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਨਹੀਂ ਅਤੇ ਇੰਨੇ ਅਜੀਬ ਢੰਗ ਨਾਲ ਬੁਲਾਵਾ ਭੇਜ ਦਿੱਤਾ... ਹੋ ਸਕਦਾ ਹੈ, ਉਹ ਇਸ ਦਾ ਗਲਤ ਮਤਲਬ ਕੱਢ ਲੈਣ...।" ਤਦ ਤੱਕ ਗੇਅਲ ਨੇ ਉਨ੍ਹਾਂ ਦੀ ਗੱਲ ਵਿਚੋਂ ਟੋਕਦੇ ਕਹਿਣਾ ਸ਼ੁਰੂ ਕਰ ਦਿੱਤਾ, "ਮੈਂ ਕੱਲ੍ਹ ਕੰਮ 'ਤੇ ਜਾਣਾ ਹੈ, ਚਲੋ ਖਾਣਾ ਖਾ ਲਈਏ।" ਗੇਅਲ ਬਾਂਦਰਾ ਵਿਚ ਰਹਿੰਦਾ ਸੀ ਅਤੇ ਟਾਊਨ ਵਿਚ ਕੰਮ ਕਰਦਾ ਸੀ। ਇਸ ਲਈ ਉਸ ਨੇ ਘਰ ਵਾਪਸ ਜਾਣਾ ਸੀ ਅਤੇ ਅਗਲੇ ਦਿਨ ਇਸੇ ਰਸਤੇ ਵਾਪਸ ਆਉਣਾ ਪੈਣਾ ਸੀ ਪਰ ਗੁਰੂ ਦੱਤ ਸਾਹਿਬ ਮੇਰੇ ਕੰਮ ਖਤਮ ਹੋਣ ਦੀ ਉਡੀਕ ਕਰਨਾ ਚਾਹੁੰਦੇ ਸਨ। ਅੰਤ ਵਿਚ ਗੇਅਲ ਨੂੰ ਦੱਤ ਸਾਹਿਬ ਨੇ ਇਕੱਲੇ ਖਾਣਾ ਖਾਣ ਲਈ ਮਨਾ ਲਿਆ ਜਿਸ ਤੋਂ ਬਾਅਦ ਉਹ ਉੱਥੋਂ ਚਲਾ ਗਿਆ।


ਮੈਂ ਅੱਧੀ ਰਾਤ ਬੀਤ ਜਾਣ ਤੱਕ ਸੀਨ ਪੂਰਾ ਕਰ ਲਿਆ ਅਤੇ ਅਸੀਂ ਦੋਵੇਂ ਖਾਣਾ ਖਾਣ ਲਈ ਤਿਆਰ ਹੋ ਗਏ। ਦੱਤ ਸਾਹਿਬ ਰਾਤ ਦੇ ਖਾਣੇ ਤੋਂ ਪਹਿਲਾਂ ਇੱਕ ਪੈੱਗ ਹੋਰ ਪੀਣਾ ਚਾਹੁੰਦੇ ਸਨ। ਇਸ ਲਈ ਜਦੋਂ ਤੱਕ ਅਸੀਂ ਖਾਣਾ ਖਾਧਾ ਲਗਭਗ ਇੱਕ ਵੱਜ ਚੁੱਕਾ ਸੀ, ਉਦੋਂ ਤੱਕ ਉਹ ਕਾਫ਼ੀ ਪੀ ਚੁੱਕੇ ਸਨ ਪਰ ਸਾਡੇ ਵਿਚੋਂ ਕਿਸੇ ਨੂੰ ਵੀ ਆਪਣੀਆਂ ਇੰਦਰੀਆਂ ਉੱਤੇ ਕਾਬੂ ਗੁਆਉਣ ਦੀ ਆਦਤ ਨਹੀਂ ਸੀ। ਜਦੋਂ ਅਸੀਂ ਆਖ਼ਰਕਾਰ ਖਾਣਾ ਖਾਣ ਲਈ ਬੈਠ ਗਏ ਤਾਂ ਉਹਨਾਂ ਸਿਰਫ਼ ਕੁਝ ਬੁਰਕੀਆਂ ਹੀ ਖਾਧੀਆਂ ਪਰ ਮੈਨੂੰ ਉਦੋਂ ਤੱਕ ਬਹੁਤ ਭੁੱਖ ਲੱਗ ਚੁੱਕੀ ਸੀ। ਖਾਣਾ ਖਾਣ ਤੱਕ ਉਹ ਬਹੁਤ ਜ਼ਿਆਦਾ ਪੀ ਚੁੱਕੇ ਸਨ ਅਤੇ ਗੱਲਬਾਤ ਕਰਨ ਦੀਆਂ ਮੇਰੀਆਂ ਕੋਸ਼ਿਸ਼ਾਂ ਨੂੰ ਪਾਸੇ ਕਰਦਿਆਂ ਦੱਤ ਸਾਹਿਬ ਨੇ ਕਿਹਾ, "ਜੇ ਤੁਹਾਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਂ ਇਜਾਜ਼ਤ ਲੈਣਾ ਚਾਹਾਂਗਾ।" ਮੈਂ ਉਨ੍ਹਾਂ ਨੂੰ ਪੁੱਛਿਆ, "ਦੱਸੋ ਮੈਂ ਕਿਹੜਾ ਸੀਨ ਲਿਖਿਆ ਹੈ?" ਕਿਉਂਕਿ ਦੱਤ ਸਾਹਿਬ ਨੂੰ ਅਕਸਰ ਲਿਖੇ ਜਾਣ ਬਾਅਦ ਇੱਕ ਵਾਰ ਸੀਨ ਸੁਣਨ ਦੀ ਆਦਤ ਸੀ ਪਰ ਅੱਜ ਉਨ੍ਹਾਂ ਕੋਈ ਜਵਾਬ ਨਹੀਂ ਸੀ। ਦੱਤ ਸਾਹਿਬ ਨੇ ਕਿਹਾ, "ਸੀਨ ਰਤਨ ਕੋਲ ਛੱਡ ਦੇਣਾ, ਮੈਂ ਪੜ੍ਹ ਲਵਾਂਗਾ" ਤੇ ਫਿਰ ਦੱਤ ਸਾਹਿਬ ਆਪਣੇ ਕਮਰੇ ਵਿਚ ਚਲੇ ਗਏ।

ਕਈ ਮਹੀਨਿਆਂ ਤੋਂ ਮੇਰਾ ਕਮਰਾ ਉਨ੍ਹਾਂ ਦੇ ਕਮਰੇ ਦੇ ਸਾਹਮਣੇ ਗਲਿਆਰੇ ਦੇ ਦੂਜੇ ਪਾਸੇ ਸੀ ਪਰ ਉਸ ਰਾਤ ਮੈਂ ਉੱਥੋਂ ਚਲਾ ਗਿਆ ਕਿਉਂਕਿ ਮੈਂ ਸਵੇਰੇ ਲੇਖ ਟੰਡਨ ਦੀ ਫਿਲਮ 'ਤੇ ਕੰਮ ਕਰਨਾ ਸੀ। ਮੈਂ ਰਤਨ ਨੂੰ ਸੀਨ ਦਿੱਤਾ ਅਤੇ ਕਿਹਾ ਕਿ ਗੁਰੂ ਦੱਤ ਸਾਹਿਬ ਨੂੰ ਹੋਰ ਪੀਣ ਨਾ ਦੇਣਾ, ਮੈਂ ਨੇਪੀਅਨ ਸੀ-ਰੋਡ 'ਤੇ ਲੇਖ ਟੰਡਨ ਦੇ ਘਰ ਜਾ ਰਿਹਾ ਹਾਂ।

ਉਸ ਰਾਤ ਦੇ ਬਾਅਦ ਮੈਂ ਗੁਰੂ ਦੱਤ ਜੀ ਨੂੰ ਫਿਰ ਕਦੇ ਜ਼ਿੰਦਾ ਨਹੀਂ ਦੇਖਿਆ।

***(ਇਹ ਵਾਕਿਆ ਸੱਤਿਆ ਸਰਨ ਦੀ ਕਿਤਾਬ 'ਟੈੱਨ ਈਅਰਜ਼ ਵਿਦ ਗੁਰੂ ਦੱਤ' ਵਿਚੋਂ ਹੈ)***






***ਗੁਰੂ ਦੱਤ ਅਤੇ (ਸੱਜੇ) ਸੱਤਿਆ ਸਰਨ ਦੀ ਕਿਤਾਬ 'ਟੈੱਨ ਈਅਰਜ਼ ਵਿਦ ਗੁਰੂ ਦੱਤ' ਦਾ ਮੁਖੜਾ।***


Harjas Wedding
Studio
HARJAS
WEDDING STUDIO
Photography & Cinematography
ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ
Photography & Videography
ਪੰਜਾਬੀ ਵਿਆਹਾਂ ਦੇ ਰੀਤੀ-ਰਿਵਾਜਾਂ ਦੀ ਮੁਹਾਰਤ ਹਾਸਿਲ
Other Services
Dj and Led Screen Services
Decoration Services
Dholi
Photo Booth
Bridal Makeup
Turban Tying
We cover Midwest USA
Indiana,Illinois,Wisconsin
Michigan,Ohio
Follows us
Instagram
Facebook
YouTube
@HARJASWEDDINGSTUDIO
Www.Harjasweddingstudio.com
Contact
646-639-7320
317-747-0029
Harkirat Singh Ahluwalia
Creative Director
Harjas Media Group